ਧਰਮ ਰੱਖਿਅਕ

# ਸੰਤ ਭਿੰਡਰਾਂ ਵਾਲ



ਸਾਡੇ ਮੁੱਖ ਨਿਸ਼ਾਨੇ - ਭਿੰਡਰਾਂ ਵਾਲੇ

ਧਰਮ ਰੱਖਿਅਕ

# ਸੰਤ ਭਿੰਡਰਾਂ ਵਾਲੇ

ਸਮਰਪਨ ਸਮੁੱਚੇ ਸਿੱਖ ਪੰਥ ਨੂੰ

ਫਤਿਹਜੀਤ ਪ੍ਰਕਾਸ਼ਨ

ਸੁਦਾਆਂ ਬਿਲਡਿੰਗ, ਕੁਨਾਟ ਸਰਕਸ, ਜਲੰਧਰ

**Published By :**
Fatehjit Singh Khalsa,
Prop. : Fatehjit Parkashan,
Counaught Circus Jalandhar-144001

© Copy Rights reserved By Publisher.

Editor : P. S. Kanwar

**ਚਿਤਾਵਨੀ**—ਇਸ ਪੁਸਤਕ ਵਿਚ ਪ੍ਰਕਾਸ਼ਤ ਸਾਰੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਸੰਪਾਦਕ ਦਾ ਕਿਸੇ ਵਿਚਾਰ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।—ਸੰਪਾਦਕ।

Photographs By, Satpal Danish, V.P. Kapoor.



## ਸਾਡੇ ਮੁਖ ਨਿਸ਼ਾਨੇ–ਸੰਤ ਭਿੰਡਰਾਂਵਾਲੇ ਦਸਦੇ ਹਨ-

- ਮੇਰੀ 'ਹਿੱਟ ਲਿਸਟ' ਵਿਚ ਕੀ ਕੁਝ ਹੈ ?
- ਮੈਂ ਪੰਜਾਬ ਦੇ ਹਰ ਪਿੰਡ 'ਚ ਤਿੰਨ ਤਿੰਨ ਮੋਟਰ ਸਾਇਕਲਾਂ, ਤਿੰਨ ਤਿੰਨ ਪਸਤੌਲਾਂ ਅਤੇ ਤਿੰਨ ਤਿੰਨ ਤਿਆਰ ਬਰ ਤਿਆਰ ਸਿੰਘਾਂ ਦਾ ਬੰਦੋਬਸਤ ਦੇਖਣ ਦਾ ਚਾਹਵਾਨ ਹਾਂ, ਤਾਂਕਿ ਗੁਰੂ ਦੋਖੀਆਂ, ਦੰਭੀਆਂ ਅਤੇ ਅਤਿਆਚਾਰੀਆਂ ਨੂੰ ਸੋਧਿਆ ਜਾ ਸਕੇ। ਪਰ ਇਹਨਾਂ ਸ਼ਸ਼ਤਰਾਂ ਦੀ ਕੁਵਰਤੋਂ ਨਾ ਕੀਤੀ ਜਾਵੇ।
- ਮੈਂ ਧਰਮ ਦੇ ਬੋਲ ਬਾਲੇ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਹਰ ਕੁਰਬਾਨੀ ਦੇ ਸਕਦਾਂ।
- ਮੈਂ ਸਮੁੱਚੇ ਸਿੱਖ ਪੰਥ ਨੂੰ ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਤਰ ਕਰ ਕੇ ਸਵੈਮਾਨ ਅਤੇ ਬਰਾਬਰਤਾ ਦਾ ਹੱਕ ਦੁਆਉਣ ਲਈ ਦ੍ਰਿੜ੍ਹ ਹਾਂ।
- ਨਿਗੁਰਿਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਪੂਰੇ ਸਿੰਘ ਸਜਾ ਕੇ ਗੁਰੂ ਦੇ ਲੜ ਲਾਉਣ ਦਾ ਇੱਛਕ ਹਾਂ।
- ਮੇਰਾ ਜਹਾਦ ਭਾਰਤ ਸਰਕਾਰ ਦੇ ਵਿਰੁਧ ਨਹੀਂ, ਸਿਰਫ ਕਾਂਗਰਸ ਸਰਕਾਰ ਦੀ ਤਾਨਾਸ਼ਾਹੀ ਗਲਤ ਨੀਤੀ ਦੇ ਵਿਰੁਧ ਹੈ ਜਿਸ ਨੂੰ ਅਸੀਂ ਆਪਣੇ ਏਕੇ ਨਾਲ ਬਦਲਣਾ ਹੈ।
- ਮੇਰਾ ਨਿਸ਼ਾਨਾ ਖਾਲਸਤਾਨ ਨਹੀਂ ਹੈ ਪਰ ਅਜੇਹੇ ਮਾਹੌਲ ਦੀ ਚਾਹਤ ਜ਼ਰੂਰ ਹੈ ਜਿਸ 'ਚ ਸਿੱਖ ਆਪਣੇ ਆਪ ਨੂੰ ਗੁਲਾਮ ਜਾਂ ਦੂਜੇ ਦਰਜੇ ਦੇ ਸ਼ਹਿਰੀ ਨਾ ਸਮਝਣ।
- ਆਪਣੇ ਮਤ 'ਚ ਸੰਪੂਰਨ ਇਕ ਸੱਚਾ ਹਿੰਦੂ ਮੈਨੂੰ ਓਨਾ ਹੀ ਅਜੀਜ਼ ਹੈ ਜਿੰਨਾ ਇਕ ਅੰਮ੍ਰਿਤਧਾਰੀ ਸਿੰਘ।
- ਚਲ ਰਹੇ 'ਧਰਮ ਯੁੱਧ' 'ਚ ਸਿੱਖਾਂ ਦੀਆਂ ਸ਼ਹੀਦੀਆਂ ਮੈਂ ਅਜਾਈਂ ਨਹੀਂ ਜਾਣ ਦਿਆਂਗਾ।

(ਬਾਕੀ ਬਹੁਤ ਕੁਝ ਅੰਦਰ ਪੜ੍ਹੋ)

## ਇਸ ਕ੍ਰਿਤ 'ਚ ਯੋਗਦਾਨ :


- ਬੀਬੀ ਨਿਰਲੇਪ ਕੌਰ ਸਿੱਧੂ
- ਗੁਰਤੇਜ ਸਿੰਘ ਆਈ. ਏ. ਐਸ.
- ਸੰਤ ਸਿੰਘ ਸੇਖੋਂ
- ਈਸ਼ਰ ਸਿੰਘ ਅਟਾਰੀ
- ਸ੍ਰ: ਹੁਕਮ ਸਿੰਘ (ਸਵਰਗੀ)
- ਪ੍ਰੋਫੈਸਰ ਬਚਿੰਤ ਸਿੰਘ
- ਭਾਈ ਬਬੇਕ ਸਿੰਘ ਖਾਲਸਾ
- ਭਾਈ ਅਮਰੀਕ ਸਿੰਘ (ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ)
- ਗੁਰਵਰਿਆਮ ਸਿੰਘ ਪਹੂ ਵਿੰਡੀਆ
- ਬੀਬੀ ਅਮਰਜੀਤ ਕੌਰ
- ਸਰਦਾਰਨੀ ਸੁਰਿੰਦਰ ਕੌਰ (ਸੁਪੱਤਨੀ ਤਲਵਿੰਦਰ ਸਿੰਘ)
- ਸ੍ਰ: ਮੇਹਰ ਸਿੰਘ ਚੱਢਾ ਸੈਸ਼ਨ ਜੱਜ (ਰਿਟਾਇਰਡ)
- ਪ. ਸ. ਕੰਵਰ





ਜਬਹੂੰ ਬਾਣ ਲਾਗੌ—ਤਬਹੂੰ ਰੋਸ ਜਾਗੌ।

ਗੁਰੂ ਦਾ ਸਿੱਖ ਪਹਿਲਾਂ ਕਿਸੇ 'ਤੇ ਵਾਰ ਨਹੀਂ ਕਰਦਾ ਪਰ ਪਹਿਲ ਕਰਨ ਵਾਲੇ ਨੂੰ ਇੱਟ ਦਾ ਜਵਾਬ ਪੱਥਰ 'ਚ ਦੇਂਦਾ ਹੈ।



ਇਲਾਹੀ ਨੂਰ ਦਾ ਹੁਸੀਨ ਮੁਜੱਸਮਾ— ਸੰਤ ਭਿੰਡਰਾਂ (ਫੋਟੋ—ਵੀ. ਪੀ. ਕਪੂਰ)



ਇਕ ਜੀਵਨ ਚਿੱਤਰ :

# ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ

## ਧਰਮ ਪਾਲਕ, ਧਰਮ ਪ੍ਰਚਾਰਕ, ਧਰਮ ਰਖਿਅਕ

□ ਬੀਬੀ ਨਿਰਲੇਪ ਕੌਰ ਸਿੱਧੂ

ਸਿਖੀ ਦਾ ਬੂਟਾ ਆਦਿ ਗੁਰੂ ਨਾਨਕ ਦੇਵ ਜੀ ਨੇ ਲਾਇਆ। ਇਸ ਦੀ ਪ੍ਰਵਰਿਸ਼ ਦਸ ਗੁਰੂ ਸਹਿਬਾਨ ਨੇ ਕੀਤੀ। ਸਿਖੀ ਇਕ ਸੰਪਰਦਾ ਨਹੀਂ, ਸਗੋਂ ਇਕ ਸੁਤੰਤਰ ਧਰਮ ਹੈ। ਇਹੋ ਕਾਰਨ ਹੈ ਕਿ ਇਸਨੂੰ ਵਧਣ ਫੁਲਣ ਲਈ ਹਮੇਸ਼ਾਂ ਸਮੇਂ ਦੀ ਸਰਕਾਰ ਅਤੇ ਵਿਰੋਧੀ ਸਮਾਜ ਨਾਲ ਸ਼ੁਰੂ ਤੋਂ ਹੀ ਟਕਰਾਉਣਾ ਪੈਂਦਾ ਰਿਹਾ ਹੈ। ਸਮੇਂ ਦੀ ਹਕੂਮਤ ਦੀਆਂ ਗਲਤ ਨੀਤੀਆਂ ਨਾਲ ਪਹਿਲੀ ਟਕਰ ਗੁਰੂ ਅਮਰਦਾਸ ਜੀ ਦੀ ਹੋਈ ਪਰ ਗੁਰੂ ਅਰਜਨ ਦੇਵ ਜੀ ਤਕ ਇਹ ਮਤ ਭੇਦ ਇਨੇ ਵਧ ਗਏ ਕਿ—ਗੁਰੂ ਅਰਜਨ ਦੇਵ ਜੀ ਨੂੰ ਸ਼ਹਾਦਤ ਦੇਣੀ ਪਈ। ਤੁਰੰਤ ਪਿਛੋਂ ਗੁਰੂ ਹਰਗੋਬਿੰਦ ਜੀ ਨੇ ਸ਼ਾਸਤਰ ਦੇ ਨਾਲ ਸ਼ਸਤਰ ਨਾਲ ਅਪਣਾਇਆ ਅਤੇ ਇੰਜ ਸਮੇਂ ਦੀ ਹਕੂਮਤ ਨਾਲ ਕੁਝ ਝੜਪਾਂ ਵੀ ਲਈਆਂ। ਇਕ ਪਾਸੇ ਬਾਬਰ ਕੇ ਤੇ ਇਕ ਪਾਸੇ ਬਾਬੇ ਕੇ। ਇਕ ਪਾਸੇ ਜ਼ਬਰ ਤੇ ਇਕ ਪਾਸੇ ਸਬਰ। ਇਕ ਪਾਸੇ ਸ਼ਕਤੀ ਤੇ ਇਕ ਪਾਸੇ ਸ਼ਹਾਦਤ। ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਕੂਮਤ ਦੇ ਮਜ਼ਬੀ ਜ਼ਬਰ ਵਿਰੁਧ ਫਿਰ ਸ਼ਹਾਦਤ ਦੇਣੀ ਪਈ ਤੇ ਨਾਲ ਕੁਝ ਸਿਖ ਵੀ ਸ਼ਹੀਦ ਕਰਵਾਉਣੇ ਪਏ ਪਰ ਫਿਰ ਵੀ ਜਦ ਜ਼ਬਰ ਮਠਾ ਨਾ ਹੋਇਆ ਅਤੇ ਸਾਰੇ ਸ਼ਾਂਤਮਈ ਹਥਿਆਰ ਪੂਰੀ ਤਰ੍ਹਾਂ ਸਫਲਤਾ ਪ੍ਰਾਪਤ ਨਾ ਕਰ ਸਕੇ ਤਾਂ ਹੋਰ ਕੋਈ ਹੀਲਾ ਬਾਕੀ ਨਾ ਰਹਿ ਗਿਆ ਵੇਖ ਕੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਮੁੜ ਸ਼ਸ਼ਤਰ ਚੁਕੇ ਨਾਲ ਹੀ ਅੰਮ੍ਰਿਤ ਦੀ ਦਾਤ ਦੇ ਕੇ ਇਕ ਤੀਸਰ ਪੰਥ ਚਲਾਇਆ ਜਿਹੜਾ ਖਾਲਸੇ ਦੇ ਰੂਪ ਵਿਚ ਪ੍ਰਸਿੱਧ ਹੋਇਆ ਅਤੇ ਜਿਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਕਾਫੀ ਲੜਾਈਆਂ ਲੜੀਆਂ। ਇਨ੍ਹਾਂ ਲੜਾਈਆਂ ਦੇ ਨਾਲ ਨਾਲ ਹੀ ਕਈ ਸਿੰਘਾਂ ਨੇ ਸ਼ਾਂਤਮਈ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ। ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਹਿਬਜ਼ਾਦੇ ਭਾਵੇਂ ਲੜਾਈ ਵਿਚ ਸ਼ਹੀਦ ਹੋਏ ਪਰ ਉਹਨਾਂ ਦੇ ਦੂਜੇ ਦੋ ਛੋਟੇ ਸਹਿਬਜ਼ਾਦੇ ਬਿਨਾਂ ਕਿਸੇ

ਜ਼ੁਰਮ ਤੋਂ ਸਿਰਫ ਏਸ ਲਈ ਸਰਹੰਦ ਵਿਚ ਕੰਧ ਵਿਚ ਚਿਣਵਾ ਦਿੱਤੇ ਗਏ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਤਰ ਸਨ। ਇਹ ਜ਼ਬਰ ਅਤੇ ਅਨਿਆਂ ਦੀ ਸਿਖਰ ਸੀ। ਸਿਖ ਲਹਿਰ ਦੇ ਵਿਕਾਸ ਦਾ ਇਤਿਹਾਸ ਲਿਖਣ ਵਾਲਾ ਹਰ ਲੇਖਕ ਇਹ ਵੇਖ ਕੇ ਹੈਰਾਨ ਰਹਿ ਜਾਂਦਾ ਹੈ ਕਿ ਸਿਖ ਗੁਰੂ ਸਹਿਬਾਨ ਨੇ ਬਿਨਾ ਕਿਸੇ ਸਲਤਨਤ ਦੀ ਸਹਾਇਤਾ ਬਗੈਰ ਨਿਰੋਲ ਲੋਕਾਂ ਦੀ ਸਹਾਇਤਾ ਨਾਲ ਇਕ ਅਜਿਹਾ ਖਾਲਸਾ ਪੰਥ ਸਾਜ ਕੇ ਰਖ ਦਿਤਾ, ਜਿਸ ਨੇ ਨਾ ਕੇਵਲ ਸਦੀਆਂ ਪੁਰਾਣੀ ਮੁਗਲ ਸਲਤਨਤ ਦੇ ਜ਼ਬਰ ਦੇ ਹੜ੍ਹ ਨੂੰ ਰੋਕਿਆ ਸਗੋਂ ਦੂਜੇ ਪਾਸੇ ਸੁਤੀ ਹੋਈ ਭਾਰਤੀ ਕੌਮ ਨੂੰ ਹਲੂਣ ਕੇ ਜਗਾ ਦਿੱਤਾ।

ਸਿਖ ਲਹਿਰ ਭਾਵੇਂ ਜ਼ਬਰ ਦਾ ਮੁਕਾਬਲਾ ਕਰਦੀ ਹੋਈ ਕਈ ਵਾਰ ਜਿਤੀ ਤੇ ਕਈ ਵਾਰ ਹਾਰੀ ਪਰ ਇਹ ਇਕ ਕਾਂਗ ਵਾਂਗ ਵਧਦੀ ਹੀ ਗਈ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਮਹਾਰਾਜਾ ਰਣਜੀਤ ਸਿੰਘ ਦੀ ਸਥਾਪਨਾ ਤਕ ਸਿਖ ਲਹਿਰ ਦੀ ਚੜ੍ਹਤ ਦਾ ਇਤਿਹਾਸ ਉਸਦੇ ਯੁਧਾਂ, ਜੰਗਾਂ ਅਤੇ ਘਲੂਘਾਰਿਆਂ ਦਾ ਇਤਿਹਾਸ ਕਿਸੇ ਤੋਂ ਗੁਝਾ ਛੁਪਾ ਨਹੀਂ। ਰਣਜੀਤ ਸਿੰਘ ਦੇ ਰਾਜ ਤੋਂ ਪਿਛੋਂ ਵੀ ਅੰਗ੍ਰੇਜ਼ੀ ਰਾਜ ਵਿਚ ਸਿਖਾਂ ਨੂੰ ਆਪਣੀਆਂ ਧਾਰਮਕ ਅਤੇ ਧਾਰਮਕ ਮੰਗਾਂ ਅਤੇ ਹਕਾਂ ਲਈ ਭਾਰੀ ਸੰਗਰਾਮ ਕਰਨੇ ਪਏ। ਸਿਖਾਂ ਨੂੰ ਧਰਮ ਪਾਲਣਾ ਲਈ ਅਤੇ ਧਰਮ ਦੇ ਪਰਚਾਰ ਲਈ ਕਈ ਸਾਕਿਆਂ ਅਤੇ ਸੰਕਟਾਂ ਵਿਚੋਂ ਲੰਘਣਾ ਪਿਆ। ਸਿੰਘ ਸਭਾ ਲਹਿਰ, ਅਕਾਲੀ ਲਹਿਰ ਅਤੇ ਦੇਸ਼ ਦੀ ਅਜ਼ਾਦੀ ਲੜਾਈ ਵਿਚ ਸਿਖਾਂ ਨੇ ਆਪਣੀ ਗਿਣਤੀ ਤੋਂ ਕਿਤੇ ਵਧ ਕੇ, ਹਿਸਾ ਪਾਇਆ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜ਼ਾਦ ਭਾਰਤ ਵਿਚ ਵੀ ਸਿਖਾਂ ਨੂੰ ਧਰਮ ਯੁਧ ਲੜਨੇ ਪੈ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਹੀ ਸਿਖਾਂ ਦੇ ਅੰਦਰ ਵੀ ਇਹ ਜ਼ਰੂਰਤ ਮਹਿਸੂਸ ਹੁੰਦੀ ਰਹੀ ਕਿ ਇਹ ਖ਼ੁਦ ਧਰਮ ਪਾਲਕ ਵੀ ਹੋਣ, ਧਰਮ ਪ੍ਰਚਾਰਕ ਵੀ ਹੋਣ, ਤੇ ਧਰਮ ਰਖਿਅਕ ਵੀ ਹੋਣ। ਇਸ ਸਬੰਧ ਵਿਚ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਤੇ ਹੋਰ ਅਨੇਕਾਂ ਸਿਖਾਂ ਦੇ ਨਾਮ ਲਏ ਜਾ ਸਕਦੇ ਹਨ ਜਿਹੜੇ ਖ਼ੁਦ ਸਿਖੀ ਵਿਚ ਪ੍ਰਪਕ ਰਹਿੰਦਿਆ ਖ਼ੁਦ ਧਰਮ ਪਾਲਕ ਬਣੇ। ਉਹਨਾਂ ਨੇ ਅਗੋਂ ਸਿਖੀ ਦਾ ਪ੍ਰਚਾਰ ਵੀ ਕੀਤਾ, ਖਾਸ ਤੌਰ ਤੇ ਦੇਹ ਧਾਰੀ ਗੁਰੂ ਦੇ ਸਿਧਾਂਤ ਨੂੰ ਸਿਖੀ ਦੇ ਮੂਲ ਸਿਧਾਂਤ ਤੋਂ ਉਲਟ ਕਰਾਰ ਦੇਂਦਿਆਂ ਸ੍ਰੀ ਗੁਰੂ ਗਰੰਥ ਸਹਿਬ ਜੀ ਨੂੰ ਹੀ ਗੁਰੂ ਮੰਨਣ ਉਤੇ ਜ਼ੋਰ ਦਿਤਾ ਇਸ ਮਾਰਗ ਉਤੇ ਚਲਦਿਆਂ ਉਹਨਾਂ ਨੂੰ ਜ




ਤਸੀਹੇ ਵੀ ਭੋਗਣੇ ਪਏ ਤਾਂ ਭੋਗੇ। ਪਰ ਇਹ ਤਸੀਹੇ ਭੋਗ ਕੇ ਉਹਨਾਂ ਨੇ ਧਰਮ ਰਖਿਅਕ ਹੋਣ ਦਾ ਵੀ ਸਬੂਤ ਦਿੱਤਾ।

ਇਸੇ ਪ੍ਰੰਪਰਾ ਨੂੰ ਅਗੇ ਤੋਰਨ ਵਾਲਿਆਂ ਵਿਚ ਭਾਵ ਧਰਮ ਪਾਲਕ, ਧਰਮ ਪ੍ਰਚਾਰਕ ਤੇ ਧਰਮ ਰਖਿਅਕ ਹੋਣ ਵਾਲਿਆਂ ਵਿਚ ਬਹੁਤ ਸਾਰੇ ਸੰਤਾਂ ਦੇ ਨਾਮ ਲਏ ਜਾ ਸਕਦੇ ਹਨ। ਇਹਨਾਂ ਅਨੇਕਾਂ ਨਾਵਾਂ ਵਿਚੋਂ ਇਕ ਨਾਮ ਜਿਹੜਾ ਉਭਰ ਕੇ ਕੇਵਲ ਸਾਡੇ ਸਾਹਮਣੇ ਹੀ ਨਹੀਂ ਸਗੋਂ ਭਾਰਤ ਅਤੇ ਸੰਸਾਰ ਦੇ ਲੋਕਾਂ ਦੇ ਸਾਹਮਣੇ ਉਭਰ ਕੇ ਆਇਆ ਹੈ ਉਹ ਨਾਂ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਹੈ। ਜਿਨ੍ਹਾਂ ਨੂੰ ਅਸੀਂ ਸਹੀ ਰੂਪ ਵਿਚ ਧਰਮ ਪਾਲਕ, ਧਰਮ ਪ੍ਰਚਾਰਕ ਤੇ ਧਰਮ ਰਖਿਅਕ ਕਹਿ ਸਕਦੇ ਹਾਂ।

ਸੰਤ ਜਰਨੈਲ ਸਿੰਘ ਦਾ ਜਨਮ ਜਥੇਦਾਰ ਜੋਗਿੰਦਰ ਸਿੰਘ ਦੇ ਘਰ ਪਿੰਡ ਰੋਡੇ ਜ਼ਿਲਾ ਫਰੀਦਕੋਟ ਵਿਚ 1947 ਈ: ਵਿਚ ਹੋਇਆ। ਜਥੇਦਾਰ ਜੋਗਿੰਦਰ ਸਿੰਘ ਅੰਮ੍ਰਿਤਧਾਰੀ ਸ਼ਰਧਾਲੂ ਸਿਖਾਂ ਦੇ ਖਾਨਦਾਨ ਵਿਚੋਂ ਸੀ ਅਤੇ ਸੰਤ ਕ੍ਰਿਪਾਲ ਸਿੰਘ ਜੀ ਰੋਡੇ, ਸੰਤ ਸੁੰਦਰ ਸਿੰਘ ਜੀ 'ਭਿੰਡਰਾਂ ਵਾਲੇ' ਅਤੇ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਦੇ ਨਿਕਟ ਸੇਵਕਾਂ ਵਿਚੋਂ ਸੀ। ਪੰਥ ਲਈ ਉਹ ਹਰ ਕੁਰਬਾਨੀ ਲਈ ਤਤਪਰ ਰਹਿੰਦਾ ਸੀ ਅਤੇ ਇਸੇ ਕਰ ਕੇ ਉਹ ਪਰਿਵਾਰ ਸਮੇਤ, ਸ਼੍ਰੋਮਣੀ ਅਕਾਲੀ ਦਲ ਵਲੋਂ ਲਾਏ ਹਰ ਮੋਰਚੇ ਵਿਚ ਨਿਸ਼ਕਾਮ ਭਾਵਨਾ ਨਾਲ ਭਾਗ ਲੈਂਦਾ ਸੀ। ਸੰਤ ਜਰਨੈਲ ਸਿੰਘ ਜਥੇਦਾਰ ਜੋਗਿੰਦਰ ਸਿੰਘ ਦੇ ਸੱਤ ਪੁਤਰਾਂ ਜਗੀਰ ਸਿੰਘ, ਜਗਜੀਤ ਸਿੰਘ, ਹਰਚਰਨ ਸਿੰਘ, ਵੀਰ ਸਿੰਘ, ਜੁਗਰਾਜ ਸਿੰਘ, ਹਰਜੀਤ ਸਿੰਘ ਵਿਚੋਂ ਸਭ ਤੋਂ ਛੋਟੇ ਹਨ ਅਤੇ ਸਭ ਤੋਂ ਵੱਧ ਸਿਖੀ ਸ਼ਰਧਾ ਦੇ ਧਾਰਨੀ ਹਨ। ਗੁਰਸਿਖੀ ਵਿਚ (ਸੰਤ) ਜਰਨੈਲ ਸਿੰਘ 'ਮੁੱਢਲੇ ਉਸਤਾਦ' ਆਪਣੇ ਪਿਤਾ ਜਥੇਦਾਰ ਜੋਗਿੰਦਰ ਸਿੰਘ ਨੂੰ ਹੀ ਮੰਨਦੇ ਹਨ। ਉਨ੍ਹਾਂ ਨੇ ਪੌਣੇ ਪੰਜ ਸਾਲ ਦੀ ਉਮਰ ਵਿਚ ਹੀ ਪਿਤਾ ਦੀ ਪ੍ਰੇਰਨਾ ਸਦਕਾ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ ਅਤੇ ਉਸ ਪਿਛੋਂ ਨਿਤਨੇਮ ਵਿਚ ਪਰਪੱਕ ਰਹਿਣਾ ਆਪਣੇ ਜੀਵਨ ਦਾ ਮੁਖ ਆਦਰਸ਼ ਬਣਾ ਲਿਆ। ਫੇਰ ਵੀ ਤ੍ਰਿਪਤੀ ਇਕ ਵੇਰ ਨਿਤਨੇਮ ਕਰਕੇ ਨਹੀਂ ਸੀ ਹੁੰਦੀ। 110 ਜਪੁਜੀ ਸਾਹਿਬ ਦੇ ਪਾਠ ਅਤੇ ਪੰਜ ਗ੍ਰੰਥੀ ਦਾ ਨਿਤਨੇਮ ਬਣਾ ਲਿਆ। ਬਾਕੀ ਬਚਦੇ ਸਮੇਂ ਵਿਚ ਵੀ ਉਹ ਜਪੁ ਜੀ ਸਾਹਿਬ ਦੇ ਮੂਲ ਮੰਤ੍ਰ ਅਤੇ 'ਵਾਹਿਗੁਰੂ' ਸ਼ਬਦ ਦਾ ਜਾਪ ਕਰਦੇ ਰਹਿੰਦੇ। ਸੰਤ ਜਰਨੈਲ ਸਿੰਘ 11 ਸਾਲ ਤੱਕ ਪਿੰਡ ਵਿਚ ਹਲ ਵਾਹੁੰਦੇ ਤੇ ਨਿਤਨੇਮ ਕਰਦੇ ਰਹੇ।

(ਸੰਤ) ਜਰਨੈਲ ਸਿੰਘ ਨੇ ਭਾਵੇਂ ਸੰਸਾਰਕ ਵਿਦਿਆ ਪ੍ਰਾਇਮਰੀ ਤੱਕ ਹੀ ਪ੍ਰਾਪਤ ਕੀਤੀ ਪ੍ਰੰਤੂ ਉਨ੍ਹਾਂ ਦੀ ਯਾਦ ਸ਼ਕਤੀ ਹੈਰਾਨ ਕਰ ਦੇਣ ਵਾਲੀ ਹੈ ਅਤੇ ਉਹ ਰੋਸ਼ਨ ਦਿਮਾਗ ਕਿਸੇ ਸੁਘੜ ਸਿਖਿਅਕ ਤੋਂ ਘਟ ਨਹੀਂ। ਉਨ੍ਹਾਂ ਨੇ ਦਖਣੀ ਓਅੰਕਾਰ ਦੀ ਬਾਣੀ ਇਕ ਦਿਨ ਵਿਚ, ਸੁਖਮਨੀ ਸਾਹਿਬ 13 ਦਿਨ ਵਿਚ, ਸਿਧ ਗੋਸ਼ਟਿ ਇਕ ਦਿਨ ਵਿਚ ਅਤੇ ਆਸਾ ਦੀ ਵਾਰ 8 ਘੰਟੇ ਵਿਚ ਕੰਠ ਕੀਤੀ।

(ਸੰਤ) ਜਰਨੈਲ ਸਿੰਘ ਦੇ ਭਿੰਡਰਾਂ ਜੱਥੇ ਵਿਚ ਸ਼ਾਮਲ ਹੋਣ ਦੀ ਕਥਾ ਵਚਿਤਰ ਅਤੇ ਰੌਚਕ ਹੈ। ਇਕ ਵੇਰ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਹਰ ਸਾਲ ਵਾਂਗ ਪਿੰਡ ਰੋੜੇ ਗਏ ਤਾਂ ਉਨ੍ਹਾਂ ਜਥੇਦਾਰ ਜੋਗਿੰਦਰ ਸਿੰਘ ਨੂੰ ਸਦਿਆ ਅਤੇ ਪੁਛਿਆ, "ਤੇਰੇ ਕਿੰਨੇ ਪੁਤਰ ਹਨ ?" "ਸੱਤ", ਜਥੇਦਾਰ ਜੋਗਿੰਦਰ ਸਿੰਘ ਨੇ ਉਤਰ ਦਿੱਤਾ। 'ਖਾਲਸਾ' ਜੀ ਨੇ ਕਿਹਾ, "ਇਕ ਸਾਨੂੰ ਦੇ ਦਿਓ।" ਜਥੇਦਾਰ ਜੋਗਿੰਦਰ ਸਿੰਘ ਨੇ ਬਿਨਾਂ ਕਿਸੇ ਹਿਚਕਚਾਹਟ ਦੇ ਸਾਰੇ ਪੁੱਤਰ ਸੰਤ ਗੁਰਬਚਨ ਸਿੰਘ ਜੀ ਸਾਹਮਣੇ ਲਿਆ ਖਲ੍ਹਾਰੇ ਅਤੇ ਕਿਹਾ, "ਮੇਰੇ ਲਈ ਤਾਂ ਸਭ ਇਕੋ ਹਨ, ਆਪ ਜਿਹੜਾ ਚਾਹੋ ਲੈ ਜਾਓ।" ਸੰਤ ਗੁਰਬਚਨ ਸਿੰਘ 'ਖਾਲਸਾ' ਨੇ (ਸੰਤ) ਜਰਨੈਲ ਸਿੰਘ ਤੇ ਹੀ ਆਪਣਾ ਹੱਥ ਰਖਿਆ। ਇਸ ਪ੍ਰਕਾਰ 1965 ਈ: ਵਿਚ ਗੁਰਦੁਆਰਾ ਨਾਭਾ ਸਾਹਿਬ ਵਿਖੇ ਸੰਤ ਗੁਰਬਚਨ ਸਿੰਘ 'ਖਾਲਸਾ' ਦੇ ਆਦੇਸ਼ ਅਨੁਸਾਰ (ਸੰਤ) ਜਰਨੈਲ ਸਿੰਘ 'ਖਾਲਸਾ' ਭਿੰਡਰਾਂ ਜੱਥੇ ਵਿਚ ਆ ਸ਼ਾਮਲ ਹੋਏ। ਸੰਤ ਗੁਰਬਚਨ ਸਿੰਘ 'ਖਾਲਸਾ' ਨੇ (ਸੰਤ) ਜਰਨੈਲ ਸਿੰਘ ਨੂੰ ਆਪ ਜਥੇਦਾਰ ਜੋਗਿੰਦਰ ਸਿੰਘ ਪਾਸੋਂ ਮੰਗਿਆ ਸੀ। ਇਸ ਲਈ ਜੱਥੇ ਵਿਚ ਉਨ੍ਹਾਂ ਦੀ ਸੰਗਤ ਵਿਸ਼ੇਸ਼ ਧਿਆਨ ਰਖਿਆ ਗਿਆ। ਜੱਥੇ ਵਿਚ ਆਪਣੇ ਪ੍ਰਵਾਸ ਦੌਰਾਨ (ਸੰਤ) ਜਰਨੈਲ ਸਿੰਘ ਭਾਈ ਗੁਰਮੁਖ ਸਿੰਘ ਉੜੀਸਾ (ਜੋ ਬਾਅਦ ਵਿਚ ਗੁਰਬਚਨ ਸਿੰਘ ਜੀ 'ਖਾਲਸਾ' ਦੇ ਅੰਤਮ ਸੰਸਕਾਰ ਸਮੇਂ ਧਰਮਸਤ ਹੋ ਗਏ) ਅਤੇ ਭਾਈ (ਪਿਛੋਂ ਸੰਤ) ਕਰਤਾਰ ਸਿੰਘ, ਜੋ ਸੰਤ ਗੁਰਬਚਨ ਸਿੰਘ 'ਖਾਲਸਾ' ਦੇ ਨਿਕਟਵਰਤੀ ਸਨ। ਦੇ ਨੇੜੇ ਰਹਿੰਦੇ, ਜੱਥੇ ਵਿਚ ਹੀ (ਸੰਤ) ਜਰਨੈਲ ਸਿੰਘ ਇਕ ਚੰਗੇ ਤੇ ਸ਼ੁਧ ਅਖੰਡ ਪਾਠੀ ਬਣ ਗਏ ਸਨ। ਜੱਥੇ ਦੇ ਨਿਯਮਾਂ ਅਨੁਸਾਰ ਉਹ ਨੇਮ ਨਾਲ ਸੰਥਿਆ ਕਰਦੇ, ਗੁਰ-ਇਤਿਹਾਸ ਸੁਣਦੇ ਅਤੇ ਨਿਤਨੇਮ ਉਪ੍ਰੰਤ ਮੂਲ ਮੰਤ੍ਰ ਦਾ ਜਾਪ ਕਰਦੇ ਰਹਿੰਦੇ। ਪਹਿਲੀ ਸੰਥਿਆ ਵੀ ਸੰਤ ਗੁਰਬਚਨ ਸਿੰਘ 'ਖਾਲਸਾ' ਨੇ ਆਪ (ਸੰਤ) ਜਰਨੈਲ ਸਿੰਘ ਨੂੰ ਦਿੱਤੀ। ਇਕ ਸਾਲ ਵਿਚ ਹੀ (ਸੰਤ) ਜਰਨੈਲ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਧ ਉਚਾਰਨ, ਗੁਰ-ਇਤਿਹਾਸ, ਗੁਰਮਤਿ-ਦਰਸ਼ਨ ਵਿਚ ਪਰਪੱਕ ਹੋ ਗਏ। ਲਗਭਗ ਇਕ ਸਾਲ ਦੀ



ਸੰਤ ਜਰਨੈਲ ਸਿੰਘ ਜੀ ਖਾਲਸਾ ਆਪਣੇ ਨਿਵਾਸ, ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਪਵਿਤਰ ਭੂਮੀ ਉਤੇ। (ਫੋਟੋ—ਵੀ. ਪੀ. ਕਪੂਰ)

ਸੰਪ੍ਰਦਾਈ ਸਿਖਿਆ ਪਿਛੋਂ ਸੰਤ ਗੁਰਬਚਨ ਸਿੰਘ 'ਖਾਲਸਾ' ਨੇ (ਸੰਤ) ਜਰਨੈਲ ਸਿੰਘ ਨੂੰ ਘਰ ਦੀ ਸਾਰ ਲੈਣ ਦੀ ਆਗਿਆ ਕੀਤੀ ।

ਜੱਥੇ ਵਿਚੋਂ ਛੁੱਟੀ ਮਿਲਣ ਉਪ੍ਰੰਤ (ਸੰਤ) ਜਰਨੈਲ ਸਿੰਘ ਦਾ 1966 ਈ: ਵਿਚ ਬਿਲਾਸਪੁਰ ਪਿੰਡ ਦੇ ਸ: ਸੁੱਚਾ ਸਿੰਘ ਦੀ ਲੜਕੀ ਬੀਬੀ ਪ੍ਰੀਤਮ ਕੌਰ ਨਾਲ ਆਨੰਦ ਕਾਰਜ ਹੋ ਗਿਆ । 1971 ਵਿਚ (ਸੰਤ) ਜਰਨੈਲ ਸਿੰਘ ਦੇ ਘਰ ਈਸ਼ਰ ਸਿੰਘ ਅਤੇ 1975 ਈ: ਵਿਚ ਇੰਦਰਜੀਤ ਸਿੰਘ ਨਾਂ ਦੇ ਦੋ ਭੁਝੰਗੀਆਂ ਨੇ ਜਨਮ ਲਿਆ । (ਸੰਤ) ਜਰਨੈਲ ਸਿੰਘ ਸਿਖੀ ਰਹੁਰੀਤ ਅਤੇ ਮਰਯਾਦਾ ਵਿਚ ਇਤਨੇ ਪਰਪੱਕ ਸਨ ਕਿ ਆਪਣੇ ਬੱਚਿਆਂ ਦੇ ਜਨਮ ਤੇ ਉਨ੍ਹਾਂ ਨੇ ਗੁੜਤੀ ਖੰਡੇ ਬਾਟੇ ਦੇ ਅੰਮ੍ਰਿਤ ਦੇ ਚੂਲੇ ਦੀ ਹੀ ਦਿੱਤੀ ।

ਸੰਤ ਕਰਤਾਰ ਸਿੰਘ 'ਖਾਲਸਾ' ਨੇ ਜਦੋਂ ਸੰਤ ਗੁਰਬਚਨ ਸਿੰਘ 'ਖਾਲਸਾ' ਦੀ ਆਗਿਆ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੰਗਲਾਂ ਬਾਰੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਰੱਖਣ ਅਤੇ ਦਮਦਮੀ ਸਰੂਪ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਛਪਾਈ ਕਰਵਾਉਣ ਲਈ ਅੰਮ੍ਰਿਤਸਰ ਨਿਵਾਸ ਕੀਤਾ ਤਾਂ ਵੀ (ਸੰਤ) ਜਰਨੈਲ ਸਿੰਘ ਉਨ੍ਹਾਂ ਦੇ ਨਾਲ ਹੀ ਰਹੇ ਅਤੇ ਕਈ ਅਮੋਲਕ ਗੱਲਾਂ ਵੀ ਸਿਖੀਆਂ । ਇਸੇ ਸਮੇਂ ਇਕ ਦਿਲਚਸਪ ਘਟਨਾ ਵਾਪਰੀ । (ਸੰਤ) ਜਰਨੈਲ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦੌਰਾਨ ਕੱਚੇ ਪਰੂਫ ਲੈ ਕੇ ਸ੍ਰੀ ਦਰਬਾਰ ਸਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਧੂ ਸਿੰਘ ਜੀ ਭੌਰਾ ਦੇ ਦੇਸਤਖਤ ਕਰਵਾਉਣ ਲਿਆਉਂਦੇ ਸਨ ਅਤੇ ਉਨ੍ਹਾਂ ਦੇ ਦਸਤਖਤਾਂ ਪਿਛੋਂ ਹੀ ਛਪਾਈ ਹੁੰਦੀ ਸੀ । ਇਕ ਦਿਨ ਉਹ ਰਾਮਸਰ ਤੋਂ ਦਰਬਾਰ ਸਾਹਿਬ ਵੱਲ ਆ ਰਹੇ ਸਨ ਕਿ ਰਸਤੇ ਵਿਚ ਉਨ੍ਹਾਂ ਨੂੰ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਜਾਂਦੇ ਦਿੱਸੇ । ਉਨ੍ਹਾਂ ਨੇ ਸੁਤੇ ਸਿੱਧ ਹੀ ਸਿੰਘ ਸਾਹਿਬ ਨੂੰ ਕਿਹਾ "ਚੇਤ ਸਿੰਘ ਜੀ ! ਔਹ ਦਸਤਖਤ ਕਰ ਦਿਓ ।" ਸਿੰਘ ਸਾਹਿਬ ਨੂੰ ਇਸ ਗੱਲ ਤੇ ਗੁੱਸਾ ਆਇਆ ਕਿ (ਸੰਤ) ਜਰਨੈਲ ਸਿੰਘ ਨੇ ਉਨ੍ਹਾਂ ਨੂੰ ਸਿੰਘ ਸਾਹਿਬ ਕਹਿ ਕੇ ਕਿਉਂ ਨਹੀਂ ਪੁਕਾਰਿਆ । ਗਿਆਨੀ ਚੇਤ ਸਿੰਘ ਜੀ ਨੇ (ਸੰਤ) ਜਰਨੈਲ ਸਿੰਘ ਨੂੰ ਝਾੜ ਪਈ ਅਤੇ ਸੰਤ ਕਰਤਾਰ ਸਿੰਘ 'ਖਾਲਸਾ' ਕੋਲ ਸ਼ਿਕਾਇਤ ਕੀਤੀ । ਸੰਤ ਕਰਤਾਰ ਸਿੰਘ 'ਖਾਲਸਾ' ਨੇ (ਸੰਤ) ਜਰਨੈਲ ਸਿੰਘ ਨੂੰ ਮਿੱਠੀ ਝਿੜਕ ਦੇ ਕੇ ਕਿਹਾ, "ਸਿੰਘ ਸਾਹਿਬ ਦੀ ਇਜ਼ਤ ਕਰਨਾ ਸਾਡਾ ਫਰਜ਼ ਹੈ ਪਰ ਹੁਣ ਇਥੋਂ ਹੀ ਗੁਣ ਲੈ ਲਓ ਕਿ ਹੰਕਾਰ ਤੋਂ ਬਚਣਾ, ਭਾਵੇਂ ਕਿੱਡੀ ਵੱਡੀ ਪਦਵੀ 'ਤੇ ਕਿਉਂ ਨਾ ਪਹੁੰਚ ਜਾਓ ।"



ਜੁਲਾਈ 1977 ਈ: ਵਿਚ ਸੰਤ ਕਰਤਾਰ ਸਿੰਘ 'ਖਾਲਸਾ' ਪਿੰਡ ਰੋਡੇ ਗਏ ਅਤੇ (ਸੰਤ) ਜਰਨੈਲ ਸਿੰਘ ਨੂੰ ਘਰ ਮਿਲੇ ਇਸੇ ਮੌਕੇ ਤੇ ਸੰਤ ਕਰਤਾਰ ਸਿੰਘ 'ਖਾਲਸਾ' ਨੇ (ਸੰਤ) ਜਰਨੈਲ ਸਿੰਘ ਨੂੰ ਦੋ ਗੱਲਾਂ ਸਦਾ ਯਾਦ ਰੱਖਣ ਲਈ ਕਿਹਾ । ਇਕ ਸੀ ਕਿ ਕਿਸੇ ਰਾਜਨੀਤਿਕ ਤੇ ਪੂਰਾ ਵਿਸ਼ਵਾਸ ਨਹੀਂ ਕਰਨਾ ਅਤੇ ਦੂਸਰੀ ਕਿ ਕਿਸੇ ਰਾਜਨੀਤਿਕ ਤੋਂ ਇਹ ਨਹੀਂ ਅਖਵਾਉਣਾ ਕਿ ਕੋਠੀ ਵਿਚੋਂ ਨਿਕਲ ਜਾ । ਕੁਝ ਦਿਨਾਂ ਪਿਛੋਂ ਸੰਤ ਕਰਤਾਰ ਸਿੰਘ 'ਖਾਲਸਾ' ਦੇ ਦੁਰਘਟਨਾ ਦਾ ਸ਼ਿਕਾਰ ਹੋਣ ਪਿਛੋਂ ਟਕਸਾਲ ਦੀ ਸੇਵਾ ਬਖਸ਼ੇ ਜਾਣ ਤੇ ਸੰਤ ਜਰਨੈਲ ਸਿੰਘ ਸੋਚ ਰਹੇ ਸਨ ਕਿ ਉਪਰੋਕਤ ਸਿਖਿਆਦਾਇਕ ਬਚਨ ਸੰਤ ਕਰਤਾਰ ਸਿੰਘ 'ਖਾਲਸਾ' ਨੇ ਜਾਣ ਬੁੱਝ ਕੇ ਆਉਂਦੇ ਸਮੇਂ ਵਿਚ ਟਕਸਾਲ ਅਤੇ ਇਸ ਦੇ ਮੁਖੀ ਦੀ ਧਾਰਮਿਕ-ਸਿਆਸੀ ਭੂਮਿਕਾ ਨੂੰ ਧਿਆਨ ਵਿਚ ਰਖਦੇ ਹੋਏ ਕੀਤੇ ਸਨ ?

ਸੰਤ ਜਰਨੈਲ ਸਿੰਘ ਦੀ ਆਪਣੇ ਪੂਰਵ-ਅਧਿਕਾਰੀ ਸੰਤ ਕਰਤਾਰ ਸਿੰਘ 'ਖਾਲਸਾ' ਪ੍ਰਤੀ ਸ਼ਰਧਾ ਤੇ ਨੇੜਤਾ ਜੱਥੇ ਵਿਚ ਪ੍ਰਚਲਤ ਇਕ ਗਾਥਾ ਦੇ ਤੁਲ ਹੈ । ਇਹੋ ਕਾਰਨ ਹੈ ਕਿ ਸੰਤ ਕਰਤਾਰ ਸਿੰਘ 'ਖਾਲਸਾ' ਕਥਾ ਦੌਰਾਨ ਵੀ ਕਈ ਵੇਰ ਕਿਸੇ ਸੇਵਾ, ਸਿਮਰਨ ਵਾਲੇ ਸਿਖ ਦੀ ਉਦਾਹਰਣ ਦੇਣ ਲਈ (ਸੰਤ) ਜਰਨੈਲ ਸਿੰਘ ਨੂੰ ਹੀ ਆਦਰਸ਼ ਸਿਖ ਮੰਨਦੇ ਸਨ । ਇਸੇ ਲਈ (ਸੰਤ) ਜਰਨੈਲ ਸਿੰਘ ਦਾ ਸਤਿਕਾਰ ਨਾ ਕੇਵਲ ਜੱਥੇ ਵਿਚ ਸਗੋਂ ਜੱਥੇ ਦੇ ਨਿਕਟਵਰਤੀ ਸ਼ਰਧਾਲੂ ਸਿੱਖਾਂ ਵਿਚ ਵੀ ਵਧ ਗਿਆ ਸੀ । ਸੰਤ ਕਰਤਾਰ ਸਿੰਘ ਖਾਲਸਾ ਦੇ ਦੁਰਘਟਨਾ ਗ੍ਰਸਤ ਹੋਣ ਪਿਛੋਂ ਲੁਧਿਆਣੇ ਹਸਪਤਾਲ ਵਿਚ ਅੰਤ ਤਕ ਉਹਨਾਂ ਦੀ ਸੇਵਾ 'ਚ ਨਾਲ ਰਹੇ । ਸੰਤ ਕਰਤਾਰ ਸਿੰਘ ਖਾਲਸਾ ਦੇ ਅਕਾਲ ਚਲਾਣੇ ਉਪਰੰਤ ਜਥੇ ਦੇ 45 ਚੋਣਵੇਂ ਸੇਵਕਾਂ ਦਾ ਇਕਠ ਹੋਇਆ । ਜਿਸ ਵਿਚ ਸੰਤ ਜਰਨੈਲ ਸਿੰਘ ਰੋਡੇ ਨੂੰ ਉਹਨਾਂ ਦਾ ਜਾਨ ਨਸ਼ੀਨ ਚੁਣ ਲਿਆ ਗਿਆ ਉਦੋਂ ਤੋਂ ਹੀ ਆਪ ਜਰਨੈਲ ਸਿੰਘ ਰੋਡੇ ਤੋਂ ਸੰਤ ਜਰਨੈਲ ਸਿੰਘ ਖਾਲਸਾ ਬਣ ਕੇ ਭਿੰਡਰਾਂ ਵਾਲੀ ਟਕਸਾਲ ਦੇ ਮੁਖੀ ਬਣੇ ।

ਇਸ ਟਕਸਾਲ ਦੀ ਸੇਵਾ ਸੰਭਾਲਦੇ ਹੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਨੇ ਸਿਖੀ ਪ੍ਰਚਾਰ, ਸਿਖੀ ਰਹਿਤ ਬਹਿਤ ਦੇਹ ਧਾਰੀ ਗੁਰੂਆਂ ਦੀ ਨਿਖੇਧੀ ਗੁਰਦੁਵਾਰਾ ਪ੍ਰਬੰਧ ਵਿਚ ਸੁਧਾਰ ਲਿਆਉਣ ਅਤੇ ਸਿਖੀ ਨੂੰ ਚੜ੍ਹਦੀ ਕਲਾ ਵਿਚ ਰਖਣਾ ਹੀ ਆਪਣੇ ਜੀਵਨ ਦਾ ਨਿਸ਼ਾਨਾ ਬਣਾ ਲਿਆ । ਸੰਤ ਜਰਨੈਲ ਸਿੰਘ 'ਖਾਲਸਾ' ਨੇ ਅਗਸਤ 1977 ਈ: ਤੋਂ ਅਪ੍ਰੈਲ 1978 ਈ: ਤੱਕ ਦੇ 8 ਮਹੀਨੇ ਦੇ ਸਮੇਂ ਦੌਰਾਨ

ਨਾ ਕੇਵਲ ਪੰਜਾਬ ਦੇ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ, ਸਗੋਂ ਪੰਜਾਬ ਤੋਂ ਬਾਹਰ ਮੱਧ ਪ੍ਰਦੇਸ਼, ਯੂ. ਪੀ., ਬੰਬਈ, ਕਲਕੱਤਾ ਅਤੇ ਹੋਰ ਰਾਜਾਂ ਦੀਆਂ ਸੰਗਤਾਂ ਵਿਚ ਸਿੱਖੀ ਪ੍ਰਚਾਰ ਕੀਤਾ । ਵੱਡਾ ਪ੍ਰਚਾਰ ਦੌਰਾ ਆਰੰਭ ਹੋਣਾ ਹੀ ਸੀ ਕਿ 1978 ਈ: ਦੇ ਅਵਸਰ ਤੇ ਸੰਤ ਨਿਰੰਕਾਰੀਆਂ ਵਲੋਂ ਅੰਮ੍ਰਿਤਸਰ ਵਿਖੇ ਇਕ ਵੱਡਾ ਸਮਾਗਮ ਕਰਨ ਦਾ ਐਲਾਨ ਕੀਤਾ ਗਿਆ । ਸੰਤ ਜਰਨੈਲ ਸਿੰਘ 'ਖਾਲਸਾ' ਨੇ ਇਸ ਚੈਲੰਜ ਨੂੰ ਪ੍ਰਵਾਨ ਕਰਨਾ ਆਪਣਾ ਪ੍ਰਥਮ ਫਰਜ਼ ਸਮਝਿਆ ਜਿਸ ਨਾਲ ਸੰਤ ਜਰਨੈਲ ਸਿੰਘ 'ਖਾਲਸਾ' ਅਥਵਾ 'ਭਿੰਡਰਾਂ ਵਾਲੇ' ਦਾ ਨਾਂ ਕੇਵਲ ਸਿਖ ਜਗਤ ਵਿਚ ਸਗੋਂ ਸਾਰੇ ਸਿਖਾਂ ਵਿਚ ਵੀ ਦੰਦ ਕਥਾ ਬਣ ਗਿਆ ਅਤੇ ਸਮੁੱਚਾ ਸਿਖ ਪੰਥ ਜਰਨੈਲ ਸਿੰਘ 'ਖਾਲਸਾ' ਨੂੰ ਧਰਮ ਰਖਿਅਕ ਵਜੋਂ ਵਡਿਆਉਣ ਲੱਗਾ ।

ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਆਪ ਧਰਮ ਪਾਲਕ ਸਨ । ਰਹਿਤਲ ਸਾਰੀ ਸਿਖੀ ਅਸੂਲਾਂ ਅਨੁਸਾਰ ਹੈ । ਅਸਤਰ ਸ਼ਸਤਰ ਦੇ ਦਾਨੀ ਹਨ । ਸਿਖੀ ਸਰੂਪ ਦਾ ਨਮੂਨਾ ਹਨ, ਨਿਤ ਨੇਮੀ ਹਨ ਅਤੇ ਨਾਮ ਜਪਦੇ ਹਨ ।


ਫਿਰ ਆਪ ਧਰਮ ਪ੍ਰਚਾਰਕ ਹਨ ਗੁਰਦੁਆਰਾ ਗੁਰ ਦਰਸ਼ਨ ਪ੍ਰਕਾਸ਼ ਵਿਚ ਰੋਜ਼ਾਨਾ ਸਿਖੀ ਦਾ ਪਰਚਾਰ ਚਲਦਾ ਹੈ, ਅੰਮ੍ਰਿਤ ਦੇ ਬਾਟੇ ਤਿਆਰ ਹੁੰਦੇ ਹਨ ਤੇ ਇਹੋ ਕੁਝ ਦੇਸ਼ ਦੇ ਕੋਨੇ ਕੋਨੇ ਵਿਚ ਜਾਕੇ ਦਸੋਗੇ । ਪਰ ਜਾਪਦਾ ਹੈ ਕਿ ਸਿਖੀ ਦੇ ਵਿਰੋਧੀਆਂ ਨੂੰ ਉਨ੍ਹਾਂ ਦਾ ਧਰਮ ਪਰਚਾਰ ਭਾਇਆ ਨਹੀਂ । ਸਭ ਤੋਂ ਵੱਧ ਉਨ੍ਹਾਂ ਨੂੰ ਜਿਹੜੇ ਆਪਣੀ ਜ਼ਿੰਦਗੀ ਉਸ ਦੇਹ ਧਾਰੀ ਗੁਰੂ ਦੀ ਮਨੌਤ ਵਿਚ ਮੰਨਦੇ ਹਨ ਜਿਹੜੇ ਕਿ ਸਿਖੀ ਉਤੇ ਇਕ ਘੋਰ ਹਮਲਾ ਹੈ ਜਿਸ ਨਾਲ ਸੰਤ ਜਰਨੈਲ ਸਿੰਘ 'ਭਿੰਡਰਾ' ਧਰਮ ਰਖਿਅਕ ਬਣਕੇ ਇਨ੍ਹਾਂ ਸਿਖੀ ਵਿਰੋਧੀ ਤਾਕਤਾਂ ਨਾਲ ਜੂਝ ਰਹੇ ਹਨ । ਉਹ ਸੱਚੇ ਹਨ ਪਰ ਕੋਈ ਵੀ ਦੋਸ਼ ਨਹੀਂ ਜੋ ਉਨ੍ਹਾਂ ਉਤੇ ਥੋਪਿਆ ਨਹੀਂ ਜਾ ਰਿਹਾ—ਪਰ ਜਿਨ੍ਹਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਨੇੜੇ ਹੋ ਕੇ ਵੇਖਿਆ ਹੈ ਕਿ ਉਹ ਜਾਣਦੇ ਹਨ ਕਿ ਸੰਤ ਜਰਨੈਲ ਸਿੰਘ ਧਰਮ ਪਾਲਕ ਹਨ ਧਰਮ ਪਰਚਾਰਿਕ ਹਨ ਤੇ ਧਰਮ ਰਖਿਅਕ ਹਨ ਤੇ ਇਸ ਦੇ ਲਈ ਉਹ ਕਿਸੇ ਵੀ ਕੁਰਬਾਨੀ ਤੋਂ ਪਿਛੇ ਨਹੀਂ ਹਟਦੇ ।

———

ਧਰਮ ਮੁਦਈ

# ਸੰਤ ਭਿੰਡਰਾਂ ਵਾਲਿਆਂ ਨਾਲ ਤਾਜ਼ਾ ਇੰਟਰਵਿਊ

ਮੁਲਾਕਾਤੀ—ਪ. ਸ. ਕੰਵਰ



ਰੂਬਰੂ ਸਵਾਲ-ਜਵਾਬਾਂ ਲਈ ਸੰਤਾਂ ਦੇ ਹਜ਼ੂਰ 'ਚ, ਮੁਲਾਕਾਤੀ ਪ. ਸ. ਕੰਵਰ ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਨਾ ਕੇਵਲ ਭਾਰੀ ਚਰਚਾ ਸਗੋਂ ਤਗੜੇ ਵਾਦ ਵਿਵਾਦ ਵਾਲੇ ਵਿਅਕਤੀ ਸਮਝੇ ਜਾਂਦੇ ਹਨ, ਕੋਈ ਇਹਨਾਂ ਨੂੰ ਵੱਖ ਵਾਦੀ ਅਤੇ ਕੋਈ ਅਤਿ ਵਾਦ ਆਖ ਕੇ ਇਕ ਅਜੇਹੇ ਸਿਆਸੀ ਵਿਅਕਤੀ ਦੇ ਰੂਪ ਵਿਚ ਪੇਸ਼ ਕਰਦਾ ਹੈ ਜਿਨ੍ਹਾਂ ਦੇ ਮਨ ਵਿਚ ਮਨੁੱਖ ਦੀਆਂ ਕੋਮਲ ਮਨੋ-ਭਾਵਨਾਵਾਂ ਲਈ ਕੋਈ ਥਾਂ ਨਹੀਂ, ਕਈ ਹਲਕਿਆਂ ਵਿਚ ਆਪ ਦਾ ਨਾਉਂ ਇਕ 'ਹਊਆ' ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਪਰ ਜਿਨ੍ਹਾਂ ਨੇ ਸੰਤ ਭਿੰਡਰਾਂ ਨੂੰ ਨੇੜਿਉਂ ਹੋ ਕੇ ਵੇਖਿਐ ਉਹ ਜਾਣਦੇ ਹਨ ਕਿ ਆਪ ਇਕ ਸੰਪੂਰਨ ਧਾਰਮਕ ਸਖਸ਼ੀਅਤ ਨੀ ਨਹੀਂ ਸਗੋਂ ਇਕ ਅਜਿਹੇ ਧ ਰਮਕ, ਨਿਸ਼ਕਾਮ ਸੰਤ ਹਨ ਜਿਨ੍ਹਾਂ ਦੇ ਮਨ ਵਿਚ ਧਰਮ ਦੀ ਮਹਾਨਤਾ ਨੂੰ ਪ੍ਰਫੁਲਤ ਕਰਨ ਲਈ ਹਮੇਸ਼ਾਂ ਇਕ ਅਨੂਠਾ ਜਜ਼ਬਾ ਸਵਾਰ ਰਹਿੰਦਾ ਹੈ ਅਤੇ ਧਰਮ ਦੀ ਕਿਸੇ ਤਰ੍ਹਾਂ ਵੀ ਹਾਨੀ ਹੋਣ ਉੱਤੇ ਉਹ ਸਭ ਤੋਂ ਵੱਧ ਦੁੱਖ ਤੇ ਪੀੜਾ ਦਾ ਅਨੁਭਵ ਕਰਦੇ ਹਨ, ਨਿਸ਼ਚੇ ਹੀ ਆਪ ਦੇ ਮਨ ਵਿਚ ਧਰਮ ਲਈ ਜਿਊਣ ਤੇ ਧਰਮ ਲਈ ਜੂਝਣ ਦਾ ਚਾਓ ਹੈ।

ਇਸ ਬਹੁ ਚਰਿਤਰ ਵਿਅਕਤੀ ਨੂੰ ਕੋਈ ਅਇਤਉਲਾ ਖੋਮੀਨੀ ਅਤੇ ਕੋਈ, ਹਿਟਲਰ ਦੇ ਨਾਉਂ ਨਾਲ ਨਿਵਾਜਦਾ ਹੈ ਪਰ ਇਸ ਮੁਕੰਮਲ ਸੰਤ ਰੂਪ ਸਖਸ਼ੀਅਤ ਵਿਚ ਇਕ ਸਰਵ ਸਾਂਝੀ ਆਤਮਾ ਦਾ ਨਿਵਾਸ ਹੈ। ਇਹ ਇਸ ਨੂੰ ਨੇੜਿਓਂ ਜਾਨਣ ਵਾਲੇ ਲੋਕ ਹੀ ਦੱਸ ਸਕਦੇ ਹਨ। ਮੈਨੂੰ ਆਪ ਦੇ ਨੇੜੇ ਜਾ ਕੇ ਬੋਲ ਸਾਂਝੇ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਨਾਲ ਹੀ ਉਸ ਵਾਤਾਵਰਨ ਵਿਚੋਂ ਲੰਘਣ ਦਾ ਅਵਸਰ ਮਿਲਿਆ ਹੈ ਜਿਸ ਵਿਚ ਆਪ ਰਾਤ ਦਿਨ ਵਿਚਰਦੇ ਹਨ ਅਤੇ ਮੈਂ ਇਹ ਪੂਰੇ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਇਕ ਅਜੇਹੇ ਪਰਮ ਸੰਤ ਹਨ ਜਿਨ੍ਹਾਂ ਦਾ ਹਰ ਪਲ, ਨਾਮ ਸਿਮਰਨ ਅਤੇ ਸਿਮਰਾਉਣ ਵਿਚ ਗੁਜ਼ਰਦਾ ਹੈ।



## □ ਮੇਰੀ ਹਿੱਟ ਲਿਸਟ 'ਚ ਕੀ ਕੁਝ ਹੈ ਲਓ ਸੁਣ ਲਓ !

## □ ਪੰਜਾਬ 'ਚ ਅਸਲਾ ਸਪਲਾਈ .ਸ੍ਰੀਮਤੀ ਗਾਂਧੀ ਦੇ ਪਾਲਤੂ ਸੁਆਮੀ ਧਿਰੇਂਦਰ ਬ੍ਰਹਮਚਾਰੀ ਦੀ ਗਨ ਫੈਕਟਰੀ ਨੇ ਕੀਤਾ।



**ਸੰਤ ਜੀ ਨਾਲ ਨਿੱਘੀ ਮੁਲਾਕਾਤ ਦਾ ਇਕ ਦ੍ਰਿਸ਼। ਚਿੱਤ੍ਰ ਵਿਚ ਪ. ਸ. ਕੰਵਰ ਅਤੇ ਕਰਨਲ ਪ੍ਰਤਾਪ ਸਿੰਘ ਜੀ ਗਿੱਲ ਆਦਿ ਨਜ਼ਰ ਆ ਰਹੇ ਹਨ।**

ਆਪ ਸਾਰੇ ਸੰਸਾਰ ਵਿਚ ਕਿਸੇ ਇਕ ਫਿਰਕੇ ਦਾ ਨਹੀਂ, ਸਗੋਂ ਅਜੇਹੇ ਧਰਮ ਦਾ ਰਾਜ ਸਥਾਪਨ ਹੋਇਆ ਵੇਖਣਾ ਚਾਹੁੰਦੇ ਹਨ ਜਿਸ ਵਿਚ ਨਾ ਕੋਈ ਬੇਰੀ ਤੇ ਨਾ ਕੋਈ ਬੇਗਾਨਾ ਹੋਵੇ, ਇਕ ਨਿਰੋਲ ਪਰਮ ਧਾਰਮਕ ਸਖਸ਼ੀਅਤ ਨੂੰ ਛੋਟੇ ਛੋਟੇ ਸਿਆਸੀ ਮੰਤਵਾਂ ਨਾਲ ਜੋੜਨਾ ਘੋਰ ਬੇਸਮਝੀ ਹੈ। ਇਹ ਹਨ ਪ੍ਰਭਾਵ ਜੋ ਮੈਨੂੰ ਸੰਤ ਜਰਨੈਲ ਸਿੰਘ ਜੀ ਖਾਲਸਾ ਨਾਲ ਕੁਝ ਘੜੀਆਂ ਸਾਂਝੀਆਂ ਕਰਨ ਉਪਰੰਤ ਹੇਠ ਦਰਜ ਇੰਟਰਵਿਓ ਅਤੇ ਰੂ-ਬਰੂ ਗੁਫਤਗੂ ਦੌਰਾਨ ਪ੍ਰਾਪਤ ਹੋਏ ਜੋ ਮੈਂ ਆਪਣੇ ਅਣਗਿਣਤ ਪਾਠਕਾਂ ਨਾਲ ਸਾਝਿਆਂ ਕਰਨ ਦਾ ਮਾਣ ਹਾਸਲ ਕਰ ਰਿਹਾ ਹਾਂ। —**ਸੰਪਾਦਕ**

ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਸਥਿਤ ਗੁਰੂ ਨਾਨਕ ਨਿਵਾਸ ਦੀ ਧੁਰ ਉਪਰਲੀ ਛੱਤ 'ਤੇ ਸੱਜਰੀ ਸਵੇਰ ਦੀ ਨਿੱਘੀ ਨਿੱਘੀ ਧੁੱਪ 'ਚ ਜਦ ਮੈਂ ਭਾਈ ਰਛਪਾਲ ਸਿੰਘ ਜੀ (ਸੰਤਾਂ ਦੇ ਸਕੱਤਰ) ਸਮੇਤ ਸੰਤਾਂ ਦੇ ਸਨਮੁੱਖ ਹੋਇਆ ਤਾਂ ਆਪ ਜੀ ਦੀ ਸਾਦਗੀ ਤੋਂ ਪ੍ਰਭਾਵਤ ਹੋਏ ਬਿਨ੍ਹਾਂ ਨਹੀਂ ਰਹਿ ਸਕਿਆ, ਆਪ ਅਤਿ ਸਾਦੇ ਚਿੱਟੇ ਲੰਮੇ ਕੁਰਤੇ 'ਚ ਇਕ ਸਧਾਰਨ ਮੰਜੇ 'ਤੇ ਵਿਛੀ ਦਰੀ ਤੇ ਚਾਦਰ ਦੇ ਵਿਛੌਣੇ 'ਤੇ ਬੈਠੇ ਬਾਹਰੋਂ ਆਏ ਆਪਣੇ ਸਨੇਹੀਆਂ ਨਾਲ ਵਿਚਾਰ ਵਟਾਂਦਰਾ ਕਰ ਰਹੇ ਸਨ,

ਭੌਂਇ 'ਤੇ ਵਿਛੀਆਂ ਦਰੀਆਂ ਤੇ ਬੈਠੇ ਲੋਕਾਂ ਵਿਚੋਂ ਬਹੁਤੇ ਉਹ ਸਨ ਜੋ ਸੰਤ ਭਿੰਡਰਾਂ ਬਾਰੇ ਅਖਬਾਰਾਂ ਵਿਚੋਂ ਚਰਚਾ ਪੜ੍ਹ ਕੇ ਉਹਨਾਂ ਨੂੰ ਸਿਰਫ ਵੇਖਣ ਦੀ ਇੱਛਾ ਨਾਲ ਹੀ ਆਏ ਸਨ। ਭਾਈ ਰਛਪਾਲ ਸਿੰਘ ਹੁਰਾਂ ਨੇ ਸੰਤਾਂ ਨੂੰ ਮੇਰੇ ਬਾਰੇ ਦਸਿਆ ਕਿ ਇਹ ਸਿੰਘ ਜਲੰਧਰ ਤੋਂ ਆਪ ਦੀ ਇੰਟਰਵਿਓ ਲੈਣ ਲਈ ਆਏ ਨੇ, ਇਹਨਾਂ ਲਈ ਕੀ ਹੁਕਮ ਹੈ ? ਜਵਾਬ 'ਚ ਸੰਤਾਂ ਨੇ ਮੇਰੇ ਵੱਲ ਇਕ ਮਿੱਠੀ ਜਿਹੀ ਤੱਕਣੀ ਸੁੱਟਦਿਆਂ ਕਿਹਾ, ਏਧਰ ਆਓ ਮੇਰੇ ਲਾਗੇ ਆ ਕੇ ਬੈਠੋ।"

ਸੰਤਾਂ ਦੇ ਕੋਲ ਆਉਣ ਦਾ ਇਸ਼ਾਰਾ ਪ੍ਰਾਪਤ ਕਰਕੇ ਮੈਂ ਲਾਗੇ ਜਾ ਕੇ ਫਤਿਹ ਬੁਲਾਈ, ਆਪਣਾ ਤੁਆਰਫ ਕਰਵਾਇਆ ਤੇ ਆਉਣ ਦਾ ਸਵੱਬ ਦਸਿਆ। ਜਵਾਬ 'ਚ ਸੰਤਾਂ ਨੇ ਤੁਰੰਤ ਕਿਹਾ ਅੱਛਾ ਕੱਢੋ ਆਪਣੀ ਕਾਪੀ ਪਿੰਸਲ 'ਤੇ ਕਰੋ ਆਪਣੇ ਸਵਾਲ। ਜੋ ਹੁਕਮ ਕਹਿਕੇ ਮੈਂ ਆਪਣਾ ਪਹਿਲਾ ਸਵਾਲ ਕੀਤਾ—

ਸੰਪਾਦਕ : ਸੰਤ ਜੀ ਮੇਰਾ ਪਹਿਲਾ ਸਵਾਲ ਬੜਾ ਅਹਿਮ ਹੈ, ਕੁਝ ਗਲਤ ਫਹਿਮੀਆਂ ਦੇ ਸ਼ਿਕਾਰ ਲੋਕ ਇਸ ਗੱਲ ਦਾ ਬੜਾ ਬੇ-ਬੁਨਿਆਦ ਪ੍ਰਚਾਰ ਕਰਦੇ ਹਨ ਕਿ ਸੰਤ ਭਿੰਡਰਾਂ ਵਾਲਿਆਂ ਨੇ ਕੋਈ 'ਹਿਟ ਲਿਸਟ' ਬਣਾਈ ਹੋਈ ਐ, ਜਿਸ ਮੁਤਾਬਕ ਸੰਤ ਜੀ ਆਪਣੇ ਵਿਰੋਧੀਆਂ ਨੂੰ ਆਪਣੇ ਵਲੰਟੀਅਰਾਂ ਰਾਹੀਂ ਹਿੱਟ ਕਰਵਾਉਂਦੇ ਹਨ। ਇਸ ਬਾਰੇ ਸਚਾਈ ਕੀ ਹੈ ਕੀ ਸਚ ਮੁੱਚ ਹੀ ਤੁਸੀਂ ਕੋਈ ਹਿੱਟ੍ਰ ਲਿਸਟ ਬਣਾਈ ਹੈ ?

ਸੰਤ ਜੀ : ਹਾਂ ਸੱਚ ਮੁੱਚ ਮੈਂ ਹਿੱਟ ਲਿਸਟ ਬਣਾਈ ਹੈ ਪਰ ਇਸ ਹਿੱਟ ਲਿਸਟ ਦੇ ਮੁਤਾਬਕ ਮੈਂ ਗੁਰੂ ਰੂਪ ਸਾਧ ਸੰਗਤ ਨੂੰ ਜੋ ਕੁਝ ਹਿੱਟ ਕਰਨ ਦਾ ਸੁਨੇਹਾ ਦੇਂਦਾ ਹਾਂ ਉਹ ਕੁਰਹਿਤਾਂ ਇਉਂ ਹਨ—ਕਾਮ, ਕਰੋਧ, ਲੋਭ, ਮੋਹ ਅਹੰਕਾਰ, ਪੱਪਤਪਣ ਤੇ ਨਾਸਤਿਕਤਾ। ਮੈਂ ਹਰ ਗੁਰ ਸਿੱਖ ਨੂੰ ਅਜੇਹੀ ਹਿੱਟ ਲਿਸਟ ਬਨਾਉਣ ਲਈ ਕਹਿੰਦਾ ਹਾਂ ਤਾਂ ਜੋ ਉਹ ਇਨ੍ਹਾਂ ਕੁਰਹਿਤਾਂ ਨੂੰ ਆਪਣੇ ਜੀਵਨ ਵਿਚੋਂ ਹਟਾ ਕੇ ਗੁਰੂ ਦੇ ਲੜ ਲੱਗ ਸਕਣ। ਇਸ ਤੋਂ ਛੁੱਟ ਮੇਰੇ ਵਲੋਂ ਜਾਰੀ ਕੀਤੀ ਗਈ ਹੋਰ ਕੋਈ ਹਿੱਟ ਲਿਸਟ ਨਹੀਂ ਹੈ।

ਸੰਪਾਦਕ ; ਭਾਰਤ ਸਰਕਾਰ ਦੇ ਗ੍ਰਹਿ ਰਾਜ ਮੰਤਰੀ ਸ੍ਰੀ ਲਾਸਕਰ ਨੇ ਪਿੱਛੇ ਜਿਹੇ ਇਕ ਬਿਆਨ 'ਚ ਕਿਹੈ ਕਿ, 'ਸਰਕਾਰ ਨੇ ਸੰਤ ਭਿੰਡਰਾਂ ਵਾਲਿਆਂ ਵਿਰੁੱਧ ਭੜਕਾਊ ਭਾਸ਼ਨ ਦੇਣ ਅਤੇ ਹੋਰ ਰਾਸ਼ਟਰ ਵਿਰੋਧੀ ਦੋਸ਼ਾਂ ਦੇ ਆਧਾਰ 'ਤੇ 7 ਕੇਸ ਦਰਜ ਕੀਤੇ ਹਨ। ਸਰਕਾਰ ਦੀ ਇਸ ਕਾਰਵਾਈ ਬਾਰੇ ਤੁਹਾਡਾ ਕੀ ਦ੍ਰਿਸ਼ਟੀਕੋਨ ਹੈ ?



ਸੰਤ ਜੀ : ਮੈਂ ਜੋ ਵੀ ਬੋਲਦਾ ਹਾਂ ਭਾਰਤੀ ਸੰਵਿਧਾਨ ਦੀ ਹੱਦ 'ਚ ਰਹਿ ਕੇ ਬੋਲਦਾਂ, ਉਂਝ ਜੇ ਸਰਕਾਰ ਸਾਡੇ ਬੁੱਲ ਸਿਉਂਣਾ ਚਾਹੁੰਦੀ ਹੈ ਤਾਂ ਉਹ ਗੱਲ ਅੱਡ ਹੈ। ਬਾਕੀ ਅਸੀਂ ਤਾਂ ਸਿਰ 'ਤੇ ਕਫਨ ਬੰਨ੍ਹ ਕੇ ਨਿਕਲੇ ਹਾਂ, ਜੇ ਇਹ ਸਰੀਰ ਕੋਮ ਦੇ ਲੇਖੇ ਲਗ ਜਾਵੇ ਤਾਂ ਧਨ ਭਾਗ ਹੋਣਗੇ। ਗੁਰੂ ਦਾ ਸਿੰਘ ਨਾ ਭੈ ਦੇਂਦੈ-ਨਾ ਭੈ ਮੰਨਦੈ। ਸਰਕਾਰ ਤੋਂ ਪੁਛੋ ਕਿ ਜੇ ਭਿੰਡਰਾਂ ਵਾਲਾ ਦੋਸ਼ੀ ਹੈ ਤਾਂ ਉਸ ਨੂੰ ਇਕ ਵਾਰ ਫੜ ਕੇ ਛੱਡਣ ਦੀ ਕੀ ਲੋੜ ਸੀ।

ਸੰਪਾਦਕ : ਸਰਕਾਰ ਆਪ ਨੂੰ ਬਹੁਤ ਵੱਡਾ 'ਹਊਆ' ਕਿਉਂ ਸਮਝਦੀ ਹੈ ?

ਸੰਤ ਜੀ : ਕਿਉਂਕਿ ਮੈਂ ਸੱਚ ਬੋਲਦਾਂ, ਹੱਕ ਮੰਗਦਾਂ, ਸਿੱਖੀ ਪ੍ਰਚਾਰ ਕਰਦਾਂ, ਸਿੱਖ ਸਰੂਪ ਹਾਂ, ਤੇ ਚਾਪਲੂਸੀ ਕਰਨੀ ਨਹੀਂ ਜਾਣਦਾ ਇਸ ਲਈ ਸਰਕਾਰ ਮੈਨੂੰ ਆਪਣਾ ਵੈਰੀ 'ਹਉਆ' ਸਮਝਦੀ ਹੈ।

ਸੰਪਾਦਕ : ਬਹੁਤ ਸਾਰੇ ਪੰਥ ਹਿਤੂ ਲੋਕਾਂ ਦਾ ਖਿਆਲ ਹੈ ਕਿ ਜੇ ਵਰਤਮਾਨ ਅਕਾਲੀ ਮੋਰਚੇ ਦੀ ਵਾਗਡੋਰ 'ਸੰਤ ਭਿੰਡਰਾਂ' ਵਾਲੇ ਆਪਣੇ ਹੱਥ 'ਚ ਲੈ ਲੈਣ ਤਾਂ ਛੇਤੀ ਹੀ ਪ੍ਰਾਪਤੀਆਂ ਹੋ ਸਕਦੀਆਂ ਹਨ। ਇਸ ਬਾਰੇ ਥੋਡੀ ਕੀ ਰਾਏ ਹੈ ?

ਸੰਤ ਜੀ : ਜਿਹਨਾਂ ਦੀ ਇਹ ਸੋਚ ਹੈ, ਉਹਨਾਂ ਤੋਂ ਹੀ ਪੁੱਛੋਂ, ਮੈਂ ਸਮਝਦਾਂ ਅਕਾਲ ਪੁਰਖ ਦੀ ਕ੍ਰਿਪਾ ਤੋਂ ਬਿਨਾਂ ਕੋਈ ਮੋਰਚਾ ਫਤਿਹ ਨਹੀਂ ਹੁੰਦਾ।

ਸੰਪਾਦਕ : ਕੀ ਤੁਸੀਂ ਸਮਝਦੇ ਹੋ ਕਿ ਮੌਜੂਦਾ ਮੋਰਚੇ ਦੀ ਫਤਿਹ ਤੋਂ ਬਾਅਦ ਹਿੰਦੂ ਸਾਮਰਾਜ ਦੀ ਸਿੱਖ ਦਬਾਊ ਨੀਤੀ ਬਦਲ ਜਾਊਗੀ ਤੇ ਉਹ ਸਿੱਖ ਪੰਥ ਨਾਲ ਵਿਤਕਰੇ ਸੱਚੇ ਦਿਲੋਂ ਤਿਆਗ ਦੇਣਗੇ, ਜੇ ਬਦਸਲੂਕੀ ਏਸੇ ਤਰ੍ਹਾਂ ਹੀ ਰਹੀ ਤਾਂ ਸਿੱਖ ਪੰਥ ਨੂੰ ਫਿਰ ਕੀ ਕਰਨਾ ਚਾਹੀਦੈ ?

ਸੰਤ ਜੀ : ਮੈਂ ਗੁਲਾਮੀ ਨੂੰ ਗਲੋਂ ਲਹਿਣ ਨੂੰ ਹੀ ਮੋਰਚੇ ਦੀ ਫਤਿਹ ਸਮਝਦਾਂ। ਸਵੈਮਾਨ ਹਾਸਲ ਕਰਨ ਲਈ ਅਸੀਂ ਭਵਿੱਖ 'ਚ ਕੀ ਕਰਨੈ ਇਹ ਸਮਾਂ ਹੀ ਦਸੇਗਾ।

ਸੰਪਾਦਕ : ਅੱਜ ਦੇ ਯੁੱਗ 'ਚ ਆਪਣੇ ਹੱਕ ਬਲ ਨਾਲ ਹਾਸਲ ਹੁੰਦੇ ਹਨ ਕਿ ਅਰਜੋਈ ਨਾਲ ?

ਸੰਤ ਜੀ : 'ਬਲ ਹੋਆ ਬੰਧਨ ਛੂਟਾ...।' ਅੱਜ ਦੇ ਯੁੱਗ 'ਚ ਨਿਰਬਲਾਂ ਨੂੰ ਜਿਓਣ ਕੋਣ ਦੇਂਦੇ।

ਸੰਪਾਦਕ: ਜੇ ਸਮੁੱਚੇ ਸਿੱਖ ਯੁਵਕ ਇਕ ਪਲੇਟ ਫਾਰਮ 'ਤੇ ਜੁੜ ਕੇ ਤੁਹਾਥੋਂ ਸਿੱਖ ਹੱਕਾਂ ਦੀ ਪੂਰਤੀ ਲਈ ਕੋਈ 'ਤਗੜਾ' ਪ੍ਰੋਗਰਾਮ ਮੰਗਣ ਤਾਂ ਕੀ ਤੁਸੀਂ ਦੇ ਸਕਦੇ ਹੋ ?

ਸੰਤ ਜੀ : ਇਨਸਾਨੀ ਕਦਰਾਂ ਅਤੇ ਸਿੱਖੀ ਮਰਿਆਦਾ 'ਚ ਰਹਿ ਕੇ ਅਤੇ ਕੇਸਰੀ ਨਿਸ਼ਾਨ ਸਾਹਿਬ ਦੀ ਛਤਰ ਛਾਇਆ ਹੇਠ ਸਿੱਖ ਯੁਵਕਾਂ ਨੂੰ ਨਵੇਕਲਾ ਪ੍ਰੋਗਰਾਮ ਜਰੂਰ ਦੇ ਸਕਦਾਂ ।

ਸੰਪਾਦਕ : ਹਰ ਅੰਮ੍ਰਿਤਧਾਰੀ ਸਿੰਘ ਪੁਲਿਸ ਵਾਲਿਆਂ ਨੂੰ ਜੁਰਾਇਮ ਪੇਸ਼ਾ ਜਾਂ ਅਤਿ-ਵਾਦੀ ਕਿਉਂ ਨਜ਼ਰ ਆਉਂਦਾ ਹੈ ?

ਸੰਤ ਜੀ : ਅੰਮ੍ਰਿਤਧਾਰੀ ਸਿੰਘਾਂ 'ਤੇ ਕੀਤੇ ਅਣ ਮਨੁੱਖੀ ਤਸ਼ੱਦਦ ਕਾਰਨ ਆਪਣੇ ਹੀ ਪਾਪਾਂ ਦਾ ਭੈ ਉਹਨਾਂ ਨੂੰ ਕੋਂਬਾ ਰਿਹਾ ਹੈ, ਅਸਲ 'ਚ ਕੋਈ ਵੀ ਸੱਚਾ ਅੰਮ੍ਰਿਤਧਾਰੀ ਸਿੰਘ ਮਨੁੱਖਤਾ ਤੋਂ ਡਿੱਗੇ ਗੁਨਾਹ ਨੂੰ ਕਰਨਾ ਤਾਂ ਦੂਰ ਉਸ ਬਾਰੇ ਸੋਚ ਵੀ ਨਹੀਂ ਸਕਦਾ ।

ਸਪਾਦਕ : ਸਰਕਾਰ ਅਤੇ ਹਿੰਦੂ ਪ੍ਰੈਸ ਆਪ ਜੀ ਦੀ ਕਿਹੜੀ ਖੂਬੀ ਤੋਂ ਪ੍ਰਭਾਵਤ ਹੋ ਕੇ ਆਪ ਦੇ ਨਾਉਂ ਨਾਲ 'ਅਤਿਵਾਦੀ' ਜੋੜਦੇ ਹਨ ?

ਸੰਤ ਜੀ : ਕਿਉਂਕਿ ਮੈਂ ਗੁਰਬਾਣੀ ਅਤੇ ਸਿੱਖੀ ਦਾ ਪ੍ਰਚਾਰ ਕਰਦਾਂ. ਅਧੂਰੇ ਸਿੰਘਾਂ ਨੂੰ ਮੁਕੰਮਲ ਗੁਰੂ ਵਾਲੇ ਬਣਾਉਂਦਾ, ਸੱਚ ਦੀ ਨੰਗੇ ਧੜ ਹਮੈਤ ਕਰਦਾਂ ਤੇ ਬੇਇਨਸਾਫੀਆਂ ਵਿਰੁੱਧ ਪੰਥ ਨੂੰ ਜਾਗਰਕ ਕਰਦਾਂ ਇਸ ਲਈ ਉਹਨਾਂ ਲੋਕਾਂ ਲਈ 'ਅਤਿਵਾਦੀ' ਹੀ ਹਾਂ ਜਿਹਨਾਂ ਨੂੰ ਮੇਰੀ ਸੇਵਾ ਰਾਸ ਨਹੀਂ । ਹੁਣ ਤਾਂ ਨੌਬਤ ਉਹ ਆ ਗਈ ਹੈ ਕਿ ਹਰ ਮਾੜੀ ਗੱਲ ਮੇਰੇ ਨਾਂ ਨਾਲ ਮੜ ਦਿੱਤੀ ਜਾਂਦੀ ਹੈ ਇਕ ਸਿੰਘ ਸੁਣਾਉਂਦਾ ਸੀ, 'ਸਾਡੇ ਪਿੰਡ 'ਚ ਇਕ ਥਾਣੇਦਾਰ ਨੂੰ ਤਾਪ ਚੜ੍ਹ ਗਿਆ, ਬੜੇ ਦਵਾ ਦਾਰੂ ਕੀਤੇ ਪਰ ਤਾਪ ਕਈ ਦਿਨ ਹੋ ਗਏ ਨਾ ਹੀ ਲੱਥੇ, ਅਖੀਰ ਇਕ ਸਿਆਣੇ ਨੇ ਦਸਿਆ ਕਿ ਥਾਣੇ-ਦਾਰ 'ਤੇ 'ਭਿੰਡਰਾਂ ਆਲੇ' ਸੰਤਾਂ ਦਾ ਸਾਇਐ ਇਹਨੂੰ ਨਾਨਕ ਨਵਾਸ ਲੈ ਜਾ ਸੰਤ ਭਿੰਡਰਾਂ ਆਲਿਆਂ ਦੇ ਚਰਨੀਂ ਮੱਥਾ ਟਕਾ ਲਿਆਉ ਤਾਂ ਠੀਕ ਹੋ ਜਾਊਗਾ ।' ਇਕ ਹੋਰ ਇਹੋ-ਜਿਹੀ-ਬੇਥਵੀ ਇਕ ਸਿੰਘ ਨੇ ਸੁਣਾਈ ਕਿ ਪਿਛੇ ਜਿਹੇ ਸਾਡੇ ਪਿੰਡ ਦੇ ਇਕ ਬਾਣੀਏ ਦੀ ਮਹਿੰ ਪੁਰਾਣੇ ਪਿੱਪਲ ਦੀਆਂ ਜੜ੍ਹਾਂ 'ਚ ਸਿੰਗ ਫਸਾ ਕੇ ਇਕ ਸਿੰਗ ਤੁੜਾ ਬੈਠੀ । ਆਥਣੇ ਬਾਣੀਏ ਨੇ ਸਾਰਾ ਪਿੰਡ ਸਿਰ ਤੇ ਚੱਕ ਲਿਆ ਅਖੇ ਭਿੰਡਰਾਂ ਆਲੇ ਦੇ 'ਅਤਿਵਾਦੀ' ਮੇਰੀ ਮਹਿੰ ਦਾ ਸਿੰਗ ਭੰਨ ਗਏ, ਪਰ ਜਦ ਪਰੇ 'ਚ ਉਹਦੇ ਹੀ ਨੌਕਰ



ਭਈਏ ਨੇ ਸੱਚਾਈ ਦਸੀ ਤਾਂ ਬਾਣੀਆਂ ਮੂੰਹ ਲਕਾਉਣ ਨੂੰ ਵਿਰਲਾਂ ਭਾਲੇ ।"

ਮੇਰਾ ਕਹਿਣ ਤੋਂ ਭਾਵ ਹੈ ਕਿ ਝੂਠ ਆਖਰ ਝੂਠ ਹੀ ਹੁੰਦੇ ਪਰ ਮਨ ਘੜਤ ਭੰਡੀ ਪ੍ਰਚਾਰ ਦਾ ਸ਼ਿਕਾਰ ਕੁਝ ਮੂਰਖ ਲੋਕ ਤਾਂ ਕਦੇ ਕਦੇ ਹੋ ਹੀ ਜਾਂਦੇ ਹਨ ।

ਸੰਪਾਦਕ : ਸੰਤ ਜੀ, ਕੁਝ ਭੁੱਲੜ ਹਿੰਦੂ ਵੀਰਾਂ ਦਾ ਖਿਆਲ ਹੈ ਕਿ ਭਿੰਡਰਾਂ ਵਾਲੇ ਕੱਟੜ 'ਐਂਟੀ-ਹਿੰਦੂ' ਹਨ ਉਹ ਹਿੰਦੂਆਂ ਦਾ ਸਫਾਇਆ ਵੇਖਣਾ ਚਾਹੁੰਦੇ ਹਨ '। ਇਸ ਬਾਰੇ ਆਪ ਦੇ ਕੀ ਵਿਚਾਰ ਹਨ ?

ਸੰਤ ਜੀ : ਇਹ ਉਹਨਾਂ ਵੀਰਾਂ ਦਾ ਭੁਲੇਖਾ ਹੈ, ਮੈਂ ਕਿਸੇ ਵੀ ਫਿਰਕੇ ਦੇ ਵਿਰੁੱਧ ਨਹੀਂ, ਮੈਂ ਸਿਰਫ ਉਸ ਸੋਚ ਅਤੇ ਨਜ਼ਰੀਏ ਦੇ ਵਿਰੁੱਧ ਹਾਂ ਜੋ ਸਿੱਖਾਂ ਦੇ ਧਾਰਮਕ ਜਜ਼ਬਾਤਾਂ ਨੂੰ ਠੇਸ ਪਹੁੰਚਾਏ, ਮੈਂ ਉਸ ਤੰਗ ਸੋਚ ਅਤੇ ਤੰਗ ਨਜ਼ਰੀਏ ਦਾ ਖਾਤਮਾ ਜ਼ਰੂਰ ਚਾਹੁੰਦਾ ਹਾਂ ਪਰ ਹਿੰਦੂਆਂ ਦਾ ਖਾਤਮਾ ਨਹੀਂ, ਮੈਨੂੰ ਸੱਚਾ ਤੇ ਸ਼ੁੱਧ-ਹਿੰਦੂ ਓਨਾ ਹੀ ਅਜੀਜ਼ ਹੈ ਜਿੰਨਾ ਇਕ ਅੰਮ੍ਰਿਤਧਾਰੀ ਸਿੰਘ ।

ਸੰਤ ਜੀ : ਆਪ ਨੇ ਮੰਜੀ ਸਾਹਿਬ ਇਕ ਦੀਵਾਨ ਵਿਚ ਕਿਹਾ ਸੀ ਕਿ ਮੈਂ ਪੰਜ ਹਜ਼ਾਰ ਹਿੰਦੂ ਮਾਰ ਦੇਵਾਂਗਾ । ਇਸ ਬਾਰੇ ਸਚਾਈ ਕੀ ਹੈ ਤੇ ਆਪ ਨੇ ਇਉਂ ਕਿਉਂ ਕਿਹਾ ਸੀ ?

ਸੰਪਾਦਕ : ਮੈਂ ਲੋਕਾਂ ਨੂੰ ਇਹ ਦੱਸਣ ਲਈ ਕਿਹਾ ਸੀ ਕਿ ਸਾਡੇ ਦੇਸ਼ ਵਿਚ ਸਿੱਖਾਂ ਲਈ ਹੋਰ ਕਾਨੂੰਨ ਹੈ ਤੇ ਹੁਕਮਰਾਨ ਹਿੰਦੂਆਂ ਲਈ ਹੋਰ ਕਾਨੂੰਨ ਹੈ । ਪ੍ਰਧਾਨ ਮੰਤਰੀ ਤੇ ਕਹਿ ਸਕਦੀ ਹੈ ਕਿ ਸਿੱਖਾਂ ਨੂੰ ਖਿਆਲ ਰੱਖਣਾ ਚਾਹੀਦਾ ਹੈ ਕਿ ਪੰਜਾਬ ਤੋਂ ਬਾਹਰ ਵੀ ਸਿੱਖ ਵਸਦੇ ਹਨ, ਤਾਂ ਉਸ ਉੱਤੇ ਕੋਈ ਕੇਸ ਨਹੀਂ ਬਣਦਾ । ਜੇ ਸੇਠੀ ਕਹੇ ਕਿ ਭਿੰਡਰਾਂ ਵਾਲੇ ਨੂੰ ਦਰਬਾਰ ਸਾਹਿਬ ਤੋਂ ਬਾਹਰ ਕਢੋ ਤਾਂ ਅਸੀਂ ਇਸ ਨੂੰ ਕੁਚਲ ਦੇਵਾਂਗੇ ਤਾਂ ਉਸ ਉੱਤੇ ਕੋਈ ਮੁਕੱਦਮਾ ਨਹੀਂ । ਨਛੱਤਰ ਸਿੰਘ ਲਾਲਾ ਕਤਲ ਕਾਂਡ ਵਿਚ ਬਰੀ ਹੋ ਗਿਆ ਤੇ ਕੋਈ ਭਟਚਾਰਜੀ ਕਹਿੰਦਾ ਹੈ ਕਿ ਇਸ ਨੂੰ ਫਾਂਸੀ ਹੋਣੀ ਚਾਹੀਦੀ ਹੈ । ਕੀ ਇਹ ਅਦਾਲਤ ਦੀ ਤੌਹੀਨ ਨਹੀਂ । ਜੇ ਸਵਾਮੀ ਅਦਿਤੀਆ ਵੇਸ਼ ਹਰਿਆਣੇ ਦਾ ਕਹੇ ਕਛਹਿਰੇ ਕੜੇ ਵਾਲੇ ਪੰਜਾਬ ਜਾਓ ਤਾਂ ਉਸ ਉੱਤੇ ਕੋਈ ਮੁਕੱਦਮਾ ਨਹੀਂ । ਜੇ ਹਰਬੰਸ ਲਾਲ ਖੰਨਾ ਕਹੇ ਦੂਕੀ ਤਿਕੀ

ਖਹਿਣ ਨਹੀਂ ਦੇਣੀ ਤਾਂ ਕੋਈ ਮੁਕੱਦਮਾ ਨਹੀਂ। ਜੇ ਕੇਵਲ ਕ੍ਰਿਸ਼ਨ ਕਹੇ ਕਿ ਇਹੋ ਜੇਹੀਆਂ ਸੰਪ੍ਰਦਾਵਾਂ ਖਤਮ ਕਰ ਦੇਣੀਆਂ ਚਾਹੀਦੀਆਂ ਹਨ ਤਾਂ ਕੋਈ ਮੁਕੱਦਮਾ ਨਹੀਂ। 15 ਅਗਸਤ ਨੂੰ 1·15 ਉੱਤੇ ਕਿਸੇ ਨੇ ਸਾਂਹਸੀ ਨੂੰ ਗਡੀ ਚੜ੍ਹਾ ਦਿੱਤਾ, ਮੈਂ ਏਥੋਂ 1·30 ਤੇ ਬੱਸ, ਜੋ ਕਿ ਮੈਨੂੰ ਸੰਗਤ ਨੇ ਦਿੱਤੀ ਹੋਈ ਸੀ, ਉਹ ਸੰਤ ਕਰਤਾਰ ਸਿੰਘ ਜੀ ਦੇ ਮਾਤਾ ਜੀ ਨੂੰ ਲੈਣ ਲਈ ਭੇਜੀ ਉਹ ਪੁਲੀਸ ਨੇ ਫੜ ਲਈ। ਮੈਨੂੰ ਦਸੋ ਕਿ ਮੈਨੂੰ ਗੁੱਸਾ ਆਵੇ ਕਿ ਨਾਂਹ ਆਵੇ। ਜੇ ਮੈਂ ਕਿਹਾ ਕਿ ਸਾਡੇ ਇਕ-ਇਕ ਦੇ 20-20 ਹਿੱਸੇ ਆਉਂਦੇ ਹਨ ਤਾਂ ਮੇਰੇ ਉੱਤੇ ਮੁਕੱਦਮਾ। ਜੇ ਮੈਂ ਹਿੰਦੂ ਮਾਰਨ ਦੀ ਗੱਲ ਕੀਤੀ ਤਾਂ ਸਾਰੇ ਚੀਕ ਉਠੇ ਹਨ। ਮੈਂ ਕਿਹੜਾ ਕੋਈ ਬੰਦਾ ਹਿੰਦੂਆਂ ਨੂੰ ਮਾਰਨ ਨੂੰ ਭੇਜ ਦਿੱਤਾ ਸੀ। ਉਨ੍ਹਾਂ ਨੇ ਵੀ ਕਿਹਾ ਤੇ ਮੈਂ ਵੀ ਕਹਿ ਦਿੱਤਾ ਜਿਸ ਤੋਂ ਮੈਂ ਮੁਕਰਦਾ ਨਹੀਂ।

ਸੰਪਾਦਕ : ਇਸ ਦੇ ਅਰਥ ਹਨ ਕਿ ਤੁਹਾਡੇ ਇਹ ਸ਼ਬਦ ਸਿੱਖਾਂ ਨਾਲ ਹੋਏ ਵਿਤਕਰੇ ਭਰੇ ਸਲੂਕ ਵਿਰੁੱਧ ਗੁੱਸੇ ਦਾ ਪ੍ਰਗਟਾ ਹਨ ?

ਸੰਤ ਜੀ : ਕੋਈ ਪੌਣੇ ਦੋ ਸੌ ਦੇ ਕਰੀਬ ਸਿੰਘ ਸ਼ਹੀਦ ਹੋ ਗਏ, ਕੋਈ ਇਨਕੁਆਰੀ ਨਹੀਂ। ਚੰਦੋ ਕਲਾਂ ਬੱਸਾਂ ਸਾੜੀਆਂ ਤੇ ਗੁਰੂ ਗਰੰਥ ਸਾਹਿਬ ਦੀਆਂ ਪੋਥੀਆਂ ਵੀ ਸਾੜ ਦਿੱਤੀਆਂ। ਸੰਗਤਾਂ ਵਲੋਂ ਦਿੱਤੀ ਹੋਈ ਦੋ ਲਖ ਦੀ ਬੱਸ ਸਾੜ ਸੁਟੀ, ਕੋਈ ਇਨਕੁਆਰੀ ਨਹੀਂ। ਜੇ ਮਹਿਤੇ ਚੌਕ ਵਿਚ ਹੋਈ ਸਿੰਘਾਂ ਦੀ ਇਨਕੁਆਰੀ ਹੋਈ ਹੈ ਤਾਂ ਉਸ ਦੀ ਰਿਪੋਰਟ ਨੂੰ ਸਰਕਾਰ ਪ੍ਰਗਟ ਨਹੀਂ ਕਰਦੀ। ਇਕ ਅੱਸੀ ਸਾਲ ਦਾ ਲਾਲਾ ਮਾਰਿਆ ਗਿਆ ਸਾਰਾ ਦੇਸ਼ ਹਿਲ ਗਿਆ। ਇਕ ਹਿੰਦੂ ਅਸ਼ੋਕ ਕੁਮਾਰ ਪੁਲੀਸ ਦੀ ਗੋਲੀ ਨਾਲ ਮਾਰਿਆ ਗਿਆ। ਝੱਟ ਇਨਕੁਆਰੀ ਦਾ ਹੁਕਮ ਹੋ ਗਿਆ ਤੇ ਗ੍ਰਹਿ ਮੰਤ੍ਰੀ ਵੀ ਦੌੜਿਆ ਪਟਿਆਲੇ ਆਇਆ। ਸਾਡੀ 80 ਹਜ਼ਾਰ ਦੀ ਸੰਗਤਾਂ ਦੀ ਦਿੱਤੀ ਹੋਈ ਜੀਪ ਹਾਲੀਂ ਵੀ ਥਾਣੇ ਪਈ ਹੈ। 17 ਜੁਲਾਈ 1982 ਨੂੰ ਇਸ ਜੀਪ ਵਿਚ ਅਜਾਇਬ ਸਿੰਘ, ਜਗੀਰ ਸਿੰਘ ਤੇ ਨਰਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ। 19 ਜੁਲਾਈ ਨੂੰ ਇਨ੍ਹਾਂ ਦਾ ਪਤਾ ਲੈਣ ਭਾਈ ਅਮਰੀਕ ਸਿੰਘ ਗਿਆ ਉਸ ਨੂੰ ਵੀ ਫੜ ਲਿਆ। ਉਸ ਪਿਛੇ ਭਾਈ ਠਾਰਾ ਸਿੰਘ ਗਏ ਉਹ ਵੀ ਜੇਲ੍ਹ ਵਿਚ। ਸਾਡੇ ਨਾਲ ਇਹ ਗੁਲਾਮਾਂ ਵਾਲਾ ਸਲੂਕ ਕਰਦੇ ਹਨ ਆਖਿਰ ਇਹ ਕਿੰਨੀ ਦੇਰ ਬਰਦਾਸ਼ਤ ਕਰਦੇ ਚਲੇ ਜਾਵਾਂਗੇ।



ਸੰਪਾਦਕ : ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਅਤਿਵਾਦੀ ਘਟਨਾਵਾਂ ਦੇ ਪਿਛੇ ਤੁਹਾਡੇ ਆਦਮੀਆਂ ਦਾਂ ਹੱਥ ਹੈ ਕੀ ਇਹ ਸਚਾਈ ਹੈ ?

ਸੰਤ ਜੀ : ਸਿੱਖ ਅਤਿਵਾਦੀ ਨਹੀਂ ਹੁੰਦਾ ਤੇ ਨਾ ਹੀ ਬੰਦੇ ਮਾਰਨ ਵਿਚ ਯਕੀਨ ਰਖਦਾ। ਸਿੱਖ ਤੇ ਆਪਣੇ ਹੱਕ ਲੈਣ ਵਿਚ ਯਕੀਨ ਰਖਦਾ ਹੈ, ਸਾਨੂੰ ਇਸ ਦੇਸ਼ ਵਿਚ ਆਪਣੇ ਹੱਕਾਂ ਲਈ ਲੜਦਿਆਂ 36 ਸਾਲ ਹੋ ਗਏ ਹਨ। ਕਦੀ ਕਿਸੇ ਹਿੰਦੂ ਨੇ ਇਕ ਘੰਟਾ ਵੀ ਕੈਦ ਨਹੀਂ ਕੱਟੀ, ਆਪਣੇ ਧਾਰਮਿਕ ਸ਼ਹਿਰ ਨੂੰ ਪਵਿੱਤਰ ਸ਼ਹਿਰ ਮੰਨਵਾਉਣ ਲਈ, ਗੱਡੀ ਦਾ ਨਾਮ ਮੰਦਰ ਦੇ ਨਾਮ ਲਖਵਾਉਣ ਲਈ, ਹਿੰਦੂ ਇਕ ਕੌਮ ਮੰਨਵਾਉਣ ਲਈ, ਧਾਰਮਿਕ ਮੰਦਰ ਵਿਚ ਰੇਡੀਓ ਸਟੇਸ਼ਨ ਲਾਣ ਲਈ, ਆਪਣਾ ਜਨੇਊ ਜਹਾਜ਼ ਵਿਚ ਪਾਣ ਲਈ, ਆਪਣੇ ਦਰਿਆਵਾਂ ਦਾ ਪਾਣੀ ਪ੍ਰਾਪਤ ਕਰਨ ਲਈ, ਹੈਡ ਵਰਕਸ ਆਪਣੇ ਕੋਲ ਰਖਣ ਲਈ ਜਾਂ ਕਿਧੇ ਥੀਨ ਡੈਮ ਦੀ ਮਨਜ਼ੂਰੀ ਲਈ। ਇਸ ਦੇ ਉਲਟ ਸਿੱਖਾਂ ਨੂੰ ਪੰਜਾਬੀ ਸੂਬਾ ਬਣਵਾਉਣ ਲਈ 57000 ਸਿੰਘ ਜੇਲ੍ਹ ਭੇਜਣੇ ਪਏ। ਜਿਨ੍ਹਾਂ ਨੇ ਸੂਬਾ ਮੰਗਿਆ ਉਨ੍ਹਾਂ ਨੂੰ ਅਧੂਰਾ ਦਿਤਾ ਹੈ ਜਿਨ੍ਹਾਂ ਨੇ ਨਹੀਂ ਮੰਗਿਆ ਉਨ੍ਹਾਂ ਨੂੰ ਦੋ। ਇਕ ਹਿਮਾਚਲ ਪ੍ਰਦੇਸ਼ ਤੇ ਇਕ ਹਰਿਆਣਾ। ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਬਨਾਣ ਲਈ, ਹਰਿਮੰਦਰ ਸਾਹਿਬ ਐਕਸਪਰੈਸ ਚਲਾਣ ਲਈ, ਸਿੱਖ ਇਕ ਵਖਰੀ ਕੌਮ ਮੰਨਵਾਉਣ ਲਈ, ਕਿਰਪਾਨ ਹਵਾਈ ਜਹਾਜ਼ ਉੱਤੇ ਚੜ੍ਹਨ ਲਗਿਆਂ ਪਾਣ ਲਈ, ਪੰਜਾਬ ਦੇ ਦਰਿਆਵਾਂ ਦਾ ਪਾਣੀ ਤੇ ਆਪਣੇ ਹੈਡ ਵਰਕਸ ਲੈਣ ਤੇ ਥੀਨ ਡੈਮ ਬਨਵਾਉਣ ਲਈ ਪੌਣੇ ਦੋ ਲੱਖ ਸਿੱਖ ਜੇਲ੍ਹ ਗਿਆ ਹੈ ਤੇ 173 ਸ਼ਹੀਦ ਹੋ ਚੁਕੇ ਹਨ।

ਸੰਪਾਦਕ ; ਨਿਰੰਕਾਰੀਆਂ ਖਿਲਾਫ਼ ਜੋ ਮਰੋ ਮਾਰੋ ਦਾ ਦੌਰ ਚਲ ਰਿਹਾ ਹੈ, ਉਸ ਨੂੰ ਤੁਸੀਂ ਕਿਸ ਹੱਦ ਤਕ ਜਾਇਜ਼ ਸਮਝਦੇ ਹੋ ? ਕੀ ਨਿਰਦੋਸ਼ ਹਿੰਦੂਆਂ ਦੇ ਮਾਰੇ ਜਾਣ ਨੂੰ ਤੁਸੀਂ ਗਲਤ ਨਹੀਂ ਸਮਝਦੇ ?

ਸੰਤ ਜੀ : ਨਿਰੰਕਾਰੀਆਂ ਬਾਰੇ ਸਪਸ਼ਟੀਕਰਨ ਤੇ ਸ੍ਰੀ ਅਕਾਲ ਤਖਤ ਸਾਹਿਬ ਹੀ ਦੇ ਸਕਦੇ ਹਨ। ਮੈਂ ਕੁਝ ਨਹੀਂ ਕਹਿ ਸਕਦਾ। ਕਿਸੇ ਨਿਰਦੋਸ਼ ਹਿੰਦੂ ਨੂੰ ਮਾਰਨਾ ਗਲਤ ਗੱਲ ਹੈ ਮੈਂ ਇਸ ਦੀ ਸਖਤ ਨਿਖੇਧੀ ਕੀਤੀ ਹੈ। ਪਰ ਕਿੰਨੇ ਸਿੰਘ ਸ਼ਹੀਦ ਹੋ ਗਏ। ਮਹਾਰਾਜ ਦੇ ਸਰੂਪ ਦੀਆਂ ਪੋਥੀਆਂ ਸੜ ਗਈਆਂ, ਨਿਰਦੋਸ਼ ਸਿੱਖਾਂ ਤੇ ਤਸ਼ੱਦਦ ਹੋਇਆ ਕੋਈ ਇਕ ਹਿੰਦੂ ਲੀਡਰ

ਨਹੀਂ ਬੋਲਿਆ। ਸਿੱਖ ਤੇ ਸਰਬਤ ਦਾ ਭਲਾ ਮੰਗਦਾ ਹੈ। ਅਸੀਂ ਤੇ ਹਿੰਦੂਆਂ ਨਾਲ ਨਹੁੰ ਮਾਸ ਦਾ ਰਿਸ਼ਤਾ ਰੱਖਣ ਲਈ ਬੜੀ ਕੋਸ਼ਿਸ਼ ਕਰ ਰਹੇ ਹਾਂ। ਐਮਰਜੈਂਸੀ ਲੱਗੀ। ਹਿੰਦੂ ਪੰਡਤਾਣੀ ਨੇ ਹਿੰਦੂ ਫੜੇ ਸਿੱਖਾਂ ਨੂੰ ਤੇ ਕਿਸੇ ਨੇ ਕੁਝ ਨਹੀਂ ਕਿਹਾ ਸੀ। ਸਿੱਖ 40000 (ਚਾਲੀ ਹਜ਼ਾਰ) ਗ੍ਰਿਫਤਾਰ ਹੋਇਆ। ਉਸ ਵਕਤ ਹਿੰਦੂ ਮੰਦਰ ਮੱਥਰਾ, ਕਾਂਸ਼ੀ, ਕਿਦਾਰ ਨਾਥ, ਬਦਰੀ ਨਰਾਇਣ, ਕੁਸ਼ਲਿਆ ਦੇਵੀ, ਵੈਸ਼ਨੋ ਦੇਵੀ ਆਦਿ ਕਿਧਰੋਂ ਵੀ ਇਸ ਦੇ ਵਿਰੁਧ ਅਵਾਜ਼ ਨਹੀਂ ਉਠੀ ਸਿਵਾਏ ਹਰਿਮੰਦਰ ਸਾਹਿਬ ਦੇ। ਸਿੱਖ ਸਮੁੱਚੇ ਪੰਜਾਬ ਲਈ ਲੜਾਈ ਲੜ ਰਹੇ ਹਨ ਤੇ ਚਾਰ ਸੌ ਹਿੰਦੂਆਂ ਨੇ ਵੀ ਗ੍ਰਿਫਤਾਰੀ ਨਹੀਂ ਦਿੱਤੀ। ਦੋ ਹਿੰਦੂ ਸ਼ਹੀਦ ਹੋਏ ਹਨ ਉਨ੍ਹਾਂ ਦੇ ਪ੍ਰਵਾਰਾਂ ਨੂੰ ਸ਼ਰੋਮਣੀ ਕਮੇਟੀ ਨੇ ਦਸ ਦਸ ਹਜ਼ਾਰ ਤੇ ਲੋਕਲ ਜਥੇ ਨੇ ਪੰਜ ਪੰਜ ਹਜ਼ਾਰ ਦਿੱਤਾ ਹੈ, ਸਿੰਘ 200 ਦੇ ਕਰੀਬ ਸ਼ਹੀਦ ਹੋ ਗਏ ਹਨ, 68 ਕਰੋੜ ਹਿੰਦੂਆਂ ਵਿਚੋਂ ਕਿਸੇ ਇਕ ਨੇ ਵੀ ਇਕ ਪੈਸਾ ਕਿਸੇ ਸਿੱਖ ਨੂੰ ਨਹੀਂ ਦਿੱਤਾ।

ਫਾਜਿਲਕਾ ਦੇ ਇਲਾਕੇ ਜਲਾਲਾਬਾਦ ਵਿਚ ਇਕ ਹਿੰਦੂ ਹੁਕਮ ਚੰਦ ਦੀ ਕੁੜੀ ਇਕ ਹਿੰਦੂ ਚੁਕ ਕੇ ਲੈ ਗਿਆ। 12 ਵਜੇ ਉਸ ਨੇ ਲੜਕੀ ਚੁਕੀ ਤੇ 5 ਵਜੇ ਵਾਪਿਸ ਕਰਵਾ ਦਿੱਤੀ।

ਕਪੂਰਥਲੇ ਕਿਸੇ ਸ਼ਰਾਰਤੀ ਨੇ ਰਮਾਇਣ ਨੂੰ ਅੱਗ ਲਾ ਦਿੱਤੀ। ਹਿੰਦੂਆਂ ਨੇ ਉਸ ਦੇ ਖਿਲਾਫ ਰੀਪੋਰਟ ਕੀਤੀ, ਉਸ ਉੱਤੇ ਸਾਡੇ ਜਥੇ ਨੇ 5000 ਖਰਚ ਕੀਤਾ।

ਦੋ ਕੁ ਮਹੀਨੇ ਹੋਏ ਅੰਮ੍ਰਿਤਸਰ ਦੇ ਇਕ ਦੁਕਾਨਦਾਰ ਕੈਲਾਸ਼ ਚੰਦ ਦੀ ਦੁਕਾਨ ਅੱਗ ਨਾਲ ਸੜ ਗਈ। ਇਕ ਸਿੱਖ ਨੂੰ ਮੇਰੇ ਕੋਲ ਲੈ ਕੇ ਆਇਆ ਤੇ ਕਹਿਣ ਲੱਗਾ ਕਿ ਮੈਨੂੰ ਸੌ ਕੁ ਰੁਪਿਆ ਦੇ ਦੇਵੋ ਤਾਂ ਕਿ ਮੈਂ ਹੋਰਾਂ ਕੋਲੋਂ ਮੰਗ ਕੇ ਪੈਰਾਂ ਤੇ ਖੜਾ ਹੋ ਸਕਾਂ। ਉਸ ਨੂੰ 500 ਸੌ ਰੁਪਏ ਦੇ ਦਿੱਤੇ।

ਇਨ੍ਹਾਂ ਦਾ ਹਾਲ ਵੇਖੋ ਬਨਾਰਸੀ ਦਾਸ ਆਪਣੇ ਮੁੰਡੇ ਦਾ ਵਿਆਹ ਕਰਨ ਦੁਰਗਿਆਣੇ ਗਿਆ ਤੇ ਪੰਜ ਸਿੰਘ ਆਪਣੀ ਜੰਞ ਨਾਲ ਲੈ ਗਿਆ। ਪਹਿਰੇਦਾਰ ਨੇ ਉਨ੍ਹਾਂ ਸਿੰਘਾਂ ਨੂੰ ਆਖਿਆ ਕਿ ਤੁਸੀਂ ਅੰਦਰ ਨਹੀਂ ਆ ਸਕਦੇ ਜਦੋਂ ਤਕ ਆਪਣੀਆਂ ਕਿਰਪਾਨਾਂ ਨਾ ਲਾਹੋ। ਬਨਾਰਸੀ ਦਾਸ



ਨੇ ਬਥੇਰਾ ਕਿਹਾ ਇਹ ਮੇਰੇ ਨਾਲ ਆਏ ਹਨ ਪਰ ਕਿਸੇ ਨੇ ਨਹੀਂ ਸੁਣੀ ਤੇ ਉਹ ਸਿੱਖ ਵਾਪਿਸ ਆ ਗਏ। ਤੁਸੀਂ ਆਪ ਸੋਚ ਲਓ ਕੀ ਇਹ ਮਜ਼ਹਬੀ ਪਾੜੇ ਵਧਾਉਣ ਲਈ ਇਹ ਹਿੰਦੂ ਖੁਦ ਜ਼ਿੰਮੇਵਾਰ ਨਹੀਂ ?

**ਸੰਪਾਦਕ :** ਕੀ ਪੰਜਾਬ ਦੀ ਸਥਿਤੀ ਸੁਧਰ ਸਕਦੀ ਹੈ ? ਇਸ ਲਈ ਆਪ ਆਪਣਾ ਕਿਸ ਤਰ੍ਹਾਂ ਸਹਿਯੋਗ ਪਾ ਸਕਦੇ ਹੋ ?

**ਸੰਤ ਜੀ :** ਪੰਜਾਬ ਦੀ ਸਥਿਤੀ ਸੁਧਰ ਸਕਦੀ ਹੈ ਜੇ ਸਿੱਖਾਂ ਦੇ ਗੁਲਾਮੀ ਗਲੋਂ ਲੱਥ ਜਾਵੇ ਤੇ ਇਹ ਬਰਾਬਰ ਦੇ ਸ਼ਹਿਰੀ ਗਿਣੇ ਜਾਣ। ਕਿਸੇ ਸਿੱਖ ਫੌਜੀ ਅਫਸਰ ਨੇ ਕਿਸੇ ਹਿੰਦੂ ਨੂੰ ਕਦੀ ਮਾਰਿਆ। ਇਕ ਸਟੇਨ ਗੰਨ ਗੁਆਚੀ ਫਿਰ ਮਿਲ ਵੀ ਗਈ ਪਰ ਇਕ ਸਿੱਖ ਸਿਪਾਹੀ ਬੀਰ ਸਿੰਘ ਮਾਰ ਸੁਟਿਆ ਦੋ ਬੈਰਲਾਂ ਗੁਆਚੀਆਂ ਫਿਰ ਲੱਭ ਵੀ ਪਈਆਂ ਇਕ ਹਿੰਦੂ ਕੋਲੋਂ ਪਰ ਇਕ ਸਿੱਖ ਸਿਪਾਹੀ ਪਿਆਰਾ ਸਿੰਘ ਮੇਰਠ ਵਿਚ ਮਾਰ ਦਿੱਤਾ। ਪੱਟੀ ਕਤਲ ਕਾਂਡ ਵਿਚੋਂ ਬਲਵਿੰਦਰ ਸਿੰਘ ਖੋਜਕੀਪੁਰ ਬਰੀ ਹੋ ਗਿਆ ਉਸੇ ਕੇਸ ਵਿਚ ਕੁਲਵੰਤ ਸਿੰਘ ਨਾਗੋਕੇ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਜੋ ਕਿ ਨਿਰਦੋਸ਼ ਸਿੱਧ ਹੋਣਾ ਸੀ। ਗਊ ਦੇ ਸਿਰ ਸੁਟਦੇ ਕਿਸੇ ਨੇ ਦੇਖੇ ਨਹੀਂ ਤੇ ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਗਏ। ਜਦ ਤਕ ਇਹ ਤੁਫਰਕੇ ਤੇ ਵਿਤਕਰੇ ਦੂਰ ਨਹੀਂ ਹੁੰਦੇ ਮੈਂ ਕੀ ਸਹਿਯੋਗ ਪਾ ਸਕਦਾ ਹਾਂ।

**ਸੰਪਾਦਕ :** ਕੁਝ ਸਿਰ ਫਿਰੇ ਕਹਿੰਦੇ ਹਨ ਬੰਬਾਂ ਅਤੇ ਵਿਸਫੋਟ ਨਾਲ ਤੁਹਾਡਾ ਬਹੁਤ ਗੂਹੜਾ ਰਿਸ਼ਤਾ ਹੈ। ਇਸ ਬਾਰੇ ਆਪ ਦੀ ਕੀ ਰਾਏ ਹੈ ?

**ਸੰਤ ਜੀ :** ਜੋ ਲੋਕ ਇਹ ਕੁਝ ਕਹਿੰਦੇ ਹਨ ਉਹ ਦਰੁਸਤ ਹਨ, ਜਿਹੜੇ ਬੰਬਾਂ ਨਾਲ ਮੇਰਾ ਰਿਸ਼ਤਾ ਹੈ ਉਹ ਤੁਰਦੇ ਫਿਰਦੇ ਬੰਬ ਨੇ ਜਿਹਨਾਂ ਨੂੰ ਅਮ੍ਰਿਤ ਛਕਾਕੇ ਤਿਆਰ ਬਰ ਤਿਆਰ ਖਾਲਸਾ ਬਣਾਉਂਦਾ ਹਾਂ ਉਹ ਮੇਰੇ ਲਈ ਬੰਬ ਤੋਂ ਵਧੇਰੇ ਭਾਰੂ ਹਨ ਇਹੋ ਜਿਹੇ ਪੰਜ ਬੰਬ ਸਾਡੇ ਦਸ਼ਮੇਸ਼ ਪਿਤਾ ਨੇ ਵਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ 'ਚ ਬਣਾਏ ਸਨ, ਉਹੋ ਜਿਹੇ ਬੰਬਾਂ ਤੇ ਬਾਰੂਦਾਂ ਨਾਲ ਸਚ ਮੁੱਚ ਮੇਰਾ ਵੀ ਬਹੁਤ ਗੂਹੜਾ ਰਿਸ਼ਤਾ ਹੈ।

**ਸੰਪਾਦਕ :** ਕੁਝ ਲੋਕ ਦਲੀਲ ਦੇਂਦੇ ਹਨ ਜਿਸ ਦੇਸ਼ ਦਾ ਰਾਸ਼ਟਰਪਤੀ ਸਿੱਖ ਬਣਾ ਦਿੱਤਾ ਗਿਆ ਉਸ ਦੇਸ਼ 'ਚ ਸਿੱਖਾਂ ਨਾਲ ਵਿਤਕਰਾ ਕਿਵੇਂ ਹੋ ਰਿਹਾ ਹੈ ਇਸ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?

**ਸੰਤ ਜੀ :** ਮੈਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਇਕ ਡੰਮੀ ਰਾਸ਼ਟਰਪਤੀ ਸਮਝਦਾਂ, ਇਕ ਅਜਿਹੀ ਕਠਪੁੱਤਲੀ, ਰਬੜ ਦਾ ਠੱਪਾ ਅਤੇ ਚਾਬੀ ਵਾਲਾ

ਖਿਡੌਣਾ ਜੋ ਸਿਰਫ ਸ੍ਰੀਮਤੀ ਗਾਂਧੀ ਦੇ ਇਸ਼ਾਰਿਆਂ ਤੇ ਚਲਦੈ । ਜਿਸ ਦੀ ਆਪਣੀ ਅਜ਼ਾਦਾਨਾ ਕੋਈ ਰਾਇ ਜਾਂ ਹਸਤੀ ਨਹੀਂ । ਗਿਆਨੀ ਜ਼ੈਲ ਸਿੰਘ ਨੂੰ ਨਾਟਕੀ ਢੰਗ ਨਾਲ ਰਾਸ਼ਟਰਪਤੀ ਬਨਾਉਣਾ ਵੀ ਸ੍ਰੀਮਤੀ ਗਾਂਧੀ ਦੀ ਇਕ ਸਾਜ਼ਿਸ਼ ਸੀ । ਇਸ ਨਾਲ ਉਸ ਨੇ ਜ਼ੈਲ ਸਿੰਘ ਨੂੰ ਨੁਕਰੇ ਲਾ ਕੇ ਭਾਈ ਦਰਬਾਰੇ ਸਿਹੁੰ ਨੂੰ ਖੁਸ਼ ਵੀ ਕਰ ਲਿਆ ਅਤੇ ਆਪਣੀ ਸਿੱਖ ਮਾਰੂ ਨੀਤੀ ਕਾਰਨ ਵਿਦੇਸ਼ਾਂ ਵਿਚ ਆਪਣੀ ਵੱਢੀ ਜਾ ਰਹੀ ਨੱਕ ਨੂੰ ਵੀ ਵੀ ਬਚਾਅ ਲਿਆ, ਗਿਆਨੀ ਜ਼ੈਲ ਸਿੰਘ ਚਿੱਟੇ 'ਚ ਹਾਊਸ ਵੱਖ ਮੌਜਾਂ ਮਾਨਣ ਲੱਗੈ । ਇਸ ਤੋਂ ਛੁੱਟ ਚੰਦ ਇਕ ਚਾਪਲੂਸ ਸਿੱਖਾਂ ਨੂੰ ਸੁਨਹਿਰੀ ਪੂਛਾਂ ਲਾ ਕੇ ਸਾਰੀ ਸਿੱਖ ਕੌਮ ਨਾਲ ਹੋ ਰਹੇ ਵਿਤਕਰੇ ਦਾ ਧੋਣਾ ਨਹੀਂ ਧੋਇਆ ਜਾ ਸਕਦਾ ।

## ਗੁਰਸਿੱਖਾਂ ਨਾਲ ਹੋ ਰਹੇ ਵਿਤਕਰੇ ਤੇ ਤਸ਼ੱਦਦ ਦੇ ਮੂੰਹ ਬੋਲਦੇ ਨਮੂਨੇ ਹੇਠ ਪੇਸ਼ ਹਨ—

—ਇਕ ਸਿੱਖ ਕੁੜੀ ਨੂੰ ਨੰਗੀ ਕਰ ਕੇ ਉਸ ਦੇ ਪਿਤਾ ਨੂੰ ਉਸ ਨਾਲ ਭੋਗ ਕਰਨ ਲਈ ਕਿਹਾ ਗਿਆ । ਕੀ ਇਹ ਸਿੱਖਾਂ ਨਾਲ ਇਨਸਾਫ ਹੈ ? ਇਹ ਵਾਰਦਾਤ ਪਿੰਡ ਕਾਹਲ ਖੁਰਦ ਤਹਿਸੀਲ ਮੋਗਾ ਦੀ ਹੈ । ਪਿਤਾ ਦਾ ਨਾਂ ਜਗਮੀਰ ਸਿੰਘ ਹੈ । ਉਹ ਹਰੀਜਨ ਹੈ ।

—ਦਾਓ ਪਿੰਡ ਜ਼ਿਲਾ ਅੰਮ੍ਰਿਤਸਰ ਵਿਚ ਪੁਲਸੀਆਂ ਨੇ ਇਕ ਸਿੱਖ ਕੁੜੀ ਨੂੰ ਨੰਗੀ ਕਰ ਕੇ ਉਸਦਾ ਜਲੂਸ ਕਢਿਆ । ਕੀ ਕਦੇ ਹਿੰਦੂ ਕੁੜੀਆਂ ਨਾਲ ਵੀ ਏਦਾਂ ਕੀਤਾ ਗਿਆ ?

—ਪੁਲਸ ਵਾਲਿਆਂ ਨੇ ਇਕ ਸਿਖ ਗ੍ਰੰਥੀ ਨੂੰ ਫੜ ਲਿਆ । ਇਕ ਪੁਲਸੀਆ ਉਸ ਦੀ ਹਿੱਕ ਤੇ ਬਹਿ ਗਿਆ, ਉਸ ਨੇ ਬੀੜੀ ਪੀਤੀ, ਗ੍ਰੰਥੀ ਦੇ ਮੂੰਹ ਵਿਚ ਥੁਕਿਆ, ਤੰਮਾਕੂ ਵੀ ਪਾਇਆ । ਗ੍ਰੰਥੀ ਦਾ ਨਾਂ ਜਸਬੀਰ ਸਿੰਘ ਸੀ । ਪਿੰਡ ਚੁਪਕੀਤੀ ਤਹਿਸੀਲ ਮੋਗਾ ਦਾ ਰਹਿਣ ਵਾਲਾ ਸੀ ।

—ਪੁਲਸੀਆਂ ਨੇ ਇਕ ਹੋਰ ਸਿਖ ਨੂੰ ਫੜ ਲਿਆ । ਉਹ ਕਸੂਰਵਾਰ ਨਾ ਨਿਕਲਿਆ : ਫਿਰ ਵੀ ਉਹਦਾ ਪੱਟ ਚੀਰ ਕੇ ਉਸ ਵਿਚ ਲੂਣ ਭਰ ਦਿੱਤਾ : ਉਸਦਾ ਨਾਂ ਜਾਗੀਰ ਸਿੰਘ ਹੈ । ਪਿੰਡ ਇੱਟਾਂਵਾਲੀ ਹੈ ਤੇ ਮੋਗੇ ਵਿਚ ਰਹਿੰਦਾ ਹੈ ।



—ਜਦ ਅਸੀਂ ਮੰਗ ਕਰਦੇ ਹਾਂ ਕਿ ਜਿਨ੍ਹਾਂ ਲੋਕਾਂ ਨੇ ਸਾਡੀਆਂ ਧੀਆਂ ਭੈਣਾਂ ਨੂੰ ਨੰਗਿਆਂ ਕੀਤਾ ਉਹਨਾਂ ਨੂੰ ਸਾਡੇ ਹਵਾਲੇ ਕਰ ਦਿਉ ਤਾਂ ਉਹ ਉਹਨਾਂ ਨੂੰ ਸਾਡੇ ਹਵਾਲੇ ਕਿਉਂ ਨਹੀਂ ਕਰਦੇ ? ਕੀ ਸਾਡੇ ਲਈ ਵੱਖਰਾ ਕਾਨੂੰਨ ਹੈ ਤੇ ਸਰਕਾਰ ਲਈ ਵੱਖਰਾ ? ਸਰਕਾਰ ਦਾ ਇਹ ਫਰਜ਼ ਹੈ ਕਿ ਉਹ ਦੋਸ਼ੀਆਂ ਨੂੰ ਫੜੇ ਤੇ ਅਦਾਲਤ ਵਿਚ ਪੇਸ਼ ਕਰੇ । ਇਸ ਤੋਂ ਬਾਅਦ ਜੱਜ ਨੇ ਫੈਸਲਾ ਦੇਣਾ ਹੈ ਕਿ ਉਹਨਾਂ ਨੂੰ ਛੱਡੇ ਜਾਂ ਨਾ ਛਡੇ । ਕੀ ਕਾਨੂੰਨ ਇਸ ਤਰ੍ਹਾਂ ਨਹੀਂ ਕਹਿੰਦਾ ?...ਤਾਂ ਫਿਰ ਕਿਥੇ ਲਿਖਿਆ ਹੈ ਕਿ ਪੁਲਸ ਜੱਜ ਪਾਸੋਂ ਦੋਸ਼ੀ ਦੇ ਡਾਕਟਰੀ ਮੁਆਇਨੇ ਦੀ ਆਗਿਆ ਲਵੇ ਪਰ ਅਜਿਹਾ ਕਰਨ ਦੀ ਥਾਂ ਲੋਹੇ ਦੀਆਂ ਸੀਖਾਂ ਤੱਤੀਆਂ ਕਰ ਕੇ ਉਸ ਦੇ ਪੇਟ ਵਿਚ ਖੋਭ ਦੇਵੇ, ਉਸ ਦੇ ਮੱਥੇ ਤੇ ਲਾ ਦੇਵੇ, ਉਸ ਨੂੰ ਗੋਲੀ ਨਾਲ ਭੁੰਨ ਦੇਵੇ । ਕਿਹੜਾ ਕਾਨੂੰਨ ਹੈ ਜੋ ਸਰਕਾਰ ਨੂੰ ਅਜਿਹਾ ਕਰਨ ਦਾ ਅਧਿਕਾਰ ਦੇਂਦਾ ਹੈ ? ਕੁਲਵੰਤ ਸਿੰਘ ਨਾਗੋਕੇ ਨੂੰ ਇਸ ਤਰ੍ਹਾਂ ਤਸੀਹੇ ਦੇ ਕੇ ਮਾਰਿਆ ਗਿਆ । ਸੁਖਦੇਵ ਸਿੰਘ ਨੂੰ ਈਸਾ ਖਾਂ ਵਿਚ ਪੇਟ ਪਾੜ ਕੇ, ਮਾਸ ਤੋੜ ਕੇ, ਅੱਖਾਂ ਕੱਢ ਕੇ ਤੜਫਾਉਣ ਪਿਛੋਂ ਗੋਲੀ ਨਾਲ ਉਡਾਇਆ ਗਿਆ । 'ਉਹ' ਦਸ ਸਕਦੇ ਹਨ ਕਿ ਉਨ੍ਹਾਂ ਪਾਸੋਂ ਕੀ ਬਰਾਮਦ ਹੋਇਆ ? ਉਹਨਾਂ ਵਿਰੁੱਧ ਉਹਨਾਂ ਪਾਸ ਕੀ ਸਬੂਤ ਹਨ ?

—ਅੱਸੀਆਂ ਵਰ੍ਹਿਆਂ ਦੇ ਦੁਆਨੀ ਦੇ ਲਾਲੇ ਜਗਤ ਨਾਰਾਇਣ ਦਾ ਕਤਲ 9 ਸਤੰਬਰ 1981 ਨੂੰ ਹੋਇਆ । ਇਸ ਸਿਲਸਲੇ ਵਿਚ 12 ਸਤੰਬਰ ਨੂੰ ਮੇਰੇ ਵਾਰੰਟ ਜਾਰੀ ਕੀਤੇ ਗਏ । ਪੰਜਾਬ ਪੁਲੀਸ ਮੈਨੂੰ ਗ੍ਰਿਫਤਾਰ ਕਰਨ ਲਈ ਚੰਦੋ ਕਲਾਂ ਪਹੁੰਚੀ । ਮੈਂ ਨਾ ਮਿਲ ਸਕਿਆ ਤਾਂ ਗੁੱਸੇ ਵਿਚ ਸਾਡੇ ਜਥੇ ਦੀਆਂ ਦੋ ਬੱਸਾਂ ਸਾੜ ਦਿਤੀਆਂ ਜਿਨ੍ਹਾਂ ਵਿਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ ਤੇ 3 ਲੱਖ ਰੁਪਏ ਦਾ ਕੀਮਤੀ ਸਾਮਾਨ ਸੀ । 16 ਸਤੰਬਰ 1981 ਨੂੰ ਚੌਕ ਮਹਿਤਾ ਵਿਚ ਮੈਨੂੰ ਦਸਿਆ ਗਿਆ ਕਿ ਮੇਰੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਹਨ । ਕਿਹੜੇ ਕਾਨੂੰਨ ਵਿਚ ਇਹ ਗੱਲ ਲਿਖੀ ਹੈ ਕਿ ਪੁਲਸ ਨੂੰ ਜਿਸ ਆਦਮੀ ਉਤੇ ਸ਼ੱਕ ਹੈ ਪਹਿਲਾਂ ਉਸ ਦਾ ਸਾਮਾਨ ਅਤੇ ਇਸ਼ਟ ਸਾੜ ਦੇਵੇ ਫਿਰ ਉਸ ਨੂੰ ਵਾਰੰਟ ਦਿਖਾਵੇ ?

—ਪੁਲਸ ਨੇ ਲਾਲਾ ਜਗਤ ਨਾਰਾਇਣ ਦੀ ਲਾਸ਼ ਉਸ ਦੇ ਕਾਕੇ ਰਮੇਸ਼ ਦੇ ਹਵਾਲੇ ਕਰ ਦਿੱਤੀ ਪਰ ਪੁਲਸ ਨੇ ਚੌਕ ਮਹਿਤਾ ਸਾਡੇ 18 ਬੰਦੇ ਮਾਰੇ ਪਰ ਇਕ ਵੀ ਲਾਸ਼ ਸਾਡੇ ਹਵਾਲੇ ਨਹੀਂ ਕੀਤੀ ਗਈ ।

—1978 ਵਿਚ ਜਦ ਬੀਬੀ ਇੰਦਰਾ ਗਾਂਧੀ ਨੂੰ ਸਜ਼ਾ ਦੇ ਕੇ ਜੇਲ ਵਿਚ ਭੇਜਿਆ ਗਿਆ ਸੀ ਤਾਂ ਪਾਂਡੇ ਵਰਗੇ ਉਸ ਦੇ ਹਾਮੀਆਂ ਨੇ ਹਵਾਈ ਜਹਾਜ਼ ਅਗਵਾ ਕੀਤਾ। ਉਸ ਨੂੰ ਕੀ ਸਜ਼ਾ ਦਿਤੀ ਗਈ ? ਉਲਟਾ ਉਸ ਨੂੰ ਐਮ. ਐਲ. ਏ. ਬਣਾ ਦਿਤਾ ਗਿਆ।

ਜੇਕਰ ਸਿਖਾਂ ਦੇ ਸਤਿਗੁਰੂ ਗ੍ਰੰਥ ਸਾਹਿਬ ਜਲਾਏ ਜਾਣ ਦੇ ਰੋਸ ਵਜੋਂ ਸਿਖਾਂ ਨੇ ਜਹਾਜ਼ ਅਗਵਾ ਕੀਤਾ ਤਾਂ ਉਹਨਾਂ ਨੂੰ ਦੇਸ਼ ਨਿਕਾਲਾ ਕਿਉਂ ? ਜੇ ਕੋਈ ਪੰਡਤਾਂ ਦੀ ਕੁੜੀ ਲਈ ਜਹਾਜ਼ ਅਗਵਾ ਕਰਦਾ ਹੈ ਤਾਂ ਉਸ ਨੂੰ ਅਸੰਬਲੀ ਵਿਚ ਜਗ੍ਹਾ ਮਿਲ ਜਾਂਦੀ ਹੈ। ਪਰ ਜੇ ਇਹੀ ਜੁਰਮ ਗੁਰਬਖਸ਼ ਸਿੰਘ ਵਲੋਂ ਆਪਣੇ ਇਸ਼ਟ ਲਈ ਕੀਤਾ ਜਾਂਦਾ ਹੈ ਤਾਂ ਉਸ ਦੀ ਲੱਤ ਕੱਟ ਦਿਤੀ ਜਾਂਦੀ ਹੈ। ਜੇ ਕੋਈ ਇਹ ਕਸੂਰ ਪੰਡਤਾਂ ਦੀ ਕੁੜੀ ਖਾਤਿਰ ਕਰਦਾ ਹੈ ਤਾਂ ਉਹ ਦੇਸ਼ ਭਗਤ ਹੈ, ਪਰ ਜੇ ਕੋਈ ਸਿਖ ਇਹ ਕਸੂਰ ਸਿਖ ਧਰਮ ਲਈ ਕਰਦਾ ਹੈ ਤਾਂ ਉਸ ਨੂੰ ਗੋਲੀ ਮਾਰ ਦਿਤੀ ਜਾਂਦੀ ਹੈ ਜਿਵੇਂ 20 ਅਗਸਤ 1982 ਨੂੰ ਰਾਜਾਸਾਂਸੀ ਹਵਾਈ ਅੱਡੇ ਤੇ ਮਨਜੀਤ ਸਿੰਘ ਉਰਫ ਮੁਸੀਬਤ ਸਿੰਘ ਨੂੰ ਮਾਰੀ ਗਈ। ਕੀ ਸਿਖਾਂ ਦੇ ਇਸ਼ਟ ਦੀ ਕੀਮਤ ਇਕ ਬਾਹਮਣੀ ਜਿੰਨੀ ਵੀ ਨਹੀਂ ?

—ਏਸ਼ੀਅਨ ਖੇਡਾਂ ਦੌਰਾਨ ਉਹਨਾਂ ਲੀਕ ਖਿਚ ਦਿਤੀ ਤੇ ਕਿਹਾ ਕਿ ਜਿਸ ਦੇ ਨਾਲ 'ਸਿੰਘ' ਲਗਾ ਹੋਇਆ ਹੈ ਉਹ ਲੀਕ ਟਪ ਕੇ ਦਿੱਲੀ ਨਹੀਂ ਜਾ ਸਕਦਾ। ਕੀ ਉਹਨਾਂ ਕਿਸੇ ਹੋਰ ਨੂੰ ਵੀ ਰੋਕਿਆ ?

ਏਸ਼ੀਅਨ ਖੇਡਾਂ ਵੇਲੇ ਹਿੰਦੂਆਂ ਨੂੰ ਅਮਰੀਕਾ 'ਚੋਂ ਆਉਣ ਖੁੱਲ ਸੀ ਪਰ ਸਿਖਾਂ ਤੇ ਪਾਬੰਦੀ। ਕੀ ਇਹ ਸਿਖਾਂ ਨਾਲ ਹਿੰਦੂ ਤਾਨਾਸ਼ਾਹਾਂ ਦਾ ਧੱਕਾ ਨਹੀਂ ?

ਏਸ਼ੀਅਨ ਖੇਡਾਂ ਦੌਰਾਨ ਮੰਦਰਾਂ ਤੇ ਮਸੀਤਾਂ ਦੀਆਂ ਤਸਵੀਰਾਂ ਟੈਲੀਵੀਜ਼ਨ ਤੇ ਦਿਖਾਈਆਂ ਗਈਆਂ ਪਰ ਇਕ ਵੀ ਗੁਰਦੁਆਰਾ ਨਹੀਂ ਦਿਖਾਇਆ। ਕੀ ਇਹ ਵਿਤਕਰਾ ਨਹੀਂ ?

—ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਤੇ ਪੰਜਾਬੀ ਬੋਲੀ ਲਈ ਸਿਖਾਂ ਨੇ 57000 ਬੰਦੇ ਜੇਲ੍ਹ ਭੇਜੇ ਤੇ ਕਾਕਾ ਇੰਦ੍ਰਜੀਤ ਸਿੰਘ ਵਰਗੇ ਸ਼ਹੀਦ ਹੋਏ ਜਿਸ ਨੂੰ ਜਾਟਾਂ ਨੇ ਖੂਹ ਵਿਚ ਸੁਟਿਆ। ਕੀ ਪਿਛਲੇ 36 ਸਾਲਾਂ ਵਿਚ ਕੋਈ ਹਿੰਦੂ ਵੀ ਅਜਿਹੇ ਯਤਨ ਕਰਦਿਆਂ ਜੇਲ੍ਹ ਗਿਆ ?

'ਉਹਨਾਂ' ਨੂੰ ਹਰਿਆਣਾ ਤੇ ਹਿਮਾਚਲ ਬੈਠੇ ਬਿਠਾਏ ਮਿਲ ਗਏ ਜਦ ਕਿ ਸਾਨੂੰ



57.000 ਗ੍ਰਿਫਤਾਰੀਆਂ ਦੀ ਕੀਮਤ ਤਾਰਨੀ ਪਈ। ਜੇ ਅਸੀਂ ਹੁਣ ਇਕ ਰੇਲ ਦਾ ਨਾਓਂ ਦਰਬਾਰ ਸਾਹਿਬ ਦੇ ਨਾਂ ਤੇ ਰਖਵਾਉਣਾ ਚਾਹੁੰਦੇ ਹਾਂ ਜਾਂ ਦਰਬਾਰ ਸਾਹਿਬ ਦਾ ਕੀਰਤਨ ਸੁਣਨ ਲਈ ਟਰਾਂਸਮੀਟਰ ਲਵਾਉਣਾ ਚਾਹੁੰਦੇ ਹਾਂ ਤਾਂ ਇਹ ਲੋਕ ਕਹਿੰਦੇ ਹਨ ਕਿ ਸਿਖ ਅੱਤਵਾਦੀ ਹਨ।

—ਆਪਣੀਆਂ ਮੰਗਾਂ ਮਨਵਾਉਣ ਲਈ ਤੇ ਸਿਖਾਂ ਨੂੰ ਵੱਖਰੀ 'ਕੌਮ' ਦਾ ਅਧਿਕਾਰ ਦਿਵਾਉਣ ਲਈ ਇਕ ਲੱਖ ਸਿਖਾਂ ਨੂੰ ਜੇਲ੍ਹ ਜਾਣਾ ਪਿਆ, 200 ਤੋਂ ਉਪਰ ਸਿੰਘ ਸ਼ਹੀਦ ਹੋਏ, ਇਸ ਦੇਸ਼ ਵਿਚ ਸਾਨੂੰ ਫਿਰਕਾਪ੍ਰਸਤ ਕਿਹਾ ਜਾਂਦਾ ਹੈ। 'ਉਹਨਾਂ' ਨੂੰ ਪੁਛੋਂ ਕਿ ਕੀ ਉਹਨਾਂ ਵਿਚੋਂ ਵੀ ਕੋਈ ਕਿਸੇ ਟਰੇਨ ਦਾ ਨਾਂ ਮੰਦਰ ਤੇ ਰਖਵਾਉਣ ਲਈ ਜੇਲ੍ਹ ਗਿਆ ? ਉਹਨਾਂ ਨੂੰ ਫਿਰਕਾਪ੍ਰਸਤ ਕਿਉਂ ਨਹੀਂ ਕਿਹਾ ਜਾਂਦਾ ?

—ਮੈਂ ਹੈਰਾਨ ਹਾਂ ਕਿ ਪੰਜਾਬ ਵਿਚ ਕੇਵਲ ਸਿਖਾਂ ਦੇ ਹੀ ਮਕਾਨ ਕਿਉਂ ਸੜਦੇ ਹਨ। ਕਦੇ ਕਿਸੇ ਹਿੰਦੂ ਦਾ ਮਕਾਨ, ਦੁਕਾਨ ਜਾਂ ਫੈਕਟਰੀ ਕਿਉਂ ਨਹੀਂ ਸੜੇ ?

ਹਿੰਦੂ ਸੁਰਖਿਆ ਸੰਮਤੀ ਜ਼ਿਲਾ ਪਟਿਆਲਾ ਦੇ ਪ੍ਰਧਾਨ ਪਵਨ ਕੁਮਾਰ ਦੀ ਮਿਸਾਲ ਸਾਹਮਣੇ ਹੈ। ਉਸ ਦੇ ਘਰ 'ਚੋਂ 130 ਗਰਨੇਡ ਬਰਾਮਦ ਹੋਏ ਲੇਕਿਨ ਉਸ ਨੂੰ ਇਕ ਘੰਟਾ ਵੀ ਜੇਲ ਦੀ ਹਵਾ ਨਹੀਂ ਖਾਣੀ ਪਈ। ਉਸਨੂੰ 'ਸਜ਼ਾ' ਜ਼ਰੂਰ ਮਿਲੀ, ਪਹਿਲਾਂ ਉਹ ਜ਼ਿਲਾ ਪ੍ਰਧਾਨ ਸੀ ਹੁਣ ਉਸਨੂੰ ਪ੍ਰਦੇਸ਼ ਪ੍ਰਧਾਨ ਬਣਾ ਦਿਤਾ ਗਿਆ ਹੈ।

ਇਸ ਦੇ ਮੁਕਾਬਲੇ ਵਿਚ ਕਿਸੇ ਸਿਖ ਪਾਸੋਂ ਬੇਸ਼ਕ ਇਕ ਖਾਲੀ ਕਾਰਤੂਸ ਵੀ ਨਾ ਮਿਲੇ, ਜੇ ਉਹ ਕੇਵਲ ਇਕ ਸ਼ਕੀ ਬੰਦਾ ਹੀ ਹੋਵੇ ਤਾਂ ਉਸਨੂੰ ਗੋਲੀ ਮਾਰ ਦਿਤੀ ਜਾਂਦੀ ਹੈ। ਮਿਸਾਲ ਵਜੋਂ ਬਲਵੰਤ ਸਿੰਘ ਰਿਕਸ਼ਾ ਵਿਚ ਬੈਠਾ ਸੀ, ਉਸ ਨੂੰ ਡੀ. ਐਸ. ਪੀ. ਲਾਜਵੰਤ ਸਿੰਘ ਨੇ ਗੋਲੀ ਨਾਲ ਉਡਾ ਦਿਤਾ। ਗੁਰਮੀਤ ਸਿੰਘ ਦੇ ਨਹੁੰ ਨੋਚੇ ਗਏ, ਜ਼ਖਮਾਂ ਵਿਚ ਲੂਣ ਭਰਿਆ ਗਿਆ। ਆਖਿਆ ਗਿਆ ਕਿ ਉਹ 'ਪੁਲਸ ਮੁਕਾਬਲੇ' ਵਿਚ ਮਰਿਆ ਹੈ।

'ਉਹ' ਕਹਿੰਦੇ ਹਨ ਕਿ ਸਿਖ ਪੁਲਸ ਨਾਲ ਮੁਕਾਬਲਾ ਕਰ ਕੇ ਪੁਲਸੀਆਂ ਨੂੰ ਮਾਰਦੇ ਹਨ। ਦਹੇੜੂ ਕਾਂਡ ਨੂੰ ਛੱਡ ਕੇ ਕੀ ਕਦੇ ਕੋਈ ਪੁਲਸੀਆ ਜ਼ਖਮੀ ਹੋਇਆ ? ਉਹ ਕਾਰਤੂਸ ਕਿਥੇ ਹਨ ਜੋ ਸਿਖਾਂ ਨੇ ਪੁਲਸ ਤੇ ਚਲਾਏ ?

—ਪਟਿਆਲੇ ਵਿਚ 8 ਦੁਕਾਨਾਂ ਸੜੀਆਂ—5 ਸਿੱਖਾਂ ਦੀਆਂ ਤੇ 3 ਹਿੰਦੂਆਂ ਦੀਆਂ 'ਉਹ' ਕਹਿੰਦੇ ਹਨ ਕਿ ਦੁਕਾਨਾਂ ਸਿੱਖਾਂ ਨੇ ਸਾੜੀਆਂ। ਇਸ ਦਾ ਕੋਈ ਸਬੂਤ ਹੈ ?

ਮੇਰੇ ਉਤੇ ਇਲਜ਼ਾਮ ਲਾਉਂਦਿਆਂ ਕਿਹਾ ਗਿਆ ਕਿ ਸਾੜ ਫੂਕ ਭਿੰਡਰਾਂ ਵਾਲੇ ਨੇ ਕਰਵਾਈ ਲੇਕਿਨ ਜਦ ਮੁਜਰਿਮ ਫੜੇ ਗਏ ਤਾਂ ਉਹ ਕਾਂਗਰਸ (ਆਈ) ਦੇ ਵਰਕਰ ਨਿਕਲੇ ।

--ਬੰਬ ਧਮਾਕੇ ਹੋਏ। ਇਲਜ਼ਾਮ ਲਾਇਆ ਗਿਆ ਕਿ ਭਿੰਡਰਾਂਵਾਲੇ ਨੇ ਕਰਵਾਏ। ਪਰ ਜਦ ਕੁੱਤੇ ਛਡੇ ਗਏ ਤਾਂ ਕੁੱਤੇ ਪੁਲਸ ਥਾਣਿਆਂ ਵਿਚ ਜਾ ਵੜੇ ਬਾਹਰ ਲਿਆ ਕੇ ਕੁੱਤੇ ਮੁੜ ਛਡੇ । ਕੁੱਤਿਆਂ ਨੇ ਥਾਣੇ ਵਿਚ ਵੜ ਕੇ ਥਾਣੇਦਾਰ ਦੀ ਲੱਤ ਫੜ ਲਈ। ਤੇ ਉਹ ਇਹ ਕਹਿੰਦੇ ਹੋਏ ਕੁੱਤਿਆਂ ਨੂੰ ਜੀਪ ਵਿਚ ਬਿਠਾ ਕੇ ਲੈ ਗਏ ਕਿ ਕੁੱਤੇ ਵਧੀਆ ਨਸਲ ਦੇ ਨਹੀਂ ਹਨ।

—ਇਕ ਨਿਰੰਕਾਰੀ ਦੇ ਘਰ ਦੀ ਤੋੜ ਭੰਨ ਹੋਈ। ਕੁੱਤੇ ਫਿਰ ਛੱਡੇ ਗਏ। ਕੁਤਿਆਂ ਨੇ ਕਿਸੇ ਹੋਰ ਘਰ ਜਾਣ ਦੀ ਥਾਂ ਉਸੇ ਘਰ ਅੰਦਰ ਜਾ ਕੇ ਘਰ ਦੇ ਮਾਲਕ ਦੀ ਲੱਤ ਫੜ ਲਈ। ਜੇ ਕੁੱਤੇ ਪੁਲਸੀਆਂ ਜਾ ਨਿਰੰਕਾਰੀਆਂ ਦੀਆਂ ਲੱਤਾਂ ਫੜਨ ਤਾਂ ਨਕਲੀ ਪਰ ਕਿਸੇ ਸਿੰਘ ਨੂੰ ਫੜਨ ਤਾਂ ਅਸਲੀ ਜਿਹੜੀ ਗੌਰਮਿੰਟ ਨੂੰ ਕੁੱਤਿਆਂ 'ਤੇ ਵਿਸ਼ਵਾਸ ਏ, ਕੰਮ ਵੀ ਕੁੱਤਿਆਂ ਵਾਲਾ ਹੀ ਕਰਨਾ ।

—ਪੰਜਾਬ ਦੇ ਗੋਲੀ ਕਾਂਡ 'ਚ ਵਰਤੀਆਂ ਗਈਆਂ ਬੰਦੂਕਾਂ ਦੀ ਸਪਲਾਈ ਕਰੇ ਇੰਦਰਾਂ ਗਾਂਧੀ ਦਾ 'ਪਾਲਤੂ ਸੁਆਮੀ' ਧਿਰੇਂਦਰ ਬ੍ਰਹਮਚਾਰੀ ਪਰ ਦੋਸ਼ ਲਾਏ ਜਾਣ ਸਾਡੇ 'ਤੇ......? ਫਾਜ਼ਿਲਕਾ ਜ਼ਿਲਾ ਫਿਰੋਜ਼ਪੁਰ ਦੇ ਥਾਣਾ ਸਦਰ ਦੇ ਥਾਣੇਦਾਰ ਬਿੱਛੂ ਰਾਮ ਨੇ ਇਕ ਅੰਮ੍ਰਿਤਧਾਰੀ ਸਿੰਘ ਫੜ ਲਿਆ। ਉਸ ਨੇ ਉਹਦੀ ਦਾੜ੍ਹੀ ਮੁਨਾ ਦਿਤੀ ਤੇ ਕਿਹਾ, "ਜਾਹ, ਜਾ ਕੇ ਭਿੰਡਰਾਂਵਾਲੇ ਨੂੰ ਦਸ ਦੇਹ।"

—ਸਿਖ ਨੌਜਵਾਨਾਂ ਨੂੰ ਨੌਕਰੀਆਂ ਤੋਂ ਬਰਖਾਸਤ ਕੀਤਾ ਜਾਂਦਾ ਹੈ। ਸਿਖਾਂ ਨੂੰ 'ਮੀਸਾ' ਦੇ ਅਧੀਨ ਗ੍ਰਿਫਤਾਰ ਕੀਤਾ ਜਾਂਦਾ ਹੈ। ਕੀ ਕਦੇ ਕਿਸੇ ਹਿੰਦੂ ਨਾਲ ਵੀ ਇਹ ਸਲੂਕ ਕੀਤਾ ਗਿਆ ? ਕੀ ਇਹ ਸਿਖਾਂ ਨਾਲ ਵਿਤਕਰਾ ਨਹੀਂ ?

—ਕੋਈ ਸਿਖ ਮੁੰਡਾ ਉਸ ਵਕਤ ਤਕ ਆਪਣੇ ਪਿਉਂ ਦੀ ਜਾਇਦਾਦ ਦਾ ਵਾਰਸ ਨਹੀਂ ਬਣ ਸਕਦਾ ਜਦ ਤਕ ਉਹ 18 ਸਾਲ ਦਾ ਨਾ ਹੋ ਜਾਏ ਲੇਕਿਨ ਹਰੀ ਰਾਮ ਤੇ ਰਾਧੇ ਸ਼ਾਮ ਜੰਮਦੇ ਸਾਰ ਹੀ ਵਾਰਿਸ ਬਣ ਜਾਂਦੇ ਹਨ।



—ਜੇ ਕਿਸ ਸਿਖ ਨੇ ਵਿਦੇਸ਼ ਜਾਣਾ ਹੋਵੇ ਤਾਂ ਉਸ ਨੂੰ ਲਿਖ ਕੇ ਦੇਣਾ ਪੈਂਦਾ ਹੈ ਕਿ ਉਸ ਦੇ ਫੇਰੇ ਹਿੰਦੂ ਰੀਤੀ ਮੁਤਾਬਿਕ ਵੇਦੀ ਦੁਆਲੇ ਹੋਏ ਹਨ, ਗੁਰੂ ਗ੍ਰੰਥ ਸਾਹਿਬ ਦੁਆਲੇ ਨਹੀਂ, ਨਹੀਂ ਤਾਂ ਉਹ ਵਿਦੇਸ਼ ਨਹੀਂ ਜਾ ਸਕਦਾ। ਕੀ ਇਹ ਸਿਖਾਂ ਨਾਲ ਵਿਤਕਰਾ ਨਹੀਂ ?

—ਅਜਿਹਾ ਕਿਉਂ ਹੈ ਕਿ ਹਮੇਸ਼ਾ ਸਿਖਾਂ ਨੂੰ ਹੀ ਪਾਣੀ ਦੇ ਇਕ ਕਤਰੇ ਲਈ ਲਹੂ ਦਾ ਗਿਲਾਸ ਭਰ ਕੇ ਦੇਣਾ ਪੈਂਦਾ ਹੈ ? ਇਹ ਕਿਉਂ ਹੈ ਕਿ ਸਾਨੂੰ ਬਗੈਰ ਕੁਰਬਾਨੀ ਤੋਂ ਕਦੇ ਕੁਝ ਪ੍ਰਾਪਤ ਨਹੀਂ ਹੋਇਆ ? ਸਿਖ ਆਜ਼ਾਦ ਭਾਰਤ ਵਿਚ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਅੱਜ ਹਰ ਸਿਖ ਆਪਣੇ ਆਪ ਨੂੰ ਦੂਜੇ ਦਰਜੇ ਦਾ ਸ਼ਹਿਰੀ ਸਮਝ ਰਿਹਾ ਹੈ। ਅੰਮ੍ਰਿਤਧਾਰੀ ਪੂਰਨ ਗੁਰਸਿਖ ਨੂੰ ਭਾਰੀ ਨਫਰਤ ਨਾਲ ਦੇਖਿਆ ਜਾਂਦਾ ਹੈ। ਉਸ ਸੁੰਦਰ ਸਰੂਪ, ਬਾਣੇ ਤੇ ਰਹਿਤ ਮਰਯਾਦਾ ਦੀ ਖਿਲੀ ਉਡਾਈ ਜਾਂਦੀ ਹੈ। ਸਿਖ ਇਹ ਸਭ ਕੁਝ ਕਿਵੇਂ ਬਰਦਾਸ਼ਤ ਕਰ ਸਕਦੇ ਹਨ ?


ਸੰਪਾਦਕ : ਸੰਤ ਜੀ, ਹਰ ਜਣਾ ਖਣਾ ਕਾਂਗਰਸੀ ਤੇ ਰਾਜਸੀ ਨੇਤਾ ਉਠ ਕੇ ਇਹ ਕਿਉਂ ਕਹਿ ਦੇਂਦਾ ਹੈ ਕਿ ਗੁਰੂ ਨਾਨਕ ਨਿਵਾਸ ਤੇ ਸ੍ਰੀ ਦਰਬਾਰ ਸਾਹਿਬ 'ਚ ਅਤਿਵਾਦੀ ਲੁੱਕੇ ਹੋਏ ਨੇ, ਇਹ ਕਿਹੜੇ ਉਦੇਸ਼ ਨਾਲ ਕਿਹਾ ਜਾਂਦੈ ?

ਸੰਤ ਜੀ ; ਤੁਸੀਂ ਏਸ ਵੇਲੇ ਗੁਰੂ ਨਾਨਕ ਨਿਵਾਸ 'ਚ ਹੀ ਬੈਠੇ ਓ, ਕੀ ਥੋਨੂੰ ਕੋਈ ਅਤਿਵਾਦੀ ਏਥੇ ਨਜ਼ਰ ਆਇਆ ਜੇ ਆਇਆ ਤਾਂ ਬੇਸ਼ਕ ਆਪਣੀ ਅਖਬਾਰ 'ਚ ਲਿਖ ਦਿਓ, ਜੇ ਕੋਈ ਅਤਿਵਾਦੀ ਏਥੇ ਨਜ਼ਰ ਨਹੀਂ ਆਇਆ ਤਾਂ ਇਸ ਦਾ ਸਪਸ਼ਟ ਅਰਥ ਇਹ ਹੈ ਕਿ ਸਤਾਧਾਰੀ ਕਾਂਗਰਸੀ ਅਕਾਲੀਆਂ ਅਤੇ ਗੁਰਧਾਮਾਂ ਨੂੰ ਬਦਨਾਮ ਕਰਨ ਦੀ ਸਾਜ਼ਸ਼ ਨਾਲ ਇਹ ਝੂਠੀ ਬਕਵਾਸ ਕਰਦੇ ਹਨ। ਬਾਕੀ ਚਮਚੇ ਵੀ ਉਹੀ ਬੋਲੀ ਬੋਲਦੇ ਹਨ ਜੋ ਉਹਨਾਂ ਦੀ 'ਮਾਈ' ਬੋਲਦੀ ਹੈ।

ਸੰਪਾਦਕ : ਸੰਤ ਜੀ ਅੰਤ 'ਚ ਸਿੱਖ ਯੁਵਕਾਂ ਲਈ ਆਪਣਾ ਪੈਗਾਮ ਦਿਓ ਤੇ ਮਾਰਗ ਦਰਸ਼ਨ ਕਰਵਾਓ ਕਿ ਉਹਨਾਂ ਨੂੰ ਸਵੈਮਾਨ, ਸਿਖੀ ਸਰੂਪ ਅਤੇ ਗੁਰਧਾਮਾਂ ਦੀ ਰਖਿਆ ਲਈ ਕੀ ਕੀ ਕਰਨਾ ਚਾਹੀਦਾ ਹੈ ?

ਸੰਤ ਜੀ : ਅੰਮ੍ਰਿਤ ਛੱਕ ਕੇ ਪੂਰੇ ਸੂਰੇ ਸਜਣ, ਆਨੰਦਪੁਰ ਸਾਹਿਬ ਆਪਣੇ ਘਰ ਵਾੜਨ; ਹਰ ਇਕ ਪਿੰਡ ਵਿਚ ਤਿੰਨ-ਤਿੰਨ ਮੋਟਰ ਸਾਈਕਲ, ਤਿੰਨ-ਤਿੰਨ ਪਿਸਤੌਲ ਅਤੇ ਤਿੰਨ ਤਿੰਨ ਤਿਆਰ ਬਰ ਤਿਆਰ ਸਿੰਘ ਹੋਣ ਤਾਂ ਕਿ ਬੇਕਸੂਰ ਮਜ਼ਲੂਮਾਂ ਦੀ ਰਾਖੀ ਕੀਤੀ ਜਾ ਸਕੇ। ਦੋਭੀਆਂ, ਗੁਰੂ ਦੋਖੀਆਂ ਤੋਂ ਗੁਰਧਾਮਾਂ ਦੀ ਰਖਿਆ ਕੀਤੀ ਜਾਂ ਸਕੇ। ਇਹਨਾਂ ਦੀ ਦੁਰ ਵਰਤੋਂ ਕਦਾਚਿਤ ਨਾ ਕੀਤੀ ਜਾਵੇ। ਇਹ ਮੇਰਾ ਸਿਖ ਸੂਰਬੀਰਾਂ ਨੂੰ ਸੁਨੇਹਾ ਹੈ।

---



ਸੰਤਾਂ ਨੂੰ ਸੁਨਣ ਵਾਲੇ ਸਰੋਤੇ, ਸਰਕਾਰੀਆਂ ਤੇ ਦਰਬਾਰੀਆਂ ਵਾਂਗ ਕਿਰਾਏ 'ਤੇ ਨਹੀਂ ਲਿਆਉਣੇ ਪੈਂਦੇ ਸਗੋਂ ਇਕ ਹੀ ਸੱਦੇ 'ਤੇ ਪੰਥ ਹਤੈਸ਼ੀਆਂ ਦਾ ਲਹਿਰਾਂ ਮਾਰਦਾ ਵਿਸ਼ਾਲ ਸਮੁੰਦਰ ਆਪ ਦੇ ਦੁਆਲੇ ਆ ਜੁੜਦਾ ਹੈ। ਆਪ ਦਾ ਹਰ ਬੋਲ ਹਿਰਦੇ 'ਤੇ ਉਕਰਨ ਯੋਗ ਹੁੰਦਾ ਹੈ। (ਫੋਟੋ—ਸਤਪਾਲ ਦਾਨਿਸ਼)



# ਜਮਾਂਦਰੂ ਨੇਤਾ
# ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

□ਗੁਰਤੇਜ ਸਿੰਘ ਸਾਬਕਾ ਆਈ. ਏ. ਐਸ.

ਅਖਬਾਰਾਂ ਵਾਲਿਆਂ ਦੀ ਸਨਸਨੀਖੇਜ ਖਬਰਾਂ ਤੱਭਣ ਦੀ ਰੁਚੀ ਦਾ ਹੀ ਮੁਢਲੇ ਰੂਪ ਵਿਚ ਧੰਨਵਾਦ ਕਰਨਾ ਚਾਹੀਦਾ ਹੈ ਕਿ ਉਹਨਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨਾਂ ਨੂੰ ਹਿੰਸਾ, ਕਾਨੂੰਨ ਸ਼ਿਕਨੀ ਅਤੇ ਵੱਖਵਾਦੀ ਸਰਗਰਮੀਆਂ ਦਾ ਸਮਾਨ ਅਰਥੀ ਸ਼ਬਦ ਬਣਾਕੇ ਰੱਖ ਦਿੱਤਾ ਹੈ। ਸੰਤਾਂ ਦੇ ਹਥਿਆਰ ਬੰਦ ਸੇਵਕਾਂ ਨੂੰ ਸੰਤ ਜੀ ਦੇ ਲਹੂ ਤ੍ਰਿਹਾਏ ਸੁਭਾ ਦਾ ਇਕ ਸਫਲ ਸਬੂਤ ਮੰਨਿਆ ਜਾ ਰਿਹਾ ਹੈ। ਕੋਈ ਵੀ ਇਨਕਲਾਬੀ (ਰੈਡੀਕਲ) ਰਾਜਸੀ ਵਿਚਾਰਧਾਰਾ ਨਹੀਂ ਜਿਹੜੀ ਉਹਨਾਂ ਨਾਲ ਨਾਲ ਨਾ ਜੋੜੀ ਜਾ ਰਹੀ ਹੋਵੇ। ਮੋਰਚੇ ਦੇ "ਸਹਿਡਿਕਟੇਟਰ" ਹੋਣ ਦੇ ਰੂਪ ਵਿਚ ਉਹਨਾਂ ਦਾ ਸਵਰਨ ਮੰਦਰ ਦੇ ਨਾਲ ਲਗਦੇ ਇਕ ਵਿਸ਼ਰਾਮ ਘਰ ਵਿਚ ਰਹਿਣਾ ਵੀ ਗਲਤ ਫਹਿਮੀਆਂ ਪੈਦਾ ਕਰ ਰਿਹਾ ਹੈ।

ਆਪਣੇ ਨਾਂ (ਜਰਨੈਲ ਸਿੰਘ) ਨੂੰ ਸੱਚਾ ਰਹਿੰਦਿਆ ਇਕ ਲੰਮ-ਸਲੰਮਾ ਅਤੇ ਦਿਲ ਨੂੰ ਚੀਰ ਜਾਣ ਵਾਲੀ ਤਕਣੀ ਵਾਲਾ ਇਹ ਪਤਲਾ ਜਿਹਾ ਸੰਤ ਜਮਾਂਦਰੂ ਹੀ ਨੇਤਾ ਹੈ। ਕੇਵਲ ਪੰਜ ਸਾਲਾਂ ਦੀ ਅਰਧ-ਰਾਜਿਸੀ ਸਰਗਰਮੀ ਨਾਲ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਇਕ ਅੰਤਰ-ਰਾਸ਼ਟਰੀ ਸ਼ਖਸੀਅਤ ਬਣ ਕੇ ਉਭਰੇ ਹਨ। ਆਪ ਧਾਰਮੰਕ ਤੌਰ ਤੇ ਇਕ ਵਿਕਸਤ ਸ਼ਖਸੀਅਤ ਦੇ ਨਾਲ ਨਾਲ ਸਿੱਖਾ ਵਲੋਂ ਸਮੁੱਚੇ ਤੌਰ ਤੇ ਸਤਿਕਾਰੀ ਜਾਂਦੀ ਇਕ ਸੰਸਥਾ ਦੇ ਮੁਖੀ ਵੀ ਹਨ।


ਸੰਤ ਇਕ ਸੱਚੇ ਸੁੱਚੇ, ਤਰਕਪੂਰਨ ਅਤੇ ਸਪਸ਼ਟ ਖਿਆਲਾਂ ਵਾਲੇ ਵਿਅਕਤੀ ਹਨ। ਅਜਿਹਾ ਕੋਈ ਬਿਆਨ ਨਹੀਂ ਜਿਹੜਾਂ ਉਹਨਾਂ ਨੇ ਪਹਿਲਾਂ ਦਿਤਾ ਹੋਵੇ ਤੇ ਫਿਰ ਉਸ ਤੋਂ ਉਹ ਮੁਕਰੇ ਹੋਣ ਜਾਂ ਉਸਨੂੰ ਉਨ੍ਹਾਂ ਬਦਲਿਆ ਹੋਵੇ। ਉਹਨਾਂ ਦੇ ਸਾਰੇ ਬਿਆਨ ਅਤੇ ਵਿਖਿਆਨ ਰੀਕਾਡ ਕੀਤੇ ਗਏ ਹਨ ਪਰ ਉਹਨਾਂ ਵਿਚ ਕੋਈ

ਅਜਿਹਾ ਬਿਆਨ ਨਹੀਂ ਜਿਸ ਵਿਚ ਉਹਨਾਂ ਨੂੰ ਕੋਈ ਗੈਰ ਕਾਨੂੰਨੀ ਕੰਮ, ਵੱਖਵਾਦ ਜਾਂ ਹਿੰਸਾ ਪੈਦਾ ਕਰਨ ਦੇ ਦੋਸ਼ਾਂ ਦੇ ਜੁਵਾਬ ਦੇਣ ਲਈ ਕਿਹਾ ਗਿਆ ਹੋਵੇ ।

ਉਹਨਾਂ ਦਾ ਹਥਿਆਰ ਬੰਦ ਹੋਣਾ, ਪ੍ਰਾਚੀਨ ਆਰੀਆ ਦੀਆਂ ਅਤਿ ਚੰਗੀਆਂ ਰਿਵਾਇਤਾਂ ਅਨੁਸਾਰ ਹੈ ਕਿਉਂਕਿ ਆਰੀਆ ਲਈ ਹਥਿਆਰ ਉਹਨਾਂ ਦੀ ਸਖਸੀਅਤ ਅਤੇ ਉਹਨਾਂ ਦੇ ਵਿਕਾਰ ਅਤੇ ਸਵੈਮਾਨ ਉਤੇ ਵੱਜਣ ਵਾਲੀ ਸੱਟ ਦੀ ਰਾਖੀ ਦੇ ਨਿਸਚੇ ਦਾ ਸੂਚਕ ਹੁੰਦੇ ਸਨ । ਸੰਤ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕੀਤੀਆਂ ਰਵਾਇਤਾਂ ਨੂੰ ਅਪਣਾ ਰਹੇ ਹਨ ਜਿਹੜੇ ਕਿ ਹਥਿਆਰਾਂ ਨੂੰ ਇਕ ਅਜ਼ਾਦ ਆਦਮੀ ਦਾ ਚਿੰਨ੍ਹ ਸਮਝਦੇ ਸਨ ਅਤੇ ਅਕਾਲ ਪੁਰਖ ਦੀ ਪ੍ਰਗਟ ਸ਼ਕਤੀ ਸਮਝਕੇ ਉਨ੍ਹਾਂ ਦੀ ਪੂਜਾ ਕਰਿਆ ਕਰਦੇ ਸਨ । ਉਨ੍ਹਾਂ ਦੇ ਕਿਸੇ ਵੀ ਅਨਿਨ ਸਿੱਖ ਨੂੰ ਕਦੇ ਕਿਸੇ ਦੇ ਹਥਿਆਰਾਂ ਦੀ ਦੁਰ ਵਰਤੋਂ ਤਾਂ ਕੀ ਵਰਤੋਂ ਕਰਦਿਆਂ ਵੀ ਨਹੀਂ ਵੇਖਿਆ ਗਿਆ ਪਰ ਇਹ ਨਿਸ਼ਚਿਤ ਹੈ ਕਿ ਲੋੜ ਵੇਲੇ ਉਹ ਇਨ੍ਹਾਂ ਦੀ ਵਰਤੋਂ ਕਰਨੀ ਬੁਰੀ ਵੀ ਨਹੀਂ ਸਮਝਦੇ ।

ਭਿੰਡਰਾਂ ਵਾਲੇ ਸੰਤਾਂ ਬਾਰੇ ਜੋ ਮੱਤ ਰਖਿਆ ਜਾਣਾ ਹੈ ਉਸਦੇ ਸਹੀ ਮੁਲਅੰਕਣ ਲਈ ਪੰਜਾਬ ਵਿਚ ਪਾਏ ਜਾਂਦੇ ਮਾਨਸਿਕ ਵਾਤਾਵਰਨ ਤੋਂ ਜਾਣੂ ਹੋਣਾ ਜ਼ਰੂਰੀ ਹੈ । ਇਹ ਗੱਲ 1966 ਵਿਚ ਹੋਈ ਸਤਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਵੇਲੇ ਠੀਕ ਤਰ੍ਹਾਂ ਕਹੀ ਗਈ ਸੀ, "ਕਿ ਇਹ ਕਾਨਫਰੰਸ ਸਾਰੀ ਸਥਿਤੀ ਉਤੇ ਕੀਤੀ ਗਈ ਸੋਚ ਵਿਚਾਰ ਪਿਛੋਂ ਇਸ ਨਤੀਜੇ ਉਤੇ ਪੁਜਦੀ ਹੈ ਕਿ ਭਾਰਤ ਵਿਚ ਜਿਨ੍ਹਾਂ ਕੋਲ ਰਾਜਸੀ ਤਾਕਤ ਵਾਲੀਆਂ ਥਾਵਾਂ ਹਨ ਉਹਨਾਂ ਹਿੰਦੂਆਂ ਦਾ ਕੁਝ ਭਾਗ ਇਸ ਗੱਲ ਉਤੇ ਤੁਲਿਆ ਹੋਇਆ ਹੈ ਕਿ ਸਿੱਖਾਂ ਨੂੰ ਆਜ਼ਾਦ ਭਾਰਤ ਦੀ ਮੁਖ ਧਾਰਾ ਤੋਂ ਨਿਖੇੜਿਆ ਅਤੇ ਡੇਗਿਆ ਜਾਵੇ ।" ਇਹ ਯਾਦ ਰੱਖਣ ਵਾਲੀ ਗੱਲ ਹੈ ਕਿ—ਗੁਰੂ ਗੋਬਿੰਦ ਸਿੰਘ ਨੂੰ ਆਪਣੀ ਨਵੀਂ ਵਿਚਾਰਧਾਰਾ ਨੂੰ ਸੁਰਖਿਅਤ ਰੱਖਣ ਲਈ ਓਨੀਆਂ ਲੜਾਈਆਂ ਮੁਗਲਾਂ ਵਿਰੁਧ ਨਹੀਂ ਕਰਨੀਆਂ ਪਈਆਂ ਜਿੰਨੀਆਂ ਹਿੰਦੂਆਂ ਵਿਰੁੱਧ ।

ਲਖਪਤ ਅਠਾਰਵੀਂ ਸਦੀ ਵਿਚ ਲਾਹੌਰ ਦਾ ਇਕ ਹਿੰਦੂ ਦੀਵਾਨ ਸੀ । ਉਸ ਵੇਲੇ ਦਾ ਇਕੋ ਇਕ ਸਰਕਾਰੀ ਅਹਿਲਕਾਰ ਸੀ ਜਿਸਨੇ ਸਿੱਖਾਂ ਨੂੰ ਖਤਮ ਕਰਨ ਦੀ ਲੋਕਾਂ ਵਿਚ ਸੌਂਹ ਖਾਧੀ ਹੋਈ ਸੀ । ਉਸਨੇ ਸਿੱਖਾਂ ਦਾ ਕਤਲੇ-ਆਮ ਕੀਤਾ ਅਤੇ ਉਹਨਾਂ ਦੇ ਧਰਮ ਗ੍ਰੰਥਾਂ ਨੂੰ ਜ਼ਬਤ ਕਰ ਲਿਆ । ਸਿੱਖਾਂ ਨੇ ਆਰੀਆ ਸਮਾਜੀਆਂ ਦੀਆਂ ਸਰਗਰਮੀਆਂ ਵਿਚ ਇਸੇ ਨੀਤੀ ਦੇ ਕੁਝ ਮੂਲ ਤੱਤ ਪਛਾਣੇ ਜਿਨ੍ਹਾਂ ਦੇ ਨਤੀਜੇ ਵਜੋਂ ਪੰਜਾਬ ਦੇ ਹਿੰਦੂਆਂ ਨੇ 1951 ਅਤੇ 1961 ਦੀਆਂ ਮਰਦਮ ਸ਼ੁਮਾਰੀਆਂ



ਆਪਣੇ ਸ਼ਸ਼ਤਰਧਾਰੀ ਸਾਥੀਆਂ ਸਮੇਤ ਪਾਵਨ ਗੁਰੂ ਗਰੰਥ ਸਾਹਿਬ 'ਚੋਂ ਮਹਾਂ ਵਾਕ ਸੁਣਨਾ ਅਤੇ ਹਰਿਮੰਦਰ ਸਾਹਿਬ ਦੀ ਪਰੀਕਰਮਾ ਕਰਨਾ ਆਪ ਦੇ ਨਿਤ ਨੇਮ ਦਾ ਇਕ ਹਿੱਸਾ ਹੈ । —

ਵੇਲੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਮੰਨਣ ਤੋਂ ਇਨਕਾਰ ਕਰ ਦਿੱਤਾ। ਚਰਨ ਸਿੰਘ ਵਰਗੇ ਲੋਕਾਂ ਦੀ ਪ੍ਰੇਰਨਾ ਅਤੇ ਸਹਾਇਤਾ ਨਾਲ (ਜਿਹੜਾ ਅੱਜ ਲੋਕ ਦਲ ਦਾ ਨੇਤਾ ਹੈ) ਇਹ ਰਸੂਖ ਵਾਲਾ ਹਿੱਸਾ ਕਹਿ ਰਿਹਾ ਹੈ ਕਿ ਸਿੱਖਾਂ ਦੀ ਆਪਣੀ ਕੋਈ ਵੱਖਰੀ ਪਛਾਣ ਨਹੀਂ, ਸੱਚ ਤਾਂ ਇਹ ਹੈ ਕਿ ਇਹ ਸਾਰੀਆਂ ਸ਼ਕਤੀਆਂ ਸਿੱਖਾਂ ਦੀ ਮਾਮੂਲੀ ਜਿਹੀ ਰਾਜਸੀ ਅਤੇ ਆਰਥਿਕ ਤਰੱਕੀ ਲਈ ਕੀਤੇ ਜਾਣ ਵਾਲੇ ਕਿਸੇ ਵੀ ਜਤਨ ਦਾ ਵਿਰੋਧ ਕਰਨ ਲਈ ਇਕੱਠੀਆਂ ਹੋ ਗਈਆਂ ਹਨ।

ਵੱਖਰੀ ਪਛਾਣ ਸਿੱਖ ਮਤ ਦਾ ਬੁਨਿਆਦੀ ਲੱਛਣ ਹੈ। ਸਾਰੇ ਗੁਰੂ ਸਿੱਖ ਮਤ ਨੂੰ ਹਮੇਸ਼ਾਂ ਹੀ ਸਰਬ ਸਮਰਥ ਧਰਮ ਮੰਨਦੇ ਰਹੇ ਹਨ। ਜਿਸ ਦੇ ਮੂਲ ਉਪਦੇਸ਼ ਪ੍ਰਮਾ-ਤਮਾ ਦੀ ਸਿਧੀ ਪ੍ਰੇਰਨਾ ਵਿਚੋਂ ਹਾਸਲ ਹੁੰਦੇ ਹਨ। ਸਿੱਖ ਗੁਰੂਆਂ ਨੇ ਆਰੀਆ ਦੀ ਸੱਤਾ ਅਤੇ ਨਾਂਲ ਹੀ ਇਸਲਾਮੀ ਗ੍ਰੰਥਾ ਦੀ ਸ਼ਰ੍ਹਾ ਦਾ ਖੰਡਨ ਕੀਤਾ, ਦੇਵੀ ਦੇਵਤਿਆਂ ਨੂੰ ਨਹੀਂ ਮੰਨਿਆ, ਜਾਤ-ਪਾਤ ਅਤੇ ਕਰਮ ਕਾਂਡ ਦੀ ਨਿਖੇਧੀ ਕੀਤੀ। ਇਹ ਘੜੀ ਘੜੀ ਕਹੀ ਜਾਂਦੀ ਗੱਲ ਕਿ ਸਿੱਖ ਹਿੰਦੂਆਂ ਤੋਂ ਵੱਧ ਹੋਰ ਕੁਝ ਨਹੀਂ ਸਾਡੇ ਲਈ ਇਕ ਵੱਡੀ ਭੜਕਾਹਟ ਹੈ। ਸਿੱਖ ਮਤ ਨੂੰ ਜੋ ਭਾਰੀ ਢਾਹ ਲਗੀ ਹੋਈ ਹੈ, ਭਿੰਡਰਾਂ ਵਾਲਾ ਟਕਸਾਲ ਉਸਨੂੰ ਪ੍ਰਵਾਨ ਕਰਨ ਲਈ ਬਜਾ ਤੌਰ ਤੇ ਤਿਆਰ ਨਹੀਂ।

ਭਿੰਡਰਾਂ ਵਾਲੇ ਅਤੇ ਨਿਰੰਕਾਰੀਆਂ ਦੇ ਉਸ ਧਰਮ ਵਿਰੋਧੀ ਵਿਵਾਦ ਵਿਚਕਾਰ ਝਗੜੇ ਦਾ ਬੁਨਿਆਦੀ ਕਾਰਨ ਇਹ ਹੈ ਕਿ ਉਹ ਸਿੱਖਾਂ ਦਾ ਮੌਜੂ ਬਣਾ ਕੇ ਉਹਨਾਂ ਦੀ ਤਾਕਤ ਖਤਮ ਕਰਨਾ ਚਾਹੁੰਦਾ ਹੈ। ਇਸ ਮਾਮਲੇ ਵਿਚ ਨਿਰੰਕਾਰੀਆਂ ਨੂੰ ਸਰਕਾਰ ਦੀ ਹਮਾਇਤ ਦਾ ਪੂਰਾ-ਪੂਰਾ ਭਰੋਸਾ ਹੈ।

ਅਖਬਾਰਾਂ ਵਿਚ ਇਹ ਦੋਸ਼ ਲਾਇਆ ਗਿਆ ਹੈ ਕਿ ਨਿਰੰਕਾਰੀਆਂ ਨੂੰ ਕੇਂਦਰੀ ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਹੈ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹਨਾਂ ਨੂੰ ਪੰਜਾਬ ਦੀਆਂ ਸਿੱਖ ਵਿਰੋਧੀ ਤਾਕਤਾਂ ਦੀ ਵੀ ਹਮਾਇਤ ਪ੍ਰਾਪਤ ਹੈ। ਨਿਰੰਕਾਰੀਆਂ ਦੀਆਂ ਭਿੰਡਰਾਂ ਵਾਲੇ ਨਾਲ ਖਾਸ ਤੌਰ ਤੇ ਜ਼ਿਲ੍ਹਾ ਗੁਰਦਾਸ ਪੁਰ ਵਿਚ ਝੜਪਾਂ ਹੋ ਚੁਕੀਆਂ ਹਨ। ਇਥੇ ਇਕ ਨਿਰੰਕਾਰੀ ਅਫਸਰ ਡਿਪਟੀ ਕਮਿਸ਼ਨਰ ਦੇ ਤੌਰ ਤੇ ਵੀ ਕੰਮ ਕਰ ਚੁਕੇ ਹਨ। ਸਭ ਤੋਂ ਵੱਡਾ ਖੂਨੀ ਸਾਕਾ ਅੰਮ੍ਰਿਤਸਰ ਵਿਚ 1978 ਦੀ ਵਿਸਾਖੀ ਨੂੰ ਹੋਇਆ ਜਿਸ ਵਿਚ ਤੇਰਾਂ ਸਿੱਖ ਮਾਰੇ ਗਏ।

ਬਹੁਤ ਸਾਰੇ ਨਿਰੰਕਾਰੀਆਂ ਉਤੇ, ਜਿਨ੍ਹਾਂ ਵਿਚ ਉਹਨਾਂ ਦਾ ਮੁਖੀ ਵੀ ਸ਼ਾਮਲ ਸੀ, ਕਤਲ ਦਾ ਮੁਕੱਦਮਾ ਚਲਾਇਆ ਗਿਆ ਜਿਸ ਵਿਚੋਂ ਸਾਰੇ ਹੀ ਬਰੀ ਕਰ ਦਿਤੇ ਗਏ।



ਪੰਜਾਬ ਸਰਕਾਰ ਨੇ ਰਿਹਾਈ ਵਿਰੁਧ ਅਪੀਲ ਕਰਨ ਤੋਂ ਨਾਂਹ ਕਰ ਦਿੱਤੀ। ਇਸਨੇ ਬਰੂਦ ਨੂੰ ਅੱਗ ਲਾ ਦਿਤੀ ਅਤੇ ਪੰਜਾਬ ਵਿਚ ਸ਼ਾਇਦ ਹੀ ਕੋਈ ਦਿਨ ਹੋਵੇਗਾ ਜਿਹੜਾ ਉਸਨੇ ਅਮਨ ਵਿਚ ਗੁਜ਼ਾਰਿਆ ਹੋਵੇ। ਕੋਈ ਪੰਝੀ ਗੈਰ ਸਿੱਖ ਅਤੇ 100 ਤੋਂ ਵੱਧ ਸਿਖ ਇਹਨਾਂ ਝੜਪਾਂ ਵਿਚ ਮਾਰੇ ਜਾ ਚੁਕੇ ਹਨ।

ਨੇੜੇ ਦੇ ਇਤਿਹਾਸ ਨੂੰ ਜਾਣਨ ਵਾਲਾ ਵੀ ਇਹ ਕਿਆਸ ਕਰ ਸਕਦਾ ਸੀ ਕਿ ਸਿਖਾਂ ਵਿਚ ਇਸ ਦਾ ਪ੍ਰਤੀਕਰਮ ਕੀ ਹੋਵੇਗਾ। ਨਨਕਾਣਾ ਸਾਹਿਬ ਵਿਚ 1921 ਨੂੰ ਜਿਹਨਾਂ ਲੋਕਾਂ ਨੇ ਸਿੱਖਾਂ ਨੂੰ ਸ਼ਹੀਦ ਕੀਤਾ ਸੀ ਉਹਨਾਂ ਦੇ ਰਿਹਾ ਹੋਣ ਜਾਣ ਦਾ ਨਤੀਜਾ ਬੱਬਰ ਅਕਾਲੀ ਲਹਿਰ ਪੈਦਾ ਹੋਈ। ਅਸਲ ਗੱਲ ਤਾਂ ਇਹ ਹੈ ਕਿ ਜਦੋਂ ਵੀ ਇਨਸਾਫ ਨਹੀਂ ਮਿਲਦਾ ਸਿੱਖਾਂ ਦਾ ਪ੍ਰਮਾਣੀਕ ਪ੍ਰਤੀਕਰਮ ਹੀ ਅਤਿਵਾਦੀ ਸਰ-ਗਰਮੀਆਂ ਵਾਲਾ ਹੁੰਦਾ ਹੈ। ਵੱਡਾ ਦੋਸ਼ੀ ਨਿਰੰਕਾਰੀਆਂ ਦਾ ਬਾਬਾ ਅਤੇ ਲਾਲਾ ਜਗਤ ਨਰਾਇਣ ਜਲੰਧਰ ਦਾ ਇਕ ਪੱਤਰਕਾਰ ਉੱਘਾ ਸਿੱਖ ਵਿਰੋਧੀ ਸੀ, ਜਿਸਨੇ ਨਿਰੰ-ਕਾਰੀਆਂ ਦੇ ਮੁਕੱਦਮੇ ਵਿਚ ਮੁਖ ਰਖਿਆ ਗਵਾਹ ਦੇ ਤੌਰ ਤੇ ਗਵਾਹੀ ਦਿਤੀ ਸੀ, ਅਗੜ ਪਿਛੜ ਕਤਲ ਕਰ ਦਿਤੇ ਗਏ। ਬੌਂਦਲੇ ਹੋਏ ਸਰਕਾਰੀ ਅਧਿਕਾਰੀਆਂ ਨੇ ਤੁਰੰਤ ਸੰਤ ਜਰਨੈਲ ਸਿੰਘ ਵਲ ਉਂਗਲ ਕੀਤੀ ਅਤੇ ਉਸਨੂੰ ਇਨ੍ਹਾਂ ਕਤਲਾਂ ਦੀ ਸਾਜ਼ਿਸ ਕਰਨ ਵਾਲਾ ਕਰਾਰ ਦੇ ਦਿਤਾ ਅਤੇ ਇਸ ਤੋਂ ਪਹਿਲਾਂ ਕਿ ਮੁਜਰਮ ਪਛਾਣੇ ਜਾਂ ਫੜੇ ਜਾ ਸਕਣ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ।

ਸੰਤਾਂ ਨੂੰ ਸਬਕ ਸਿਖਾਉਣ ਲਈ ਅਸਲੋਂ ਹੀ ਗੈਰ ਕਾਨੂੰਨੀ ਕਾਰਵਾਈ ਕੀਤੀ ਗਈ। ਜਿਹੜੀ ਥਾਂ ਤੇ ਸੰਤਾਂ ਦੇ ਮਿਲਣ ਦੀ ਆਸ ਸੀ ਉਥੇ ਉਹਨਾਂ ਨੂੰ ਨਾ ਪਾ ਕੇ ਪੁਲੀਸ ਨੇ ਉਹਨਾਂ ਦੀਆਂ ਬੱਸਾਂ ਤੇ ਉਹਨਾਂ ਵਿਚ ਪਈਆਂ ਧਾਰਮਕ ਪੁਸਤਕਾਂ (ਗੁਟਕੇ ਅਤੇ ਪੰਜ ਗ੍ਰੰਥੀਆਂ) ਨੂੰ ਅੱਗ ਲਾ ਦਿੱਤੀ। ਜੇ ਕਿਤੇ ਸੰਤ ਜੀ ਉਥੇ ਮਿਲ ਜਾਂਦੇ ਤਾਂ ਉਹਨਾਂ ਨਾਲ ਕੀ ਵਾਪਰਦੀ ਇਸ ਬਾਰੇ ਹਰ ਕੋਈ ਕਿਆਸ ਕਰ ਸਕਦਾ ਹੈ।

ਉਦੋਂ ਤੋਂ ਬਹੁਤ ਸਾਰੇ ਕਥਿਤ ਦੋਸ਼ੀਆਂ ਨੂੰ ਪੁਲੀਸ ਨਾਲ ਹੋਏ ਜਾਅਲੀ ਮੁਕਾਬਲਿਆਂ ਵਿਚ ਮਾਰ ਦਿਤਾ ਗਿਆ। ਕਈਆਂ ਦੇ ਵਿਰੁੱਧ ਝੂਠੇ ਮੁਕਦਮੇ ਦਰਜ ਕੀਤੇ ਗਏ ਹਨ। ਸੰਤਾਂ ਨੂੰ ਗ੍ਰਿਫਤਾਰ ਕੀਤਾ ਗਿਆ, ਉਹਨਾਂ ਤੋਂ ਪੁਛ ਪ੍ਰਤੀਤ ਕੀਤੀ ਗਈ ਤੇ ਅਖੀਰ ਰਿਹਾ ਕਰ ਦਿੱਤਾ ਗਿਆ ਕਿਉਂਕਿ ਉਹਨਾਂ ਵਿਰੁਧ ਕੋਈ ਸਬੂਤ ਨਹੀਂ ਮਿਲ ਸਕਿਆ। ਅਧਿਕਾਰੀਆਂ ਵਲੋਂ ਗੁਰਦੁਵਾਰਿਆ ਦੀ ਬੇਹੁਰਮਤੀ ਨੂੰ ਸ਼ਹਿ


ਦੇਣ ਅਤੇ ਉਹਨਾਂ ਦੇ ਅਸਲੋਂ ਹੀ ਗੈਰ ਕਾਨੂੰਨੀ ਵਰਤ ਵਿਹਾਰ (ਖਾਸ ਤੌਰ ਤੇ ਗੁਟਕਿਆਂ ਤੇ ਪੋਥੀਆਂ ਨੂੰ ਬਿਨਾਂ ਕਿਸੇ ਕਾਰਨ ਤੋਂ ਸਾੜਨਾ ਅਤੇ ਬੇਗੁਨਾਹ ਲੋਕਾਂ ਨੂੰ ਮਾਰਨ) ਨੇ ਸੰਤ ਜਰਨੈਲ ਸਿੰਘ ਦੇ ਦਿਲ ਉਤੇ ਡਾਹਢੀ ਸੱਟ ਮਾਰੀ।

ਇਹ ਸਾਰਾ ਕੁਝ ਵੇਖ ਕੇ ਸਿਖਾਂ ਨੂੰ ਇਹ ਭਰੋਸਾ ਹੋ ਰਿਹਾ ਹੈ ਕਿ ਸਰਕਾਰ ਸੰਤ ਜਰਨੈਲ ਸਿੰਘ ਨੂੰ ਖਤਮ ਕਰਨ ਉਤੇ ਤੁਲੀ ਹੋਈ ਹੈ। ਉਹ ਆਪਣੇ ਆਪ ਦੀ ਹਦੋਂ ਵੱਧ ਰਾਖੀ ਨਹੀਂ ਕਰ ਸਕਦੇ। ਹਾਲਾਤ, ਚੌਕਸੀ ਅਤੇ ਸੁਭ ਚਿੰਤਕਾਂ ਦੀ ਲਗਾਤਾਰ ਪ੍ਰੇਰਨਾ ਨੇ ਸੰਤ ਜੀ ਨੂੰ ਮਜ਼ਬੂਰ ਕੀਤਾ ਹੈ ਕਿ ਉਹ ਆਪਣੇ ਨਾਲ ਹਥਿਆਰ ਬੰਦ ਅੰਗ ਰਖਿਅਕ ਰੱਖਣ।

ਇਸੇ ਤਰ੍ਹਾਂ ਮੌਜੂਦਾ ਸੰਵਿਧਾਨ ਦੀ ਲਗਾਤਾਰ ਅਤੇ ਪ੍ਰਤੱਖ ਉਲੰਘਣਾ ਅਤੇ ਸਥਾਪਤ ਕਾਨੂੰਨਾਂ ਦੀ ਉਲੰਘਣਾ ਸਿੱਖਾਂ ਦੀਆਂ ਸਾਰੀਆਂ ਜ਼ਰੂਰੀ ਸ਼ਕਾਇਤਾਂ ਦੇ ਮੂਲ ਕਾਰਨਾਂ ਵਲ ਇਸ਼ਾਰਾ ਕਰਦੀ ਹੈ। ਬੜੇ ਹੀ ਬਦਨਾਮ ਕੀਤੇ ਗਏ ਵੱਖਵਾਦੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਸਿੱਖਾਂ ਦੇ ਧਰਮ ਯੁੱਧ ਮਰਚੇ ਦੀ ਮੰਗ ਦੇ ਉਚਿਤ ਅਤੇ ਵਿਧਾਨਿਕ ਹੱਲ ਲਗਾਤਾਰ ਪਿਛੇ ਪਾਏ ਜਾ ਰਹੇ ਹਨ। ਸਿਖਾਂ ਨੂੰ ਪੂਰੀ ਤਰ੍ਹਾਂ ਵੱਖ ਕਰਨ, ਬੇਇਜ਼ਤ ਕਰਨ ਅਤੇ ਨਿਹਥਲ ਮਹਿਸੂਸ ਕਰਨ ਲਈ ਇਸ ਤੋਂ ਵੱਧ ਚੰਗਾ ਤਰੀਕ਼ਾ ਕੀ ਹੋ ਸਕਦਾ ਹੈ। ਸਿੱਖ ਇਕ ਕੌਮ ਹਨ ਦੇ ਸਿਧਾਂਤ ਦੀ ਸਿਖਾਂ ਵਲੋਂ ਵਿਰੋਧਤਾ ਕਰਾਉਣ ਲਈ ਸਰਕਾਰ ਦਿਨ ਰਾਤ ਇਕ ਕਰ ਰਹੀ ਹੈ।

ਇਸ ਦ੍ਰਿੜਤਾ ਨਾਲ ਕਿ ਹਿੰਦੂਆਂ ਨੇ ਮੈਦਾਨੋਂ ਨਹੀਂ ਭੱਜਣਾ। ਹਿੰਦੂ ਗਜ ਵਜ ਕੇ ਇਹ ਦਲੀਲ ਦੇ ਰਹੇ ਹਨ ਕਿ ਨਾ ਬਦਲਣ ਯੋਗ ਕਲਚਰਲ ਬਹੁ ਸੰਮਤੀ ਦਾ ਸਦੀਵਕਾਲੀ ਰਾਜਸੀ ਗਲਬਾ ਹੀ ਭਾਰਤ ਦੀ ਏਕਤਾ ਲਈ ਪਹਿਲੀ ਤੇ ਜ਼ਰੂਰੀ ਲੋੜ ਹੈ। ਇਹ ਗੈਰ ਜਮਹੂਰੀ ਪੱਖ ਬਹੁ-ਕੇਂਦਰੀ ਜਾਂ ਬਹੁ-ਭਾਂਤੀ ਸਮਾਜ ਦੇ ਸਿਧਾਂਤ ਨੂੰ ਸੱਟ ਮਾਰਦਾ ਹੈ। ਇਹ ਬਹੁ-ਭਾਂਤੀ ਸਮਾਜ ਦਾ ਸਿਧਾਂਤ ਸਿੱਖਾਂ ਦਾ ਇਕ ਬਹੁਤ ਪਿਆਰਾ ਸੁਪਨਾ ਹੈ। ਸਰ ਵਿਨਸਟਨ ਚਰਚਲ ਨੇ ਜਿਹੜੀ ਚਿਤਾਵਨੀ 12 ਸਤੰਬਰ 1946 ਨੂੰ ਹਾਊਸ ਆਫ ਕਾਮਨ ਵਿਚ ਦਿੱਤੀ ਸੀ, ਅੱਜ ਅਣਸੁਣੀ ਪਈ ਹੈ। ਉਹਨੇ ਕਿਹਾ ਸੀ ਕਿ, "ਮੈਨੂੰ ਭਰੋਸਾ ਹੈ ਕਿ ਬਹੁਮਤ ਦੇ ਆਧਾਰ ਉਤੇ ਪੱਛਮੀ ਸਭਿਅਤਾ ਦੇ ਮਾਪਦੰਡ ਨਾਲ ਮਿਣਿਆ ਅਤੇ ਸਰਕਾਰ ਦੀਆਂ ਉਹਨਾਂ ਕਾਰਵਾਈਆਂ ਅਤੇ

ਰੂਪਾਂ ਅਨੁਸਾਰ ਜਿਨ੍ਹਾਂ ਤੋਂ ਅਸੀਂ ਇਥੇ ਜਾਣੂ ਹਾਂ ਭਾਰਤ ਵਿਚ ਕਾਂਗਰਸ ਦਲ ਵਲੋਂ ਹਿੰਦੂ ਰਾਜ ਸਥਾਪਨ ਕਰਨ ਦਾ ਕੋਈ ਵੀ ਯਤਨ, ਬੜੇ ਹੀ ਮੁੱਢਲੇ ਪੜਾਅ ਉਤੇ ਭਾਰਤ ਦੀ ਏਕਤਾ ਦੇ ਸੰਕਲਪ ਲਈ ਘਾਤਕ ਸਾਬਤ ਹੋਵੇਗਾ, (ਹੈਨਸਰਡ ਜਿੰਦ 431, 23, ਪੰਨਾ 16)। ਚੂੰਚੇ ਹੁਣ ਆਪਣੇ ਖੁਡਿਆਂ ਵਲ ਆ ਰਹੇ ਹਨ।



ਬਲਦੀਆਂ ਮਿਸ਼ਾਲਾਂ ਨਾਲ ਲੈਸ ਦਲ ਖਾਲਸਾ ਵਰਕਰਾਂ ਦਾ ਇਕ ਵਿਖਾਵਾ।
(ਫੋਟੋ—ਵੀ. ਪੀ. ਕਪੂਰ)

ਸਿਧਾਂਤਕ ਤੌਰ ਤੇ ਭਿੰਡਰਾਂ ਵਾਲੇ ਟਕਸਾਲ ਧਰਮ ਦੀ ਰਖਿਆ ਲਈ ਸਿਆਸੀ ਤਾਕਤ ਹਾਸਲ ਕਰਨ ਦੇ ਵਿਰੁੱਧ ਨਹੀਂ। ਇਸ ਟਕਸਾਲ ਦੇ ਬਾਨੀ ਭਾਈ ਮਨੀ ਸਿੰਘ ਨੇ ਖਾਲਸਾ ਰਾਜ ਦੇ ਸੁਪਨੇ ਨੂੰ ਧਰਮ ਦੀ ਰਖਿਆ ਵਾਸਤੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ। ਭਾਵੇਂ ਉਹ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਸਨ ਪਰ ਉਹਨਾਂ ਨੂੰ ਸਿਖ ਸਿਆਸੀ ਸਰਗਰਮੀਆਂ ਦਾ ਵੀ ਮੁਖ ਕੰਟਰੋਲਰ ਚੁਣਿਆ ਗਿਆ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਜਥੇਦਾਰ ਬਣਾਇਆ ਗਿਆ। ਇਸ ਦੀ ਗੂੰਜ ਉਸ ਮੰਗ ਵਿਚੋਂ ਵੀ ਸੁਣੀ ਜਾ ਸਕਦੀ ਹੈ ਜਿਹੜੀ ਅੰਮ੍ਰਿਤਸਰ ਵਿਚ ਹੋਈ ਸਾਬਕ ਫੌਜੀਆਂ ਦੀ ਕੰਨਵੈਨਸ਼ਨ ਵਲੋਂ ਕੀਤੀ ਗਈ ਸੀ ਕਿ ਸੰਤ ਭਿੰਡਰਾਂ ਵਾਲਿਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਜਥੇਦਾਰ ਬਣਾਇਆ ਜਾਵੇ। ਇਹ ਗੱਲ ਮਹੱਤਵ ਹੈ ਕਿ ਮੋਰਚੇ ਦੇ ਡਿਕਟੇਟਰ ਭਾਈ ਮਨੀ ਸਿੰਘ ਜੀ ਦਾ ਪ੍ਰਸਿੱਧ ਜਨਮ ਅਸਥਾਨ ਹੈ) ਅਤੇ ਉਹ ਭਾਈ ਮਨੀ ਸਿੰਘ ਜੀ ਦੀ ਯਾਦ ਵਿਚ ਬਣੇ ਗੁਰਦੁਆਰੇ ਦੇ ਮੁਖੀ ਹਨ। ਭਾਈ ਮਨੀ ਸਿੰਘ ਜੀ। ਆਪਣੀ ਸ਼ਹੀਦੀ ਨਾਲ ਖਾਲਸੇ ਦੇ ਸੰਗਠਨ ਲਈ ਇਕ ਕੇਂਦਰ ਬਿੰਦੂ ਬਣ ਚੁਕੇ ਹਨ। ਭਾਈ ਮਨੀ ਸਿੰਘ ਜੀ ਉਨ੍ਹਾਂ ਚਿਰ ਆਰਾਮ ਨਾਲ ਨਹੀਂ ਬੈਠੇ ਜਿਨਾਂ ਚਿਰ ਸਰਬ ਸਮਰਥ ਸਿਖ ਧਰਮ ਦਾ ਉਦੇਸ਼ ਪੂਰਾ ਨਹੀਂ ਹੋ ਸਕਿਆ। ਕੀ ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਹੈ ?

ਸਿੱਖ ਗੌਰਵ ਨੂੰ ਨੀਵਾਂ ਕਰਨ ਦੇ ਲਗਾਤਾਰ ਯਤਨ ਹੋਏ ਹਨ। ਉਹਨਾਂ ਨੂੰ ਬੜੇ ਤਰੀਕੇ ਨਾਲ ਆਰਥਿਕ ਅਤੇ ਸਿਆਸੀ ਤੌਰ ਤੇ ਨਿਹਥੇ ਕੀਤਾ ਜਾ ਰਿਹਾ ਹੈ। ਸਹਿਨਸ਼ਕਤੀ ਦੀ ਇਕ ਅੰਗੂਰ ਭਰਨ ਵਾਲੀ ਛੋਹ ਅਤੇ ਪੂਰੇ ਇਨਸਾਫ ਦੀ ਲੋੜ ਹੈ। ਬਗੈਰ ਕਿਸੇ ਦਾ ਕੁਝ ਵਿਗਾੜਨ ਵਾਲੀਆਂ ਧਾਰਮਿਕ ਮੰਗਾਂ ਦੀ ਅਧ ਦਿਲੀਂ ਪ੍ਰਵਾਨਗੀ ਜਾ ਅਸੂਲ ਰਹਿਤ ਸਮੂਹਕ ਕਠਾਰਨਾਮਾ ਕੰਮ ਨਹੀਂ ਆਵੇਗਾ। ਜ਼ੋਰਦਾਰ ਬਹੁਮਤ ਨੂੰ ਖੁਰਦਬੀਨ ਘੱਟ ਗਿਣਤੀ ਅਤੇ ਤਰਕ ਰਹਿਤ ਬੇਵਿਸ਼ਵਾਸੀ ਸਦਾ ਲਈ ਛੱਡ ਦੇਣੀ ਚਾਹੀਦੀ ਹੈ। ਸਿੱਖਾਂ ਨੇ ਬਹੁਤ ਸਾਰੇ ਤੂਫਾਨਾਂ ਦਾ ਮੁਕਾਬਲਾ ਕੀਤਾ ਹੈ ਅਤੇ ਉਹ ਵਰਤਮਾਨ ਹਮਲੇ ਦਾ ਵੀ ਡੱਟ ਕੇ ਮੁਕਾਬਲਾ ਕਰਨਗੇ। ਸਿੱਖਾਂ ਦੀ ਹੋਣੀ ਨਾਲੋਂ ਕਿਤੇ ਵੱਧ ਹਿੰਦੂ ਬਹੁਮਤ ਦੀ ਰਾਜਸੀ ਸੂਝ ਬੂਝ ਦਾਉ ਉਤੇ ਹੈ।

ਅਮਰ ਖਾਲਸੇ ਦੀਆਂ ਰਵਾਇਤਾਂ ਉਤੇ ਚਲਦਿਆਂ ਸੰਤ ਭਿੰਡਰਾਂਵਾਲੇ ਅਤੇ ਉਹਨਾਂ ਦੇ ਪੈਰੋਕਾਰਾਂ ਨੇ, ਜਿਨ੍ਹਾਂ ਨੇ ਸੱਚ ਨਾਲ ਜੀਉਣ ਦਾ ਪ੍ਰਣ ਕੀਤਾ ਹੋਇਆ ਹੈ, ਘਾਟੇਵੰਦਾਂ ਸੌਦਾ ਪ੍ਰਵਾਨ ਨਹੀਂ ਕਰਨਗੇ। ਜੇ ਸੰਤ ਭਿੰਡਰਾਂ ਵਾਲੇ ਨੂੰ ਸ਼ਹੀਦ ਕਰ ਦਿੱਤਾ ਗਿਆ—ਜਿਵੇਂ ਕਿ ਉਹਨਾਂ ਨੂੰ ਸ਼ਹੀਦ ਕਰਨਾ ਜ਼ਰੂਰੀ ਜਾਪ ਰਿਹਾ ਹੈ—ਤਾਂ ਉਹਨਾਂ ਦੀ ਸ਼ਹੀਦੀ ਭਾਰਤ ਦੀ ਸਿਆਸਤ ਉਤੇ ਇਕ ਪੱਕਾ ਦਾਗ ਛੱਡ ਜਾਏਗੀ। ਇਕ ਅੰਤ ਦੀ ਸ਼ੁਰੂਆਤ ਹੋਵੇਗੀ।

---

# ਸੁੰਣੋ ਤੇ ਸਮਝੋ

# ਸੰਤ ਭਿੰਡਰਾਂ ਵਾਲਿਆਂ ਨੇ ਕੀ ਕੀ ਕਿਹਾ ?

"ਮੈਂ ਇਹਨਾਂ ਸ਼ਹੀਦੀਆਂ ਨੂੰ ਅਜਾਈਂ ਨਹੀਂ ਜਾਣ ਦਿਆਂਗਾ...ਤੇ ਭਵਿੱਖ ਵਿਚ ਅਸੀਂ ਨਿਰੰਕਾਰੀਆਂ ਨੂੰ ਜਲੂਸ ਕੱਢਣ ਦੀ ਆਗਿਆ ਨਹੀਂ ਦੇਵਾਂਗੇ ਕਿਉਂਕਿ ਨਿਰੰਕਾਰੀ ਜੁਗੋ-ਜੁਗ ਅਟੱਲ ਤੇ ਦਸ ਗੁਰੂ ਸਾਹਿਬਾਨ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਕਰਦੇ ਹਨ। ਕੋਈ ਵੀ ਸਿੱਖ ਅਜਿਹਾ ਅਪਮਾਨ ਸਹਿ ਨਹੀਂ ਸਕਦਾ।" (15-4-78 ਮੰਜੀ ਸਾਹਿਬ ਇਕ ਭਾਸ਼ਣ)

"ਨਿਰੰਕਾਰੀ ਮੁਖੀ ਗੁਰਬਚਨ ਸਿੰਘ ਵੱਲੋਂ ਹੁਕਮ ਮਿਲਦਿਆਂ ਹੀ ਇਹਨਾਂ ਦੀ ਨਕਲੀ ਫੌਜ ਦੇ ਕਮਾਂਡਰ-ਇਨ-ਚੀਫ ਪ੍ਰਤਾਪ ਸਿੰਘ ਨੇ ਗੋਲੀ ਚਲਾਈ। ਏਨਾ ਹੀ ਨਹੀਂ ਹੋਰ ਨਿਰੰਕਾਰੀ ਗੁਰਬਖਸ਼ ਸਿੰਘ ਤੇ ਨਿਰੰਜਣ ਸਿੰਘ ਆਦਿ ਵੀ ਹਮਲਾਵਰਾਂ ਨੂੰ ਉਤਸ਼ਾਹਿਤ ਕਰ ਰਹੇ ਸਨ। ਸਿੰਘਾਂ ਨੇ ਕੁਰਬਾਨੀ ਦੇ ਕੇ ਸ੍ਰੀ ਨਨਕਾਣਾ ਸਾਹਿਬ ਤੇ ਸ੍ਰੀ ਪੰਜਾ ਸਾਹਿਬ ਆਦਿ ਦੇ ਸਾਕੇ ਨੂੰ ਦੁਹਰਾਇਆ। ਨਵੇਂ ਨਰੈਣੂ ਗੁਰਬਚਨ ਸਿੰਘ ਵੱਲੋਂ ਕੀਤੀ ਜਾ ਰਹੀ ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਨੂੰ ਨਾ ਸਹਾਰਦੇ ਹੋਏ ਸਿੰਘਾਂ ਨੇ ਆਪਣੇ ਸੀਸ ਕੁਰਬਾਨ ਕੀਤੇ ਹਨ। ਦਸਮ ਪਾਤਸ਼ਾਹ ਜੀ ਨੇ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ ਪਰ ਦੰਭੀ ਗੁਰਬਚਨ ਸਿੰਘ ਨੇ ਇਸ ਦਿਨ ਸੱਤ ਸਿਤਾਰੇ ਸਾਜਣ ਦਾ ਐਲਾਨ ਕੀਤਾ ਤੇ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ. ਭਾਈ ਮਤੀ ਦਾਸ, ਭਾਈ ਦਿਆਲ ਦਾਸ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਦਿ ਗੁਰਸਿੱਖਾਂ ਦੇ ਨਾਵਾਂ 'ਤੇ ਆਪਣੇ ਚੇਲਿਆਂ ਦੇ ਨਾਂ ਰੱਖੇ ਹਨ। ਦੰਭੀ ਗੁਰਬਚਨ ਸਿੰਘ ਨੇ 'ਅਵਤਾਰ ਬਾਣੀ' ਨਾਮੀ ਪੁਸਤਕ ਵਿਚ ਲਿਖਿਆ ਹੈ ਕਿ 'ਇਹ ਮਾਲਕ ਮੀਰੀ ਪੀਰੀ ਦਾ, ਇਹ ਮਾਲਕ ਸਾਰੀ ਤਾਕਤ ਦਾ,' ਇਹ ਗੱਲਾਂ ਖਾਲਸਾ ਪੰਥ ਕਦੇ ਸਹਿਣ ਨਹੀਂ ਕਰ ਸਕਦਾ।"

(16-4-78 ਪ੍ਰੈਸ ਦੇ ਨਾਂ ਇਕ ਬਿਆਨ)

"ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਗੁਰੂ ਜਾਂ ਇਸ਼ਟ ਹਨ। ਕੋਈ

ਵੀ ਦੇਹਧਾਰੀ ਸਿੱਖਾਂ ਦਾ ਗੁਰੂ ਨਹੀਂ ਹੋ ਸਕਦਾ । ਨਿਰੰਕਾਰੀ ਗੁਰਬਚਨ ਸਿੰਘ ਵਰਗੇ ਕਈ ਵਿਅਕਤੀ ਸਿੱਖਾਂ ਨੂੰ ਚਿੜਾਉਣ ਲਈ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹਨ ।...

...ਅੰਮ੍ਰਿਤਸਰ ਵਿਚ ਹੋਈਆਂ ਸ਼ਹੀਦੀਆਂ ਸਦਕਾ ਸਿੱਖ ਕੌਮ ਜਾਗ ਪਈ ਹੈ ।

...ਗੁਰਬਾਣੀ ਦੀ ਓਟ ਲੈ ਕੇ ਗੁਰਬਾਣੀ ਦੇ ਵਿਰੁੱਧ ਬੋਲਣ ਵਾਲਿਆਂ ਨੂੰ ਮਾਫ ਨਹੀਂ ਕੀਤਾ ਜਾਏਗਾ । ਜੇਕਰ ਨਿਰੰਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਰੁੱਧ ਪਰਚਾਰ ਕਰਨੋਂ ਨਾ ਹਟੇ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ ।" ਇਸ ਤੋਂ ਇਲਾਵਾ ਇਹ ਵੀ ਕਿਹਾ ਕਿ ਨਿਰੰਕਾਰੀ ਗੁਰਬਚਨ ਸਿੰਘ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਏ ਤੇ ਪੰਜਾਬ ਅਤੇ ਕੇਂਦਰ ਸਰਕਾਰ ਸਿੱਖਾਂ ਦੇ ਜਜ਼ਬਿਆਂ ਨੂੰ ਸਮਝਣ ਦਾ ਯਤਨ ਕਰੇ । (21-4-78 ਪ੍ਰੈਸ ਦੇ ਨਾ ਇਕ ਬਿਆਨ)

"ਸਾਧ ਸੰਗਤ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਬਹਾਲ ਕਰਾਉਣ ਲਈ 13 ਸਿੰਘਾਂ ਨੇ ਸਹੀਦੀਆਂ ਦਿਤੀਆਂ ਹਨ । ਪੰਜਾਬ ਸਰਕਾਰ, ਸ੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਇਸ ਬਾਰੇ ਪ੍ਰੋਗਰਾਮ ਉਲੀਕਣਗੇ ਅਸੀਂ ਉਸ ਨੂੰ ਵੇਖਾਂਗੇ, ਪਰਖਾਂਗੇ ਤੇ ਕੋਈ ਕਦਮ ਕਾਹਲੀ ਵਿਚ ਨਹੀਂ ਚੁਕਾਂਗੇ ।"

ਨਕਲੀ ਨਿਰੰਕਾਰੀ ਆਗੂ ਨੇ ਵਿਸਾਖੀ ਵਾਲੇ ਦਿਨ ਸੱਤ ਸਿਤਾਰੇ ਸਾਜਣ ਦਾ ਐਲਾਨ ਕੀਤਾ ਸੀ । ਇਹ 'ਸ਼ਹੀਦ' ਨਿਰੰਕਾਰੀਆਂ ਨੂੰ ਸਮਝਾਉਣ ਵਾਸਤੇ ਗਏ ਸਨ, ਉਹਨਾਂ ਨਾਲ ਲੜਨ ਵਾਸਤੇ ਨਹੀਂ । ਉਹਨਾਂ ਦੀ ਕੋਈ ਵੀ ਗੋਲੀ ਉਸ ਸਮੇਂ ਹੋਏ ਇਕੱਠ ਦੇ ਕਿਸੇ ਵਿਅਕਤੀ ਨੂੰ ਨਹੀਂ ਲਗੀ । ਜਥੇ ਵਿਚ ਕੇਵਲ 150 ਸਿੰਘ ਸਨ । ਉਹਨਾਂ ਕੋਲ ਕੋਈ ਹਥਿਆਰ ਨਹੀਂ ਸਨ ।

ਸਾਡੀ ਇਹ ਪ੍ਰਤਿਗਿਆ ਹੈ ਕਿ ਅਸੀਂ ਸ਼ਹੀਦਾਂ ਦਾ ਖੂਨ ਅਜਾਈਂ ਨਹੀਂ ਜਾਣ ਦਿਆਂਗੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹਰਗਿਜ਼ ਨਹੀਂ ਸਹਾਰਾਂਗੇ ।

ਅਸੀਂ ਸਰਦਾਰ ਬਾਦਲ ਅਤੇ ਸਰਦਾਰ ਟੌਹੜਾ ਆਦਿ ਅਕਾਲੀ ਲੀਡਰਾਂ ਨਾਲ ਵਿਚਾਰਾਂ ਕੀਤੀਆਂ ਹਨ । ਅਸੀਂ ਉਹਨਾਂ ਨੂੰ ਭਰੋਸਾ ਦਿਵਾਇਆ ਹੈ ਕਿ ਕਾਹਲੀ ਵਿਚ ਕੋਈ ਕਦਮ ਨਹੀਂ ਚੁਕਾਂਗੇ । ਪਰ ਇਸਦੇ ਨਾਲ ਹੀ ਅਸੀਂ ਉਹਨਾਂ ਨੂੰ ਇਹ ਵੀ ਕਹਿ ਦਿੱਤਾ ਹੈ ਕਿ ਸਮਾਂ ਐਵੇਂ ਨਾ ਲੰਘ ਜਾਏ ।

ਅਸੀਂ ਮੰਗ ਕਰਦੇ ਹਾਂ ਕਿ ਪਖੰਡੀ ਨਿਰੰਕਾਰੀ ਮਿਸ਼ਨ ਤੇ ਪਾਬੰਦੀ ਲਾਈ ਜਾਏ, ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਉਹਨਾਂ ਦਾ ਸਾਥ ਦੇਣ ਵਾਲੇ ਵਿਅਕਤੀਆਂ ਨੂੰ ਵੀ ਮਾਫ ਨਾ ਕੀਤਾ ਜਾਏ ।



ਸੰਤ ਜੀ ਦੇ ਮੁਖਾਰ ਬਿੰਦ ਤੋਂ ਉਚਰੇ ਪਵਿਤਰ ਗੁਰਬਾਣੀ ਦੇ ਸਾਰ ਅਰਥ ਗੁਰ ਪ੍ਰੇਮੀਆਂ ਨੂੰ ਕੀਲ ਲੈਂਦੇ ਹਨ । ਆਪ ਦੇ ਉਚਰੇ ਖੋਜ ਭਰਪੂਰ ਅਰਥ ਆਪ ਦੀ ਵਿਦਵਾਨਤਾ ਦੇ ਪ੍ਰਤੀਕ ਹੁੰਦੇ ਹਨ । (ਫੋਟੋ—ਸਤਪਾਲ ਦਾਨਿਸ਼)

ਮੈਨੂੰ ਆਸ ਹੈ ਕਿ ਸੰਗਤਾਂ ਪੰਜਾਬ ਸਰਕਾਰ ਵੱਲੋਂ ਦਿਵਾਏ ਗਏ ਭਰੋਸੇ ਤੇ ਯਕੀਨ ਕਰਨਗੀਆਂ। ਫਿਰ ਵੀ ਮੈਂ ਚਿਤਾਵਨੀ ਦਿੰਦਾ ਹਾਂ ਕਿ ਜੇ ਸਰਕਾਰ ਨੇ ਸਮਾਂ ਲੈ ਕੇ ਵੀ ਕੁਝ ਨਾ ਕੀਤਾ ਤਾਂ ਅਸੀਂ ਸੰਗਤਾਂ ਤੇ ਕਾਬੂ ਨਹੀਂ ਪਾ ਸਕਾਂਗੇ।

ਗੁਰੂ ਪਿਆਰੀ ਸਾਧ ਸੰਗਤ ਜੀ, ਜਿਸ ਦਿਨ ਤੋਂ ਇਹ ਸਾਕਾ ਹੋਇਆ ਹੈ, ਮੈਂ ਆਪਣੇ ਆਪ ਨੂੰ ਮਰਿਆ ਸਮਝਦਾ ਹਾਂ, ਜੀਉਂਦਾ ਨਹੀਂ।

ਸਿਖ ਨਿਰੰਕਾਰੀ ਮਸਲੇ ਬਾਰੇ ਸਾਰੀਆਂ ਸੰਗਤਾਂ ਤੇ ਸਿੱਖ ਸੰਪਰਦਾਵਾ-ਇਕੱਠੀਆਂ ਹਨ। ਸਾਨੂੰ ਆਸ ਹੈ ਕਿ ਸਰਕਾਰ ਤੇ ਅਕਾਲੀ ਦਲ ਸਾਨੂੰ ਨਿਆਂ ਦਿਵਾਉਣਗੇ ਪਰ ਜੇਕਰ ਇਨਸਾਫ ਨਾ ਮਿਲਿਆ ਤਾਂ ਅਸੀਂ ਕੁਫਰ ਵਿਰੁੱਧ ਜਹਾਦ ਸ਼ੁਰੂ ਕਰ ਦਿਆਂਗੇ ਤੇ ਪਹਿਲੀ ਸ਼ਹੀਦੀ ਮੈਂ ਆਪ ਦਿਆਂਗਾ।"

(22-4-78 ਮੰਜੀ ਸਾਹਿਬ ਦੀਵਾਨ ਵਿਚ ਭਾਸ਼ਨ)

"ਸੰਗਤਾਂ ਪਾਸ ਮੇਰੀ ਬੇਨਤੀ ਹੈ ਕਿ ਦਿੱਲੀ 14 ਮਈ ਨੂੰ ਨਿਕਲ ਰਹੇ ਜਪ ਜਲੂਸ ਵਿਚ ਹੁਮਾ ਹੁਮਾ ਕੇ ਸ਼ਾਮਲ ਹੋਣ। ਹਰ ਪਿੰਡ ਤੋਂ ਘੱਟੋ ਘੱਟ ਇਕ ਟਰੱਕ ਜਾਂ ਬੱਸ ਜ਼ਰੂਰ ਜਾਣੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰੱਖਣ ਲਈ ਸਿੰਘਾਂ ਨੇ ਜੋ ਸ਼ਹੀਦੀਆਂ ਦਿੱਤੀਆਂ ਹਨ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਿੰਘ ਤੇ ਸਿੰਘਣੀਆਂ 14 ਮਈ ਨੂੰ ਦਿੱਲੀ ਪੁੱਜਣ ਤਾਂ ਜੋ ਦੁਨੀਆਂ ਨੂੰ ਦਸਿਆ ਜਾ ਸਕੇ ਕਿ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣ ਲਈ ਪੰਥ ਇਕਮੁੱਠ ਹੈ। (11-5-78 ਇਕ ਦਮਪਤੀ ਅਧੀਨ)

"ਸਿੱਖੀ ਦਾ ਜੋ ਅਪਮਾਨ ਕੀਤਾ ਗਿਆ ਹੈ ਉਸ ਨੂੰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।" "ਮੁਖ ਮੰਤਰੀ ਸਰਦਾਰ ਬਾਦਲ ਨੇ ਸਾਨੂੰ ਭਰੋਸਾ ਦਿੱਤਾ ਸੀ ਕਿ ਦੋਸ਼ੀ ਨਿਰੰਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਏਗੀ ਪਰ ਹਾਲਾਂ ਤਕ ਅਸੀਂ ਸੰਤੁਸ਼ਟ ਨਹੀਂ ਹੋਏ।" (14-5-78 ਦਿੱਲੀ ਵਿਚ ਭਾਸ਼ਣ)

"ਗੁਰੂ ਦੀ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਐਤਵਾਰ 20 ਅਗਸਤ ਨੂੰ ਨਿਰੰਕਾਰੀਆਂ ਦਾ ਸਤਿਸੰਗ ਨਹੀਂ ਹੋਣ ਦਿੱਤਾ ਜਾਏਗਾ। ਇਸ ਦੇ ਲਈ 20 ਅਗਸਤ ਸਵੇਰੇ ਮੰਜੀ ਸਾਹਿਬ ਤੋਂ ਮੈਂ ਅਰਦਾਸਾ ਸੋਧ ਕੇ ਚੱਲਾਂਗਾ। ਜੇ ਮੈਨੂੰ ਹਥਕੜੀਆਂ ਵੀ ਲਗ ਜਾਣ ਤਾਂ ਸਿੰਘ ਸ਼ਾਂਤ ਰਹਿਣ। ਮੇਰਾ ਕੋਈ ਜਮਾਨਤ ਨਾ ਦੇਵੇ। ਮੇਰੇ ਮਗਰ ਕੋਈ ਨਾ ਆਵੇ। ਸਰਕਾਰ ਨੇ ਕਾਨੂੰਨ ਦਾ ਰਸਤਾ ਅਪਣਾਇਆ ਹੈ, ਅਸੀਂ ਕੁਰਬਾਨੀ ਦਾ ਰਸਤਾ ਅਪਣਾਵਾਗੇ।"

(17-8-78 ਬਾਬਾ ਬਕਾਲਾ ਰਖੜ ਪੁਨਿਆ ਵਿਚ ਭਾਸ਼ਣ)



"ਸਰਕਾਰ ਨੇ ਨਿਰੰਕਾਰੀ ਭਵਨ ਬੰਦ ਕਰਨ ਦੀ ਸਾਡੀ ਮੰਗ ਮੰਨ ਲਈ ਸੀ। ਮੈਨੂੰ ਆਸ ਹੈ ਕਿ ਨਿਰੰਕਾਰੀਆਂ ਦੀਆਂ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਜ਼ਬਤ ਕਰਨ ਤੇ ਧੰਨੇ ਵਿਚ ਫੜੇ ਗਏ ਸਿੰਘਾਂ ਨੂੰ ਰਿਹਾ ਕਰਨ ਦੀ ਮੰਗ ਵੀ ਸਰਕਾਰ ਛੇਤੀ ਮੰਨ ਲਵੇਗੀ......

"ਬਾਦਲ ਸਰਕਾਰ ਸਾਡੀ ਆਪਣੀ ਬਣਾਈ ਹੋਈ ਹੈ। ਇਸ ਨੂੰ ਅਸੀਂ ਕਿਵੇਂ ਡੇਗ ਸਕਦੇ ਹਾਂ। ਅੰਮ੍ਰਿਤਸਰ ਵਿਚ ਨਿਰੰਕਾਰੀ ਭਵਨ ਦਾ ਬੰਦ ਹੋਣਾ ਤੇ ਸਤਿਸੰਗ ਨਾ ਹੋਣਾ, ਇਹ ਸਾਡੀ ਜਿੱਤ ਹੈ। ਇਹ ਰਾਜ ਭਾਗ ਆਪਣਾ ਹੈ ਤੇ ਇਸ ਨੂੰ ਕਾਇਮ ਰੱਖਣਾ ਹੈ। ਸਮੁੱਚੇ ਸਿੱਖ ਪੰਥ ਅਗੇ ਮੇਰੀ ਬੇਨਤੀ ਹੈ ਕਿ ਉਹ ਆਪਣੀ ਏਕਤਾ ਕਾਇਮ ਰਖੇ ਤੇ ਮੌਕਾ-ਪ੍ਰਸਤਾਂ ਤੋਂ ਬਚੇ......।"

"ਦਰਬਾਰ ਸਾਹਿਬ ਤੋਂ ਸਾਰੇ ਸੰਸਾਰ ਨੂੰ ਆਤਮਿਕ ਰੋਸ਼ਨੀ ਮਿਲਦੀ ਹੈ। ਸਿੱਖ ਪੰਥ ਨੇ ਹਮੇਸ਼ਾਂ ਹੀ ਹਿੰਦੂਆਂ ਦੀ ਧਾਰਮਿਕ ਪਰੰਪਰਾ ਕਾਇਮ ਰੱਖਣ ਲਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਬਣਾਈ ਰਖਣ ਲਈ ਕੁਰਬਾਨੀਆਂ ਕੀਤੀਆਂ। ਜਿਸ ਵੇਲੇ ਇਹਨਾਂ ਲੋਕਾਂ ਤੇ ਜ਼ੁਲਮ ਹੁੰਦਾ ਸੀ ਉਸ ਵੇਲੇ ਸਿੰਘਾਂ ਨੇ ਬਲੀਦਾਨ ਦੇ ਕੇ ਇਹਨਾਂ ਦੀ ਹਿਫ਼ਾਜ਼ਤ ਕੀਤੀ। ਅਸੀਂ ਹਰ ਧਰਮ ਨੂੰ ਵਧਦਾ ਫੁੱਲਦਾ ਦੇਖਣਾ ਚਾਹੁੰਦੇ ਹਾਂ ਲੇਕਿਨ ਸਿੱਖ ਪੰਥ ਤੇ ਕੋਈ ਹਮਲਾ ਕਰੇ ਤਾਂ ਅਸੀਂ ਬਿਲਕੁਲ ਬਰਦਾਸ਼ਤ ਨਹੀਂ ਕਰਾਂਗੇ......।

"ਨਿਰੰਕਾਰੀ ਭਵਨ ਇਕ ਪਖੰਡ ਅਤੇ ਅੱਯਾਸ਼ੀ ਦਾ ਅੱਡਾ ਹੈ ਜਿਥੇ ਧੀਆਂ ਭੈਣਾਂ ਦੀ ਇੱਜ਼ਤ ਨਹੀਂ ਬਚਦੀ। ਮੇਰੀ ਸਾਰੀਆਂ ਕੌਮਾਂ ਅੱਗੇ ਅਪੀਲ ਹੈ ਕਿ ਉਹ ਇਹਨਾਂ ਨਿਰੰਕਾਰੀਆਂ ਦੇ ਪਖੰਡ ਵਿਰੁੱਧ ਇਕ ਹੋ ਜਾਣ ਕਿਉਂਕਿ ਇਹਨਾਂ ਦੀ 'ਅਵਤਾਰ ਬਾਣੀ' ਵਿਚ ਸਾਰੇ ਧਰਮਾਂ ਦੀ ਵਿਰੋਧਤਾ ਕੀਤੀ ਗਈ ਹੈ।

## ਰਗੜੇ ਦੋਗਲੇ ਅਕਾਲੀਆਂ ਨੂੰ !

"ਕੁਝ ਲੋਕ ਆਖਦੇ ਹਨ ਕਿ ਸੰਤ ਭਿੰਡਰਾਂਵਾਲੇ ਕੁਰਸੀ ਦੇ ਲਾਲਚੀ ਹਨ। ਪਰ ਅਸੀਂ ਕੁਰਸੀ ਲੈਣੀ ਨਹੀਂ ਚਾਹੁੰਦੇ। ਇਹਨਾਂ ਲੋਕਾਂ ਨੂੰ ਪੰਥ ਨੇ ਰਾਜ ਭਾਗ ਲੈ ਦਿੱਤੇ ਹਨ। ਸਾਡਾ ਨਿਸ਼ਾਨਾ ਇਹਨਾਂ ਲੋਕਾਂ ਨੂੰ ਰਾਜ ਭਾਗ ਲੈ ਕੇ ਦੇਣਾ ਸੀ, ਆਪ ਰਾਜ ਕਰਨ੍ਹਾ ਨਹੀਂ। ਲੇਕਿਨ ਜੇ ਕੋਈ ਨੇਤਾ ਸਾਡੇ ਧਰਮ ਤੇ ਹਮਲਾ ਹੁੰਦਿਆਂ ਦੇਖ ਕੇ ਚੁਪ ਰਹੇ ਤਾਂ ਉਸ ਨੂੰ ਗੱਦੀ ਤੋਂ ਵੀ ਉਤਾਰ ਸਕਦੇ ਹਾਂ...।"

"ਖਾਲਸਾ ਜੀ, ਮੌਕਾਪ੍ਰਸਤ ਲੋਕਾਂ ਤੋਂ ਬਚੋ ਤੇ ਫੁੱਟ ਦਾ ਸ਼ਿਕਾਰ ਨਾ ਬਣੋ। ਪੰਥ ਵਿਚ ਏਕਤਾ ਕਾਇਮ ਰੱਖੋ। ਜਿਨ੍ਹਾਂ ਘਰਾਂ ਵਿਚ ਫੁੱਟ ਹੋਵੇ ਉਹ ਘਰ ਤਬਾਹ ਹੋ ਜਾਂਦੇ ਹਨ।" (24-9-78 ਮੰਜੀ ਸਾਹਿਬ ਵਿਚ ਇਕ ਭਾਸ਼ਣ)

"ਸਿੱਖ ਧਰਮ ਵਿਚ ਸਰਬਤ ਦਾ ਭਲਾ ਲੋਚਣ ਵਾਲਾ ਕੇਵਲ ਇਕੋ ਇਕ ਧਰਮ ਹੈ ਜਿਸ ਦੀ ਸਿਰਜਣਾ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਦੇ ਸਿਧਾਂਤ ਤੇ ਕੀਤੀ ਗਈ ਹੈ। ਪਰ ਬਦਕਿਸਮਤੀ ਦੀ ਗੱਲ ਹੈ ਕਿ ਕੁਝ ਮਨਤੀਏ ਗੁਰਸਿੱਖੀ ਦੀ ਪ੍ਰਫੁੱਲਤਾ ਨੂੰ ਨਾ ਸਹਾਰਦੇ ਹੋਏ ਈਰਖਾ ਦਾ ਸ਼ਿਕਾਰ ਹੋ ਦਸਾਂ ਸਤਿਗੁਰਾਂ ਤੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਪ੍ਰਤੀ ਮੰਦ ਭਾਸ਼ਾ ਵਰਤਦੇ ਹਨ।"

ਭਾਰਤ ਇਕ ਲੋਕ ਤੰਤਰ ਦੇਸ਼ ਹੈ। ਇਸ ਵਿਚ ਸਰਬ ਧਰਮਾਂ ਅਤੇ ਸਰਬ ਭਾਵਨਾਵਾਂ ਦੇ ਵਿਅਕਤੀਆਂ ਨੂੰ ਵਿਚਰਨ ਅਤੇ ਪੂਜਾ ਪ੍ਰਤਿਸ਼ਠਾ ਦੀ ਆਜ਼ਾਦੀ ਹੈ। ਪਰ ਕਿਸੇ ਮਨੁੱਖ ਨੂੰ ਇਹ ਅਧਿਕਾਰ ਹਾਸਿਲ ਨਹੀਂ ਕਿ ਉਹ ਦੂਸਰੇ ਧਰਮਾਂ, ਧਾਰਮਿਕ ਰਹਿਬਰਾਂ ਅਤੇ ਬਜ਼ੁਰਗਾਂ ਪ੍ਰਤੀ ਹੇਠੀ-ਜਨਕ ਸ਼ਬਦ ਵਰਤੇ। ਇਸ ਨੂੰ ਰੋਕਣਾ ਸਰਕਾਰ ਦਾ ਫਰਜ਼ ਦਾ ਹੁੰਦਾ ਹੈ ਪਰ ਬਦਕਿਸਮਤੀ ਨਾਲ ਅਜਿਹਾ ਨਹੀਂ ਕੀਤਾ ਗਿਆ।

ਨਕਲੀ ਨਿਰੰਕਾਰੀ ਮੰਡਲ ਦਿੱਲੀ ਦੇ ਮੁਖੀ ਤੇ ਉਸ ਦੇ ਚੇਲਿਆਂ ਨੇ ਇਸ ਮੰਦ ਭਾਵਨਾ ਅਤੇ ਸਿੱਖੀ ਵਿਰੋਧੀ ਰੁਚੀ ਨੂੰ ਪਰਗਟ ਕਰਦਿਆਂ 13 ਅਪ੍ਰੈਲ 1978 ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਸ਼ਾਂਤ-ਚਿਤ, ਗੁਰਬਾਣੀ ਤੇ ਕੀਰਤਨ ਦੇ ਰਸੀਏ 13 ਸਿੰਘਾਂ ਨੂੰ ਗੋਲੀ ਨਾਲ ਸ਼ਹੀਦ ਕਰ ਦਿੱਤਾ ਅਤੇ 78 ਸਿੰਘ ਜ਼ਖਮੀ ਕੀਤੇ। ਸਿੰਘਾਂ ਦਾ ਕਸੂਰ ਕੇਵਲ ਇਹ ਸੀ ਕਿ ਉਹ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਤਿਕਾਰ ਅਤੇ ਸ਼ਰਧਾ ਪਰਗਟ ਕਰ ਰਹੇ ਸਨ।

ਇਹ ਇਕੱਠ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਅਮਨ ਅਤੇ ਸ਼ਾਂਤੀ ਬਹਾਲ ਰੱਖਣ ਲਈ ਅਤੇ ਗੁਰਸਿੱਖਾਂ ਦੇ ਹਿਰਦਿਆਂ ਨੂੰ ਠਾਰਨ ਲਈ ਜ਼ਰੂਰੀ ਹੈ ਕਿ ਅੰਮ੍ਰਿਤਸਰ ਦਾ ਨਕਲੀ ਨਿਰੰਕਾਰੀਆਂ ਦਾ ਭਵਨ ਅਦਾਲਤ ਦੇ ਫੈਸਲੇ ਤਕ ਬੰਦ ਕਰ ਦਿੱਤਾ ਜਾਵੇ।

ਨਕਲੀ ਨਿਰੰਕਾਰੀਆਂ ਦੀਆਂ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁਗ ਪੁਰਸ਼' ਜਿਨ੍ਹਾਂ ਵਿਚ ਸਰਬ ਧਰਮ ਦੀ ਨਿੰਦਿਆ ਕੀਤੀ ਗਈ ਹੈ ਅਤੇ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਸਿਧਾਤਾਂ ਪ੍ਰਤੀ ਨਿੰਦਣ ਯੋਗ ਸ਼ਬਦ ਵਰਤੇ ਹਨ, ਤੁਰੰਤ ਜ਼ਬਤ ਕੀਤੀਆਂ ਜਾਣ।

ਨਕਲੀ ਨਿਰੰਕਾਰੀਆਂ ਦੇ ਕੁਸੱਤ-ਸੰਗ ਨੂੰ ਬੰਦ ਕਰਾਉਣ ਦੇ ਸਬੰਧ ਵਿਚ ਜੋ ਸਿੰਘ ਅਤੇ ਸਿੰਘਣੀਆਂ ਗ੍ਰਿਫਤਾਰ ਹੋਏ ਹਨ ਉਹਨਾਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ ਅਤੇ ਮੁਕੱਦਮੇ ਵਾਪਸ ਲਏ ਜਾਣ।" (24-9-78 ਬਾਦਲ ਨੂੰ ਇਕ ਚਿੱਠੀ)



ਸੰਤ ਭਿੰਡਰਾਂ, ਸਿੱਖਾਂ ਦੀ ਨਵੀਂ ਪੀੜ੍ਹੀ ਦੇ ਦਿਲਾਂ ਦੀ ਧੜਕਣ ਬਣ ਗਏ ਹਨ, ਸਿੱਖ ਯੁਥ ਅਕਸਰ ਆਪ ਤੋਂ ਸੇਧ ਲੈਣ ਆਉਂਦੇ ਹਨ। ਚਿਤ੍ਰ ਵਿਚ ਭਾਈ ਅਮਰੀਕ ਸਿੰਘ ਜੀ ਵੀ ਨਜ਼ਰ ਆ ਰਹੇ ਹਨ।

"ਧਰਮ ਦੇ ਮਾਮਲੇ ਤੇ ਮੈਂ ਅਕਾਲੀ ਦਲ ਦੇ ਨਾਲ ਹਾਂ ।" ਅਕਾਲੀ ਲੀਡਰ-ਸ਼ਿਪ ਨੇ ਨਿਰੰਕਾਰੀਆਂ ਦੇ ਮਾਮਲੇ ਵਿਚ ਕੁਝ ਨਹੀਂ ਕੀਤਾ । "ਅਕਾਲੀ ਦਲ ਦੇ ਜਲੂਸ ਵਿਚ ਪਰਧਾਨ ਸਰਦਾਰ ਜਗਦੇਵ ਸਿੰਘ ਤਲਵੰਡੀ ਨੂੰ ਹਾਥੀ ਤੇ ਨਹੀਂ ਸੀ ਬੈਠਣਾ ਚਾਹੀਦਾ ਸਗੋਂ ਜਲੂਸ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਚਾਹੀਦਾ ਸੀ ।" (28-10-78 ਸਰਵ ਹਿੰਦ ਅਕਾਲੀ ਕਾਨਫਰੰਸ ਲੁਧਿਆਣਾ)

"ਸਿੱਖ ਪੰਥ ਅੰਮ੍ਰਿਤਸਰ ਸ਼ਹਿਰ ਦੀਆਂ ਹੱਦਾਂ ਅੰਦਰ ਕਿਸੇ ਕਿਸਮ ਦੀਆਂ ਦੀ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਜਾਰੀ ਨਹੀਂ ਰਹਿਣ ਦੇਵੇਗਾ । ਇਸ ਗੱਲ ਦਾ ਨਿਰਣਾ 15 ਦਿਨਾਂ ਦੇ ਅੰਦਰ ਅੰਦਰ ਕਰ ਲਿਆ ਜਾਏਗਾ । ਅੰਮ੍ਰਿਤਸਰ ਸ਼ਹਿਰ ਦੀ ਪਵਿੱਤ੍ਰਤਾ ਨੂੰ ਕਾਇਮ ਰਖਣਾ ਸਿਖਾਂ ਲਈ ਹੁਣ ਜ਼ਿੰਦਗੀ ਮੌਤ ਦਾ ਸਵਾਲ ਹੈ । ਸਾਡਾ ਇਤਿਹਾਸ ਇਸ ਦਾ ਗਵਾਹ ਹੈ ਕਿ ਸਿੱਖ ਪੰਥ ਨੇ ਧਰਮ ਦੀ ਰੱਖਿਆ ਕਰਨੀ ਜਦ ਵੀ ਆਪਣੇ ਦਿਲ ਵਿਚ ਠਾਣ ਲਈ, ਉਸ ਨੂੰ ਪੂਰਾ ਕਰਨ ਲਈ ਹਰ ਤਰ੍ਹਾਂ ਦੀ ਕੁਰਬਾਨੀ ਦਿੱਤੀ । ਹਿੰਦੂ ਲੀਡਰਾਂ ਨੇ, ਖਾਸ ਕਰ ਜਨਸੰਘੀ ਲੀਡਰ ਹਰਬੰਸ ਲਾਲ ਖੰਨਾ ਨੇ 29 ਮਈ ਨੂੰ ਆਪਣੇ ਜਲੂਸ ਵਿਚ ਸਿੱਖਾਂ ਵਿਰੁੱਧ ਜੋ ਇਤਰਾਜ਼ ਯੋਗ ਨਾਅਰੇ ਲਾਏ ਸਨ, ਸਮਾਂ ਆਉਣ ਤੇ ਉਹਨਾਂ ਦਾ ਢੁਕਵਾਂ ਉੱਤਰ ਦਿੱਤਾ ਜਾਏਗਾ । ਅੱਜ ਦੇ ਜਲੂਸ ਨੂੰ ਸ਼ਾਂਤਮਈ ਰਖਣ ਲਈ ਅਸੀਂ ਪ੍ਰਤਿੱਗਿਆ ਕਰ ਚੁਕੇ ਹਾਂ ਜਿਸ ਨੂੰ ਹਰ ਕੀਮਤ ਤੇ ਪੂਰਾ ਕੀਤਾ ਜਾਏਗਾ । ਲੇਕਿਨ ਅੱਜ ਤੋਂ ਬਾਅਦ ਸਿੱਖ ਅੰਮ੍ਰਿਤਸਰ ਸ਼ਹਿਰ ਦੀ ਪਵਿੱਤ੍ਰਤਾ ਨੂੰ ਬਣਾਈ ਰੱਖਣ ਲਈ ਚੁਪ ਸਾਧ ਕੇ ਨਹੀਂ ਬੈਠਣਗੇ ।

ਜਲੂਸ ਦੇ ਰਾਹ ਵਿਚ ਕਿਸੇ ਘਰ ਤੋਂ ਜੇਕਰ ਕੋਈ ਪੱਥਰ ਮਾਰਿਆ ਜਾਂਦਾ ਹੈ ਤਦ ਵੀ ਜਲੂਸ ਵਿਚ ਸ਼ਾਮਿਲ ਸਿਖ ਸ਼ਾਂਤ ਰਹਿੰਦੇ ਹੋਏ ਸਿਰਫ਼ ਉਸ ਘਰ ਦਾ ਨਿਸ਼ਾਨ ਪਤਾ ਨੋਟ ਕਰ ਲੈਣ, ਬਾਅਦ ਵਿਚ ਅਜਿਹਾ ਪਥਰਾਓ ਕਰਨ ਵਾਲਿਆਂ ਨਾਲ ਅਸੀਂ ਸਿੱਝ ਲਵਾਂਗੇ ।

ਗੁਰੂ ਤੇਗ ਬਹਾਦਰ ਨੇ ਹਿੰਦੂਆਂ ਦੀ ਰੱਖਿਆ ਲਈ ਆਪਣਾ ਬਲੀਦਾਨ ਦਿੱਤਾ ਸੀ, ਲੇਕਿਨ ਕਿੰਨੇ ਦੁਖ ਦੀ ਗੱਲ ਹੈ ਕਿ ਅੱਜ ਹਿੰਦੂ ਵੀਰ ਇਸ ਗੁਰੂ ਦੀ ਨਗਰੀ ਨੂੰ ਪਵਿੱਤਰ ਰੱਖਣ ਲਈ ਤਿਆਰ ਨਹੀਂ ਹਨ ।"

(31-5-1981 ਮੰਜੀ ਸਾਹਿਬ ਦੇ ਜੀਵਨ ਵਿਚ ਭਾਸ਼ਣ)

"ਮੈਂ ਸਿੱਖ ਪੰਥ ਤੇ ਧਰਮ ਦੀ ਖਾਤਿਰ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹਾਂ ਲੇਕਿਨ ਅਸੀਂ ਆਪਣੀਆਂ ਧਾਰਮਿਕ ਪੁਸਤਕਾਂ ਤੇ ਧਰਮ ਗ੍ਰੰਥਾਂ ਦੀ ਬੇ-ਹੁਰਮਤੀ ਬਰਦਾਸ਼ਤ ਨਹੀਂ ਕਰ ਸਕਦੇ । ਇਸ ਸੰਕਟ ਦਾ ਟਾਕਰਾ ਕਰਨ ਲਈ ਸਿੱਖ



ਪੰਥ ਨੂੰ ਇਕ ਝੰਡੇ ਹੇਠ ਇਕੱਠੇ ਹੋ ਜਾਣਾ ਚਾਹੀਦਾ ਹੈ । ਜਦੋਂ ਮੈਂ ਲੁਧਿਆਣੇ ਪੁੱਜਾਂ ਤਾਂ ਮੇਰੇ ਕੰਨਾਂ ਵਿਚ ਇਕੋ ਇਕ ਆਵਾਜ਼ ਆਉਣੀ ਚਾਹੀਦੀ ਹੈ ਕਿ ਸਾਰਾ ਸਿੱਖ ਪੰਥ ਇਕ ਝੰਡੇ ਹੇਠ ਇਕੱਠਾ ਹੈ ।...

"ਮੈਂ ਸਿੱਖ ਪੰਥ ਦੇ ਸਭ ਨੇਤਾਵਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਇਸ ਗੱਲ ਨੂੰ ਸਪਸ਼ਟ ਕਰਨ ਕਿ ਇਹ ਮੇਰਾ ਨਿਜੀ ਮਸਲਾ ਹੈ ਜਾਂ ਸਮੂਹ ਸਿਖ ਪੰਥ ਦਾ ਹੈ । ਜੇ ਸਿੱਖ ਪੰਥ ਦਾ ਹੈ ਤਾਂ ਇਸ ਸਬੰਧੀ ਅਗਵਾਈ ਕਰਨ ਜਿਸ ਲਈ ਅਜ ਸਾਰੇ ਉਚ ਨੇਤਾ ਏਥੇ ਪੁਜੇ ਹੋਏ ਹਨ ।...

"ਮੈਂ ਆਪਣੇ ਮਿਸ਼ਨ ਵਿਚ ਸਫਲ ਹੋਣਾ ਹੈ ਤਾਂ ਜੋ ਅੱਗੇ ਤੋਂ ਕੋਈ ਸਿਖ ਧਰਮ ਹੇਠੀ ਕਰਨ ਦੀ ਜੁਰਅਤ ਨਾ ਕਰੇ । ਮੈਂ ਸਿੱਖੀ ਦੀ ਖਾਤਿਰ ਕੁਰਬਾਨੀ ਦੇਣ ਨੂੰ ਤਿਆਰ ਹਾਂ ਪਰ ਸਿਖ ਧਰਮ ਨਾਲ ਸਬੰਧਿਤ ਧਾਰਮਿਕ ਲਿਟਰੇਚਰ ਸੜਦਾ ਨਹੀਂ ਦੇਖ ਸਕਦਾ ।" (20-9-81 ਆਤਮ ਸਮਪਰਣ ਤੋਂ ਪਹਿਲਾਂ)

"ਪੁਲੀਸ ਨੇ ਅੰਮ੍ਰਿਤਸਰ ਦੀ ਨਾਕਾਬੰਦੀ ਕਰ ਦਿੱਤੀ ਹੈ ਅਤੇ ਸਿੰਘਾਂ ਨੂੰ ਆਪਣੇ ਧਰਮ ਬਾਰੇ ਗੱਲ ਕਰਨ ਤੋਂ ਰੋਕਿਆ ਜਾ ਰਿਹਾ ਹੈ । ਇਕੱਠ ਵਿਚ ਆਉਣ ਵਾਲਿਆਂ ਨੂੰ ਦਸ ਦਸ ਮੀਲ ਦੇ ਫਾਸਲੇ 'ਤੇ ਰੋਕਿਆ ਗਿਆ । ਜੰਡਿਆਲਾ ਗੁਰੂ ਦੇ ਥਾਣੇ ਵਿਚ 300 ਲੋਕਾਂ ਨੂੰ ਰੋਕਿਆ ਗਿਆ ।...

"ਰੋਜ਼ਾਨਾ 51 ਸਿੰਘਾਂ ਦੀ ਗ੍ਰਿਫਤਾਰੀ ਦੇਣ ਦਾ ਜੋ ਸਿਲਸਿੱਲਾ ਜਾਰੀ ਕੀਤਾ ਗਿਆ ਹੈ ਉਹ ਜਾਰੀ ਰਹੇਗਾ । ਸਾਡਾ ਮੋਰਚਾ ਸ਼ਾਂਤਮਈ ਰਹੇਗਾ ਤੇ ਜਿਸ ਮੰਤਵ ਲਈ ਲਾਇਆ ਜਾ ਰਿਹਾ ਹੈ ਉਹ ਪੂਰਾ ਕਰਵਾਇਆ ਜਾਏਗਾ ।...

"ਇਹ ਮੋਰਚਾ ਅੰਮ੍ਰਿਤਸਰ ਨੂੰ ਪਵਿਤਰ ਸ਼ਹਿਰ ਕਰਾਰ ਦੇਣ ਲਈ ਵੀ ਹੈ । ਬੇਸ਼ੱਕ ਮੈਨੂੰ ਸਿਰ ਦੇਣਾ ਪਵੇ ਪਰ ਇਹ ਮੋਰਚਾ ਮੁਲਤਵੀ ਨਹੀਂ ਹੋਵੇਗਾ । ਇਹ ਇਕੱਲੇ ਭਾਈ ਅਮਰੀਕ ਸਿੰਘ ਲਈ ਨਹੀਂ ਹੈ ਸਗੋਂ ਹਰ ਉਸ ਸਿੱਖ ਲਈ ਹੈ ਜਿਸ ਨੂੰ ਬਿਨਾਂ ਕਸੂਰ ਹੀ ਫੜ ਕੇ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਪੁਲਿਸ ਨੂੰ ਤਸ਼ੱਦਦ ਕਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ ।...

"ਪੰਥ ਦੀ ਚੜ੍ਹਦੀ ਕਲਾ ਲਈ ਪੰਥਕ ਲੀਡਰ ਜੋ ਵੀ ਫੈਸਲਾ ਕਰਨਗੇ ਉਹ ਸਾਨੂੰ ਪਰਵਾਨ ਹੋਵੇਗਾ । ਤੇ ਜੇ ਉਹ ਮੈਨੂੰ ਅਗਵਾਈ ਲਈ ਕਹਿਣਗੇ ਤਾਂ ਮੈਂ ਅਗੇ ਹੋ ਕੇ ਸਿਰ ਦੇਣ ਲਈ ਵੀ ਤਿਆਰ ਹਾਂ ।...

"ਕੱਲ੍ਹ ਅਕਾਲੀ ਦਲ ਦਾ ਜਨਰਲ ਸਮਾਗਮ ਹੋ ਰਿਹਾ ਹੈ । ਸਾਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਇਹ ਹੋ ਰਿਹਾ ਹੈ ।"

(25-7-82 ਮੰਜੀ ਸਾਹਿਬ ਵਿਚ ਭਾਸ਼ਣ)

"ਸਾਡਾ ਇਹ ਮੋਰਚਾ 3 ਅਗਸਤ ਤਕ ਜਾਰੀ ਰਹੇਗਾ ਤੇ ਉਸ ਤੋਂ ਪਿਛੋਂ ਅਕਾਲੀ ਦਲ (ਲੌਂਗੋਵਾਲ) ਵਲੋਂ 4 ਅਗਸਤ ਨੂੰ ਸ਼ੁਰੂ ਕੀਤੇ ਜਾਣ ਵਾਲੇ ਮੋਰਚੇ ਵਿਚ ਸ਼ਾਮਿਲ ਹੋ ਜਾਏਗਾ। 3 ਅਗਸਤ ਤਕ ਅਸੀਂ 51-51 ਸਿੰਘਾਂ ਦਾ ਜਥਾ ਗ੍ਰਿਫਤਾਰੀ ਦੇਣ ਲਈ ਭੇਜਦੇ ਰਹਾਂਗੇ।...

"ਸੰਤ ਲੌਂਗੋਵਾਲ ਵੱਲੋਂ ਹਦਾਇਤ ਮਿਲਣ ਉਪਰੰਤ ਮੈਂ ਖੁਦ ਇਕ ਜਥਾ ਲੈ ਕੇ ਸਾਂਝੇ ਮੋਰਚੇ ਵਿਚ ਗ੍ਰਿਫਤਾਰੀ ਦਿਆਂਗਾ। ਮੈਂ ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਜਥਿਆਂ ਵਿਚ ਸ਼ਾਮਿਲ ਹੋਣ ਲਈ ਭਾਰੀ ਗਿਣਤੀ ਵਿਚ ਆਪਣੇ ਨਾਂ ਲਿਖਾਉਣ।"

(26-7-82 ਮੰਜੀ ਸਾਹਿਬ ਦਾ ਜੀਵਨ)

"ਖਾਲਸਾ ਜੀ, ਆਨੰਦਪੁਰ ਸਾਹਿਬ ਦੇ ਮਤੇ 'ਤੇ ਅਮਲ ਬਿਨਾਂ ਪੰਜਾਬ ਵਿਚ ਸ਼ਾਂਤੀ ਨਹੀਂ ਹੋ ਸਕਦੀ...

"ਜਿੰਨਾਂ ਚਿਰ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ 'ਤੇ ਅਮਲ ਨਹੀਂ ਹੋ ਜਾਂਦਾ ਅਤੇ ਭਾਰਤ ਸਰਕਾਰ ਦੇਸ਼ ਦੀ ਵੰਡ ਸਮੇਂ ਸਿਖਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦਾ ਐਲਾਨ ਕਰ ਕੇ ਸਿੱਖਾਂ ਨੂੰ ਇਕ ਵੱਖਰੀ 'ਕੌਮ' ਵਜੋਂ ਤਸਲੀਮ ਨਹੀਂ ਕਰਦੀ, ਵਰਤਮਾਨ 'ਧਰਮ ਯੁੱਧ' ਮੋਰਚਾ ਓਨੀ ਦੇਰ ਜਾਰੀ ਰਹੇਗਾ।...

"ਪੰਜਾਬ ਦਾ ਦੌਰਾ ਕਰ ਕੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਫਿਰਕਾ-ਪ੍ਰਸਤੀ ਦਾ ਜੋ ਨੰਗਾ ਨਾਚ ਸ਼ੁਰੂ ਕਰ ਰਹੀ ਹੈ ਉਸ ਨਾਲ ਹੁਣ ਸਿੰਘਾਂ ਨੂੰ ਕਿਸੇ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ।...ਪ੍ਰਧਾਨ ਮੰਤਰੀ ਦੇ ਫਿਰਕਾਪ੍ਰਸਤ ਹੋਣ ਸਬੰਧੀ ਹੁਣ ਕਿਸੇ ਦੇ ਦਿਲ ਵਿਚ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ।

"ਚੰਦੋ ਕਲਾਂ ਤੇ ਹੋਰ ਥਾਵਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹੋਇਆ ਪਰ ਪ੍ਰਧਾਨ ਮੰਤਰੀ ਜਾਂ ਉਸ ਦੇ ਕਿਸੇ ਮੰਤਰੀ ਦੇ ਕੰਨ ਤੇ ਜੂੰ ਨਾ ਸਰਕੀ। ਥਾਂ ਥਾਂ ਤੇ ਬੇਗੁਨਾਹ ਸਿੰਘ ਪੁਲਸ ਨੇ ਝੂਠੇ ਮੁਕਾਬਲੇ ਬਣਾ ਕੇ ਸ਼ਹੀਦ ਕੀਤੇ। ਕਿਸੇ ਮੰਤਰੀ ਨੇ ਉਥੇ ਜਾਣ ਦੀ ਲੋੜ ਨਹੀਂ ਸਮਝੀ ਪਰ ਪਟਿਆਲੇ ਵਿਚ ਇਕ ਅਸ਼ੋਕ ਕੁਮਾਰ ਨਾਂ ਦਾ ਲਾਲਾ ਜੋ ਹਿੰਦੂ ਬਹੁਮਤੀ ਨਾਲ ਸਬੰਧਿਤ ਸੀ ਪੁਲਸ ਗੋਲੀ ਨਾਲ ਮਾਰਿਆ ਗਿਆ ਤਾਂ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਨੂੰ ਪਟਿਆਲਾ ਆਉਣਾ ਪਿਆ ਅਤੇ ਹੁਣ ਇੰਦਰਾ ਗਾਂਧੀ ਖੁਦ ਦੌੜੀ ਆਈ। ਇਸ ਨਾਲੋਂ ਫਿਰਕਾਪ੍ਰਸਤੀ ਦਾ ਵੱਡਾ ਸਬੂਤ ਕੀ ਹੋ ਸਕਦਾ ਹੈ?...

"ਅਸੀਂ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹਾਮੀ ਹਾਂ ਪਰ ਗੁਲਾਮ ਬਣ ਕੇ ਰਹਿਣ ਦੇ ਹਾਮੀ ਨਹੀਂ।...



"ਜਿੰਨਾ ਚਿਰ ਆਨੰਦਪੁਰ ਸਾਹਿਬ ਦੇ ਮਤੇ 'ਤੇ ਅਮਲ ਨਹੀਂ ਹੋ ਜਾਂਦਾ ਓਨਾ ਚਿਰ ਪੰਜਾਬ ਵਿਚ ਸ਼ਾਂਤੀ ਨਹੀਂ ਹੋ ਸਕਦੀ। ਅਤੇ ਜੇ ਸਰਕਾਰ ਸ਼ਾਂਤੀ ਕਾਇਮ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਮਤੇ ਤੇ ਅਮਲ ਕਰਨਾ ਪਵੇਗਾ।...

"ਇਹ ਇਕ ਇਤਿਹਾਸਿਕ ਸਚਾਈ ਹੈ ਕਿ ਸਿੱਖ ਇਕ 'ਵੱਖਰੀ ਕੌਮ' ਹੈ ਪਰ ਸਰਕਾਰ ਤੋਂ ਇਹ ਗੱਲ ਮਨਾਉਣ ਦੀ ਹੁਣ ਲੋੜ ਪਈ ਹੈ ਕਿਉਂਕਿ ਜੇ ਮੰਦ-ਭਾਸ਼ਾ ਬੋਲਣੀ ਹੁੰਦੀ ਹੈ ਤਾਂ ਸਿੱਖਾਂ ਦਾ ਨਾਂ ਲਿਆ ਜਾਂਦਾ ਹੈ ਅਤੇ ਜੇ ਕੁਝ ਦੇਣਾ ਹੁੰਦਾ ਹੈ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਸਿੱਖ ਹਿੰਦੂਆਂ ਦਾ ਇਕ ਹਿੱਸਾ ਹੈ। ਜੇ ਛਾਤੀ ਵਿਚ ਗੋਲੀ ਖਾਣੀ ਹੈ ਤਾਂ ਸਿੱਖ 'ਕੌਮ' ਹੈ ਪਰ ਜੇ ਪ੍ਰਾਪਤੀ ਚੋਂ ਸਿੱਖ ਹਿੱਸਾ ਮੰਗਦੇ ਹਨ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਸਿੱਖ ਹਿੰਦੂਆਂ ਦਾ 'ਅੰਗ' ਹੈ। ਮੈਂ ਪੁਛਦਾ ਹਾਂ ਕਿ ਸਿੱਖ ਵਖਰੀ ਕੌਮ ਨਹੀਂ ਤਾਂ ਦੇਸ਼ ਦੀ ਵੰਡ ਪਿਛੋਂ ਸਿੱਖਾਂ ਨੂੰ ਜੁਰਾਇਮ-ਪੇਸ਼ਾ ਕਰਾਰ ਦਿੱਤਾ ਗਿਆ ਇਹ ਕਿਉਂ ਨਹੀਂ ਕਿਹਾ ਗਿਆ ਕਿ ਹਿੰਦੂ ਜੁਰਾਇਮ ਪੇਸ਼ਾ ਹਨ? ਜੇ ਸਿੱਖ ਹਿੰਦੂਆਂ ਦਾ ਹਿੱਸਾ ਹੈ ਤਾਂ ਫਿਰ ਹਿੰਦੂ ਅੱਤਵਾਦੀ ਕਿਉਂ ਨਹੀਂ? ਸਿੱਖ ਹੀ ਇਕੱਲੇ ਕਿਉਂ?...

"ਅਸੀਂ ਸ਼ਾਂਤਮਈ ਦੇ ਹਾਮੀ ਹਾਂ ਤੇ ਇਹ ਵੀ ਚਾਹੁੰਦੇ ਹਾਂ ਕਿ ਸ਼ਾਂਤਮਈ ਰਹਿਣਾ ਚਾਹੀਦਾ ਹੈ ਲੇਕਿਨ ਅਸੀਂ ਅਜਿਹੀ ਸ਼ਾਂਤੀ ਦੇ ਹਾਮੀ ਨਹੀਂ ਹਾਂ ਕਿ ਕੋਈ ਸਿੱਖਾਂ ਦੇ ਇਸ਼ਟ ਦੀ ਬੇਅਦਬੀ ਕਰੀ ਜਾਵੇ। ਜੋ ਆਪਣੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਾਉਂਦਾ ਹੈ ਉਸ ਨੂੰ ਗੁਰੂ ਦਾ ਪੁੱਤਰ ਅਖਵਾਉਣ ਦਾ ਕੋਈ ਹੱਕ ਨਹੀਂ। ਲਾਅਨਤ ਤੇ ਧਿਕਾਰ ਹੈ ਉਸ ਦੇ ਜੀਵਨ 'ਤੇ ਜੋ ਆਪਣੇ ਇਸ਼ਟ ਦੀ ਬੇਅਦਬੀ ਸਹਿਣ ਕਰਦਾ ਹੈ।"

(29-5-83 ਮੰਜੀ ਸਾਹਿਬ)

"ਗਿਆਨੀ ਜ਼ੈਲ ਸਿੰਘ ਕਹਿੰਦਾ ਹੈ ਕਿ ਸਿੱਖ ਵੱਖਰੀ ਕੌਮ ਨਹੀਂ ਹਨ: ਪਰ ਜ਼ੈਲ ਸਿੰਘ ਦੇ ਕਹਿਣ ਨਾਲ ਸਿੱਖ 'ਹਿੰਦੂ ਕੌਮ' ਦਾ ਅੰਗ ਨਹੀਂ ਬਣ ਚੱਲੇ। ਰਾਸ਼ਟਰਪਤੀ ਭਵਨ ਵਿਚ ਬੈਠ ਕੇ ਉਹ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਭੁੱਲ ਗਿਆ ਹੈ। ਸਿੱਖ, ਗੁਰੂ ਨਾਨਕ ਦੇਵ ਜੀ ਤੋਂ ਹੀ ਵੱਖਰੀ ਕੌਮ ਚਲੀ ਆ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਉਸ ਕੌਮ ਨੂੰ 'ਪੰਜ ਕਕਾਰ' ਬਖਸ਼ ਕੇ ਉਸ 'ਤੇ ਮੋਹਰ ਹੀ ਲਾ ਦਿੱਤੀ। ਮਹਾਤਮਾ ਗਾਂਧੀ ਨੇ ਵੀ ਲਿਖਤੀ ਤੌਰ ਤੇ ਤਿਰੰਗੇ ਝੰਡੇ ਦੇ ਤਿੰਨ ਰੰਗਾਂ ਦੀ ਵਿਆਖਿਆ ਕਰਦਿਆਂ ਤਿੰਨੇ ਰੰਗ ਤਿੰਨ ਕੌਮਾਂ ਦੇ ਮੰਨੇ ਸਨ। ਕੇਸਰੀ ਰੰਗ ਸਿੱਖਾਂ ਦੀ ਵੱਖਰੀ ਕੌਮ ਹੋਣ ਦਾ ਪ੍ਰਗਟਾਵਾ ਕਰਦਾ ਹੈ। ਬਾਬਾ ਖੜਕ ਸਿੰਘ ਦੇ ਕਹਿਣ 'ਤੇ ਕੇਸਰੀ ਰੰਗ ਤਿਰੰਗੇ ਝੰਡੇ ਦੇ ਸਭ ਤੋਂ ਉਪਰ ਰੱਖਣ ਦਾ ਭਾਵ 'ਸਿੱਖ ਕੌਮ'

ਨੂੰ ਸਭ ਕੌਮਾਂ ਤੋਂ ਮਹਾਨ ਦਰਸਾਉਣਾ ਸੀ। ਪਰ ਆਜ਼ਾਦੀ ਦੀ ਪ੍ਰਾਪਤੀ ਤੋਂ ਤੁਰੰਤ ਮਗਰੋਂ ਸਿੱਖਾਂ ਨੂੰ ਜੁਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ। ਪਰ ਸਿੱਖਾਂ ਦਾ ਕੇਸਰੀ ਨਿਸ਼ਾਨ ਅੱਜ ਵੀ ਤਿਰੰਗੇ ਝੰਡੇ ਦੇ ਸਭ ਤੋਂ ਉੱਪਰ ਝੂਲ ਕੇ ਸਿੱਖਾਂ ਨੂੰ ਵੱਖਰੀ ਕੌਮ ਹੋਣ ਦਾ ਸੁਨੇਹਾ ਦੇ ਰਿਹਾ ਹੈ!' (ਸਿੱਖ ਇਕ ਵੱਖਰੀ ਕੌਮ ਬਾਰੇ)

ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਦੀ ਰਿਹਾਈ ਨਾਲ ਅਜੇ ਕੰਮ ਮੁਕਿਆ ਨਹੀਂ ਹੈ। ਵਰਤਮਾਨ ਮੋਰਚਾ ਓਨੀ ਦੇਰ ਤਕ ਜਾਰੀ ਰਹੇਗਾ, ਜਿਨ੍ਹਾਂ ਚਿਰ ਜੇਲ੍ਹਾਂ ਵਿਚ ਡਕੇ ਸਾਰੇ ਸਿੰਘ ਰਿਹਾ ਨਹੀਂ ਕਰਾ ਲੈਂਦੇ ਅਤੇ ਅਨੰਦਪੁਰ ਦੇ ਮਤੇ ਅਨੁਸਾਰ ਪੂਰੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ। ਉਹਨਾਂ ਕਿਹਾ ਹੈ ਕਿ ਹਵਾਈ ਜਹਾਜ਼ ਅਗਵਾ ਕਰਕੇ ਪਾਕਿਸਤਾਨ ਗਏ ਸਿੰਘਾਂ ਅਤੇ ਦਹੇੜੂ ਆਦਿ ਕਾਂਡਾਂ ਨਾਲ ਸਬੰਧਤ ਸਿੰਘਾਂ ਤੇ ਬਣੇ ਕੇਸ ਵੀ ਅਸਾਂ ਵਾਪਿਸ ਕਰਾਉਣੇ ਹਨ ਅਤੇ ਉਹਨਾਂ ਪੁਲਿਸ ਅਫਸਰਾਂ ਅਤੇ ਕ੍ਰਮਚਾਰੀਆਂ ਤੋਂ ਆਪਣਾ ਹੱਕ ਲੈਣਾ ਹੈ, ਜਿਹਨਾਂ ਨੇ ਬੇ-ਗੁਨਾਹ ਸਿੰਘ ਸ਼ਹੀਦ ਕੀਤੇ ਤਸੀਹੇ ਦਿੱਤੇ, ਜਾਇਦਾਦਾਂ ਦੀ ਬਰਬਾਦੀ ਕੀਤੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਪਮਾਨ ਕੀਤਾ ਹੈ।

ਸਰਕਾਰ ਨੇ ਜੇ ਸਿੱਖ ਸੰਪਰਦਾਵਾਂ ਅਤੇ ਨਿਹੰਗ ਸਿੰਘਾਂ ਦੀਆਂ ਛਾਉਣੀਆ ਆਦਿ ਖਤਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਸ ਦਾ ਮੂੰਹ ਤੋੜ ਉਤਰ ਦਿੱਤਾ ਜਾਵੇਗਾ। ਕਿਉਂਕਿ ਉਨ੍ਹਾਂ ਨੂੰ ਬੰਗਾ ਮਸਤੂਆਣਾ ਤਲਵੰਡੀ ਸਾਬੋ ਦੇ ਮੁਖੀ ਬਾਬਾ ਮਿੱਠਾ ਸਿੰਘ ਨੇ ਇਤਲਾਹ ਭੇਜੀ ਹੈ ਕਿ ਉਥੇ ਰਹਿੰਦੇ ਸਾਰੇ ਸਿੰਘਾਂ ਦੇ ਸਰਕਾਰ ਨੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ ਹਨ। ਇਕ ਪਾਸੇ ਤਾਂ ਪੁਲਿਸ ਅਧਿਕਾਰੀਆਂ ਦੇ ਰਿਸ਼ਤੇਦਾਰ ਭੁੱਲ ਬਖਸ਼ਾਉਣ ਲਈ ਲਿਲਕੜੀਆਂ ਕਢਕੇ ਫਿਰਦੇ ਹਨ ਤੇ ਦੂਜੇ ਪਾਸੇ ਸਿੰਘਾਂ ਤੇ ਤਸ਼ੱਦਦ ਕਰ ਰਹੇ ਹਨ ਇਹ ਦੋਹਰੀ ਨੀਤੀ ਉਹਨਾਂ ਨੂੰ ਛਡਣੀ ਪਵੇਗੀ।

ਦਿੱਲੀ ਤੋਂ ਅੰਮ੍ਰਿਤਸਰ ਆ ਰਹੇ ਨਰਕਧਾਰੀਆਂ ਦੇ ਜਥੇ ਨਾਲ ਸ੍ਰੀ ਅਕਾਲ ਤਖਤ ਤੋਂ ਜਾਰੀ ਹੋਏ ਹੁਕਮਨਾਮੇ ਅਨੁਸਾਰ ਸਲੂਕ ਕਰਨ ਲਈ ਤਤਪਰ ਹੋ ਜਾਓ ਇਉਂ ਜਾਪਦਾ ਹੈ ਕਿ ਨਰਕਧਾਰੀ ਸਰਕਾਰ ਦੀ ਚੁਕ 'ਚ ਆ ਕੇ ਆਪਣੇ ਬਾਬੇ ਗੁਰਬਚਨ ਸਿੰਘ ਪਾਸ ਜਾਣਾ ਚਾਹੁੰਦੇ ਹਨ। ਸਾਡਾ ਕਿਸੇ ਨਾਲ ਕੋਈ ਵੈਰ ਨਹੀਂ ਹੈ ਪਰ ਜੇ ਕਿਸੇ ਗੁਰੂ ਨਿੰਦਕ ਨੇ ਇਸ ਪਵਿੱਤਰ ਧਰਤੀ ਤੇ ਪੈਰ ਰੱਖਣ ਦਾ ਯਤਨ ਕੀਤਾ ਤਾਂ ਸਿੱਖ ਸੰਗਤ ਉਸ ਨਾਲ ਉਸੇ ਤਰ੍ਹਾਂ ਪੇਸ਼ ਆਵੇਗੀ ਜਿਵੇਂ ਗੁਰੂ ਨਿੰਦਕ ਨਾਲ ਪੇਸ਼ ਆਉਣਾ ਚਾਹੀਦਾ ਹੈ। (ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਦੀ ਰਿਹਾਈ ਦੇ ਸਨਮਾਨ ਸਮਾਰੋਹ ਵੇਲੇ 7-8-83)



ਅਨੰਦਪੁਰ ਦੇ ਮਤੇ, ਸਿੱਖ ਪਰਸਨਲ ਲਾਅ ਅਤੇ ਸਿੱਖ ਇਕ ਵੱਖਰੀ ਕੌਮ ਦੀ ਮੰਗ ਮੰਨਵਾਏ ਬਿਨਾਂ ਅਕਾਲੀ ਮੋਰਚਾ ਖਤਮ ਨਹੀਂ ਹੋਵੇਗਾ। ਇਸ ਸਬੰਧ ਵਿਚ ਲਿਖਤੀ ਸਮਝੌਤਾ ਹੀ ਪ੍ਰਵਾਨ ਕੀਤਾ ਜਾਵੇਗਾ ਅਤੇ ਜੇਕਰ ਇਸ ਸਮਝੌਤੇ ਵਿਚ ਕੋਈ ਕਮੀ ਹੋਈ ਤਾਂ ਉਹ ਸੰਗਤਾਂ ਦੇ ਧਿਆਨ ਵਿਚ ਲਿਆਉਣਗੇ। ਉਸ ਤੋਂ ਪਿਛੋਂ ਲੀਡਰਾਂ ਨੂੰ ਸਿੱਧੇ ਰਾਹ ਤੇ ਲਿਆਉਣਾ ਸੰਗਤਾਂ ਦਾ ਕੰਮ ਹੈ।

ਸੰਗਤਾਂ ਨੂੰ ਚਾਹੀਦਾ ਹੈ ਕਿ ਉਹ ਕਾਹਲੀਆਂ ਨਾ ਪੈਣ ਜਿਸ ਚਾਲੇ ਅਕਾਲੀ ਮੋਰਚਾ ਚਲਦਾ ਹੈ, ਇਸਨੂੰ ਚਲਣ ਦੇਣ ਜਦ ਇਹ ਬੰਦ ਹੋਵੇਗਾ ਤਾਂ ਫਿਰ ਵੇਖੀ ਜਾਵੇਗੀ। ਸਾਡਾ ਹਿੰਦੂ ਫਿਰਕਾਪ੍ਰਸਤਾਂ ਨਾਲ ਕੋਈ ਨੋਹ ਮਾਸ ਦਾ ਰਿਸ਼ਤਾ ਨਹੀਂ। ਅੱਜ ਪੰਥਕ ਏਕਤਾ ਬਹੁਤ ਜ਼ਰੂਰੀ ਹੈ। ਸਿੱਖ ਨੇਤਾਵਾਂ ਨੂੰ ਚਾਹੀਦਾ ਹੈ ਕਿ ਉਹ ਅੰਦਰ ਬੈਠ ਕੇ ਆਪਣੇ ਮਤਭੇਦ ਦੂਰ ਕਰਨ। ਜਨਤਾ ਵਿਚ ਆਪਣੇ ਮਤਭੇਦ ਪ੍ਰਗਟ ਕਰਨ। ਕਿ ਸੰਗਤਾਂ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਅਸੀਂ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਤਕ ਹੀ ਸੀਮਤ ਹਾਂ। ਇਸ ਤੋਂ ਅੱਗੇ ਵੀ ਜਾਇਆ ਜਾ ਸਕਦਾ ਹੈ। ਇਸ ਲਈ ਸਿੱਖਾਂ 'ਚ ਏਕਤਾ ਤੇ ਸ਼ਕਤੀ ਦੀ ਲੋੜ ਹੈ ਜਦ ਇਹ ਗੱਲ ਹੋ ਜਾਵੇਗੀ ਤਾਂ ਸ੍ਰੀਮਤੀ ਇੰਦਰਾ ਗਾਂਧੀ ਖੁਦ ਅੰਮ੍ਰਿਤਸਰ ਚਲਕੇ ਆਉਣਗੇ।

ਸਿੱਖਾਂ ਨੂੰ ਕੇਂਦਰੀ ਸਰਕਾਰ ਦੀ ਤਾਕਤ ਤੋਂ ਡਰਨਾ ਨਹੀਂ ਚਾਹੀਦਾ, ਇਹ ਸ਼ਕਤੀ ਸਿੱਖਾਂ ਨੂੰ ਦਬਾਅ ਨਹੀਂ ਸਕਦੀ। ਸਾਨੂੰ ਬਤੌਰ ਕੌਮ ਆਪਣੇ ਹਿਤਾਂ ਲਈ ਲੜਨ ਦਾ ਹੱਕ ਹੈ। (ਸ਼ੁਧ ਸਿੱਖਾਂ ਦੀ ਕਨਵੈਨਸ਼ 4-9-83)

ਇਸ਼ਟ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਹੁਣ ਕਰਨ ਵਾਲਿਆਂ, ਸਿੱਖਾਂ ਬੀਬੀਆਂ ਦੀ ਬੇਪਤੀ ਕਰਨ ਵਾਲਿਆਂ ਅਤੇ ਸਿੱਖ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਹੁਕਮਰਾਨਾਂ ਅਤੇ ਉਨ੍ਹਾਂ ਦੇ ਹਿਮਾਇਤੀਆਂ ਨਾਲ ਸਿਧੇ ਹਥੀਂ ਨਜਿੱਠਣ ਲਈ ਯੋਗ ਸਮਾਂ ਆ ਗਿਆ ਹੈ।

ਉਪਰੋਕਤ ਕਾਰਜਾਂ ਦੀ ਪੂਰਤੀ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਮੋਹਰਲੀਆਂ ਕਤਾਰਾਂ ਵਿਚ ਹੋ ਕੇ ਲੜ ਰਹੀ ਹੈ।

ਇੰਦੌਰ ਵਿਚ ਸਰਕਾਰ ਨੇ ਆਪਣੀ ਜ਼ਾਲਮ ਪੁਲੀਸ ਪਾਸੋਂ ਸਿੱਖਾਂ ਉਪਰ ਜੋ ਅੰਨ੍ਹਾ ਤਸ਼ੱਦਦ ਕਰਾਇਆ ਹੈ ਉਹ ਅਸਹਿ ਤੇ ਅਕਹਿ ਹੈ। ਸਿੱਖ ਕੌਮ ਲਈ ਸਭ ਤੋਂ ਪਹਿਲਾਂ ਤੇ ਸਰਵੋਤਮ ਸ੍ਰੀ ਗੁਰੂ ਗਰੰਥ ਸਾਹਿਬ ਦਾ ਹੈ। ਉਨ੍ਹਾਂ ਹੀ ਪਵਿਤਰ ਗੁਰਧਾਮ ਹੈ।


ਇੰਦੌਰ ਵਿਚ ਸਰਕਾਰ ਨੇ ਗੁਰਦੁਆਰੇ ਅਤੇ ਸਿੱਖਾਂ ਦੀ ਬੇਅਦਬੀ ਕਰਕੇ ਸਿੱਖ ਕੌਮ ਨੂੰ ਇਕ ਬਹੁਤ ਵੱਡਾ ਚੈਲੰਜ ਕੀਤਾ ਹੈ। ਇਸ ਲਈ ਇੰਦੌਪ ਦੇ ਸਿੱਖਾਂ ਨੂੰ ਇਹ ਬਿਲਕੁਲ ਮਹਿਸੂਸ ਨਹੀ ਕਰਨਾ ਚਾਹੀਦਾ ਕਿ ਉਹ ਇਕੱਲੇ ਹਨ। ਸਾਰਾ ਸਿੱਖ ਜਗਤ ਉਨ੍ਹਾਂ ਦੇ ਅੰਗ ਸੰਗ ਹੈ। (ਪ੍ਰੈਸ ਦੇ ਨਾਂ ਇਕ ਬਿਆਨ 14-9-83)

ਮੈਂ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੂੰ ਚੈਲਿੰਜ ਕਰਦੇ ਹਾਂ, ਕਿ ਜੇ ਉਹ ਸਾਬਤ ਕਰ ਦੇਵੇ ਕਿ ਹਿਟ ਲਿਸਟ ਮੈਂ ਬਣਾਈ ਹੈ ਜੋ ਉਹ ਮੇਰੇ ਦਸਖਤਾਂ ਨਾਲ ਜਾਰੀ ਹੋਈ ਹੋਵੇ ਤਾਂ ਉਹ ਗੁਰੂ ਨਾਨਕ ਨਿਵਾਸ ਛੱਡ ਜਾਣਗੇ ਤੇ ਜੇ ਉਹ ਸਾਬਤ ਨਾ ਕਰ ਸਕੀ ਤਾਂ ਫਿਰ ਉਹਨਾਂ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣਾ ਹੋਵੇਗਾ। ਬਿਨਾਂ ਕਿਸੇ ਸਚੇ ਅਧਾਰ ਜਾਂ ਸਚਾਈ ਦੇ ਪ੍ਰਧਾਨ ਮੰਤਰੀ ਨੂੰ ਬਿਆਨ ਨਹੀਂ ਸੀ ਦੇਣਾ ਚਾਹੀਦਾ। ਫਿਰਕੂ ਮਹਾਸ਼ਿਆਂ ਦਾ ਅਸਰ ਮੰਨ ਕੇ ਉਨ੍ਹਾਂ ਤੇ ਦੋਸ਼ ਨਹੀਂ ਸੀ ਲਾਉਣਾ ਚਾਹੀਦਾ। ਪ੍ਰਧਾਨ ਮੰਤਰੀ ਨੇ ਜੋ ਇਹ ਕਿਹਾ ਹੈ ਕਿ ਉਨ੍ਹਾਂ ਨੂੰ ਕੁਝ ਅਖਬਾਰ ਵਾਲਿਆਂ ਤੇ ਕੁਝ ਹੋਰ ਬੰਦਿਆਂ ਨੇ ਦਸਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਚ ਹਥਿਆਰ ਲੈ ਕੇ ਜੋ ਲੋਕ ਘੁੰਮਦੇ ਹਨ ਤੇ ਗੁਰੂ ਨਾਨਕ ਨਿਵਾਸ ਵਿਚ ਅਜੇ ਬੰਦੇ ਲੁਕੇ ਹੋਏ ਹਨ ਉਹ ਬਿਆਨ ਵੀ ਹਾਸੋਹੀਣਾ ਹੈ। ਪ੍ਰਧਾਨ ਮੰਤਰੀ ਦੂਸਰਿਆ ਦਾ ਨਾਓਂ ਕਿਉਂ ਲੈਂਦੇ ਹਨ ਸਿਧੇ ਕਿਉਂ ਨਹੀਂ ਕਹਿੰਦੇ ਕਿ ਸਰਕਾਰ ਨੂੰ ਇਹ ਪਤਾ ਹੈ ਜਾਂ ਸਰਕਾਰ ਕੋਲ ਇਸ ਬਾਰੇ ਸਬੂਤ ਹਨ। ਪ੍ਰਧਾਨ ਮੰਤਰੀ ਦਾ ਇਹ ਕਹਿਣਾ ਵੀ ਗ਼ਲਤ ਹੈ ਕਿ ਉਹ ਹਿੰਦੂ ਸਿੱਖਾਂ ਵਿਚ ਕੋਈ ਫਰਕ ਨਹੀਂ ਸਮਝਦੇ। ਏਨੇ ਸਿੱਖ ਗੋਲੀਆਂ ਨਾਲ ਸ਼ਹੀਦ ਹੋਏ ਪਰ ਪ੍ਰਧਾਨ ਮੰਤਰੀ ਨੇ ਇਕ ਵੀ ਲਫਜ਼ ਮੂੰਹ ਵਿਚੋਂ ਨਹੀਂ ਕਢਿਆ, ਜਦੋਂ ਕਿ 6 ਹਿੰਦੂਆਂ ਦੇ ਮਰਨ ਤੇ ਉਸਨੇ ਸਰਕਾਰ ਬਦਲ ਕੇ ਰੱਖ ਦਿੱਤੀ। ਚੌਕ ਮਹਿਤਾ ਜਾਂਚ ਰਿਪੋਰਟ ਅਜੇ ਤਕ ਰਲੀਜ਼ ਨਹੀਂ ਕੀਤੀ। ਗੰਗਾ ਨਗਰ ਦੇ ਸਿੱਖਾਂ ਨੂੰ ਘਬਰਾਉਣਾ ਨਹੀਂ ਚਾਹੀਦਾ ਸਾਰਾ ਪੰਥ ਉਹਨਾਂ ਦੇ ਨਾਲ ਹੈ ਉਹਨਾਂ ਨੂੰ ਵਿਰੋਧੀ ਪਰਚਾਰ ਤੇ ਗੁਮਰਾਹ ਨਹੀਂ ਹੋਣਾ ਜਾਹੀਦਾ। (16-10-83)

ਸਿੱਖ ਸੰਗਤਾਂ ਸਿੱਖੀ 'ਤੇ ਹੋਏ ਹਮਲੇ ਦਾ ਮੂੰਹ ਤੋੜ ਉੱਤਰ ਦੇਣ ਲਈ ਮੰਦਾਨ ਵਿਚ ਆ ਜਾਣ। ਕਿਉਂਕਿ ਜਿਹੜੇ ਨੌਜੁਆਨ ਸਿੱਖੀ ਦੀ ਗਲ ਕਰਦੇ ਹਨ। ਸਰਕਾਰ ਉਹਨਾਂ ਨੂੰ ਝੂਠੇ ਪੁਲਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਰਹੀ ਹੈ। ਪਰ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਸ ਦੀ ਇਹ ਡਰਾਉਣ ਧਮਕਾਣ ਵਾਲੀ ਨੀਤੀ ਸਿੱਖਾਂ ਨੂੰ ਦਬਾਅ ਨਹੀਂ ਸਕਦੀ ਅਤੇ ਉਸ ਨੂੰ ਸਿੱਖ ਕੌਮ ਦੇ ਹੱਕ ਦੇਣੇ ਹੀ ਪੈਣਗੇ। ਸਰਕਾਰ ਦੇ ਇਰਾਦੇ ਸਾਫ ਨਹੀਂ ਅਤੇ ਉਹ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤ੍ਰਤਾ



ਭੰਗ ਕਰਨ ਦੇ ਮਨਸੂਬੇ ਬਣਾ ਰਹੀ ਹੈ ਇਸ ਲਈ ਸਿੱਖ ਸੰਗਤਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਜਦੋਂ ਵੀ ਕੰਨੀ ਇਹ ਗੱਲ ਪਵੇ ਕਿ ਪੁਲਿਸ ਜਾਂ ਫੌਜ ਸ੍ਰੀ ਹਰਿ-ਮੰਦਰ ਸਾਹਿਬ ਦੀ ਹਦੂਦ ਅੰਦਰ ਦਾਖਲ ਹੋਈ ਹੈ ਉਸੇ ਵੇਲੇ ਉਹ ਆਪਣਾ ਹੱਕ ਲੈਣ ਲਈ ਕਾਰਵਾਈ ਸ਼ੁਰੂ ਕਰ ਦੇਣ। ਜਿੰਨਾ ਚਿਰ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਤੇ ਅਮਲ ਨਹੀਂ ਹੋ ਜਾਂਦਾ, ਸਿੱਖਾਂ ਨੂੰ ਇਕ ਵੱਖਰੀ ਕੌਮ ਦਾ ਦਰਜਾ ਨਹੀਂ ਦਿੱਤਾ ਜਾਂਦਾ ਅਤੇ ਦੇਸ਼ ਦੀ ਵੰਡ ਸਮੇਂ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਜਾਂਦੇ, ਓਨਾ ਚਿਰ ਵਰਤ-ਮਾਨ ਧਰਮ ਯੁਧ ਮੋਰਚਾ ਮੁਲਤਵੀ ਕਰਨ ਦਾ ਜਾਂ ਖਤਮ ਕਰਨ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। (4-11-83 ਦੀਵਾਲੀ ਦੇ ਦੀਵਾਨ ਵਿਚ)



ਲਾਲਾ ਕਤਲ ਕਾਂਡ ਦੇ ਕਥਤ ਦੋਸ਼ 'ਚ ਸੰਤ ਭਿੰਡਰਾਂ ਨੇ ਜਦ ਮਹਿਤਾ ਚੌਂਕ 'ਚ ਗ੍ਰਿਫਤਾਰੀ ਦੇਣ ਸਮੇਂ ਸਟੇਜ ਤੋਂ 5 ਲੱਖ ਸਿੰਘਾਂ ਦੇ ਸਰਗਰਮ ਇਕੱਠ ਨੂੰ ਸੰਬੋਧਨ ਕਰਦੇ ਕਿਹਾ, 'ਜੋ ਸਿੰਘ ਪੁਲਿਸ ਨੂੰ ਢੀਮ ਮਾਰੇਗਾ ਉਹ ਮੇਰੀ ਹਿੱਕ 'ਤੇ ਵੱਜੇਗੀ।' ਸ਼ਾਂਤਮਈ ਗ੍ਰਿਫਤਾਰੀ ਦਾ ਇਕ ਲਾਸਾਨੀ ਨਮੂਨਾ। ਏਸੇ ਇਤਿਹਾਸਕ ਸਟੇਜ ਉਤੇ ਰੁਸੇ ਹੋਏ ਸਾਰੇ ਅਕਾਲੀ ਲੀਡਰ ਇਕੱਠੇ ਹੋ ਗਏ ਸਨ। (ਫੋਟੋ —ਸਤਪਾਲ ਦਾਨਿਸ਼)



# ਇਕ ਦੁਖਾਂਤਿਕ ਕਹਾਣੀ
# ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼
# ਤੋਂ
# ਗੁਰੂ ਨਾਨਕ ਨਿਵਾਸ ਤੱਕ
# ਕਾਤਲ ਕੋਈ ਦੋਸ਼ੀ ਕੋਈ

□ ਬਬੇਕ *ਸਿੰਘ* 'ਖਾਲਸਾ'

ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਦਾ ਹੁਣ ਕੇਂਦਰੀ ਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਜਿਲ੍ਹਾ ਅਮ੍ਰਿਤਸਰ ਬਣ ਚੁੱਕਿਆ ਹੈ। ਅਜ ਕਲ੍ਹ ਆਪ ਗੁਰੂ ਨਾਨਕ ਨਿਵਾਸ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਨਿਵਾਸ ਰਖਦੇ ਹਨ। ਚੌਂਕ ਮਹਿਤਾ ਤੋਂ ਅੰਮ੍ਰਿਤਸਰ ਥੋੜੇ ਜਿਹੇ ਮੀਲਾਂ ਦੀ ਵਿਥ ਤੇ ਹੈ ਪਰ ਸੰਤ ਜਰਨੈਲ ਸਿੰਘ ਜੀ ਦੀ ਚੌਂਕ ਮਹਿਤਾ ਤੋਂ ਗੁਰੂ ਨਾਨਕ ਨਿਵਾਸ ਪੁਜਣ ਦੀ ਵਿਥਿਆ ਵਿਚ ਇਕ ਅਜੇਹਾ ਦੁਖਦਾਈ ਇਤਿਹਾਸ ਲੁਕਿਆ ਪਿਆ ਹੈ ਜਿਸ ਤੋਂ ਆਪਣੇ ਪਾਠਕਾਂ ਨੂੰ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ।

ਸਿਖ-ਨਿਰੰਕਾਰੀ ਸਾਕੇ ਅਪ੍ਰੈਲ 1978 ਪਿਛੋਂ ਵੀ ਜਲੰਧਰ ਦੀ ਗੈਰ-ਸਿਖ ਪ੍ਰੈਸ ਨੇ ਆਪਣੀ ਪੁਰਾਣੀ ਤੰਗ ਨੀਤੀ ਅਨੁਸਾਰ ਨਿਰੰਕਾਰੀਆਂ ਦੀ ਪਿੱਠ ਠੋਕੀ ਅਤੇ ਅਸਲੀਅਤ ਲੱਭਣ ਦੀ ਬਜਾਏ ਸਿਖਾਂ ਨੂੰ ਦੋਸ਼ੀ ਠਹਿਰਾਉਣਾ ਆਰੰਭ ਕਰ ਦਿੱਤਾ ਜਿਹਨਾਂ ਦਾ ਦੋਸ਼ ਹੌਲੀ-ਹੌਲੀ ਸੰਤ ਭਿੰਡਰਾਂ ਵਾਲੇ ਨਾਲ ਹੀ ਸਬੰਧਿਤ ਕਰ ਦਿੱਤਾ ਗਿਆ। ਅਪ੍ਰੈਲ 1980 ਵਿਚ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਕੇਸ ਵਿਚ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਦਾ ਨਾਂ ਆਉਣ ਤੇ ਗੈਰ-ਸਿਖ ਪ੍ਰੈਸ ਨੇ ਅਜਿਹਾ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ ਸੰਤ ਜਰਨੈਲ ਸਿੰਘ ਨੇ ਹੀ

ਗੁਰਬਚਨ ਸਿੰਘ ਦਾ ਕਤਲ ਕਰਵਾਇਆ ਸੀ, ਹਾਲਾਂਕਿ ਕੇਂਦਰੀ ਗ੍ਰਹਿ ਮੰਤ੍ਰੀ ਵਜੋਂ ਗਿਆਨੀ ਜ਼ੈਲ ਸਿੰਘ ਪਾਰਲੀਮੈਂਟ ਵਿਚ ਵਾਰ ਵਾਰ ਦੁਹਰਾ ਰਹੇ ਸਨ ਕਿ ਸੰਤ ਜਰਨੈਲ ਸਿੰਘ ਅਤੇ ਗੁਰਬਚਨ ਸਿੰਘ ਦੇ ਕਤਲ ਵਿਚਕਾਰ ਸਬੰਧ ਸਥਾਪਿਤ ਨਹੀਂ ਕੀਤਾ ਜਾ ਸਕਿਆ। ਲਾਲਾ ਜਗਤ ਨਰਾਇਣ ਨੇ ਆਪਣੀਆਂ ਅਖਬਾਰਾਂ ਅਤੇ ਤਕਰੀਰਾਂ ਰਾਹੀਂ ਨਾ ਕੇਵਲ ਸਿਖ-ਨਿਰੰਕਾਰੀ ਸਾਕੇ ਦੌਰਾਨ ਨਿਰੰਕਾਰੀਆਂ ਦੀ ਪਿੱਠ ਹੀ ਠੋਕੀ ਸੀ, ਸਗੋਂ ਉਪਰੋਕਤ ਸਾਕੇ ਸਬੰਧੀ ਚੱਲੇ ਕਰਨਾਲ ਕੇਸ ਵਿਚ ਗੁਆਹੀ ਵੀ ਦਿੱਤੀ ਸੀ ਜੋ ਦੋਸ਼ੀਆਂ ਨੂੰ ਬਰੀ ਕਰੌਣ ਵਿਚ ਸਹਾਈ ਵੀ ਹੋਈ। ਇਸ ਤੋਂ ਛੁੱਟ ਲਾਲਾ ਜਗਤ ਨਰਾਇਣ ਨੇ ਮਾਰਚ-ਅਪ੍ਰੈਲ 1981 ਦੌਰਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਵਰਗੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਉਨ੍ਹਾਂ ਦੀ ਖਾਲਿਸਤਾਨੀ ਨੇਤਾ ਡਾ: ਜਗਜੀਤ ਸਿੰਘ ਨਾਲ ਅਮਰੀਕਾ ਵਿਚ ਮਿਲਣੀ ਦੀ ਸੰਦੇਹ ਭਰੀ ਸੂਚਨਾ ਦੇ ਆਧਾਰ ਤੇ 'ਦੇਸ਼ ਦਾ ਗੱਦਾਰ' ਗਰਦਾਨਿਆ ਗਿਆ ਸੀ। ਲਾਲਾ ਜਗਤ ਨਾਰਾਇਣ ਦੀਆਂ ਭੜਕਾਊ ਲਿਖਤਾਂ ਨਾਲ ਸਿਖ ਹਿਰਦਿਆਂ ਨੂੰ ਠੇਸ ਪੁੱਜੀ ਸੀ। ਮਈ 1981 ਵਿਚ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੀਆਂ ਗਈਆਂ ਮੀਟਿੰਗਾਂ ਵਿਚ ਹਿੰਦੂ ਪ੍ਰਤੀਨਿਧਾਂ ਦੇ ਵਿਵਹਾਰ ਨੂੰ ਵੀ ਲਾਲਾ ਜਗਤ ਨਾਰਾਇਣ ਨੇ ਆਪਣੀਆਂ ਲਿਖਤਾਂ ਰਾਹੀਂ ਪ੍ਰਭਾਵਿਤ ਕੀਤਾ ਸੀ ਜਿਸ ਦਾ ਸਿੱਟਾ 29 ਮਈ ਦਾ ਤੰਬਾਕੂ ਦੀ ਵਿਕਰੀ ਉੱਤੇ ਪਾਬੰਦੀ ਵਿਰੋਧੀ ਜਲੂਸ ਸੀ। ਇਸ ਪਿਛੋਂ ਵੀ ਸ਼੍ਰੋਮਣੀ ਅਕਾਲੀ ਦਲ ਵਲੋਂ ਕੀਤੀ ਗਈ ਵਿਸ਼ਵ ਸਿਖ ਕਨਵੈਨਸ਼ਨ, ਇਸ ਵਿਚ ਪੇਸ਼ ਕੀਤਾ ਗਿਆ ਨੀਤੀ-ਪੱਤਰ, ਮੰਗ-ਪੱਤਰ ਅਤੇ ਅਕਾਲੀ ਦਲ ਵਲੋਂ 7 ਸਤੰਬਰ 1981 ਨੂੰ ਦਿੱਲੀ ਵਿਖੇ ਕੀਤੇ ਗਏ ਰੋਸ ਮਾਰਚ ਦਾ ਲਾਲਾ ਜਗਤ ਨਾਰਾਇਣ ਨੇ ਡੱਟ ਕੇ ਵਿਰੋਧ ਕੀਤਾ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਦੂਬਨ (ਕਰਨਾਲ ਨੇੜੇ) ਵਿਖੇ ਹੋਏ ਸ਼ਹੀਦਾਂ ਦੇ ਦਾਹਵੇ ਦਾ ਜ਼ੋਰਦਾਰ ਰੂਪ ਵਿਚ ਖੰਡਨ ਕੀਤਾ ਸੀ।

ਸੰਤ ਜਰਨੈਲ ਸਿੰਘ ਅਪ੍ਰੈਲ 1978 ਤੋਂ ਹੀ ਲਾਲਾ ਜਗਤ ਨਾਰਾਇਣ ਦੀਆਂ ਲਿਖਤਾਂ ਅਤੇ ਕਾਰਵਾਈਆਂ ਨੂੰ ਚੰਗੀ ਪੱਤਰਕਾਰੀ ਨਹੀਂ ਸੀ ਸਮਝਦੇ ਆ ਰਹੇ। ਉਨ੍ਹਾਂ ਨੇ ਲਾਲਾ ਜਗਤ ਨਾਰਾਇਣ ਨੂੰ ਆਪਣੇ ਪ੍ਰਚਾਰ ਦੌਰਾਨ ਕਈ ਵੇਰ ਚੇਤਾਵਨੀ ਵੀ ਦਿੱਤੀ ਸੀ ਕਿ ਉਹ ਸਿਖਾਂ ਵਿਰੋਧੀ ਭੰਡੀ ਪ੍ਰਚਾਰ ਤੋਂ ਸੰਕੋਚ ਕਰਨ। ਪ੍ਰੰਤੂ ਲਾਲਾ ਜਗਤ ਨਾਰਾਇਣ ਨੇ ਇਨ੍ਹਾਂ ਚੇਤਾਵਨੀਆਂ ਨੂੰ ਗੰਭੀਰਤਾ ਨਾਲ ਨਾ ਲੈ ਕੇ




ਸਿਖਾਂ ਵਿਰੋਧੀ ਪ੍ਰਚਾਰ ਜਾਰੀ ਰਖਿਆ ਸੀ-। ਲਾਲਾ ਜਗਤ ਨਾਰਾਇਣ ਸਗੋਂ ਸੰਤ ਜਰਨੈਲ ਸਿੰਘ ਨੂੰ ਨਿਜੀ ਦੁਸ਼ਮਣ ਸਮਝਣ ਲੱਗ ਪਏ ਸਨ ਅਤੇ ਆਪਣੀ ਹਰ ਲਿਖਤ ਵਿਚ ਨਾ ਕੇਵਲ ਉਨ੍ਹਾਂ ਦਾ ਵਿਰੋਧ ਕਰਦੇ ਸਗੋਂ ਉਨ੍ਹਾਂ ਨੂੰ ਇਕ ਅਜਿਹੇ ਹਥਿਆਰਬੰਦ ਜੱਥੇ ਦਾ ਮੁਖੀ ਦਰਸਾਉਣ ਦਾ ਯਤਨ ਕਰਦੇ ਜਿਸ ਦਾ ਮਨੋਰਥ ਹੀ 'ਕਤਲ ਕਰਨਾ' ਅਤੇ 'ਡਾਕੇ ਮਾਰਨਾ' ਸੀ। ਸਿੱਖ ਸੰਗਤਾਂ ਨੂੰ ਦਮਦਮੀ ਟਕਸਾਲ ਦੇ ਮੁਖੀ ਅਤੇ ਸਿਖ ਹਿੱਤਾਂ ਦੇ ਰਖਿਅਕ ਵਿਰੁਧ ਅਜਿਹਾ ਪ੍ਰਚਾਰ ਰੜਕਣ ਲਗ ਪਿਆ ਸੀ ਅਤੇ ਕੁਝ ਕੁ ਨੌਜਵਾਨ ਸਿਖ ਅਜਿਹੇ ਪ੍ਰਚਾਰ ਵਿਰੁਧ ਰੋਸ ਦਾ ਪ੍ਰਗਟਾਵਾ ਲਾਲਾ ਜਗਤ ਨਾਰਾਇਣ ਦੇ ਸਮਾਚਾਰ ਪੱਤਰਾਂ ਦੇ ਅਮ੍ਰਿਤਸਰ ਸਥਿਤ ਪ੍ਰਤੀਨਿਧ ਸ੍ਰੀ ਰਾਮ ਕ੍ਰਿਸ਼ਨ ਸੋਨੀ ਦਾ ਘੇਰਾਓ ਕਰਕੇ ਵੀ ਕਰ ਚੁਕੇ ਸਨ। ਅਜਿਹੀ ਸਥਿਤੀ ਵਿਚ 9 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਜਦੋਂ ਪਟਿਆਲਾ ਤੋਂ ਅੱਖਾਂ ਦੇ ਇਕ ਕੈਂਪ ਦਾ ਉਦਘਾਟਨ ਕਰਕੇ ਜਲੰਧਰ ਪਰਤ ਰਹੇ ਸਨ ਤਾਂ ਲੁਧਿਆਣੇ ਨੇੜੇ ਉਨ੍ਹਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

ਲਾਲਾ ਜਗਤ ਨਾਰਾਇਣ ਦੇ ਕਤਲ ਨਾਲ ਰਾਜ ਭਰ ਵਿਚ ਹਫੜਾ-ਦਫੜੀ ਮਚ ਗਈ ਕਿਉਂਕਿ ਪੰਜਾਬ ਵਿਚ ਕਾਫੀ ਚਿਰ ਪਿਛੋਂ ਕੋਈ ਸਿਆਸੀ ਜਾਂ ਅਜੇਹਾ ਕਤਲ ਹੋਇਆ ਸੀ ਜਿਸ ਨੂੰ ਫਿਰਕੂ ਰੰਗਤ ਦਿੱਤੀ ਜਾ ਸਕਦੀ ਸੀ। ਇਹ ਕਤਲ ਲਗਭਗ 6-15 ਵਜੇ ਸ਼ਾਮ ਨੂੰ ਹੋਇਆ ਅਤੇ ਜਲੰਧਰ ਵਿਚ ਇਸ ਦਾ ਪਹਿਲਾ ਪ੍ਰਤੀਕ੍ਰਮ ਇਹ ਹੋਇਆ ਕਿ ਕੁਝ ਕੁ ਸ਼ਰਾਰਤੀ ਲੋਕ ਇਕੱਠੇ ਹੋ ਕੇ ਪੰਜਾਬੀ ਦੇ ਰੋਜ਼ਾਨਾ ਅਖਬਾਰਾਂ ਦੇ ਦਫਤਰਾਂ ਅੱਗੇ ਜਾ ਖਲੋਤੇ ਅਤੇ ਉਨ੍ਹਾਂ ਨੂੰ ਅੱਗ ਲਾਉਣ ਦਾ ਯਤਨ ਕੀਤਾ। ਲਗਭਗ 8 ਵਜੇ ਇਹ ਖਬਰ ਆਈ ਕਿ ਲਾਲਾ ਜਗਤ ਨਾਰਾਇਣ ਕਤਲ ਦਾ ਇਕ ਦੋਸ਼ੀ ਗ੍ਰਿਫਤਾਰ ਕਰ ਲਿਆ ਗਿਆ ਹੈ। ਰਾਤ 10 ਵਜੇ ਤੱਕ ਮੁੱਖ ਮੰਤਰੀ ਪੰਜਾਬ ਸ: ਦਰਬਾਰਾ ਸਿੰਘ ਨੇ ਇਹ ਬਿਆਨ ਦੇ ਦਿੱਤਾ ਕਿ ਲਾਲਾ ਜਗਤ ਨਾਰਾਇਣ ਦੇ ਕਤਲ ਪਿੱਛੇ ਉਨ੍ਹਾਂ ਲੋਕਾਂ ਦਾ ਹੀ ਹੱਥ ਸੀ ਜਿਨ੍ਹਾਂ ਨੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਕਤਲ ਕੀਤਾ ਸੀ ਅਤੇ ਇਸ ਸਬੰਧ ਵਿਚ ਤਿੰਨ ਕਥਿਤ ਦੋਸ਼ੀਆਂ ਨੂੰ ਗ੍ਰਿਫ-ਤਾਰ ਕਰ ਲਿਆ ਗਿਆ ਸੀ। ਦੋ ਦਿਨ ਦੀ ਜਾਂਚ ਅਤੇ ਪੁੱਛ ਪੜਤਾਲ ਉਪਰੰਤ ਐਲਾਨ ਕੀਤਾ ਗਿਆ ਕਿ ਦੋ ਹੋਰ ਦੋਸ਼ੀ ਸਵਰਨ ਸਿੰਘ (ਭਤੀਜਾ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਦਲਬੀਰ ਸਿੰਘ ਦੋਸ਼ੀ ਨਾਮਜ਼ਦ ਕੀਤੇ ਗਏ ਸਨ ਅਤੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਇਸ ਕਤਲ ਦੀ ਸਾਜ਼ਸ਼ ਤਿਆਰ ਕਰਨ ਵਿਚ ਦੋਸ਼ੀ ਨਾਮਜ਼ਦ ਕੀਤਾ ਗਿਆ ਸੀ।

ਸੰਤ ਜਰਨੈਲ ਸਿੰਘ 9 ਸਤੰਬਰ 1981 ਨੂੰ ਸਵੇਰੇ ਅਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ ਅਤੇ ਉਥੋਂ ਉਹ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਵਰਗਵੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦਾ ਪਤਾ ਕਰਨ ਉਪ੍ਰੰਤ ਉਨ੍ਹਾਂ ਦੇ ਘਰ ਚਲੇ ਗਏ। ਉਥੇ ਉਨ੍ਹਾਂ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਦਸਿਆ ਕਿ ਉਨ੍ਹਾਂ ਨੇ ਇਕ ਸਾਲ ਤੱਕ ਪੰਜਾਬ ਤੋਂ ਬਾਹਰ ਰਹਿ ਕੇ ਪ੍ਰਚਾਰ ਕਰਨ ਦਾ ਪ੍ਰੋਗ-ਰਾਮ ਬਣਾਇਆ ਸੀ ਅਤੇ ਉਹ ਉਸੇ ਦਿਨ, ਭਾਵ 9 ਸਤੰਬਰ ਨੂੰ ਹੀ ਸਿਰਸੇ ਜਾ ਰਹੇ ਸਨ, ਜਿਥੋਂ ਉਨ੍ਹਾਂ ਨੇ ਗੁਰਦੁਆਰਾ ਬੰਦੀ ਛੋੜ, ਗਵਾਲੀਅਰ ਅਤੇ ਉਥੋਂ ਬੰਬਈ ਜਾਣਾ ਸੀ। ਸੰਤ ਜਰਨੈਲ ਸਿੰਘ ਨੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਕੋਲ ਇਹ ਆਸ ਵੀ ਪ੍ਰਗਟ ਕੀਤੀ ਕਿ ਉਹ ਸ਼ਾਇਦ ਦਸੰਬਰ ਮਹੀਨੇ ਵਿਚ ਨੰਗਲ ਸਰਾਵਾਂ ਵਿਖੇ ਉਨ੍ਹਾਂ ਨੂੰ ਮਿਲਣ। ਇਸ ਪ੍ਰਕਾਰ ਸੰਤ ਜਰਨੈਲ ਸਿੰਘ ਪੰਜਾਬ ਵਿਚ ਹੋਣ ਵਾਲੇ ਲਾਲਾ ਜਗਤ ਨਾਰਾਇਣ ਦੇ ਕਤਲ ਅਤੇ ਇਸ ਦੇ ਸੰਭਾਵਿਤ ਪ੍ਰਤੀਕ੍ਰਮ ਤੋਂ ਅਨਜਾਣ ਸਨ ਅਤੇ ਉਹ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ 9 ਸਤੰਬਰ ਨੂੰ ਹੀ ਸਿਰਸਾ (ਹਰਿਆਣਾ) ਵਿਖੇ ਚਲੇ ਗਏ।

12 ਸਤੰਬਰ ਨੂੰ ਪੰਜਾਬ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਉਸਨੂੰ ਸੰਤ ਜਰਨੈਲ ਸਿੰਘ ਦੀ ਲਾਲਾ ਕਤਲ ਕਾਂਡ ਵਿਚ ਭਾਲ ਸੀ ਅਤੇ ਉਨ੍ਹਾਂ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ ਸਨ। ਲੁਧਿਆਣੇ ਦੇ ਸੀਨੀਅਰ ਪੁਲਿਸ ਕਪਤਾਨ ਸ੍ਰੀ ਡੀ. ਆਰ. ਭੱਟੀ ਨੇ ਦਸਿਆ ਕਿ ਸੰਤ ਜਰਨੈਲ ਸਿੰਘ ਦੇ ਇਸ ਕਤਲ ਵਿਚ ਸੰਮਿ-ਲਤ ਹੋਣ ਸਬੰਧੀ ਕਾਫੀ ਸਬੂਤ ਮਿਲ ਗਏ ਸਨ। ਸ੍ਰੀ ਭੱਟੀ ਨੇ ਇਹ ਵੀ ਦੱਸਿਆ ਕਿ ਲਾਲਾ ਜਗਤ ਨਾਰਾਇਣ ਨੂੰ ਸੰਤ ਜਰਨੈਲ ਸਿੰਘ ਨੇ 26 ਜੁਲਾਈ ਦੇ ਇਕ ਭਾਸ਼ਨ ਵਿਚ ਚੇਤਾਵਨੀ ਦੇ ਕੇ ਕਿਹਾ ਸੀ ਕਿ ਜੇ ਉਹ ਸਿਖ ਵਿਰੋਧੀ ਲਿਖਤਾਂ ਤੋਂ ਬਾਜ਼ ਨਾ ਆਇਆ ਤਾਂ ਉਸ ਨੂੰ "ਸਬਕ ਸਿਖਾਇਆ ਜਾਵੇਗਾ।" ਕਿਹਾ ਗਿਆ ਕਿ ਪਹਿਲਾਂ ਲਾਲਾ ਜਗਤ ਨਾਰਾਇਣ ਨੂੰ ਕਤਲ ਕਰਨ ਲਈ ਦੋ ਵਿਅਕਤੀਆਂ ਦੀ ਡਿਊਟੀ ਲਾਈ ਗਈ ਸੀ ਪ੍ਰੰਤੂ ਬਾਅਦ ਵਿਚ ਇਸ ਵਿਚ ਤੀਸਰਾ ਵਿਅਕਤੀ ਸ਼ਾਮਲ ਕੀਤਾ ਗਿਆ। ਜਿਸ ਤੀਸਰੇ ਵਿਅਕਤੀ ਨਛੱਤਰ ਸਿੰਘ ਦਾ ਨਾਂ ਲਿਆ ਗਿਆ ਸੀ ਉਹ ਸੰਤ ਜਰਨੈਲ ਸਿੰਘ ਦੇ ਪਿੰਡ ਰੋਡੇ ਨਾਲ ਸਬੰਧ ਰਖਦਾ ਸੀ ਅਤੇ ਉਹ ਨਕਸਲੀ ਰਹਿ ਚੁੱਕਾ ਸੀ। ਨਛੱਤਰ ਸਿੰਘ ਅਸਲੋਂ ਸਿਆਸੀ ਵਿਅਕਤੀ ਸੀ ਅਤੇ ਉਹ ਕੋਕਰੀ ਕਲਾਂ ਪਿੰਡ ਦੇ ਅਜਾਇਬ ਸਿੰਘ ਦੇ ਕਤਲ ਦੇ ਕੇਸ ਵਿਚੋਂ ਬਰੀ ਹੋ ਚੁੱਕਾ ਸੀ। ਇਸ ਤਰ੍ਹਾਂ ਪੁਲਿਸ ਨੇ ਅਜਿਹੀ ਕਹਾਣੀ ਘੜਨ ਦਾ ਯਤਨ ਕੀਤਾ ਸੀ ਜਿਸ ਤੋਂ ਅਜਿਹਾ ਪ੍ਰਤੀਤ



ਸੰਤਾਂ ਦੀ ਗ੍ਰਿਫਤਾਰੀ ਦੇ ਮੌਕੇ 'ਤੇ ਕਿਸੇ ਸ਼ਰਾਰਤੀ ਅਨਸਰ (ਗੈਰ ਅਕਾਲੀ) ਵਲੋਂ ਕੀਤੀ ਗਈ ਸ਼ਰਾਰਤ ਨੇ 18 ਮਸੂਮ ਬੇਗੁਨਾਹ ਮਜ਼ਲੂਮਾਂ ਦੀ ਜਾਨ ਲੈ ਲਈ, ਜਿਨ੍ਹਾਂ ਦੇ ਵਾਰਸਾਂ ਨੂੰ ਅੱਜ ਤਕ ਨਿਆਂ ਨਹੀਂ ਮਿਲ ਸਕਿਆ। (ਫੋਟੋ—ਸਤਪਾਲ ਦਾਨਿਸ਼)

ਹੋਵੇ ਕਿ ਸੰਤ ਜਰਨੈਲ ਸਿੰਘ ਸਚ ਮੁੱਚ ਇਸ ਕਤਲ ਕੇਸ ਵਿਚ ਸ਼ਮਿਲਤ ਦੋਸ਼ੀ ਸਨ ।

ਸੰਤ ਜਰਨੈਲ ਸਿੰਘ 12 ਸਤੰਬਰ ਨੂੰ ਚੰਦੋ ਕਲਾਂ ਵਿਖੇ ਜਥੇ ਸਮੇਤ ਟਿਕਾਣਾ ਕਰ ਰਹੇ ਸਨ । ਉਨ੍ਹਾਂ ਨੂੰ ਸ਼ਾਮ ਨੂੰ ਪਤਾ ਲੱਗਾ ਕਿ ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਸੀ । ਇਸੇ ਦੌਰਾਨ ਉਨ੍ਹਾਂ ਨੂੰ ਸਰਕਾਰ ਦੀ ਇਸ ਚਾਲ ਦਾ ਪਤਾ ਲੱਗ ਗਿਆ ਕਿ ਉਹ ਚੰਦੋ ਕਲਾਂ ਵਿਖੇ ਹੀ ਪੁਲਿਸ ਮੁਕਾਬਲਾ ਬਣਾ ਕੇ ਉਨ੍ਹਾਂ ਨੂੰ ਖਤਮ ਕਰ ਦੇਣਾ ਚਾਹੁੰਦੀ ਸੀ । ਇਸ ਲਈ ਸੰਤ ਜਰਨੈਲ ਸਿੰਘ ਨੇ ਜੱਥੇ ਦੇ ਆਪਣੇ ਨਿਕਟਵਰਤੀਆਂ ਨਾਲ ਸਲਾਹ ਕੀਤੀ । ਸੰਤ ਜਰਨੈਲ ਸਿੰਘ ਦੇ ਨਿਕਟਵਰਤੀਆਂ ਦੀ ਰਾਏ ਸੀ ਕਿ ਸਰਕਾਰ ਦਮਦਮੀ ਟਕਸਾਲ ਬੰਦ ਕਰਵਾਉਣ ਲਈ ਹੀ ਇਹ ਸਾਰਾ ਝੰਜਟ ਖੜਾ ਕਰ ਰਹੀ ਹੈ ਅਤੇ ਸਰਕਾਰ ਦੀ ਇਸ ਚਾਲ ਦਾ ਮੁਕਾਬਲਾ ਕਰਨ ਦੀ ਲੋੜ ਸੀ । ਸੰਤ ਜਰਨੈਲ ਸਿੰਘ ਨੇ ਸਰਕਾਰ ਦੀ ਇਸ ਚਾਲ ਨੂੰ ਅਸਫਲ ਬਣਾਉਣ ਲਈ ਹੀ ਚੰਦੋ ਕਲਾਂ ਤੋਂ ਚੌਕ ਮਹਿਤੇ ਜਾਣ ਦਾ ਫੈਸਲਾ ਕੀਤਾ ਤਾਂ ਜੋ ਉਥੇ ਜਾ ਕੇ ਉਹ ਆਪਣੀ ਗ੍ਰਿਫਤਾਰੀ ਤੋਂ ਪਿਛੋਂ ਲਈ ਟਕਸਾਲ ਦੇ ਪ੍ਰਬੰਧ ਮੁਕੰਮਲ ਕਰ ਸਕਣ । ਸੰਤ ਜਰਨੈਲ ਸਿੰਘ ਕਿਸ ਰਸਤੇ ਅਤੇ ਕਿਸ ਸਵਾਰੀ ਰਾਹੀਂ 350 ਕਿਲੋਮੀਟਰ ਦਾ ਸਫਰ ਤੈਅ ਕਰਕੇ ਚੌਕ ਮਹਿਤੇ ਪੁੱਜੇ ਇਹ ਅੱਜ ਤੱਕ ਭੇਦ ਬਣਿਆ ਹੋਇਆ ਹੈ ਕਿਉਂਕਿ ਸਰਕਾਰ ਨੇ ਥਾਂ ਥਾਂ ਤੇ ਪੁਲਿਸ ਰੋਕਾਂ ਲਾਈਆਂ ਹੋਈਆਂ ਸਨ ਤਾਂ ਜੋ ਸੰਤ ਜਰਨੈਲ ਸਿੰਘ ਨੂੰ ਰਸਤੇ ਵਿਚ ਹੀ ਗ੍ਰਿਫ-ਤਾਰ ਕੀਤਾ ਜਾ ਸਕੇ । ਪ੍ਰੰਤੂ ਸੰਤ ਜਰਨੈਲ ਸਿੰਘ ਕਿਸੇ ਵੀ ਤਰ੍ਹਾਂ ਆਪਣੇ ਹੈਡ-ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਵਿਖੇ ਪਹੁੰਚਣ ਵਿਚ ਸਫਲ ਹੋ ਗਏ । ਸੰਤ ਜਰਨੈਲ ਸਿੰਘ ਚੰਦੋ ਕਲਾਂ ਤੋਂ ਰਾਤ 9 ਵਜੇ ਚੌਕ ਮਹਿਤਾ ਲਈ ਰਵਾਨਾ ਹੋਏ ਸਨ, ਪ੍ਰੰਤੂ ਪੁਲਿਸ ਤੜਕਸਾਰ ਤਿੰਨ ਵਜੇ ਚੰਦੋ ਕਲਾ ਆ ਧਮਕੀ । ਇਸ ਪੁਲਿਸ ਪਾਰਟੀ ਦੇ ਇੰਚਾਰਜ ਪਟਿਆਲਾ ਰੇਂਜ ਦੇ ਡੀ. ਆਈ. ਜੀ. ਸ: ਡੀ. ਐਸ. ਮਾਂਗਟ ਸਨ ਅਤੇ ਉਨ੍ਹਾਂ ਨਾਲ ਲੁਧਿਆਣੇ ਦੇ ਐਸ. ਐਸ. ਪੀ. ਸ੍ਰੀ ਡੀ. ਆਰ. ਭੱਟੀ ਅਤੇ ਡੀ. ਐਸ. ਪੀ. ਸ: ਮਨੋਹਰ ਸਿੰਘ ਸਨ । ਇਸ ਤੋਂ ਛੁੱਟ ਹਰਿਆਣਾ ਪੁਲਿਸ ਦੀ ਇਕ ਟੁਕੜੀ ਵੀ ਉਨ੍ਹਾਂ ਨਾਲ ਸੀ । ਤੜਕੇ ਤਿੰਨ ਵਜੇ ਪੁਲਿਸ ਨੇ ਫਾਇਰਿੰਗ ਆਰੰਭ ਕਰ ਦਿੱਤੀ ਅਤੇ ਲਾਊਡ ਸਪੀਕਰਾਂ ਤੇ ਐਲਾਨ ਕਰ ਦਿੱਤਾ, "ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਨੂੰ ਸਾਡੇ ਹਵਾਲੇ ਕਰ ਦਿਓ, ਜੇ ਅਜੇਹਾ ਨਾ ਕੀਤਾ ਗਿਆ ਤਾਂ ਸਾਰਾ ਪਿੰਡ ਤਬਾਹ ਕਰ ਦਿੱਤਾ ਜਾਏਗਾ ।" ਇਸ ਤੇ ਪਿੰਡ



ਵਾਲਿਆਂ ਨੇ ਗੁਰਦੁਆਰੇ ਦੇ ਲਾਊਡ ਸਪੀਕਰ ਉੱਤੇ ਹੀ ਉਤਰ ਦਿੱਤਾ, "ਸੰਤ ਜੀ ਇਥੋਂ ਜਾ ਚੁੱਕੇ ਹਨ । ਜੇਕਰ ਪੁਲਿਸ ਤਲਾਸ਼ੀ ਲੈਣਾ ਚਾਹੁੰਦੀ ਹੈ ਤਾਂ ਸਾਡੇ ਘਰਾਂ ਦੀ ਤਲਾਸ਼ੀ ਲੈ ਸਕਦੀ ਹੈ ।" ਚੰਦੋ ਕਲਾਂ ਵਿਖੇ ਜੰਗ ਦਾ ਨਜ਼ਾਰਾ ਨਜ਼ਰ ਆ ਰਿਹਾ ਸੀ । ਪੁਲਿਸ ਨੇ ਘਰਾਂ ਦੀ ਤਲਾਸ਼ੀ ਲੈਣ ਦਾ ਨਿਰਨਾ ਕੀਤਾ । ਘਰਾਂ ਦੀ ਤਲਾਸ਼ੀ ਦੌਰਾਨ ਪੁਲਿਸ ਨੇ ਜਰਵਾਣਿਆਂ ਵਾਂਗ ਸਿਖਾਂ ਦੇ ਘਰਾਂ ਵਿਚੋਂ ਗਹਿਣੇ, ਨਕਦੀ, ਟੇਪ ਰਿਕਾਰਡ, ਰੇਡੀਓ ਅਤੇ ਹੋਰ ਕੀਮਤੀ ਸਮਾਨ ਲੁੱਟ ਲਿਆ । ਜਦੋਂ ਸਾਰੇ ਪਿੰਡ ਦੀ ਤਲਾਸ਼ੀ ਪਿਛੋਂ ਕੁਝ ਨਾ ਲੱਭਾ ਤਾਂ ਗੁੱਸੇ ਵਿਚ ਆ ਕੇ ਪੁਲਿਸ ਨੇ ਜੱਥੇ ਦੀਆਂ ਦੋ ਬੱਸਾਂ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ, ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਵਲੋਂ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਦੀਆਂ ਟੇਪਾਂ, ਜੋ ਦਮਦਮੀ ਟਕਸਾਲ ਦਾ ਵਡਮੁੱਲਾ ਸਰਮਾਇਆ ਸਨ, ਸਾੜ ਦਿੱਤੀਆਂ । ਇਹ ਸਾਰੀ ਕਾਰਵਾਈ ਲੁਧਿਆਣੇ ਦੇ ਇਕ ਉਚ ਪੁਲਿਸ ਅਧਿਕਾਰੀ ਦੀ ਹਦਾਇਤ ਤੇ ਕੀਤੀ ਗਈ । ਇਸ ਪਿਛੋਂ ਜੱਥੇ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਪ੍ਰੰਤੂ ਬਾਅਦ ਵਿਚ ਉਨ੍ਹਾਂ ਨੂੰ ਛੱਡ ਦਿੱਤਾ ਗਿਆ । ਹਰਿਆਣੇ ਦੇ ਐਸ. ਪੀ. ਸ੍ਰੀ ਹਰੀ ਕਿਸ਼ਨ ਅਨੁਸਾਰ ਪੁਲਿਸ ਨੇ 70 ਰਾਊਂਡ ਫਾਇਰ ਕੀਤੇ ਅਤੇ 20 ਵਿਅਕਤੀ ਜਖਮੀ ਕੀਤੇ । ਜਿਸ ਪੁਲਿਸ ਪਾਰਟੀ ਨੇ ਚੰਦੋ ਕਲਾਂ ਵਿਖੇ ਘੇਰਾ ਘੱਤਿਆ ਸੀ ਉਸ ਵਿਚ 6 ਪੁਲਿਸ ਕਪਤਾਨ, 500 ਪੁਲਸੀਏ ਅਤੇ ਡਾਕਟਰ ਨਾਲ ਸਨ । ਲੁਧਿਆਣੇ ਦੇ ਡੀ. ਐਸ. ਪੀ. ਸ: ਮਨੋਹਰ ਸਿੰਘ ਨੇ ਰਤੀਆ ਥਾਣੇ ਵਿਚ ਮੁਢਲੀ ਜਾਂਚ ਰਿਪੋਰਟ ਭਾਰਤੀ ਡੰਡਾਵਲੀ ਦੀਆਂ ਧਾਰਾਵਾ 307 ਅਤੇ 353 ਅਧੀਨ ਦਰਜ ਕਰਵਾਈ ਅਤੇ ਉਸ ਵਿਚ ਕਿਹਾ ਗਿਆ ਸੀ ਕਿ ਪਿੰਡ ਵਾਲਿਆਂ ਨੇ ਪੁਲਿਸ ਪਾਰਟੀ ਉਤੇ ਫਾਇਰਿੰਗ ਕੀਤੀ ਹੈ ।

ਸੰਤ ਜਰਨੈਲ ਸਿੰਘ ਦੇ ਚੰਦੋ ਕਲਾਂ ਵਿਚੋਂ ਬਚ ਨਿਕਲਣ ਅਤੇ ਨਵੀਂ ਰਣ-ਨੀਤੀ ਤੈਅ ਕਰਨ ਲਈ ਸੰਤ ਖੜਕ ਸਿੰਘ ਜੀ, ਸੰਤ ਉਤਮ ਸਿੰਘ ਜੀ, ਖਡੂਰ ਸਾਹਿਬ, ਸੰਤ ਦੀਵਾਨ ਸਿੰਘ ਜੀ, ਸੰਤ ਖਜ਼ਾਨ ਸਿੰਘ ਜੀ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਚੌਕ ਮਹਿਤਾ ਪੁੱਜੇ ਅਤੇ ਸੰਤ ਜਰਨੈਲ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਗ੍ਰਿਫਤਾਰੀ ਦੇਣ ਦਾ ਵਿਚਾਰ ਤਿਆਗ ਦੇਣ । ਕੌਮ ਆਪੇ ਇਸ ਮਸਲੇ ਨਾਲ ਨਿਪਟ ਲਵੇਗੀ । ਸੰਤ ਜਰਨੈਲ ਸਿੰਘ ਨੇ ਸਵਰਗੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅੱਗੇ ਕਿਰਪਾਨ ਨਾਲ ਲੀਕ ਖਿੱਚ ਦਿੱਤੀ ਅਤੇ ਪੁਛਿਆ ਕਿ ਉਹ ਇਸ ਨੂੰ

ਜਰਨੈਲ ਸਿੰਘ (ਸੰਤ) ਦਾ ਜ਼ਾਤੀ ਮਾਮਲਾ ਸਮਝਦੇ ਹਨ ਜਾਂ ਕੌਮ ਦਾ ? ਜੇ ਕੌਮ ਦਾ ਸਮਝਦੇ ਹਨ ਤਾਂ ਲੀਕ ਟੱਪ ਆਉਣ ਅਤੇ ਜੇ ਨਹੀਂ ਤਾਂ ਉਥੇ ਖੜੇ ਰਹਿਣ । ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਲੀਕ ਟੱਪ ਆਏ ਤਾਂ ਸੰਤ ਜਰਨੈਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਇਸ ਕੌਮੀ ਮਸਲੇ ਲਈ ਗ੍ਰਿਫਤਾਰੀ ਦੇਣ ਦਾ ਮਨ ਬਣਾ ਲਿਆ ਹੈ ਤੇ ਹੁਣ ਜੀਵਨ ਮਰਨ ਇਕ ਬਰਾ-ਬਰ ਹੈ ।

ਇਹਨੀਂ ਦਿਨੀਂ ਅਕਾਲੀ ਦਲ (ਤਲਵੰਡੀ) ਦਿੱਲੀ ਵਿਖੇ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਲਈ ਮੋਰਚੇ ਵਿਚ ਰੁੱਝਾ ਹੋਇਆ ਸੀ । ਸ: ਸੁਖਜਿੰਦਰ ਸਿੰਘ ਨੇ ਆਪਣਾ ਵਖਰਾ ਦਲ ਬਣਾ ਲਿਆ ਸੀ । ਖਾਲਿਸਤਾਨ ਦੇ ਨਾਅਰੇ ਲਾਉਣ ਕਾਰਣ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਉਹ ਜਲੰਧਰ ਜੇਲ੍ਹ ਵਿਚ ਬੰਦ ਸਨ । ਸਰਕਾਰ ਨੇ ਆਪਣੀ ਸਾਰੀ ਦੀ ਸਾਰੀ ਪ੍ਰਚਾਰ ਮਸ਼ੀਨਰੀ ਸੰਤ ਜਰਨੈਲ ਸਿੰਘ ਵਿਰੁਧ ਝੋਂਕ ਦਿੱਤੀ ਸੀ ਅਤੇ ਜਲੰਧਰ ਦੀਆਂ ਗੈਰ-ਸਿਖ ਅਖਬਾਰਾਂ ਇਸ ਕੰਮ ਵਿਚ ਸਰਕਾਰ ਦਾ ਪੂਰਾ ਪੂਰਾ ਸਾਥ ਦੇ ਰਹੀਆਂ ਸਨ । ਪ੍ਰਤੱਖ ਤੌਰ ਤੇ ਇਹ ਸਾਬਤ ਕਰਨ ਦਾ ਯਤਨ ਕੀਤਾ ਜਾ ਰਿਹਾ ਸੀ ਕਿ ਸੰਤ ਜਰਨੈਲ ਸਿੰਘ ਨੇ ਹੀ ਲਾਲਾ ਜਗਤ ਨਾਰਾਇਣ ਦੇ ਕਤਲ ਦੀ ਵਿਉਂਤਬੰਦੀ ਕੀਤੀ ਸੀ ਅਤੇ ਇਸ ਲਈ ਉਹ ਹੀ ਦੋਸ਼ੀ ਸਨ । ਸਰਕਾਰ ਅਤੇ ਗੈਰ-ਸਿਖ ਅਖਬਾਰਾਂ ਦੇ ਪ੍ਰਚਾਰ ਸਦਕਾ ਹੀ ਪੰਜਾਬ ਦੀ ਗੈਰ-ਸਿਖ ਜਨਤਾ ਸਿਖਾਂ ਵਿਰੁੱਧ ਭੜਕ ਉਠੀ ਸੀ ਅਤੇ ਜਲੰਧਰ ਅਤੇ ਅੰਮ੍ਰਿਤਸਰ ਵਿਚ ਸਿਖਾਂ ਦੀ ਜਾਨ ਮਾਲ ਨੂੰ ਨੁਕਸਾਨ ਪਹੁੰਚਾਉਣ ਦੇ ਯਤਨ ਵੀ ਕੀਤੇ ਗਏ । ਅਜਿਹੀ ਸਥਿਤੀ ਵਿਚ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੁਬਿਧਾ ਵਿਚ ਸੀ ਕਿ ਤ੍ਰਿਵੇਂ ਕੋਈ ਅਜਿਹਾ ਨਿਰਨਾ ਕੀਤਾ ਜਾਏ ਜਿਸ ਨਾਲ ਦਮਦਮੀ ਟਕਸਾਲ ਨੂੰ ਬੰਦ ਕਰ-ਵਾਉਣ ਲਈ ਕੀਤੇ ਇਸ ਹਮਲੇ ਦਾ ਟਾਕਰਾ ਵੀ ਕੀਤਾ ਜਾਏ ਅਤੇ ਪੰਜਾਬ ਦਾ ਫਿਰਕੂ ਮਾਹੌਲ ਵੀ ਖਰਾਬ ਨਾ ਹੋਵੇ । ਇਸੇ ਮਸਲੇ ਨੂੰ ਲੈ ਕੇ 15 ਸਤੰਬਰ 1981 ਈ: ਨੂੰ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਮੀਟਿੰਗ ਆਨੰਦਪੁਰ ਸਾਹਿਬ ਵਿਖੇ ਹੋਈ ਜਿਸ ਵਿਚ ਚੰਦੋ ਕਲਾਂ ਘਟਨਾਵਾਂ ਦੀ ਨਿਖੇਧੀ ਕੀਤੀ ਗਈ ਅਤੇ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰੀ ਦੇਣ ਦੀ ਅਪੀਲ ਕੀਤੀ ਗਈ ਤਾਂ ਜੋ ਉਹ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰ ਸਕਣ ਅਤੇ ਪੰਜਾਬ ਦੇ ਫਿਰਕੂ ਮਾਹੌਲ ਵਿਚ ਖਿਚਾਅ ਪੈਦਾ ਨਾ ਹੋਵੇ ।


ਇਸੇ ਦਿਨ ਸ਼ਾਮ ਨੂੰ ਸੰਤ ਜਰਨੈਲ ਸਿੰਘ ਦੇ ਨਿਕਟਵਰਤੀ ਅਤੇ ਆਲ



ਇੰਡਿਆ ਸਿਖ ਸਟੂਡੈਂਟਸ ਫੇਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਐਲਾਨ ਕਰ ਦਿੱਤਾ ਕਿ ਸੰਤ ਜਰਨੈਲ ਸਿੰਘ ਨੇ 20 ਸਤੰਬਰ ਨੂੰ ਬਾਅਦ ਦੁਪਿਹਰ ਦੋ ਵਜੇ ਗ੍ਰਿਫਤਾਰੀ ਦੇਣ ਦਾ ਫੈਸਲਾ ਕਰ ਲਿਆ ਹੈ । ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪੁਲਿਸ ਸੰਤ ਜਰਨੈਲ ਸਿੰਘ ਨੂੰ ਕਤਲ ਕੇਸ ਵਿਚ ਫਸਾ ਕੇ ਖਤਮ ਕਰਨਾ ਚਾਹੁੰਦੀ ਸੀ । ਇਸ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਸੰਤ ਉਤਮ ਸਿੰਘ ਜੀ, ਸੰਤ ਦੀਵਾਨ ਸਿੰਘ ਜੀ, ਸੰਤ ਖਜ਼ਾਨ ਸਿੰਘ ਜੀ, ਸੰਤ ਖੜਕ ਸਿੰਘ ਜੀ, ਸ: ਬਲਬੀਰ ਸਿੰਘ ਜੀ ਬਰਾੜ, ਸਕੱਤਰ, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਅਤੇ ਸ: ਮਨਜੀਤ ਸਿੰਘ, ਢੁੱਡੀ ਨਾਲ ਸਲਾਹ ਮਸ਼ਵਰਾ ਕੀਤਾ ।

ਇਹਨੀਂ ਦਿਨੀਂ ਹੀ ਮੁੱਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੇ ਇਕ ਹੋਰ ਚਰਚਾ ਛੇੜ ਦਿੱਤੀ ਕਿ ਪੁਲਿਸ ਗੁਰਦੁਆਰਿਆਂ ਵਿਚ ਦਾਖਲ ਹੋਵੇ ਜਾਂ ਨਾ । ਸ: ਦਰਬਾਰਾ ਸਿੰਘ ਨੇ ਰੋਜ ਬਿਆਨ ਦੇਣੇ ਆਰੰਭ ਕਰ ਦਿੱਤੇ ਕਿ ਗੁਰਦੁਆਰਿਆਂ ਵਿਚ ਮੁਜਰਮਾਂ ਨੂੰ ਪਨਾਹ ਨਹੀਂ ਦਿੱਤੀ ਜਾਣੀ ਚਾਹੀਦੀ । ਇਸ਼ਾਰਾ ਤਾਂ ਸਪਸ਼ਟ ਸੰਤ ਜਰਨੈਲ ਸਿੰਘ ਵੱਲ ਸੀ । ਜਲੰਧਰ ਦੀ ਗੈਰ-ਸਿਖ ਪ੍ਰੈਸ ਨੇ ਇਸ ਭੰਡੀ ਪ੍ਰਚਾਰ ਵਿਚ ਸ: ਦਰਬਾਰਾ ਸਿੰਘ ਦੀ ਪੂਰੀ ਤਰ੍ਹਾਂ ਪਿੱਠ ਠੋਕੀ । ਉਹਨੀਂ ਦਿਨੀਂ ਪੰਜਾਬ ਵਿਚ ਇਕੋ ਸੁਆਲ ਪੁਛਿਆ ਜਾਂਦਾ ਸੀ, "ਕੀ ਪੁਲਿਸ ਗੁਰਦੁਆਰੇ ਵਿਚ ਦਾਖਲ ਹੋਵੇਗੀ ?" ਸੰਤ ਜਰਨੈਲ ਸਿੰਘ ਨੇ ਇਸ ਦਾ ਇਹ ਕਹਿ ਕੇ ਢੁੱਕਵਾਂ ਉੱਤਰ ਦਿੱਤਾ ਕਿ ਜੇ ਸਿਖਾਂ ਤੇ ਝੂਠੇ ਕੇਸ ਬਣਾਏ ਜਾਣ ਤਾਂ ਉਹ ਗੁਰਦੁਆਰੇ ਵਿਚ ਨਹੀਂ ਤਾਂ ਹੋਰ ਕਿਸ ਥਾਂ ਪਨਾਹ ਲੈਣਗੇ ? ਇਸ ਦੇ ਨਾਲ ਹੀ ਸੰਤ ਜਰਨੈਲ ਸਿੰਘ ਨੇ ਐਲਾਨ ਕਰ ਦਿੱਤਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਮੱਥਾ ਟੇਕ ਕੇ ਅਤੇ ਸ੍ਰੀ ਹਰਿਮੰਦਰ ਸਾਹਬ ਇਸ਼ਨਾਨ ਕਰਕੇ ਹੀ ਗ੍ਰਿਫਤਾਰ ਦੇਣਗੇ । ਇਸ ਨਾਲ ਸਥਿਤੀ ਹੋਰ ਵੀ ਗੁੰਝਲਦਾਰ ਹੋ ਗਈ ਕਿਉਂਕਿ ਪੁਲਿਸ ਦਾ ਵੱਕਾਰ ਅਜਿਹੀਆਂ ਘਟਨਾਵਾਂ ਨਾਲ ਦਿਨ-ਬ-ਦਿਨ ਡਿਗਦਾ ਜਾ ਰਿਹਾ ਸੀ । ਸੰਤ ਜਰਨੈਲ ਸਿੰਘ ਦੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿਖੇ ਇਸ਼ਨਾਨ ਕਰਨ ਸਬੰਧੀ ਖਬਰਾਂ ਵੀ ਛਪੀਆਂ ਅਤੇ ਕਾਫੀ ਦੇਰ ਬਾਅਦ ਤੱਕ ਇਨ੍ਹਾਂ ਖਬਰਾਂ ਦਾ ਖੰਡਨ ਵੀ ਨਾ ਕੀਤਾ ਗਿਆ । ਸੰਤ ਜਰਨੈਲ ਸਿੰਘ ਕਿਵੇਂ ਚੌਕ ਮਹਿਤਾ ਵਿਚੋਂ ਭਾਰੀ ਪੁਲਿਸ ਘੇਰੇ ਵਿਚੋਂ ਨਿਕਲ ਕੇ ਹਰਿਮੰਦਰ ਸਾਹਿਬ ਇਸ਼ਨਾਨ ਕਰ ਆਏ, ਇਹ ਗੱਲ ਅੱਜ ਤੱਕ ਬੁਝਾਰਤ ਬਣੀ ਹੋਈ ਹੈ ।

19 ਸਤੰਬਰ ਰਾਤ ਨੂੰ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ



ਡਾਕਟਰ ਸੁਬਰਾਮਨੀਅਮ ਸੁਆਮੀ M.P. (ਜਨਤਾ ਪਾਰਟੀ) ਨੇ ਸੰਤਾਂ ਨਾਲ ਵਿਚਾਰ ਸਾਂਝੇ ਕਰਨ ਉਪਰੰਤ ਮੰਨਿਆ ਕਿ, ਤੁਹਾਡੀ ਲੜਾਈ ਸੱਚੇ ਸਿਧਾਂਤਾਂ ਦੀ ਲੜਾਈ ਹੈ, ਜਿਸ ਨੂੰ ਤੰਗ ਦਿਲੀ ਨਾਲ ਦਬਾਇਆ ਜਾ ਰਿਹੈ। (ਫੋਟੋ—ਸਤਪਾਲ ਦਾਨਿਸ਼)





ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ ਨੂੰ ਮਿਲੇ ਅਤੇ ਨਵੀਂ ਰਣ-ਨੀਤੀ ਤੈਅ ਕਰਨ ਬਾਰੇ ਸਲਾਹ ਮਸ਼ਵਰੇ ਕੀਤੇ। ਇਸੇ ਰਾਤ ਸੰਤ ਜਰਨੈਲ ਸਿੰਘ ਦੇ ਮਿੱਤਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਵੀ ਆ ਕੇ ਸੰਤ ਜਰਨੈਲ ਸਿੰਘ ਨੂੰ ਮਿਲੇ ਅਤੇ ਪੇਸ਼ਕਸ਼ ਕੀਤੀ ਕਿ ਜੇ ਉਹ (ਸੰਤ ਜਰਨੈਲ ਸਿੰਘ) ਚਾਹੁੰਣ ਤਾਂ ਗ੍ਰਿਫਤਾਰੀ ਦੇਣ ਤੋਂ ਬਿਨਾਂ ਹੀ ਚੌਕ ਮਹਿਤਾ ਬੈਠੇ ਜ਼ਮਾਨਤ ਕਰਵਾਈ ਜਾ ਸਕਦੀ ਹੈ। ਸੰਤ ਜਰਨੈਲ ਸਿੰਘ ਨੇ ਸਵਰਗੀ ਜਥੇਦਾਰ ਸੰਤੋਖ ਸਿੰਘ ਤੋਂ ਪੁਛਿਆ ਕਿ ਉਹ ਨਿੱਜੀ ਮਿਤ੍ਰਤਾ ਕਾਰਨ ਚੌਕ ਮਹਿਤਾ ਆਏ ਸਨ ਜਾਂ ਸਰਕਾਰ ਦੇ ਏਲਚੀ ਵਜੋਂ ? ਜਦੋਂ ਜਥੇਦਾਰ ਸੰਤੋਖ ਸਿੰਘ ਨੇ ਕਿਹਾ ਕਿ ਉਹ ਸਰਕਾਰ ਵਲੋਂ ਨਹੀਂ ਆਏ ਤਾਂ ਸੰਤ ਜਰਨੈਲ ਸਿੰਘ ਨੇ ਕਿਹਾ ਕਿ ਉਹ ਅਰਦਾਸ ਕਰ ਚੁਕੇ ਹਨ ਅਤੇ ਉਹ ਗ੍ਰਿਫਤਾਰੀ ਅਵੱਸ਼ ਦੇਣਗੇ। ਇਸ ਤੇ ਜਥੇਦਾਰ ਸੰਤੋਖ ਸਿੰਘ ਨੇ ਕਿਹਾ ਕਿ ਉਹ ਤਾਂ ਪਤਾ ਲੈ ਰਹੇ ਸਨ ਕਿ ਕਿਤੇ ਸੰਤ ਜਰਨੈਲ ਸਿੰਘ ਗ੍ਰਿਫਤਾਰੀ ਦੇ ਪਿਛੋਂ ਤਾਂ ਢਿਲਮਿਲ ਨਹੀਂ ਵਿਖਾਉਣਗੇ ?

ਸੰਤ ਜਰਨੈਲ ਸਿੰਘ ਨੇ 20 ਸਤੰਬਰ 1981, ਆਤਮ ਸਮਰਪਨ ਲਈ ਤਰੀਕ ਨਿਸਚਿਤ ਕੀਤੀ ਸੀ ਪ੍ਰੰਤੂ ਦੇਸ਼ ਪ੍ਰਦੇਸ਼ ਤੋਂ ਲੋਕ 18-19 ਸਤੰਬਰ ਤੋਂ ਚੌਕ ਮਹਿਤਾ ਇਕੱਠੇ ਹੋਣੇ ਆਰੰਭ ਹੋ ਗਏ ਸਨ ਅਤੇ 19 ਸਤੰਬਰ ਰਾਤ ਤੱਕ ਹੀ ਚੌਕ ਮਹਿਤਾ ਪਹੁੰਚਣ ਵਾਲਿਆਂ ਦੀ ਗਿਣਤੀ 25 ਤੋਂ 30 ਹਜ਼ਾਰ ਤੱਕ ਪਹੁੰਚ ਗਈ ਸੀ। ਹਰ ਸਿਖ ਦਮਦਮੀ ਟਕਸਾਲ ਨੂੰ ਬੰਦ ਕਰਵਾਉਣ ਲਈ ਸਰਕਾਰ ਵਲੋਂ ਕੀਤੇ ਇਸ ਯਤਨ ਦੀ ਨਿਖੇਧੀ ਕਰ ਰਿਹਾ ਸੀ ਅਤੇ ਇਸਦਾ ਡੱਟ ਕੇ ਮੁਕਾਬਲਾ ਕਰਨ ਦੇ ਹੱਕ ਵਿਚ ਸੀ : ਪ੍ਰੰਤੂ ਸੰਤ ਜਰਨੈਲ ਸਿੰਘ ਗ੍ਰਿਫਤਾਰੀ ਦੇਣ ਦਾ ਮਨ ਬਣਾ ਚੁਕੇ ਸਨ ਅਤੇ ਹੁਣ ਕੋਈ ਉਨ੍ਹਾਂ ਨੂੰ ਇਸ ਰਾਹ ਤੋਂ ਮੋੜ ਨਹੀਂ ਸੀ ਸਕਦਾ। ਉਧਰ ਪੁਲਿਸ ਵਲੋਂ ਸੰਤ ਜਰਨੈਲ ਸਿੰਘ ਦੇ ਆਤਮ-ਸਮਰਪਨ ਵੇਲੇ ਹੋਣ ਵਾਲੀ ਸੰਭਾਵਿਤ ਹਿੰਸਾ ਨੂੰ ਰੋਕਣ ਲਈ ਵੱਡੀ ਪੱਧਰ ਤੇ ਪ੍ਰਬੰਧ ਕਰ ਲਏ ਗਏ ਸਨ। ਸੀਮਾ ਸੁਰੱਖਿਆ ਦਲ ਦੀਆਂ 1200 ਨਫਰੀ ਦੀਆ ਦੋ ਬਟਾਲੀਅਨਾਂ, ਪੀ. ਏ. ਪੀ ਦੇ 4500 ਜੁਆਨਾਂ ਤੋਂ ਛੁੱਟ ਪੰਜਾਬ ਪੁਲਿਸ ਦੇ ਅਨਗਿਣਤ ਸਿਪਾਹੀ ਚੌਕ ਮਹਿਤਾ ਵਿਖੇ ਰੱਖੇ ਗਏ ਸਨ। ਫੌਜ ਨੂੰ ਚੌਕਸ ਕੀਤਾ ਗਿਆ ਸੀ ਤਾਂ ਜੋ ਲੋੜ ਪੈਣ ਤੇ ਉਸ ਦੀ ਵੀ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ। ਇਸ ਤੋਂ ਛੁੱਟ ਕੇਂਦਰੀ ਪੁਲਿਸ ਨੂੰ ਕਿਸੇ ਵੀ ਸਮੇਂ ਪੰਜਾਬ ਪਹੁੰਚਣ ਲਈ ਦਿੱਲੀ ਵਿਖੇ ਤਿਆਰ-ਬਰ-ਤਿਆਰ ਰਖਿਆ ਗਿਆ ਸੀ। ਪੁਲਿਸ ਹਲਕਿਆਂ ਵਿਚ ਆਖਰੀ ਸਮੇਂ ਤੱਕ ਇਹ ਸੁਆਲ ਪੁਛਿਆ ਜਾ ਰਿਹਾ ਸੀ, "ਸੰਤ

ਗ੍ਰਿਫਤਾਰੀ ਦੇਣਗੇ ?" ਸ਼ਾਇਦ ਉਹ ਇਸ ਗੱਲ ਤੋਂ ਅਨਜਾਣ ਸਨ ਕਿ ਸਿਖ ਦੀ ਅਰਦਾਸ ਵਾਪਸ ਨਹੀਂ ਲਈ ਜਾ ਸਕਦੀ ।

ਗ੍ਰਿਫਤਾਰੀ ਤੋਂ ਪਹਿਲਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਵਿਖੇ ਜੋ ਭਾਸ਼ਨ ਦਿੱਤੇ ਗਏ ਉਨ੍ਹਾਂ ਦੀ ਤਰਜ਼ ਇਹੋ ਸੀ ਕਿ ਸਰਕਾਰ ਨੇ ਸਿਖ ਧਰਮ ਦਾ ਪ੍ਰਚਾਰ ਰੋਕਣ ਲਈ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਕਤਲ ਕੇਸ ਵਿਚ ਫਸਾਉਣ ਦੀ ਸਾਜ਼ਸ਼ ਰਚੀ ਸੀ; ਸੰਤ ਜਰਨੈਲ ਸਿੰਘ 'ਖਾਲਸਾ' ਦੇ ਵਾਰੰਟ ਗ੍ਰਿਫਤਾਰੀ ਵਾਪਸ ਲੈ ਕੇ ਇਹ ਐਲਾਨ ਕੀਤਾ ਜਾਏ ਕਿ ਉਹ ਲਾਲਾ ਜਗਤ ਨਾਰਾਇਣ ਕਤਲ ਕਾਂਡ ਵਿਚ ਸੰਮਿਲਤ ਨਹੀਂ ਸਨ ਅਤੇ ਪੁਲਿਸ ਨੂੰ ਉਨ੍ਹਾਂ ਦੀ ਕੋਈ ਲੋੜ ਨਹੀਂ ਅਤੇ ਜੇ ਸੰਤ ਜਰਨੈਲ ਸਿੰਘ 'ਖਾਲਸਾ' ਤੇ ਤਸ਼ੱਦਦ ਕੀਤਾ ਗਿਆ ਤਾਂ ਸਿਖ ਕੌਮ ਦਾ ਬੱਚਾ ਬੱਚਾ ਕੱਟ ਮਰੇਗਾ । ਅਜਿਹੇ ਭਾਸ਼ਨ ਕਰਨ ਵਾਲਿਆਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਸ਼ਾਮਲ ਸਨ । ਅਕਾਲੀ ਦਲ (ਤਲਵੰਡੀ) ਵਲੋਂ ਸ: ਰਣਧੀਰ ਸਿੰਘ ਚੀਮਾ ਅਤੇ ਡਾ: ਗੁਰਨਾਮ ਸਿੰਘ ਤੀਰ ਨੇ ਵੀ ਅਜਿਹੇ ਹੀ ਭਾਸ਼ਨ ਕੀਤੇ । ਗੱਲ ਕੀ ਸੰਤ ਜਰਨੈਲ ਸਿੰਘ ਨੂੰ ਕਤਲ ਦੇ ਕੇਸ ਵਿਚ ਫਸਾਉਣ ਦੀ ਸਾਜ਼ਸ਼ ਵਿਰੁਧ ਸਮੁੱਚਾ ਸਿਖ ਪੰਥ ਮਤਭੇਦਾਂ ਦੇ ਬਾਵਜੂਦ ਇਕ ਸਟੇਜ ਤੇ ਆਣ ਖਲੋਤਾ ਸੀ ਅਤੇ ਇਹ ਛੋਟੀ ਪ੍ਰਾਪਤੀ ਨਹੀਂ ਸੀ । ਸੰਤ ਜਰਨੈਲ ਸਿੰਘ ਨੇ ਸਭ ਤੋਂ ਪਿਛੋਂ ਆਪਣੇ ਭਾਸ਼ਨ ਵਿਚ ਇਕੱਠੀ ਹੋਈ ਸੰਗਤ ਨੂੰ ਵਾਰ ਵਾਰ ਇਹੋ ਅਪੀਲ ਕੀਤੀ ਕਿ ਉਹ ਆਤਮ-ਸਮਰਪਣ ਕਰਨ ਲਈ ਅਰਦਾਸਾ ਸੋਧ ਚੁੱਕੇ ਸਨ ਅਤੇ ਸੰਗਤ ਗ੍ਰਿਫਤਾਰੀ ਨਾ ਦੇਣ ਦੀ ਮੰਗ ਨਾ ਕਰੇ ਅਤੇ ਦੂਸਰੇ ਜਦੋਂ ਉਹ ਪੁਲਿਸ ਦੀ ਜੀਪ ਵਿਚ ਬੈਠ ਜਾਣ ਤਾਂ ਕੋਈ ਵਿਅਕਤੀ ਹਿੰਸਕ ਕਾਰਵਾਈ ਕਰਨ ਦਾ ਯਤਨ ਨਾ ਕਰੇ । ਉਨ੍ਹਾਂ ਕਿਹਾ ਕਿ "ਜੋ ਕੋਈ ਵੀ ਪੁਲਿਸ ਦੀਆਂ ਗੱਡੀਆਂ ਤੇ ਰੋੜਾ ਮਾਰੇਗਾ, ਉਹ ਰੋੜਾ ਜਰਨੈਲ ਸਿੰਘ ਨੂੰ ਵੱਜੇਗਾ ; ਅਜਿਹਾ ਵਿਅਕਤੀ ਮੇਰੇ ਨਾਲ ਵੱਡੀ ਦੁਸ਼ਮਣੀ ਕਮਾਵੇਗਾ ।"

20 ਸਤੰਬਰ 1981 ਨੂੰ ਬਾਅਦ ਦੁਪਹਿਰ 2-30 ਵਜੇ ਸੰਤ ਜਰਨੈਲ ਸਿੰਘ ਪੁਲਿਸ ਅਗੇ ਆਤਮ-ਸਮਰਪਨ ਕਰਨ ਲਈ ਸਟੇਜ ਤੋਂ ਉਤਰ ਕੇ ਗੁਰਦੁਆਰੇ ਵਿਚੋਂ ਬਾਹਰ ਨਿਕਲ ਆਏ ਅਤੇ ਉਨ੍ਹਾਂ ਦੇ ਮਗਰ ਦੀ 50 ਹਜ਼ਾਰ ਤੋਂ ਵਧੇਰੇ ਸੰਗਤ



ਉੱਠ ਕੇ ਗੁਰਦੁਆਰੇ ਦੇ ਸੱਜੇ ਪਾਸੇ ਦੇ ਗੇਟ ਵਿਚੋਂ ਬਾਹਰ ਨਿਕਲਣ ਲਈ ਉੱਠ ਤੁਰੀ । ਪ੍ਰੰਤੂ ਅਜਿਹੀ ਸਥਿਤੀ ਨੂੰ ਭਾਂਪਦੇ ਹੋਏ ਗੁਰਦੁਆਰੇ ਦਾ ਮੁਖ ਦਰਵਾਜ਼ਾ ਪ੍ਰਬੰਧਕਾਂ ਵਲੋਂ ਬੰਦ ਕੀਤਾ ਜਾ ਚੁੱਕਾ ਸੀ । ਭੀੜ ਵਲੋਂ ਏਨਾ ਦਬਾਅ ਪਾਇਆ ਜਾ ਰਿਹਾ ਸੀ ਕਿ ਇੰਜ ਲਗਦਾ ਸੀ ਕਿ ਗੇਟ ਟੁੱਟ ਜਾਏਗਾ । ਇਸ ਲਈ ਗੇਟ ਖੋਲ੍ਹ ਦਿੱਤਾ ਗਿਆ ਅਤੇ ਭੀੜ ਲਗਭਗ ਇਕ ਫਰਲਾਂਗ ਤੇ ਜਾ ਕੇ ਸੰਤ ਜਰਨੈਲ ਸਿੰਘ ਨੂੰ ਮਿਲੀ । ਉਨ੍ਹਾਂ ਦੇ ਚਾਰੇ ਪਾਸੇ ਸੰਗਤ ਹੀ ਸੰਗਤ ਸੀ, ਜਿਸ ਵਿਚ ਨਿਹੰਗ ਸਿੰਘ ਵੀ ਸ਼ਾਮਲ ਸਨ । ਇਸੇ ਦੌਰਾਨ ਤਿੰਨ ਕਾਰਾਂ ਆਈਆਂ ਅਤੇ ਸਭ ਤੋਂ ਅਖੀਰਲੀ ਕਾਰ ਵਿਚ ਸੰਤ ਜਰਨੈਲ ਸਿੰਘ ਇਕ ਉਚ-ਪੁਲਿਸ ਅਧਿਕਾਰੀ ਜਰਨੈਲ ਸਿੰਘ ਚਾਹਲ ਨਾਲ ਬੈਠ ਗਏ । ਸੰਗਤ ਵਿਚੋਂ ਕੁਝ ਜਜ਼ਬਾਤੀ ਲੋਕ ਕਾਰ ਦੀ ਛੱਤ ਉਤੇ ਆ ਕੇ ਬੈਠ ਗਏ ਅਤੇ ਕਾਰ ਦੀ ਬੋਨਟ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਵਰਗੀ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਬੈਠ ਗਏ । ਜਿਵੇਂ ਕਿਵੇਂ ਇਨ੍ਹਾਂ ਲੋਕਾਂ ਨੂੰ ਕਾਰ ਤੋਂ ਪਰੇ ਹਟਾਇਆ ਗਿਆ ਅਤੇ ਕਾਰ ਲੁਧਿਆਣੇ ਵੱਲ ਚੱਲ ਪਈ । ਇਸ ਵੇਲੇ ਤੱਕ ਕੋਈ ਅਣਸੁਖਾਵੀਂ ਘਟਨਾ ਨਹੀਂ ਸੀ ਹੋਈ ।

ਤਿੰਨ ਵਜੇ ਅਚਾਨਕ ਪੁਲਿਸ ਅਤੇ ਨਿਹੰਗ ਸਿੰਘਾਂ ਦੇ ਇਕ ਜੱਥੇ ਵਿਚਕਾਰ ਮੁਠਭੇੜ ਹੋ ਗਈ ਅਤੇ ਆਪਸ ਵਿਚ ਪਥਰਾਓ ਆਰੰਭ ਹੋ ਗਿਆ । ਪੁਲਿਸ ਵਲੋਂ ਪਥਰਾਓ ਵੇਖ ਕੇ ਨਿਹੰਗ ਸਿੰਘਾਂ ਨੇ ਪੁਲਿਸ ਦੀ ਕਨਟੀਨ ਵੇਨ ਨੂੰ ਅੱਗ ਲਾ ਦਿੱਤੀ । ਇਸ ਵਿਚ ਸ਼ਾਇਦ ਅਸਲਾ ਪਿਆ ਸੀ, ਜੋ ਅੱਗ ਲੱਗਣ ਨਾਲ ਫਟਣਾ ਆਰੰਭ ਹੋ ਗਿਆ । ਪੁਲਿਸ ਕਰਮਚਾਰੀਆਂ ਨੇ ਸਮਝਿਆ ਕਿ ਗੋਲੀ ਚੱਲਣ ਲੱਗ ਪਈ ਹੈ । ਇਸ ਲਈ ਉਨ੍ਹਾਂ ਨੇ ਡਰ ਅਤੇ ਗਲਤ-ਫਹਿਮੀ ਕਾਰਨ ਗੋਲੀ ਚਲਾਉਣੀ ਆਰੰਭ ਕਰ ਦਿੱਤੀ ਅਤੇ ਗੋਲੀ ਚਲਾਉਣ ਦਾ ਹੁਕਮ ਕਿਸੇ ਅਧਿਕਾਰਿਤ ਅਧਿਕਾਰੀ ਵਲੋਂ ਨਾ ਦਿੱਤਾ ਗਿਆ । ਪਹਿਲਾਂ ਉਨ੍ਹਾਂ ਨੇ ਹਵਾ ਵਿਚ ਫ਼ਾਇਰ ਕੀਤੇ ਪ੍ਰੰਤੂ ਬਾਅਦ ਵਿਚ ਮਾਰਨ ਲਈ ਫ਼ਾਇਰ ਕੀਤੇ ਗਏ । ਮੌਕੇ ਤੇ ਵੱਡੀ ਗਿਣਤੀ ਵਿਚ ਡਿਊਟੀ ਮੈਜਿਸਟ੍ਰੇਟ ਮੌਜੂਦ ਸਨ ਪ੍ਰੰਤੂ ਕਿਸੇ ਨੇ ਵੀ ਗੋਲੀ ਚਲਾਉਣ ਦੇ ਹੁਕਮ ਤੇ ਦਸਤਖਤ ਨਾ ਕੀਤੇ । ਬਾਅਦ ਵਿਚ ਰਾਜ ਸਰਕਾਰ ਨੇ ਬਾਬਾ ਬਕਾਲਾ ਸਬ-ਡਿਵੀਜ਼ਨ ਦੇ ਐਸ. ਡੀ. ਐਮ. ਪਾਸੋਂ ਦਸਤਖਤ ਕਰਵਾਉਣ ਦਾ ਯਤਨ ਕੀਤਾ ਪ੍ਰੰਤੂ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਇਸ ਘਲੂਘਾਰੇ ਵਿਚ 12 ਸਿਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਕਈ ਲਾਪਤਾ ਹੋ ਗਏ । ਜੋ ਲਾਸ਼ਾਂ ਸੰਗਤ ਲਿਜਾ ਸਕੀ, ਉਹ ਟਰਾਲੀਆਂ ਆਦਿ ਵਿਚ ਪਾ ਕੇ ਲੈ ਗਈ ਪ੍ਰੰਤੂ ਬਾਕੀਆਂ ਦਾ ਪੁਲਿਸ ਨੇ ਆਪ ਸਸਕਾਰ ਕਰ ਦਿੱਤਾ ਅਤੇ ਵਾਰਸਾਂ ਨੂੰ ਲਾਸ਼ਾਂ ਨਾ ਦਿੱਤੀਆਂ ਗਈਆਂ । ਪੁਲਿਸ ਨੇ ਇਸ ਘਲੂਘਾਰੇ ਵਿਚ ਮਾਰਕ II ਅਤੇ

# ਵਿਸਾਖੀ ਸਾਕੇ ਦੇ ਸ਼ਹੀਦ



ਸ਼ਹੀਦ ਭਾਈ ਅਵਤਾਰ ਸਿੰਘ ਜੀ, ਕੁਰਾਲਾ



ਸ਼ਹੀਦ ਭਾਈ ਰਣਬੀਰ ਸਿੰਘ ਜੀ ਫ਼ੌਜੀ, ਮਹਿਤਾ



ਸ਼ਹੀਦ ਗਿਆਨੀ ਹਰੀ ਸਿੰਘ ਜੀ, ਅੰਮ੍ਰਿਤਸਰ



ਸ਼ਹੀਦ ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ





ਸ਼ਹੀਦ ਭਾਈ ਰਘਬੀਰ ਸਿੰਘ ਜੀ, ਭਗੂਪੁਰ



ਸ਼ਹੀਦ ਭਾਈ ਹਰਭਜਨ ਸਿੰਘ ਜੀ, ਭੱਟੀਆਂ



ਸ਼ਹੀਦ ਭਾਈ ਪਿਆਰਾ ਸਿੰਘ ਜੀ, ਭੁੰਗਰਨੀ



ਸ਼ਹੀਦ ਭਾਈ ਗੁਰਚਰਨ ਸਿੰਘ ਜੀ, ਲੁਧਿਆਣਾ

ਮਾਰਕ III ਦੀਆਂ ਸਟੇਨਗੰਨਾਂ ਅਤੇ 7·62 ਐਮ. ਐਮ. ਦੀਆਂ ਫੌਜੀ ਗੰਨਾਂ ਦੀ ਵਰਤੋਂ ਕੀਤੀ। ਪੁਲਿਸ ਦਾ ਕਹਿਣਾ ਹੈ ਕਿ ਲਗਭਗ 30 ਨਿਹੰਗ ਸਿੰਘ ਨੰਗੀਆਂ ਤਲਵਾਰਾਂ ਲੈ ਕੇ ਉਨ੍ਹਾਂ ਵੱਲ ਵਧੇ ਅਤੇ ਪੁਲਿਸ ਕਰਮਚਾਰੀਆਂ ਤੇ ਹਮਲਾ ਕਰ ਦਿੱਤਾ। ਇਕ ਪੁਲਿਸ ਵਾਲੇ ਦੀ ਬਾਂਹ ਵੱਢੀ ਗਈ। ਇਸ ਕਾਰਨ ਪੁਲਿਸ ਨੇ ਸਵੈ-ਰਖਿਆ ਵਿਚ ਫ਼ਾਇਰਿੰਗ ਕੀਤੀ। ਪ੍ਰੰਤੂ ਇੰਜ ਲਗਦਾ ਹੈ ਕਿ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚੋਂ ਨਿਕਲੀ ਸੰਗਤ ਦੀ ਭਾਰੀ ਗਿਣਤੀ ਨੇ ਪੁਲਿਸ ਨੂੰ ਘਬਰਾਹਟ ਵਿਚ ਪਾ ਦਿੱਤਾ। ਪੁਲਿਸ ਦਾ ਵਿਚਾਰ ਸੀ ਕਿ ਸੰਗਤ ਗੁੱਸੇ ਵਿਚ ਆ ਕੇ ਪੁਲਿਸ ਤੇ ਹਮਲਾ ਕਰਨ ਲੱਗੀ ਹੈ ਅਤੇ ਇਸੇ ਭੁਲੇਖੇ ਵਿਚ ਪੁਲਿਸ ਨੇ ਗੋਲੀ ਚਲਾਈ। ਚੌਂਕ ਮਹਿਤਾ ਗੋਲੀ ਕਾਂਡ ਵਿਚ ਅਨੇਕ ਸਿੱਖਾਂ ਦੇ ਫੱਟੜ ਅਤੇ 12 ਦੇ ਸ਼ਹੀਦ ਹੋਣ ਕਾਰਨ ਸਿੱਖ ਜਨਤਾ ਵਿਚ ਸਰਕਾਰ ਵਿਰੁੱਧ ਰੋਹ ਹੋਰ ਵੀ ਵਧ ਗਿਆ।

20 ਸਤੰਬਰ ਦੀ ਰਾਤ ਨੂੰ ਹੀ ਜਲੰਧਰ ਵਿਖੇ ਚੌਂਕ ਮਹਿਤਾ ਦੇ ਘਲੂਘਾਰੇ ਪ੍ਰਤੀਕਰਮ ਵਜੋਂ ਤਿੰਨ ਨੌਜੁਆਨ ਸਿਖ ਮੋਟਰ ਸਾਈਕਲ ਤੇ ਆਏ ਅਤੇ ਜਗੂ ਚੌਕ, ਲਾਲ ਬਾਜ਼ਾਰ, ਗੁੜ ਮੰਡੀ, ਫੁਟਬਾਲ ਚੌਂਕ ਆਦਿ ਦੇ ਰਸਤੇ ਹੁੰਦੇ ਹੋਏ ਸ਼ਹਿਰ ਵਿਚ ਗੋਲੀਆਂ ਚਲਾਉਂਦੇ ਚਲੇ ਗਏ। ਇਸ ਘਟਨਾ ਵਿਚ ਇਕ ਵਿਅਕਤੀ ਮੌਕੇ ਤੇ ਅਤੇ ਤਿੰਨ ਵਿਅਕਤੀ ਬਾਅਦ ਵਿਚ ਹਸਪਤਾਲ ਵਿਚ ਜਾ ਕੇ ਦਮ ਤੋੜ ਗਏ। ਇਸ ਤੋਂ ਅਗਲੇ ਦਿਨ ਰਾਤ ਨੂੰ ਕੁਝ ਕੁ ਜਜ਼ਬਾਤੀ ਸਿਖਾਂ ਨੇ ਤਰਨ ਤਾਰਨ ਵਿਖੇ ਗੋਲੀ ਚਲਾਈ ਜਿਸ ਨਾਲ ਇਕ ਵਿਅਕਤੀ ਮਾਰਿਆ ਗਿਆ। ਪ੍ਰਤੱਖ ਤੌਰ ਤੇ ਇਹ ਘਟਨਾਵਾਂ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਕਾਰਨ ਸਿਖ ਸੰਗਤਾਂ ਵਿਚ ਪੈਦਾ ਹੋਏ ਰੋਹ ਦਾ ਸਿੱਟਾ ਸਨ। ਏਨਾ ਹੀ ਨਹੀਂ ਇਹ ਘਟਨਾਵਾਂ ਇੱਕਾ ਦੁੱਕਾ ਪ੍ਰਤੀਤ ਨਹੀਂ ਸਨ ਹੁੰਦੀਆਂ ਸਗੋਂ ਇਕ ਜਥੇਬੰਦ ਅਤੇ ਵਿਉਂਤਬੱਧ ਢੰਗ ਨਾਲ ਹੋਈਆਂ ਜਾਪਦੀਆਂ ਸਨ। ਇਹਨੀਂ ਹੀ ਦਿਨੀਂ ਰੇਲਵੇ ਲਾਈਨਾਂ ਦੀਆਂ ਜੋੜ ਪੱਟੀਆਂ ਉਖਾੜਨ ਅਤੇ ਰੇਲ ਹਾਦਸੇ ਕਰਵਾਉਣ ਦੇ ਯਤਨ ਵੀ ਕੀਤੇ ਗਏ। ਸਭ ਤੋਂ ਵੱਡਾ ਅਜੇਹਾ ਰੇਲ ਹਾਦਸਾ ਅੰਮ੍ਰਿਤਸਰ-ਜਲੰਧਰ ਲਾਈਨ ਤੇ ਹੋਣ ਤੋਂ ਬਚਿਆ ਪ੍ਰੰਤੂ ਫੇਰ ਵੀ ਮਾਲ ਗੱਡੀ ਦੇ ਕਈ ਡੱਬੇ ਉਲਟ ਗਏ। ਇਹ ਘਟਨਾਵਾਂ 10 ਸਤੰਬਰ ਤੋਂ ਲੈ ਕੇ 20 ਸਤੰਬਰ ਤੱਕ ਪੰਜਾਬ ਦੇ ਗੈਰ-ਸਿਖ ਤਬਕੇ ਵਲੋਂ ਸਿਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕਰਵਾਉਣ ਦੇ ਯਤਨਾਂ ਦਾ ਪ੍ਰਤੀਕਰਮ ਵੀ ਸਨ ਅਤੇ ਸੰਤ ਜਰਨੈਲ ਸਿੰਘ ਦੀ ਬਿਨਾ ਸ਼ਰਤ ਰਿਹਾਈ ਲਈ ਦਬਾਅ ਪਾਉਣ ਦਾ ਸਾਧਨ ਵੀ। ਇਹੋ ਕਾਰਨ ਸੀ ਕਿ ਪੰਜਾਬ ਸਰਕਾਰ ਵਲੋਂ ਇਨ੍ਹਾਂ ਘਟਨਾਵਾਂ ਦੀ ਜਾਂਚ ਵੀ ਇਸ ਪਰਿ-ਕਲਪਨਾ ਦੇ



ਆਧਾਰ ਤੇ ਹੀ ਕੀਤੀ ਗਈ ਕਿ ਇਹ ਸੰਤ ਜਰਨੈਲ ਸਿੰਘ ਦੇ ਸਹਿਯੋਗੀਆਂ ਦੀਆਂ ਹੀ ਕਾਰਵਾਈਆਂ ਸਨ ਅਤੇ ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ਹੋਣ ਵਾਲੇ ਬੰਬ ਧਮਾਕਿਆਂ ਲਈ ਬੰਬ ਵੀ ਦਮਦਮੀ ਟਕਸਾਲ ਦੇ ਮੁਖ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਤੋਂ ਹੀ ਉਪਲਬਧ ਕਰਵਾਏ ਜਾਂਦੇ ਸਨ। ਪੰਜਾਬ ਸਰਕਾਰ ਵਲੋਂ ਇਹ ਪ੍ਰਭਾਵ ਦੇਣ ਦਾ ਵੀ ਯਤਨ ਕੀਤਾ ਗਿਆ ਕਿ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਦੇਸੀ ਬੰਬ ਬਣਾਉਣ ਦਾ ਕਾਰਖਾਨਾ ਲੱਗਾ ਹੋਇਆ ਸੀ।

ਸੰਤ ਜਰਨੈਲ ਸਿੰਘ ਨੂੰ ਲਾਲਾ ਜਗਤ ਨਾਰਾਇਣ ਕਤਲ ਕਾਂਡ ਵਿਚ ਸੰਮਿਲਤ ਕਰਨ, ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਉਸ ਪਿਛੋਂ ਹੋਈਆਂ ਘਟਨਾਵਾਂ ਕਾਰਨ ਸਿਖ ਜਨਤਾ ਵਿਚ ਧਾਰਮਿਕ-ਜਾਗ੍ਰਿਤੀ ਅਤੇ ਪੁਨਰ-ਉਥਾਨ ਦੇ ਪ੍ਰਤੀਕ ਵਜੋਂ ਲਿਆ ਜਾਣ ਲੱਗ ਪਿਆ। ਪੰਜਾਬ ਵਿਚ ਅਨਜਾਣ ਸਰਕਾਰੀ ਅਧਿਕਾਰੀਆਂ ਅਤੇ ਗੈਰ-ਸਿਖ ਅਖਬਾਰਾਂ ਵਲੋਂ ਪਹਿਲਾਂ ਹੀ ਖਾਲਿਸਤਾਨ ਦੀ ਮੰਗ ਕਰ ਰਹੀਆਂ ਕੁਝ ਇਕ ਜਥੇਬੰਦੀਆਂ ਨੂੰ ਸਿਖ ਸਿਧਾਂਤਵਾਦ ਨਾਲ ਜੋੜਿਆ ਜਾ ਰਿਹਾ ਸੀ। ਇਸ ਦੇ ਨਾਲ ਹੀ ਆਮ ਸਿਖਾਂ ਦਾ ਵਿਚਾਰ ਸੀ ਕਿ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਨਾਲ ਸਿਖਾਂ ਦੇ ਆਤਮ-ਸਨਮਾਨ ਨੂੰ ਧੱਕਾ ਲੱਗਾ ਸੀ, ਜਿਸ ਨੂੰ ਬਹਾਲ ਕਰਵਾਉਣਾ ਜ਼ਰੂਰੀ ਸੀ। ਇਸ ਲਈ ਦਲ ਖਾਲਸਾ ਦੇ ਪੰਜ ਪ੍ਰਮੁੱਖ ਕਾਰਕੁੰਨਾਂ ਨੇ 29 ਸਤੰਬਰ ਨੂੰ ਦਿੱਲੀ ਤੋਂ ਸ੍ਰੀਨਗਰ ਬਰਾਸਤਾ ਅੰਮ੍ਰਿਤਸਰ ਜਾਂਦਾ ਹੋਇਆ ਇੰਡੀਅਨ ਏਅਰਲਾਈਨਜ਼ ਦਾ ਬੋਇੰਗ ਜਹਾਜ਼ ਅਗਵਾ ਕਰ ਲਿਆ ਅਤੇ ਉਸਦੇ ਚਾਲਕ ਨੂੰ ਹਵਾਈ ਜਹਾਜ਼ ਲਾਹੌਰ ਹਵਾਈ ਅੱਡੇ ਉਤੇ ਉਤਰਨ ਲਈ ਮਜ਼ਬੂਰ ਕਰ ਦਿੱਤਾ। ਇਹ ਪੰਜ ਸਿਖ ਗਜਿੰਦਰ ਸਿੰਘ, ਕਰਨ ਸਿੰਘ, ਤਜਿੰਦਰ ਪਾਲ ਸਿੰਘ, ਜਸਬੀਰ ਸਿੰਘ ਅਤੇ ਸਤਿਨਾਮ ਸਿੰਘ ਸਨ। ਉਨ੍ਹਾਂ ਨੇ ਆਪਣੀਆਂ ਮੰਗਾਂ ਪਾਕਿਸਤਾਨੀ ਅਧਿਕਾਰੀਆਂ ਨੂੰ ਦੇ ਦਿੱਤੀਆਂ। ਇਧਰ ਉਸੇ ਦਿਨ ਸ਼ਾਮ ਨੂੰ ਦਲ ਖਾਲਸਾ ਦੇ ਮੁਖ ਪੰਚ ਸ: ਹਰਸਿਮਰਨ ਸਿੰਘ ਨੇ ਗੁਰੂ ਨਾਨਕ ਨਿਵਾਸ, ਅੰਮ੍ਰਿਤਸਰ ਵਿਖੇ ਇਕ ਪ੍ਰੈਸ ਕਾਨਫਰੰਸ ਕਰਕੇ ਹਵਾਈ ਜਹਾਜ਼ ਅਗਵਾ ਕਰਨ ਦੀ ਜ਼ਿੰਮੇਵਾਰੀ ਜਥੇਬੰਦੀ ਦੇ ਸਿਰ ਲੈ ਲਈ ਅਤੇ ਮੰਗਾਂ ਦਾ ਐਲਾਨ ਕਰ ਦਿੱਤਾ। ਹਵਾਈ ਜਹਾਜ਼ ਛੱਡਣ ਲਈ ਜੋ ਸ਼ਰਤਾਂ ਰੱਖੀਆਂ ਗਈਆਂ ਸਨ, ਉਨ੍ਹਾਂ ਵਿਚੋਂ ਪਹਿਲੀ ਇਹ ਸੀ ਕਿ ਸੰਤ ਜਰਨੈਲ ਸਿੰਘ 'ਖਾਲਸਾ' ਨੂੰ 30 ਸਤੰਬਰ ਸਵੇਰੇ 8 ਵਜੇ ਤੱਕ ਬਿਨਾਂ ਸ਼ਰਤ ਰਿਹਾ ਕਰ ਦਿੱਤਾ ਜਾਏ, ਚੌਂਕ ਮਹਿਤਾ ਵਿਖੇ ਪੁਲਿਸ ਐਕਸ਼ਨ ਵਿਚ ਸ਼ਹੀਦ ਹੋਏ ਸਿਖਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਪ੍ਰਤੀ ਪਰਿਵਾਰ ਦੇ ਹਿਸਾਬ ਨਾਲ ਸਹਾਇਤਾ ਦਿੱਤੀ ਜਾਏ। ਇਸ ਤੋਂ ਛੁੱਟ

ਉਨ੍ਹਾਂ ਨੇ ਖ਼ਾਲਿਸਤਾਨ ਦੀ ਸਥਾਪਤੀ ਲਈ ਭਾਰਤ ਸਰਕਾਰ ਨਾਲ ਪਾਕਿਸਤਾਨ ਦੇ ਪ੍ਰਧਾਨ ਜਨਰਲ ਜ਼ਿਆ-ਉਲ-ਹੱਕ ਰਾਹੀਂ ਗੱਲਬਾਤ ਕਰਨ ਦੀ ਵੀ ਮੰਗ ਕੀਤੀ ਸੀ। ਇਸ ਜਹਾਜ਼ ਵਿਚ ਅਮਲੇ ਦੇ 6 ਵਿਅਕਤੀਆਂ ਸਮੇਤ 117 ਯਾਤਰੂ ਸਨ। 30 ਸਤੰਬਰ ਸਵੇਰ ਨੂੰ ਪਾਕਿਸਤਾਨੀ ਛਾਪਾਮਾਰ ਸੈਨਿਕਾਂ ਨੇ ਦਲ ਖ਼ਾਲਸਾ ਦੇ ਇਨ੍ਹਾਂ ਕਾਰਕੁੰਨਾਂ ਦੇ ਹੱਥੋਂ ਹਵਾਈ ਜਹਾਜ਼ ਛੁਡਾ ਲਿਆ ਅਤੇ ਯਾਤਰੂ ਰਿਹਾ ਕਰਵਾ ਲਏ। ਭਾਰਤ ਅਤੇ ਪੰਜਾਬ ਸਰਕਾਰ ਵਲੋਂ ਅਜਿਹੀਆਂ ਸ਼ਰਤਾਂ ਅਧੀਨ ਸੰਤ ਜਰਨੈਲ ਸਿੰਘ ਨਾ ਤਾਂ ਬਿਨਾਂ ਸ਼ਰਤ ਰਿਹਾ ਕੀਤੇ ਜਾਣੇ ਸਨ ਅਤੇ ਨਾ ਹੀ ਕੀਤੇ ਗਏ; ਪ੍ਰੰਤੂ ਦਲ ਖ਼ਾਲਸਾ ਦੇ ਇਹ ਮੈਂਬਰ ਸੰਤ ਜਰਨੈਲ ਸਿੰਘ ਨੂੰ ਕਤਲ ਕੇਸ ਵਿਚ ਅਜਾਈਂ ਫਸਾ-ਉਣ ਦੀ ਚਾਲ ਅਤੇ ਖ਼ਾਲਿਸਤਾਨ ਦੀ ਮੰਗ ਦੇ ਪ੍ਰਚਾਰ ਦਾ ਕੌਮਾਂਤਰੀਕਰਨ ਕਰਨ ਵਿਚ ਸਫ਼ਲ ਹੋ ਗਏ। ਇਹ ਵੱਖਰੀ ਗੱਲ ਹੈ ਕਿ ਇਸ ਘਟਨਾ ਨਾਲ ਖ਼ਾਲਿਸਤਾਨ ਦੀ ਲਹਿਰ ਨੂੰ ਉਤਸ਼ਾਹ ਮਿਲਿਆ, ਪ੍ਰੰਤੂ ਭਾਰਤ ਅਤੇ ਪੰਜਾਬ ਸਰਕਾਰ ਦੀਆਂ ਨਜ਼ਰਾਂ ਵਿਚ ਸੰਤ ਜਰਨੈਲ ਸਿੰਘ ਨਾ ਕੇਵਲ ਸਿਧਾਂਤਵਾਦੀ ਲਹਿਰ ਦੇ ਮੁਖੀ ਰਹਿ ਗਏ ਸਗੋਂ ਇਕ ਅਜਿਹੇ ਨੇਤਾ ਵਜੋਂ ਵੀ ਉਭਰੇ ਜਿਨ੍ਹਾਂ ਵੱਲ ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਆਸ ਭਰੀ ਨਜ਼ਰ ਨਾਲ ਵੇਖ ਸਕਦੇ ਸਨ। ਉਂਜ ਅਸਲੀਅਤ ਇਹ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਕਦੇ ਵੀ ਖ਼ਾਲਿਸਤਾਨ ਦੀ ਹਮਾਇਤ ਜਾਂ ਵਿਰੋਧਤਾ ਨਹੀਂ ਕੀਤੀ।

ਸੰਤ ਜਰਨੈਲ ਸਿੰਘ ਦਾ 21 ਸਤੰਬਰ ਨੂੰ ਬੱਸੀਆਂ ਰੈਸਟ ਹਾਊਸ ਵਿਚ ਅਦਾਲਤ ਲਾ ਕੇ 24 ਸਤੰਬਰ ਤਕ ਦਾ ਪੁਲਿਸ ਰਿਮਾਂਡ ਪ੍ਰਾਪਤ ਕੀਤਾ ਗਿਆ ਸੀ। ਉਸ ਪਿਛੋਂ 26 ਤੱਕ ਦਾ ਮੁੜ ਪੁਲਿਸ ਰਿਮਾਂਡ ਦਿੱਤਾ ਗਿਆ। ਇਸ ਪਿਛੋਂ 9 ਅਕਤੂਬਰ ਅਤੇ ਬਾਅਦ ਵਿਚ 15 ਅਕਤੂਬਰ ਤਕ ਦਾ ਅਦਾਲਤੀ ਰਿਮਾਂਡ ਦਿੱਤਾ ਗਿਆ। ਪੁਲਿਸ ਰਿਮਾਂਡ ਦੌਰਾਨ ਸੰਤ ਜਰਨੈਲ ਸਿੰਘ ਤੋਂ ਬੱਸੀਆਂ, ਗੜ੍ਹੀ ਅਤੇ ਸਿਧਵਾਂ ਰੈਸਟ ਹਾਊਸਾਂ ਵਿਚ ਪੁਛਗਿਛ ਕੀਤੀ ਗਈ ਜਦੋਂ ਕਿ ਅਦਾਲਤੀ ਰਿਮਾਂਡ ਦੌਰਾਨ ਉਨ੍ਹਾਂ ਨੂੰ ਫ਼ਿਰੋਜ਼ਪੁਰ ਜੇਲ੍ਹ ਵਿਖੇ ਰਖਿਆ ਗਿਆ। ਇਸ ਦੌਰਾਨ ਦਿਲਚਸਪ ਗੱਲ ਇਹ ਸੀ ਕਿ ਸਤ ਜਰਨੈਲ ਸਿੰਘ ਜਿਸ ਰੈਸਟ ਹਾਊਸ ਜਾਂ ਜੇਲ੍ਹ ਵਿਚ ਜਾਂਦੇ ਉਸ ਦੇ ਬਾਹਰ ਹੀ ਸਿਖ ਸੰਗਤਾਂ ਕੀਰਤਨ ਪ੍ਰਵਾਹ ਆਰੰਭ ਕਰ ਦੇਂਦੀਆਂ ਅਤੇ ਇਹ ਕ੍ਰਮ ਦਿਨ ਰਾਤ ਚਲਦਾ ਰਿਹਾ। ਪਿੰਡਾਂ ਵਿਚੋਂ ਲੋਕ ਜੇਲ੍ਹ ਦੇ ਬਾਹਰ ਬੈਠੀ ਸੰਗਤ ਲਈ ਲੰਗਰ ਲੈ ਆਉਂਦੇ ਅਤੇ 24-24 ਘੰਟੇ ਕੀਰਤਨ ਅਤੇ ਲੰਗਰ ਜਾਰੀ ਰਹਿੰਦਾ।



ਪੁਲਿਸ ਨੇ ਸੰਤ ਜਰਨੈਲ ਸਿੰਘ ਤੋਂ ਲਾਲਾ ਜਗਤ ਨਾਰਾਇਣ ਕਤਲ ਕਾਂਡ, ਉਨ੍ਹਾਂ ਦੇ ਚੰਦੋ ਕਲਾਂ ਤੋਂ ਚੌਕ ਮਹਿਤਾ ਪੁੱਜਣ ਅਤੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਸਬੰਧੀ ਲਗਭਗ 550 ਸੁਆਲ ਪੁੱਛੇ ਪ੍ਰੰਤੂ ਇਨ੍ਹਾਂ ਵਿਚੋਂ ਕਿਸੇ ਰਾਹੀਂ ਵੀ ਸੰਤ ਜਰਨੈਲ ਸਿੰਘ ਦਾ ਸਬੰਧ ਲਾਲਾ ਜਗਤ ਨਾਰਾਇਣ ਜਾਂ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਨਾਲ ਸਥਾਪਿਤ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਵਿਚੋਂ ਕੁਝ ਕੁ ਪ੍ਰਸ਼ਨ ਉੱਤਰ ਵਖਰੇ ਛਾਪੇ ਜਾ ਰਹੇ ਹਨ।

ਪੁਲਿਸ ਦੀ ਕਾਰਵਾਈ ਅਤੇ ਸੰਤ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਦੇ ਤਿੱਖੇ ਪ੍ਰਭਾਵ ਵਜੋਂ ਪੰਜਾਬ ਵਿਚ ਹੋ ਰਹੀਆਂ ਹਿੰਸਕ ਘਟਨਾਵਾਂ ਦੇ ਨਾਲ ਨਾਲ ਲਗਭਗ ਸਭ ਸਿੱਖ ਜਥੇਬੰਦੀਆਂ ਨੇ ਸੰਤ ਜਰਨੈਲ ਸਿੰਘ ਦੀ ਬਿਨਾ ਸ਼ਰਤ ਰਿਹਾਈ ਦੀ ਮੰਗ ਇਕ ਆਵਾਜ਼ ਹੋ ਕੇ ਕਰਨੀ ਆਰੰਭ ਕਰ ਦਿੱਤੀ। ਭਾਵੇਂ ਜਥੇਬੰਦੀਆਂ ਵਿਚੋਂ ਹਰ ਇਕ ਨੇ ਆਪੋ ਆਪਣੇ ਪ੍ਰਭਾਵ-ਖੇਤਰ ਅਨੁਸਾਰ ਪੰਜਾਬ ਵਿਚ ਲੋਕ ਰਾਂਏ ਕਾਇਮ ਕਰਨ ਵਿਚ ਯੋਗਦਾਨ ਪਾਇਆ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦਾ ਪ੍ਰਭਾਵ-ਖੇਤਰ ਸਿੱਖ ਜਨਤਾ ਵਿਚ ਵਧੇਰੇ ਹੋਣ ਕਾਰਨ ਉਸ ਨੇ ਇਸ ਕਾਰਜ ਵਿਚ ਪਹਿਲ ਕੀਤੀ ਅਤੇ ਉਸ ਦਾ ਯੋਗਦਾਨ ਵੀ ਬਾਕੀ ਜਥੇਬੰਦੀਆਂ ਤੋਂ ਵਧੇਰੇ ਰਿਹਾ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਂਵਾਲ, ਸਰਕਾਰ ਵਲੋਂ ਸਿੱਖੀ ਦਾ ਪ੍ਰਚਾਰ ਕਰਨ ਵਾਲੀ ਇਸ ਟਕਸਾਲ ਨੂੰ ਬੰਦ ਕਰਵਾਉਣ ਦੇ ਯਤਨਾਂ ਨੂੰ ਭਾਂਪ ਗਏ ਸਨ ਅਤੇ ਇਸੇ ਲਈ ਉਨ੍ਹਾਂ ਨੇ 20 ਸਤੰਬਰ ਨੂੰ ਹੀ ਚੌਕ ਮਹਿਤਾ ਵਿਖੇ ਸਿਖ ਸੰਗਤਾਂ ਨੂੰ ਸੱਦਾ ਦਿੱਤਾ ਕਿ ਉਹ ਸੰਤ ਜਰਨੈਲ ਸਿੰਘ ਦੀ ਚੜ੍ਹਦੀ ਕਲਾ ਲਈ ਪੰਜਾਬ ਦੇ ਹਰ ਪਿੰਡ, ਨਗਰ ਅਤੇ ਸ਼ਹਿਰ ਵਿਚ ਸਥਿਤ ਗੁਰਦੁਆਰੇ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨ, 26 ਨੂੰ ਉਨ੍ਹਾਂ ਦਾ ਭੋਗ ਪਾਉਣ ਅਤੇ 27 ਸਤੰਬਰ ਨੂੰ ਗੁਰਦੁਆਰਾ ਕਲਗੀਧਰ ਸਿੰਘ ਸਭਾ, ਲੁਧਿਆਣਾ ਵਿਖੇ ਹੋਣ ਵਾਲੇ ਮਹਾਨ ਪੰਥਕ ਇਕੱਠ ਵਿਚ ਸ਼ਾਮਲ ਹੋਣ ਲਈ ਪਹੁੰਚ ਜਾਣ। ਇਸ ਪ੍ਰੋਗਰਾਮ ਦਾ ਪ੍ਰਯੋਜਨ ਪੰਜਾਬ ਅਤੇ ਦੇਸ਼ ਭਰ ਵਿਚ ਵਸਦੇ ਹਰ ਸਿਖ ਪਰਿਵਾਰ ਨੂੰ ਸਰਕਾਰ ਵਲੋਂ ਦਮਦਮੀ ਟਕਸਾਲ ਅਤੇ ਇਸ ਦੇ ਮੁਖੀ ਦਾ ਅੰਤ ਕਰਨ ਦੇ ਪ੍ਰੋਗਰਾਮ ਤੋਂ ਜਾਣੂੰ ਕਰਵਾਉਣਾ ਸੀ। ਨਿਰਸੰਦੇਹ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੂਰ-ਦਰਸ਼ਤਾ ਤੋਂ ਕੰਮ ਲਿਆ ਸੀ ਅਤੇ ਕੇਂਦਰ ਸਰਕਾਰ ਨੂੰ ਦੱਸ ਦਿੱਤਾ ਸੀ ਕਿ ਸਿਖ ਕੌਮ ਧਾਰਮਿਕ ਮਾਮਲੇ ਵਿਚ ਦਖਲ ਬਰਦਾਸ਼ਤ ਨਹੀਂ ਕਰੇਗੀ ਅਤੇ ਸਿਖੀ ਪ੍ਰਚਾਰਕ ਤਿਆਰ ਕਰਨ ਵਾਲੀ ਇਸ ਟਕਸਾਲ ਨੂੰ ਬੰਦ ਨਹੀਂ ਹੋਣ ਦਿੱਤਾ ਜਾਏਗਾ। 27 ਸਤੰਬਰ ਨੂੰ

ਗੁਰਦੁਆਰਾ ਕਲਗੀਧਰ ਸਿੰਘ ਸਭਾ, ਲੁਧਿਆਣਾ ਵਿਖੇ ਇਕ ਮਹਾਨ ਇਕੱਠ ਹੋਇਆ। ਇਸ ਤੋਂ ਪਹਿਲਾਂ 26 ਸਤੰਬਰ ਨੂੰ ਗੁਰਦੁਆਰਾ ਆਲਮਗੀਰ, ਲੁਧਿਆਣਾ ਵਿਖੇ ਅਕਾਲੀ ਹਾਈ ਕਮਾਨ ਦੀ ਮੀਟਿੰਗ ਅਤੇ ਪੰਥਕ ਇਕੱਠ ਹੋਇਆ। ਇਸ ਇਕੱਠ ਵਿਚ ਵੀ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਜੇ ਉਸ ਨੇ ਸੰਤ ਜਰਨੈਲ ਸਿੰਘ ਨੂੰ ਰਿਹਾ ਨਾ ਕੀਤਾ ਤਾਂ ਇਸ ਤੋਂ ਨਿਕਲਣ ਵਾਲੇ ਸਿਟਿਆਂ ਦੀ ਜ਼ਿੰਮੇਵਾਰ ਉਹ ਆਪ ਹੋਵੇਗੀ। 29 ਸਤੰਬਰ ਨੂੰ ਦਲ ਖਾਲਸਾ ਦੇ ਨੌਜਵਾਨਾਂ ਵਲੋਂ ਇੰਡੀਅਨ ਏਅਰਲਾਈਨਜ਼ ਦਾ ਬੋਇੰਗ ਜਹਾਜ਼ ਅਗਵਾ ਹੋਣ ਕਾਰਨ ਕੇਂਦਰ ਸਰਕਾਰ ਦੀਆਂ ਅੱਖਾਂ ਖੁਲ ਗਈਆਂ ਸਨ ਅਤੇ ਪ੍ਰਧਾਨ ਮੰਤ੍ਰੀ ਸ੍ਰੀਮਤੀ ਗਾਂਧੀ, ਜੋ ਉਸ ਦਿਨ ਕਾਮਨਵੈਲਥ ਦੇਸ਼ਾਂ ਦੇ ਪ੍ਰਧਾਨ ਮੰਤ੍ਰੀਆਂ ਦੀ ਕਾਨਫਰੰਸ ਵਿਚ ਭਾਗ ਲੈਣ ਲਈ ਆਸਟ੍ਰੇਲੀਆਂ ਗਏ ਹੋਏ ਸਨ, ਨੇ ਸਮਝ ਲਿਆ ਕਿ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ ਦੇ ਮਾਮਲੇ ਵਿਚ ਉਨ੍ਹਾਂ ਨੂੰ ਗਲਤ ਰਾਇ ਦਿੱਤੀ ਗਈ ਸੀ। ਪੰਜਾਬ ਵਿਚ ਨਿਤ-ਪ੍ਰਤੀ ਹੋ ਰਹੇ ਵਿਸਫੋਟਕ ਧਮਾਕਿਆਂ ਤੋਂ ਵੀ ਸਰਕਾਰ ਤੰਗ ਆ ਗਈ ਸੀ ਅਤੇ ਸਥਿਤੀ ਖਿਚਾਅ-ਪੂਰਨ ਹੋ ਗਈ ਸੀ। ਪੰਜਾਬ ਕੰਢੇ ਤੇ ਖੜਾ ਸੀ ਅਤੇ ਸਥਿਤੀ ਨੂੰ ਕਾਬੂ-ਵਿਚ ਕਰਨ ਲਈ ਹਲੀਮੀ ਤੇ ਨਰਮੀ ਦੀ ਲੋੜ ਸੀ। ਸ੍ਰੀਮਤੀ ਗਾਂਧੀ ਨੇ ਅਜਿਹੇ ਅਵਸਰ ਤੇ ਆਪ ਪੰਜਾਬ ਆ ਕੇ ਇਥੋਂ ਦੀਆਂ ਵਿਰੋਧੀ ਪਾਰਟੀਆਂ ਨਾਲ ਗਲਬਾਤ ਆਰੰਭ ਕੀਤੀ। ਸ੍ਰੀਮਤੀ ਗਾਂਧੀ ਚੰਡੀਗੜ੍ਹ ਆਏ ਅਤੇ ਉਨ੍ਹਾਂ ਨੇ ਪੰਜਾਬ ਵਿਚ ਹਾਲਾਤ ਸ਼ਾਂਤਮਈ ਰੱਖਣ ਲਈ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਤੋਂ ਸਹਿਯੋਗ ਮੰਗਿਆ। ਇਸ ਅਵਸਰ ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦ੍ਰਿੜਾਇਆ ਕਿ ਅਕਾਲੀ ਦਲ ਉਦੋਂ ਤੱਕ ਕੇਂਦਰ ਸਰਕਾਰ ਨਾਲ ਕੋਈ ਗਲਬਾਤ ਨਹੀਂ ਕਰੇਗਾ ਜਦੋਂ ਤੱਕ ਕਿ ਸੰਤ ਜਰਨੈਲ ਸਿੰਘ ਨੂੰ ਬਿਨਾ ਸ਼ਰਤ ਰਿਹਾ ਨਹੀਂ ਕੀਤਾ ਜਾਂਦਾ। ਇਸ ਵੇਲੇ ਤੱਕ ਵਿਸ਼ਵਾਸ-ਯੋਗ ਸਮਾਚਾਰ ਪੱਤਰਾਂ ਅਤੇ ਸਿਖ ਸੂਤਰਾਂ ਰਾਹੀਂ ਚੰਦੋ ਕਲਾਂ, ਖਾਲਸਾ ਕਾਲਜ, ਅੰਮ੍ਰਿਤਸਰ ਅਤੇ ਚੌਕ ਮਹਿਤਾ ਵਿਖੇ ਕ੍ਰਮਵਾਰ 12, 16 ਅਤੇ 20 ਸਤੰਬਰ ਨੂੰ ਪੁਲਿਸ ਵਲੋਂ ਕੀਤੀਆਂ ਗਈਆਂ ਵਧੀਕੀਆਂ ਦੇ ਵੇਰਵੇ ਵੀ ਸਾਹਮਣੇ ਆ ਚੁੱਕੇ ਸਨ। ਚੰਦੋ ਕਲਾਂ ਵਿਖੇ ਭਿੰਡਰਾਂ ਜੱਥੇ ਦੀਆਂ ਦੋ ਬੱਸਾਂ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਅਤੇ ਸੰਤ ਗੁਰਬਚਰਨ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਕਥਾ ਦੀਆਂ ਟੇਪਾਂ ਵੀ ਸਨ, ਸਾੜੀਆਂ ਗਈਆਂ ਸਨ; ਜਿਸ ਨਾਲ ਸਿੱਖ ਜਗਤ ਵਿਚ ਭਾਰੀ ਰੋਹ ਫੈਲਿਆ ਸੀ। ਸ਼੍ਰੋਮਣੀ ਅਕਾਲੀ ਦਲ



(ਲੌਂਗੋਵਾਲ) ਨੇ ਇਹ ਵੀ ਸ਼ਰਤ ਰੱਖ ਦਿੱਤੀ ਕਿ ਗੱਲਬਾਤ ਤੋਂ ਪਹਿਲਾਂ ਉਪਰੋਕਤ ਤਿੰਨਾਂ ਥਾਵਾਂ ਵਿਖੇ ਹੋਈਆਂ ਪੁਲਿਸ ਵਧੀਕੀਆਂ ਦੀ ਅਦਾਲਤੀ ਜਾਂਚ ਕਰਵਾਈ ਜਾਏ। ਪ੍ਰਧਾਨ ਮੰਤਰੀ ਵਲੋਂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨਾਲ ਗੱਲਬਾਤ ਕਰਨ ਦਾ ਸੰਕੇਤ ਦੇਣ ਦੀ ਦੇਰ ਸੀ ਕਿ ਪ੍ਰਧਾਨ ਮੰਤ੍ਰੀ ਸਕਤਰੇਤ ਨੇ ਸਿੱਖ ਮੰਗਾਂ ਬਾਰੇ ਗੱਲਬਾਤ ਲਈ ਫਾਈਲਾਂ ਤਿਆਰ ਕਰਨੀਆਂ ਪ੍ਰਾਰੰਭ ਕਰ ਦਿੱਤੀਆਂ। ਇਹ ਸਿਹਰਾ ਸ੍ਰੀਮਤੀ ਗਾਂਧੀ ਨੂੰ ਜਾਂਦਾ ਹੈ ਕਿ ਉਨ੍ਹਾਂ ਨੇ ਪਹਿਲੀ ਵੇਰ ਪੰਜਾਬ ਦੀ ਸਥਿਤੀ ਦੀ ਗੰਭੀਰਤਾ ਨੂੰ ਵਾਚਿਆ ਅਤੇ ਪਾਰਟੀ ਹਿੱਤਾਂ ਤੋਂ ਉੱਪਰ ਉਠ ਕੇ ਫੈਸਲਾ ਲੈਣ ਦਾ ਯਤਨ ਕੀਤਾ। ਪ੍ਰਤੱਖ ਤੌਰ ਤੇ ਇਹ ਸ੍ਰੀਮਤੀ ਗਾਂਧੀ ਦੇ ਨਿਰਦੇਸ਼ ਹੀ ਸਨ ਜਿਸ ਕਾਰਨ ਸੰਤ ਜਰਨੈਲ ਸਿੰਘ ਨੂੰ 15 **ਅਕਤੂਬਰ ਨੂੰ ਫਿਰੋਜ਼ਪੁਰ ਜੇਲ੍ਹ ਵਿਚੋਂ ਮੈਜਿਸਟ੍ਰੇਟ ਸ੍ਰੀ ਜੀ. ਕੇ. ਰਾਏ ਨੇ ਇਹ ਕਹਿ ਕੇ ਦੋਸ਼-ਮੁਕਤ ਕਰ ਦਿੱਤਾ ਕਿ ਪੁਲਿਸ ਨੂੰ ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਉਨ੍ਹਾਂ ਦੀ ਲੋੜ ਨਹੀਂ**। ਇਸ ਤੋਂ ਕੁਝ ਦਿਨ ਪਿਛੋਂ ਹੀ ਪੰਜਾਬ ਸਰਕਾਰ ਨੇ ਸ੍ਰੀਮਤੀ ਗਾਂਧੀ ਦੇ ਹੀ ਆਦੇਸ਼ ਤੇ ਚੌਕ ਮਹਿਤਾ ਵਿਖੇ 20 ਸਤੰਬਰ ਨੂੰ ਹੋਈ ਪੁਲਿਸ ਫਾਇਰਿੰਗ ਦੀ ਜਾਂਚ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਪ੍ਰੀਤਮ ਸਿੰਘ ਪੱਤੜ ਨੂੰ ਨਿਯੁਕਤ ਕਰਕੇ ਅਦਾਲਤੀ ਜਾਂਚ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸੇ ਤਰਜ਼ ਤੇ ਹੀ ਹਰਿਆਣਾ ਸਰਕਾਰ ਨੇ ਚੰਦੋ ਕਲਾਂ ਵਿਖੇ ਹੋਈਆਂ ਪੁਲਿਸ ਵਧੀਕੀਆਂ ਦੀ ਜਾਂਚ ਲਈ ਅਦਾਲਤੀ ਜਾਂਚ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸ ਪਿਛੋਂ ਪ੍ਰਧਾਨ ਮੰਤ੍ਰੀ ਸ੍ਰੀਮਤੀ ਗਾਂਧੀ, ਉਨ੍ਹਾਂ ਦੇ ਏਲਚੀ, ਉਨ੍ਹਾਂ ਦੇ ਮੰਤ੍ਰੀ ਮੰਡਲ ਦੇ ਸਹਿਯੋਗੀਆਂ ਅਤੇ ਵਿਰੋਧੀ ਧਿਰ ਨਾਲ ਜੋ ਜੋ ਵਾਰਤਾ ਹੋਈ, ਉਸ ਦੇ ਵੇਰਵੇ ਏਥੇ ਦੇਣ ਦੀ ਲੋੜ ਨਹੀਂ; ਪ੍ਰੰਤੂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਸੰਤ ਜਰਨੈਲ ਸਿੰਘ ਦੀ ਰਿਹਾਈ ਦੇ ਮਾਮਲੇ ਵਿਚ ਸਿਖ ਜਜ਼ਬਾਤ ਦੀ ਪ੍ਰਤੀਨਿਧਤਾ ਕਰਕੇ ਨਾ ਕੇਵਲ ਭਿੰਡਰਾਂ ਜੱਥੇ ਦੇ ਸ਼ਰਧਾਲੂਆਂ ਸਗੋਂ ਸਮੁੱਚੀ ਸਿੱਖ ਕੌਮ ਦੀ ਰਾਏ ਆਮਾ ਪ੍ਰਾਪਤ ਕਰ ਲਈ ਸੀ।

ਸੰਤ ਜਰਨੈਲ ਸਿੰਘ ਨੂੰ 15 ਅਕਤੂਬਰ ਨੂੰ ਰਿਹਾ ਕੀਤਾ ਗਿਆ ਸੀ ਅਤੇ 16 ਅਕਤੂਬਰ ਨੂੰ ਹੀ ਚੰਡੀਗੜ੍ਹ ਵਿਖੇ ਸਕਤਰੇਤ ਅੱਗੇ ਤਿੰਨ ਮੋਟਰ ਸਾਈਕਲ ਸਵਾਰਾਂ ਨੇ ਨਿਰੰਜਨ ਸਿੰਘ, ਆਈ. ਏ. ਐਸ. (ਜੋ ਸਿੱਖ ਨਿਰੰਕਾਰੀ ਸਾਕੇ ਵਿਚ ਦੋਸ਼ੀ ਸੀ) ਉਤੇ ਗੋਲੀ ਚਲਾਈ। ਇਸ ਘਟਨਾ ਵਿਚ ਨਿਰੰਜਨ ਸਿੰਘ ਤਾਂ ਬਚ ਗਿਆ ਪ੍ਰੰਤੂ ਉਸ ਦੇ ਛੋਟੇ ਭਰਾ ਦੀ ਮੌਤ ਹੋ ਗਈ। ਨਾ ਕੇਵਲ ਜਲੰਧਰ ਦੇ ਗੈਰ-ਸਿੱਖ ਸਮਾਚਾਰ

ਪੱਤਰਾਂ ਨੇ ਸਗੋਂ ਰਾਜ ਸਰਕਾਰ ਨੇ ਵੀ ਇਸ ਨੂੰ ਸੰਤ ਜਰਨੈਲ ਸਿੰਘ ਦੀ ਰਿਹਾਈ ਦਾ 'ਤੋਹਫਾ' ਹੀ ਕਰਾਰ ਦਿੱਤਾ। ਵਰਣਨ ਯੋਗ ਹੈ ਕਿ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦੇ ਖੜਯੰਤਰ ਵਿਚ ਪੰਜਾਬ ਸਰਕਾਰ ਜਲੰਧਰ ਦੀ ਗੈਰ-ਸਿੱਖ ਪ੍ਰੈਸ ਨਾਲ ਪੂਰੀ ਤਰ੍ਹਾਂ ਭਾਈਵਾਲ ਸੀ, ਭਾਵੇਂ ਕਿ ਬਾਅਦ ਵਿਚ ਇਸ ਦਾ ਅਸਰ ਪੰਜਾਬ ਦਾ ਮਾਹੌਲ ਖਰਾਬ ਹੋਣ ਕਾਰਨ ਰਾਜ ਸਰਕਾਰ ਦੀ ਲੋਕਾਂ ਵਿਚ ਨਿਘਰ ਰਹੀ ਸਾਖ 'ਤੇ ਹੀ ਪਿਆ।

16 ਨਵੰਬਰ ਨੂੰ ਕਪੂਰਥਲਾ ਵਿਖੇ ਨਿਰੰਕਾਰੀ ਪ੍ਰਮੁੱਖ ਪ੍ਰਹਿਲਾਦ ਚੰਦ ਨੂੰ ਤਿੰਨ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਉਸ ਦਾ ਪੁੱਤਰ ਸਖਤ ਜ਼ਖਮੀ ਹੋਇਆ (ਜੋ ਬਾਅਦ ਵਿਚ ਚੰਡੀਗੜ੍ਹ ਵਿਖੇ ਪ੍ਰਾਣ ਤਿਆਗ ਗਿਆ)। ਇਸ ਘਟਨਾ ਵਿਚ ਕਥਿਤ ਦੋਸ਼ੀ ਤਾਂ ਫਰਾਰ ਹੋ ਗਏ ਪ੍ਰੰਤੂ ਉਨ੍ਹਾਂ ਦਾ ਮੋਟਰ ਸਾਈਕਲ ਰਹਿ ਗਿਆ ਜਿਸ ਕਾਰਨ ਜਾਂਚ ਵਿਚ ਕੁਝ ਪ੍ਰਗਤੀ ਹੋਈ। ਜਲੰਧਰ ਪੁਲਿਸ ਨੇ ਬਾਅਦ ਵਿਚ ਤਲਵਿੰਦਰ ਸਿੰਘ, ਤਰਸੇਮ ਸਿੰਘ, ਵਧਾਵਾ ਸਿੰਘ ਆਦਿ ਦੋਸ਼ੀ ਨਾਮਜ਼ਦ ਕੀਤੇ ਅਤੇ ਇਨ੍ਹਾਂ ਦਾ ਸਬੰਧ ਵੀ ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਜੱਥੇ ਨਾਲ ਹੀ ਜੋੜਨ ਦਾ ਯਤਨ ਕੀਤਾ। ਇਨ੍ਹਾਂ ਘਟਨਾਵਾਂ ਦੇ ਪ੍ਰਤਿਉੱਤਰ ਅਤੇ ਸਰਕਾਰ ਦੇ ਭੰਡੀ ਪ੍ਰਚਾਰ ਕਾਰਨ ਹੀ ਚੌਕ ਮਹਿਤਾ ਸਥਿਤ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਲੰਗਰ ਅਸਥਾਨ ਨੇੜੇ ਇਕ ਬੰਬ ਵਿਸਫੋਟ ਹੋਇਆ ਜਿਸ ਵਿਚ ਜੱਥੇ ਦੇ ਤਿੰਨ ਸਿੰਘ ਸ਼ਹੀਦ ਹੋ ਗਏ ਅਤੇ ਕਈ ਫੱਟੜ ਹੋਏ। ਉਸ ਦਿਨ ਸੰਤ ਜਰਨੈਲ ਸਿੰਘ ਪ੍ਰਚਾਰ ਲਈ ਨੇੜੇ ਦੇ ਪਿੰਡਾਂ ਵਿਚ ਗਏ ਹੋਏ ਸਨ। ਘਟਨਾ ਦਾ ਪਤਾ ਲੱਗਣ ਉਤੇ ਸੰਤ ਜਰਨੈਲ ਸਿੰਘ ਤੁਰੰਤ ਚੌਕ ਮਹਿਤਾ ਪਰਤ ਆਏ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਅਤੇ ਭਿੰਡਰਾਂ ਜੱਥੇ ਦੇ ਆਦਰਨੀਯ ਮੈਂਬਰ ਬਾਬਾ ਥਾਹਰਾ ਸਿੰਘ ਨੇ ਥਾਣੇ ਵਿਚ ਰਿਪੋਰਟ ਲਿਖਵਾਈ। ਪੁਲਿਸ ਜਾਂਚ ਲਈ ਆਈ, ਪ੍ਰੰਤੂ ਬਜਾਏ ਇਸ ਦੇ ਕਿ ਜਾਂਚ ਸਹੀ ਢੰਗ ਨਾਲ ਕਰਨ ਦਾ ਯਤਨ ਕੀਤਾ ਜਾਂਦਾ ਪੁਲਿਸ ਅਧਿਕਾਰੀਆਂ ਨੇ ਰਿਪੋਰਟ ਦੀ ਖਿੱਲੀ ਉਡਾਉਣੀ ਚਾਹੀ ਅਤੇ ਇਹੋ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ ਗੁਰਦੁਆਰਾ ਸਾਹਿਬ ਵਿਚ ਬੰਬ ਤਿਆਰ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਪੰਜਾਬ ਦੇ ਵੱਖ ਵੱਖ ਭਾਗਾਂ ਵਿਚ ਵਿਸਫੋਟ ਕਰਨ ਲਈ ਉਪਲਬਧ ਕਰਾਇਆ ਜਾਂਦਾ ਸੀ। ਇਕ ਦੋ ਦਿਨਾਂ ਪਿਛੋਂ ਉਚ ਪੁਲਿਸ ਅਧਿਕਾਰੀਆਂ ਨੇ ਇਹ ਬਿਆਨ ਵੀ ਦੇ ਦਿੱਤਾ ਕਿ ਗੁਰਦੁਆਰਾ ਸਾਹਿਬ ਦੇ ਲੰਗਰ ਅਸਥਾਨ ਵਿਖੇ ਜਿਸ ਬੰਬ ਦਾ ਵਿਸਫੋਟ ਹੋਇਆ ਸੀ ਉਹ ਪੰਜਾਬ ਵਿਚ ਹੋਏ ਹੋਰ ਬੰਬ ਧਮਾਕਿਆਂ ਵਿਚ ਵਰਤੇ ਗਏ ਬੰਬਾਂ ਨਾਲ ਮਿਲਦਾ



ਜੁਲਦਾ ਸੀ। ਪੁਲਿਸ ਅਧਿਕਾਰੀਆਂ ਦੇ ਵਤੀਰੇ ਤੋਂ ਸੰਤ ਜਰਨੈਲ ਸਿੰਘ ਪਹਿਲਾਂ ਹੀ ਚੇਤੰਨ ਸਨ। ਇਸ ਲਈ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਪੋਸਟ ਮਾਰਟਮ ਲਈ ਪੁਲਿਸ ਦੇ ਹਵਾਲੇ ਕਰਨ ਤੋਂ ਇਨਕਾਰ ਦਿੱਤਾ ਪਰ ਪੇਸ਼ਕਸ਼ ਕੀਤੀ ਕਿ ਜੇ ਪੁਲਿਸ ਚਾਹੇ ਤਾਂ ਉਹ ਡਾਕਟਰਾਂ ਨੂੰ ਗੁਰਦੁਆਰਾ ਸਾਹਿਬ ਦੇ ਅਹਾਤੇ ਅੰਦਰ ਪੋਸਟ ਮਾਰਟਮ ਦੀ ਆਗਿਆ ਦੇ ਸਕਦੇ ਸਨ। ਇਸ ਲਈ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਦਾ ਪੋਸਟ-ਮਾਰਟਮ ਵੀ ਚੌਕ ਮਹਿਤਾ ਗੁਰਦੁਆਰਾ ਸਾਹਿਬ ਦੇ ਅਹਾਤੇ ਵਿਚ ਹੀ ਕੀਤਾ ਗਿਆ। ਸਰਕਾਰ ਨੇ ਜਲੰਧਰ ਦੇ ਗੈਰ-ਸਿੱਖ ਸਮਾਚਾਰ ਪੱਤਰਾਂ ਨਾਲ ਮਿਲੀ ਭਗਤ ਕਰਕੇ ਇਸ ਘਟਨਾ ਨੂੰ ਵੀ ਸੰਤ ਜਰਨੈਲ ਸਿੰਘ ਵਿਰੁੱਧ ਭੰਡੀ ਪ੍ਰਚਾਰ ਲਈ ਉਛਾਲਿਆ।

ਸਤੰਬਰ 1981 ਤੋਂ ਲੈ ਕੇ ਦਸੰਬਰ ਤੱਕ ਦੇ ਅਰਸੇ ਦੌਰਾਨ ਨਿਰੰਕਾਰੀਆਂ ਦੇ ਹੋਏ ਕਤਲਾਂ, ਬੰਬ ਧਮਾਕਿਆਂ ਅਤੇ ਬੰਦੂਕ-ਬਾਜ਼ੀ ਦੀਆਂ ਹੋਈਆਂ ਘਟਨਾਵਾਂ ਕਾਰਨ ਨਿਰੰਕਾਰੀ-ਸਿਖ ਬਖੇੜੇ ਨੂੰ ਸਥਾਈ ਤੌਰ ਤੇ ਹੱਲ ਕਰਨ ਦੀ ਲੋੜ ਭਾਸਣ ਲੱਗ ਪਈ ਸੀ ਅਤੇ ਚੰਡੀਗੜ੍ਹ ਦੀਆਂ ਕੁਝ ਕੁ ਹਿਤਬੱਧ ਧਿਰਾਂ ਨੇ ਇਸ ਮਾਮਲੇ ਨੂੰ ਹੱਲ ਕਰਨ ਲਈ ਗੰਭੀਰ ਯਤਨ ਆਰੰਭ ਦਿੱਤੇ। ਇਹਨਾਂ ਯਤਨਾਂ ਵਿਚ ਨਾ ਕੇਵਲ ਚੰਡੀਗੜ੍ਹ ਦੇ ਪ੍ਰਸਿੱਧ ਵਕੀਲ ਸ: ਮਨਜੀਤ ਸਿੰਘ ਖਹਿਰਾ ਸਗੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਵੀ ਅੱਗੇ ਸਨ। ਪੰਜਾਬ ਦੇ ਖਿਚਾਅ-ਪੂਰਨ ਵਾਤਾ-ਵਰਨ ਨੂੰ ਧਿਆਨ ਵਿਚ ਰਖਦੇ ਹੋਏ ਇਹੋ ਯੋਗ ਸਮਝਿਆ ਗਿਆ ਕਿ ਕਿਸੇ ਨਾ ਕਿਸੇ ਢੰਗ ਨਾਲ ਸਿਖ-ਨਿਰੰਕਾਰੀ ਬਖੇੜਾ ਖਤਮ ਕਰਵਾ ਦਿੱਤਾ ਜਾਏ। ਸ: ਮਨਜੀਤ ਸਿੰਘ ਖਹਿਰਾ ਨਵੇਂ ਨਿਰੰਕਾਰੀ ਮੁਖੀ ਹਰਦੇਵ ਸਿੰਘ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਵਰਗੀ ਸ: ਗੁਰਦਿਆਲ ਸਿੰਘ ਅਜਨੋਹਾ ਦੇ ਨਾਂ ਇਕ ਰਸਮੀ ਚਿੱਠੀ ਪ੍ਰਾਪਤ ਕਰਨ ਵਿਚ ਸਫਲ ਵੀ ਹੋ ਗਏ ਜਿਸ ਵਿਚ 'ਸੰਤ ਨਿਰੰਕਾਰੀ ਮੰਡਲ' ਵਲੋਂ ਭਰੋਸਾ ਦੁਆਇਆ ਗਿਆ ਸੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਸਨ ਅਤੇ 'ਸੰਤ ਨਿਰੰਕਾਰੀ' ਪੁਸਤਕਾਂ 'ਅਵਤਾਰ ਬਾਣੀ' ਅਤੇ 'ਯੁੱਗ ਪੁਰਸ਼' ਵਿਚ ਜੇਕਰ ਕੋਈ ਅਜਿਹੀ ਸਮਗਰੀ ਹੋਵੇ, ਜੋ ਸਿਖ ਜਜ਼ਬਾਤਾਂ ਨੂੰ ਟੁੰਬਦੀ ਹੋਵੇ, ਤਾਂ ਉਸ ਦੇ ਨਿਪਟਾਰੇ ਲਈ ਉਹ ਦੋਹਾਂ ਧਿਰਾਂ ਦੀ ਇਕ ਸਾਂਝੀ ਕਮੇਟੀ ਬਨਾਉਣ ਲਈ ਤਿਆਰ ਸਨ। ਇਕ ਪਾਸੇ ਨਿਰੰਕਾਰੀ ਇਸ ਬਖੇੜੇ ਨੂੰ ਹੱਲ ਕਰਨ ਲਈ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨਾਲ ਚਿੱਠੀ ਪੱਤਰ ਕਰ ਰਹੇ ਸਨ ਅਤੇ ਦੂਜੇ ਪਾਸੇ ਉਹ ਸੰਤ ਜਰਨੈਲ ਸਿੰਘ ਨੂੰ ਵੀ ਭਰੋਸੇ ਵਿਚ ਲੈਣਾ ਚਾਹੁੰਦੇ ਸਨ ਤਾਂ ਜੋ ਉਨ੍ਹਾਂ ਦੀ

ਸੰਤੁਸ਼ਟਤਾ ਕਰਵਾਈ ਜਾ ਸਕੇ । ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਵਰਗੀ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਸਿਖ-ਨਿਰੰਕਾਰੀ ਬਖੇੜਾ ਹੱਲ ਕਰਨ ਲਈ ਇਕ ਸਮਝੌਤੇ ਦਾ ਖਰੜਾ ਵੀ ਲੈ ਕੇ ਆਏ, ਜਿਸ ਸਬੰਧੀ 'ਸੰਤ ਨਿਰੰਕਾਰੀ ਮੰਡਲ' ਦੇ ਮੁਖੀਆਂ ਨੇ ਇਹ ਕਿਹਾ ਸੀ ਕਿ ਜੇ ਸੰਤ ਜਰਨੈਲ ਸਿੰਘ ਇਸ ਖਰੜੇ ਨੂੰ ਜ਼ਬਾਨੀ ਪ੍ਰਵਾਨਗੀ ਵੀ ਦੇ ਦੇਣ ਤਾਂ ਉਨ੍ਹਾਂ ਦੀ ਸੰਤੁਸ਼ਟੀ ਹੋ ਜਾਏਗੀ । ਪ੍ਰੰਤੂ ਮੰਦੇ ਭਾਗੀਂ ਇਹ ਗੱਲਬਾਤ ਅਜੇ ਜਾਰੀ ਹੀ ਸੀ ਕਿ 21 ਦਸੰਬਰ 1981 ਈ: ਨੂੰ ਜਥੇਦਾਰ ਸੰਤੋਖ ਸਿੰਘ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੀ ਇਕ ਮੈਂਬਰ ਅਤੇ ਉਨ੍ਹਾਂ ਦੇ ਹੀ ਹਮਾਇਤੀ ਸੋਹਣ ਸਿੰਘ ਸੰਧੂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ । ਸ: ਸੋਹਣ ਸਿੰਘ ਸੰਧੂ ਆਪ ਵੀ ਇਸ ਘਟਨਾ ਵਿਚ ਜਥੇਦਾਰ ਸੰਤੋਖ ਸਿੰਘ ਦੇ ਅੰਗ ਰਖਿਅਕ ਹੱਥੋਂ ਮਾਰੇ ਗਏ । ਇਸ ਤਰ੍ਹਾਂ ਇਹ ਪ੍ਰਸ਼ਨ ਕਿ ਜਥੇਦਾਰ ਸੰਤੋਖ ਸਿੰਘ ਸੰਤ ਜਰਨੈਲ ਸਿੰਘ ਅਤੇ 'ਸੰਤ ਨਿਰੰਕਾਰੀਆਂ' ਵਿਚਕਾਰ ਕਿਸੇ ਸਮਝੌਤੇ ਦਾ ਆਧਾਰ ਤਿਆਰ ਕਰ ਸਕਦੇ ਜਾਂ ਨਾ, ਅਧੂਰਾ ਹੀ ਰਹਿ ਗਿਆ । ਇਸ ਦੇ ਬਾਵਜੂਦ ਸੰਤ ਜਰਨੈਲ ਸਿੰਘ ਆਪ ਕਦੇ ਵੀ ਕੋਈ ਅਜਿਹਾ ਸਮਝੌਤਾ ਕਰਨ ਲਈ ਤਿਆਰ ਨਹੀਂ ਹੋਏ ਅਤੇ ਉਨ੍ਹਾਂ ਹਮੇਸ਼ਾਂ ਇਹੋ ਮੱਤ ਪ੍ਰਗਟ ਕੀਤਾ ਕਿ ਸਿਖ-ਨਿਰੰਕਾਰੀ ਮਸਲੇ ਉਤੇ ਰਾਇ ਦੇਣ ਦਾ ਅਧਿਕਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਹੀ ਹੈ ਕਿਉਂਕਿ ਇਸ ਸਬੰਧ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋ ਚੁੱਕਾ ਸੀ ।

ਨਿਰੰਕਾਰੀ ਮੁਖੀ ਹਰਦੇਵ ਸਿੰਘ ਦੀ ਚਿੱਠੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਮਿਲਣ ਉਪਰੰਤ ਉਨ੍ਹਾਂ ਨੇ ਇਸ ਬਖੇੜੇ ਨੂੰ ਹੱਲ ਕਰਨ ਲਈ ਗੰਭੀਰਤਾ ਨਾਲ ਯਤਨ ਕੀਤੇ । ਉਨ੍ਹਾਂ ਨੇ ਪੰਜਾਬ ਭਰ ਵਿਚ ਬੁਧੀਜੀਵੀਆਂ ਪਾਸੋਂ ਇਸ ਸਬੰਧ ਵਿਚ ਰਾਇ ਮੰਗੀ । ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਸਬੰਧੀ ਬੁਧੀਜੀਵੀਆਂ ਦੇ ਵਿਚਾਰਾਂ ਵਿਚ ਭਿੰਨਤਾ ਸੀ । ਕੁਝ ਬੁਧੀਜੀਵੀ ਇਸ ਬਖੇੜੇ ਨੂੰ ਹੱਲ ਕਰਨ ਲਈ ਉਤਸਕ ਸਨ ਅਤੇ ਉਨ੍ਹਾਂ ਦਾ ਵਿਚਾਰ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਸ ਸਬੰਧੀ ਨਿਰਨਾ ਕਰਨ ਦਾ ਪੂਰਨ ਅਧਿਕਾਰ ਹੈ ਜਦੋਂ ਕਿ ਦੂਜੀ ਵਿਚਾਰਧਾਰਾ ਦੇ ਲੋਕਾਂ ਦਾ ਮੱਤ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤਾ ਗਿਆ ਹੁਕਮਨਾਮਾ ਵਾਪਸ ਨਹੀਂ ਲਿਆ ਜਾ ਸਕਦਾ । 'ਸੰਤ ਨਿਰੰਕਾਰੀਆਂ' ਦੇ ਮੁਖੀ ਨੂੰ ਆਪ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆ ਕੇ ਭੁਲ ਬਖਸ਼ਾਉਣੀ ਅਤੇ ਤਨਖਾਹ ਲੁਆਉਣੀ ਚਾਹੀਦੀ ਹੈ । ਇਸ ਮਸਲੇ ਉਤੇ ਗੰਭੀਰ ਵਿਵਾਦ ਜਾਰੀ ਹੀ ਸੀ ਕਿ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ



ਮਾਰਚ 1982 ਈ: ਵਿਚ ਸੁਰਗਵਾਸ ਹੋ ਗਏ । ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਸਿਖ-ਨਿਰੰਕਾਰੀ ਬਖੇੜੇ ਦੇ ਇਤਿਹਾਸ ਵਿਚ ਇਕ ਹੋਰ 'ਜੇ' ਦਾ ਵਾਧਾ ਹੋ ਗਿਆ । ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਆਪਣੇ ਪਿੱਛੇ ਇਕ ਵੱਡਾ ਪ੍ਰਸ਼ਨ-ਚਿੰਨ੍ਹ ਛੱਡ ਗਏ ਸਨ ।

ਉਪ੍ਰੰਤ ਸੰਤ ਜਰਨੈਲ ਸਿੰਘ ਨੇ ਵੱਡੀ ਪੱਧਰ ਉਤੇ ਦੇਸ਼ ਰਟਨ ਕਰਕੇ ਪ੍ਰਚਾਰ ਕਰਨ ਦਾ ਇਕ ਵਿਸ਼ਾਲ ਪ੍ਰੋਗਰਾਮ ਉਲੀਕਿਆ । ਇਸ ਪ੍ਰੋਗਰਾਮ ਦੌਰਾਨ ਸੰਤ ਜਰਨੈਲ ਸਿੰਘ ਨੇ ਸਿਖ ਕੌਮ ਨਾਲ ਪੰਜਾਬ ਅਤੇ ਕੇਂਦਰ ਸਰਕਾਰ ਵਲੋਂ ਕੀਤੇ ਜਾ ਰਹੇ ਧੱਕਿਆਂ ਅਤੇ ਵਿਤਕਰਿਆਂ ਦਾ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਅਤੇ ਸਮੁੱਚੀ ਸਿਖ ਕੌਮ ਨੂੰ ਆਪਣੇ ਗੌਰਵਮਈ ਇਤਿਹਾਸਕ ਵਿਰਸੇ ਦੇ ਪ੍ਰਸੰਗ ਵਿਚ ਜਾਗ੍ਰਤ ਕਰਨ ਦਾ ਮਨ ਬਣਾਇਆ । ਇਸ ਪ੍ਰਚਾਰ ਫੇਰੀ ਦੌਰਾਨ ਸੰਤ ਜਰਨੈਲ ਸਿੰਘ ਨੇ ਦਿੱਲੀ, ਰਾਜਸਥਾਨ, ਮਹਾਂਰਾਸ਼ਟਰ, ਪੱਛਮੀ ਬੰਗਾਲ ਅਤੇ ਬਿਹਾਰ ਦੀ ਯਾਤਰਾ ਕਰਨੀ ਸੀ ਅਤੇ ਵੱਡੀ ਪੱਧਰ ਤੇ ਗੁਰਮਤਿ ਅਤੇ ਅੰਮ੍ਰਿਤ ਪ੍ਰਚਾਰ ਕਰਨਾ ਸੀ । ਪ੍ਰੰਤੂ ਇਸੇ ਦੌਰਾਨ ਪੰਜਾਬ ਵਿਚ ਕੁਝ ਕੁ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਸਿੱਧਾ ਅਸਰ ਸੰਤ ਜਰਨੈਲ ਸਿੰਘ ਦੀ ਪ੍ਰਚਾਰ ਫੇਰੀ ਤੇ ਵੀ ਪਿਆ । 26 ਅਪ੍ਰੈਲ 1982 ਨੂੰ ਅੰਮ੍ਰਿਤਸਰ ਸ਼ਹਿਰ ਨੂੰ ਪਵਿਤਰ ਕਰਾਰ ਦੇਣ ਦੀ ਮੰਗ ਪੂਰੀ ਨਾ ਹੋ ਸਕਣ ਕਾਰਨ 'ਦਲ ਖਾਲਸਾ' ਨਾਮ ਦੀ ਜਥੇਬੰਦੀ ਨੇ ਇਕ ਮਹੀਨਾ ਪਹਿਲਾਂ ਦਿਤੀ ਆਪਣੀ ਆਖਰੀ ਚੇਤਾਵਨੀ ਅਨੁਸਾਰ ਇਕ ਮੰਦਰ ਦੇ ਬਾਹਰ ਦੋ ਗਊਆਂ ਦੇ ਸਿਰ ਟੰਗ ਦਿੱਤੇ । ਇਸ ਦੇ ਨਾਲ ਹੀ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਮੰਦਰਾਂ ਵਿਚੋਂ ਕਿਤੇ ਗਊ ਦਾ ਕੰਨ, ਕਿਤੇ ਗਊ ਦੀ ਪੂਛ ਅਤੇ ਕਿਤੇ ਕੋਈ ਹੋਰ ਅੰਗ ਮਿਲਿਆ । ਇਸ ਦੇ ਪ੍ਰਤਿਉਤਰ ਵਜੋਂ ਸਿਖ ਗੁਰਧਾਮਾਂ ਦੀ ਵੀ ਬੇਹੁਰਮਤੀ ਕੀਤੀ ਜਾਣ ਲੱਗੀ ਅਤੇ ਕਿਸੇ ਗੁਰਦੁਆਰੇ ਵਿਚੋਂ ਸਿਗਰਟਾਂ, ਕਿਸੇ ਵਿਚੋਂ ਬੀੜੀਆਂ ਮਿਲਣ ਲੱਗੀਆਂ । ਇਸ ਤੋਂ ਛੁਟ ਕਈ ਅਸਥਾਨਾਂ ਤੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਅੱਗਾਂ ਲਾਉਣ ਦਾ ਵੀ ਯਤਨ ਕੀਤਾ ਗਿਆ । ਪੰਜਾਬ ਪੁਲਿਸ ਨੇ ਇਸ ਨਾ ਅਹਿਲੀ ਉਤੇ ਵੀ ਜਾਂਚ ਆਰੰਭ ਕੀਤੀ ਕਿ ਇਨ੍ਹਾਂ ਘਟਨਾਵਾਂ ਪਿੱਛੇ ਵੀ ਸੰਤ ਜਰਨੈਲ ਸਿੰਘ 'ਖਾਲਸਾ' ਦਾ ਹੀ ਹੱਥ ਸੀ ਅਤੇ ਉਨ੍ਹਾਂ ਦੇ ਨਿਕਟਵਰਤੀ ਹੀ ਅਜਿਹੇ ਕੰਮ ਕਰਵਾ ਰਹੇ ਸਨ । ਅਸਲ ਵਿਚ ਸਰਕਾਰ ਨੂੰ ਸੰਤ ਜਰਨੈਲ ਸਿੰਘ ਵਲੋਂ ਪੰਜਾਬ ਵਿਚ ਸਿਖਾਂ ਉਤੇ ਹੋ ਰਹੇ ਅੱਤਿਆਚਾਰਾਂ ਸਬੰਧੀ ਕੀਤਾ ਜਾ ਰਿਹਾ ਪ੍ਰਚਾਰ ਰੜਕਦਾ ਸੀ ਅਤੇ ਇਹੋ ਕਾਰਨ ਸੀ ਕਿ ਉਹ ਦਮਦਮੀ ਟਕਸਾਲ ਦੇ ਇਸ ਮੁਖੀ ਦਾ ਮੂੰਹ ਬੰਦ ਕਰਵਾਉਣ ਉਤੇ ਤੁਲੀ

ਹੋਈ ਸੀ । ਸੰਤ ਜਰਨੈਲ ਸਿੰਘ ਇਹਨੀਂ ਦਿਨੀਂ ਬੰਬਈ ਵਿਖੇ ਟਿਕਾਣਾ ਕਰ ਰਹੇ ਸਨ ਕਿ ਪੰਜਾਬ ਸਰਕਾਰ ਨੇ ਪੰਜਾਬ ਦੇ ਵਿਗੜੇ ਹੋਏ ਫਿਰਕੂ ਮਾਹੌਲ ਤੋਂ ਲਾਭ ਉਠਾ ਕੇ ਇਕ ਵਾਰ ਫੇਰ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਯੋਜਨਾ ਬਣਾਈ। ਸੰਤ ਜਰਨੈਲ ਸਿੰਘ ਨੇ 20 ਅਪ੍ਰੈਲ ਤੋਂ 5 ਮਈ ਤਕ ਬੰਬਈ ਵਿਖੇ ਰਹਿਣਾ ਸੀ ਅਤੇ ਮਿੱਥੇ ਪ੍ਰੋਗਰਾਮ ਅਨੁਸਾਰ ਉਥੋਂ ਪੂਨੇ, ਨਾਸਕ, ਕੋਪਰਗਾਉਂ ਅਤੇ ਸ੍ਰੀ ਹਜ਼ੂਰ ਸਾਹਿਬ ਜਾਣਾ ਸੀ; ਪ੍ਰੰਤੂ ਬੰਬਈ ਦੀ ਸੰਗਤ ਦੇ ਜ਼ਿੱਦ ਕਰਨ ਤੇ ਉਨ੍ਹਾਂ ਬੰਬਈ ਵਿਖੇ ਆਪਣੇ ਠਹਿਰਾਓ ਦੀ ਮਿਆਦ 10 ਮਈ ਤਕ ਵਧਾ ਦਿੱਤੀ ਅਤੇ 6 ਮਈ ਤਕ ਲਗਭਗ ਇਕ ਹਜ਼ਾਰ ਵਿਅਕਤੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ। ਪੰਜਾਬ ਸਰਕਾਰ ਨੇ ਸੰਤ ਜਰਨੈਲ ਸਿੰਘ ਦੀ ਵਧਦੀ ਹੋਈ ਕੀਰਤੀ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਹੀ ਗ੍ਰਿਫਤਾਰ ਕਰਨ ਦਾ ਫੈਸਲਾ ਕਰ ਲਿਆ ਅਤੇ ਇਸ ਮੰਤਵ ਲਈ ਜ਼ਿਲ੍ਹਾ ਮੈਜਿਸਟ੍ਰੇਟ, ਅੰਮ੍ਰਿਤਸਰ ਕੋਲੋਂ ਕੌਮੀ ਸੁਰਖਿਆ ਕਾਨੂੰਨ ਅਧੀਨ ਨਜ਼ਰਬੰਦ ਕਰਨ ਲਈ ਵਾਰੰਟ ਜਾਰੀ ਵੀ ਕਰਵਾ ਦਿੱਤੇ। ਪੰਜਾਬ ਸਰਕਾਰ ਨੇ ਪ੍ਰਧਾਨ ਮੰਤ੍ਰੀ ਸ੍ਰੀਮਤੀ ਗਾਂਧੀ ਨੂੰ ਦਿੱਤੀ ਆਪਣੀ ਰਿਪੋਰਟ ਵਿਚ ਕਿਹਾ ਕਿ ਸੰਤ ਜਰਨੈਲ ਸਿੰਘ 'ਦਲ ਖਾਲਸਾ' ਨਾਂ ਦੀ ਜਥੇਬੰਦੀ, ਜਿਸ ਉਤੇ ਸਰਕਾਰ ਨੇ ਪਾਬੰਦੀ ਲਗਾਈ ਸੀ, ਦੀ ਪੂਰੀ ਹਮਾਇਤ ਕਰ ਰਹੇ ਸਨ ਅਤੇ ਉਨ੍ਹਾਂ ਦੇ ਪ੍ਰਚਾਰ ਅਤੇ ਵਧ ਰਹੇ ਪ੍ਰਭਾਵ ਤੋਂ ਦੇਸ਼ ਦੀ ਅਖੰਡਤਾ ਨੂੰ ਖਤਰਾ ਸੀ। ਇਹ ਵੀ ਸਿਫਾਰਸ਼ ਕੀਤੀ ਗਈ ਕਿ ਸੰਤ ਜਰਨੈਲ ਸਿੰਘ ਨੂੰ ਪੰਜਾਬ ਤੋਂ ਬਾਹਰ ਹੀ ਗ੍ਰਿਫਤਾਰ ਕੀਤਾ ਜਾਏ ਕਿਉਂਕਿ ਪੰਜਾਬ ਵਿਚ ਗ੍ਰਿਫਤਾਰੀ ਹੋਣ ਨਾਲ ਉਥੇ ਗੜਬੜ ਦਾ ਖਤਰਾ ਸੀ। ਏਨੇ ਨੂੰ ਸੰਤ ਜਰਨੈਲ ਸਿੰਘ ਨੂੰ ਭਾਈ ਅਮਰੀਕ ਸਿੰਘ ਨੇ ਫੋਨ ਰਾਹੀਂ ਸੂਚਨਾ ਦਿੱਤੀ ਕਿ ਉਨ੍ਹਾਂ (ਸੰਤ ਜਰਨੈਲ ਸਿੰਘ) ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਗਈ ਸੀ। ਸੰਤ ਜਰਨੈਲ ਸਿੰਘ ਆਪਣਾ ਪ੍ਰਚਾਰ ਦੌਰਾ ਵਿੱਚੇ ਛੱਡ ਕੇ ਪੰਜਾਬ ਪਰਤ ਆਏ। ਜਿਸ ਥਾਂ ਤੇ ਜੱਥੇ ਸਮੇਤ ਉਨ੍ਹਾਂ ਬੰਬਈ ਵਿਚ ਟਿਕਾਣਾ ਕੀਤਾ ਹੋਇਆ ਸੀ, ਉਸ ਥਾਂ ਨੂੰ ਭਾਰੀ ਪੁਲਿਸ ਫੋਰਸ ਨੇ ਘੇਰ ਰਖਿਆ ਸੀ ਪ੍ਰੰਤੂ ਸੰਤ ਜਰਨੈਲ ਸਿੰਘ ਇਸ ਘੇਰੇ ਦੀ ਪ੍ਰਵਾਹ ਨਾ ਕਰਦੇ ਹੋਏ ਬੰਬਈ ਤੋਂ ਆਪਣੇ ਮੁਖ ਅਸਥਾਨ ਚੌਕ ਮਹਿਤਾ ਵਿਖੇ ਪਹੁੰਚ ਗਏ। ਰਸਤੇ ਵਿਚ ਸੰਤ ਜਰਨੈਲ ਸਿੰਘ ਨੂੰ ਕਈ ਪੁਲਿਸ ਅਧਿਕਾਰੀਆਂ ਨੇ ਰੋਕਿਆ ਪ੍ਰੰਤੂ ਇਸ ਦੇ ਬਾਵਜੂਦ ਉਹ ਉਨ੍ਹਾਂ ਦੇ ਹੱਥ ਨਾ ਆਏ ਅਤੇ ਬੰਬਈ ਤੋਂ ਚੌਕ ਮਹਿਤਾ ਤਕ ਦਾ ਸਫਰ ਉਨ੍ਹਾਂ ਸੜਕ ਰਾਹੀਂ 28 ਘੰਟੇ ਵਿਚ ਪੂਰਾ ਕੀਤਾ। ਬਾਅਦ ਵਿਚ ਇਹ ਵੀ ਪਤਾ ਲੱਗਾ ਕਿ ਪੰਜਾਬ ਸਰਕਾਰ ਨੇ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ



ਪਿਛੋਂ ਪੁਲਿਸ ਮੁਕਾਬਲਾ ਬਣਾ ਕੇ ਖਤਮ ਕਰਨ ਦੀ ਯੋਜਨਾ ਬਣਾਈ ਸੀ ਪ੍ਰੰਤੂ ਇਹ ਸਿਰੇ ਨਾ ਚੜ੍ਹ ਸਕੀ। ਭਾਵੇਂ ਪੰਜਾਬ ਸਰਕਾਰ ਅਤੇ ਮੁਖ ਮੰਤ੍ਰੀ ਸ: ਦਰਬਾਰਾ ਸਿੰਘ ਵਲੋਂ ਪੁਲਿਸ ਦੀ ਨਾਕਾਮੀ ਉਤੇ ਪਰਦਾ ਪਾਉਣ ਲਈ ਇਸ ਖਬਰ ਦਾ ਖੰਡਨ ਕੀਤਾ ਗਿਆ ਕਿ ਰਾਜ ਸਰਕਾਰ ਨੇ ਕੌਮੀ ਸੁਰਖਿਆ ਐਕਟ ਅਧੀਨ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਉਨ੍ਹਾਂ ਦੇ ਵਾਰੰਟ ਕੱਢੇ ਸਨ, ਪ੍ਰੰਤੂ ਮਹਾਰਾਸ਼ਟਰ ਦੇ ਮੁੱਖ ਮੰਤ੍ਰੀ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਕਿ ਸ: ਦਰਬਾਰਾ ਸਿੰਘ ਨੇ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਲਈ ਵਾਰੰਟ ਭੇਜੇ ਸਨ। ਸੰਤ ਜਰਨੈਲ ਸਿੰਘ ਦੇ ਬੰਬਈ ਤੋਂ ਚੌਕ ਮਹਿਤਾ ਪੁੱਜਣ ਪਿਛੋਂ ਵੀ ਸ੍ਰੀ ਗੁਰੂ ਸਿੰਘ ਸਭਾ, ਦਾਦਰ ਵਿਚ ਠਹਿਰੇ ਭਿੰਡਰਾਂ ਜੱਥੇ ਦੇ ਮੈਂਬਰਾਂ ਦੁਆਲੇ ਪੁਲਿਸ ਘੇਰਾ ਕਈ ਦਿਨ ਤੱਕ ਜਾਰੀ ਰਿਹਾ। ਜੱਥੇ ਦੇ ਮੈਂਬਰਾਂ ਨੂੰ ਜੱਥੇ ਦੇ ਹਥਿਆਰ ਪੁਲਿਸ ਕੋਲ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ ਕਿਉਂਕਿ ਪੰਜਾਬ ਸਰਕਾਰ ਵਲੋਂ ਪਹੁੰਚੇ ਹੁਕਮਾਂ ਅਨੁਸਾਰ ਜੱਥੇ ਦੇ ਮੈਂਬਰਾਂ ਦੇ ਸਾਰੇ ਅਸਲਾ ਲਾਇਸੰਸ ਰੱਦ ਕਰ ਦਿੱਤੇ ਗਏ ਸਨ ; ਪ੍ਰੰਤੂ ਬਾਅਦ ਵਿਚ ਕੇਵਲ ਹਥਿਆਰਾਂ ਦੇ ਲਾਇਸੰਸਾਂ ਦੀ ਪੜਤਾਲ ਕਰਕੇ ਘੇਰਾ ਚੁੱਕ ਲਿਆ ਗਿਆ। ਇਹ ਦੂਸਰੀ ਵੇਰ ਸੀ ਕਿ ਸੰਤ ਜਰਨੈਲ ਸਿੰਘ ਪੁਲਿਸ ਘੇਰੇ ਵਿਚੋਂ ਨਿਕਲ ਕੇ ਲੰਮਾ ਸਫਰ ਤੈਅ ਕਰਕੇ ਚੌਕ ਮਹਿਤੇ ਜਾ ਪਹੁੰਚੇ ਸਨ ਅਤੇ ਪੁਲਿਸ ਦੀ ਉਨ੍ਹਾਂ ਨੂੰ ਝੂਠਾ ਮੁਕਾਬਲਾ ਬਣਾ ਕੇ ਖਤਮ ਕਰਨ ਦੀ ਯੋਜਨਾ ਧਰੀ ਦੀ ਧਰੀ ਰਹਿ ਗਈ ਸੀ।

ਇਸ ਦੌਰਾਨ ਪੰਜਾਬ ਵਿਚ ਹਿੰਸਕ ਘਟਨਾਵਾਂ ਦਾ ਕ੍ਰਮ ਜਾਰੀ ਸੀ ਅਤੇ ਪੁਲਿਸ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਸੰਤ ਜਰਨੈਲ ਸਿੰਘ ਨਾਲ ਨੇੜਤਾ ਕਾਰਨ ਉਸ ਦੇ ਸਰਗਰਮ ਮੈਂਬਰਾਂ ਉਤੇ ਕੇਸ ਬਣਾ ਰਹੀ ਸੀ। ਪੁਲਿਸ ਦੀ ਇਸ ਬਦਲਾ-ਲਊ ਨੀਤੀ ਦੀ ਇਕ ਉਦਾਹਰਣ ਇਸ ਗੱਲ ਤੋਂ ਮਿਲਦੀ ਹੈ ਕਿ ਫੈਡਰੇਸ਼ਨ ਦੇ ਜਥੇਬੰਧਕ ਸਕੱਤਰ ਸ: ਰਾਜਿੰਦਰ ਸਿੰਘ, ਮਹਿਤਾ ਦਾ ਨਾਂ ਵੀ 26 ਅਪ੍ਰੈਲ ਦੇ ਗਊ-ਹਤਿਆ ਕਾਂਡ ਵਿਚ ਘਸੋੜ ਦਿੱਤਾ ਗਿਆ, ਹਾਲਾਂ ਕਿ 'ਦਲ ਖਾਲਸਾ' ਨੇ ਖੁਲ੍ਹੇ ਤੌਰ ਤੇ ਇਸ ਕਾਰਵਾਈ ਲਈ ਜ਼ਿੰਮੇਂਵਾਰੀ ਆਪਣੇ ਸਿਰ ਲੈ ਲਈ ਸੀ। ਸ: ਰਾਜਿੰਦਰ ਸਿੰਘ, ਮਹਿਤਾ ਨੂੰ ਭਗੌੜਾ ਕਰਾਰ ਦੇ ਕੇ ਉਨ੍ਹਾਂ ਦੇ ਸਿਰ ਉਤੇ 25 ਹਜ਼ਾਰ ਰੁਪਏ ਦਾ ਮੁੱਲ ਵੀ ਰਖਿਆ ਗਿਆ, ਜੋ ਬਾਅਦ ਵਿਚ ਪੜਤਾਲ ਉਪ੍ਰੰਤ ਵਾਪਸ ਲੈ ਲਿਆ ਗਿਆ। ਸ: ਰਾਜਿੰਦਰ ਸਿੰਘ ਮਹਿਤਾ ਤੋਂ ਛੁਟ ਸ: ਹਰਿਮੰਦਰ ਸਿੰਘ ਸੰਧੂ, ਸ: ਨਰਿੰਦਰ ਸਿੰਘ ਨਿੰਦੀ, ਸ: ਬੂਆ ਸਿੰਘ, ਸ: ਸਤਿੰਦਰਜੀਤ ਸਿੰਘ ਪੀ. ਟੀ ਆਦਿ ਨੂੰ ਨਾ ਕੇਵਲ ਫੌਜਦਾਰੀ

ਮਾਮਲਿਆਂ ਵਿਚ ਸਗੋਂ ਕੌਮੀ ਸੁਰਖਿਆ ਐਕਟ ਅਧੀਨ ਵੀ ਨਜ਼ਰਬੰਦ ਕਰ ਲਿਆ ਗਿਆ । ਇਸ ਤੋਂ ਇਲਾਵਾ ਸਿਖ ਨੌਜੁਆਨਾਂ ਨੂੰ ਗ੍ਰਿਫਤਾਰ ਕਰਕੇ, ਨਾਜਾਇਜ਼ ਪੁਲਿਸ ਹਿਰਾਸਤ ਵਿਚ ਰੱਖ ਕੇ ਉਨ੍ਹਾਂ ਉੱਤੇ ਤਸ਼ੱਦਦ ਕੀਤੀ ਜਾਂਦੀ ਅਤੇ ਕਈ ਮਾਮਲਿਆਂ ਵਿਚ ਤਾਂ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰ ਹੀ ਮੁਕਾਇਆ ਜਾਂਦਾ । ਬਾਅਦ ਵਿਚ ਉਨ੍ਹਾਂ ਦੀ ਮੌਤ ਕਥਿਤ ਪੁਲਿਸ ਮੁਕਾਬਲੇ ਵਿਚ ਹੋਈ ਦਸੀ ਜਾਂਦੀ ।

22 ਮਈ ਨੂੰ ਪੱਟੀ ਵਿਖੇ 4-5 ਵਿਅਕਤੀਆਂ ਨੇ ਬਾਜ਼ਾਰ ਵਿਚ ਖੁਲ੍ਹੇਆਮ ਗੋਲੀ ਚਲਾਈ ਅਤੇ ਇਸ ਗੋਲੀ ਕਾਂਡ ਵਿਚ ਤਿੰਨੇ ਵਿਅਕਤੀ ਮਾਰੇ ਗਏ ਅਤੇ 6 ਫੱਟੜ ਹੋਏ । ਇਹ ਘਟਨਾ ਪੁਲਿਸ ਥਾਣੇ ਦੇ ਕੋਲ ਹੋਈ ਸੀ ਅਤੇ ਬੰਦੂਕਧਾਰੀ ਹਨੇਰੇ ਦੀ ਆੜ ਲੈ ਕੇ ਪੈਦਲ ਹੀ ਦੌੜਨ ਵਿਚ ਸਫਲ ਹੋ ਗਏ ਸਨ । ਪੁਲਿਸ ਅਤੇ ਸਰਕਾਰ ਇਸ ਘਟਨਾ ਲਈ ਆਪਣੀ ਨਮੋਸ਼ੀ ਛੁਪਾਉਣਾ ਚਾਹੁੰਦੀ ਸੀ ਕਿਉਂਕਿ ਇਸ ਘਟਨਾ ਵਿਚ ਮ੍ਰਿਤਕ ਹਿੰਦੂ ਜਾਂ ਨਿਰੰਕਾਰੀ ਸਨ, ਇਸ ਲਈ ਪੁਲਿਸ ਇਸ ਪੂਰਵ ਕਿਆਫੇ ਉਤੇ ਹੀ ਜਾਂਚ ਲਈ ਤੁਰੀ ਕਿ ਕਥਿਤ ਦੋਸ਼ੀਆਂ ਦਾ ਸਬੰਧ ਭਿੰਡਰਾਂ ਜੱਥੇ ਨਾਲ ਸੀ ਅਤੇ ਉਨ੍ਹਾਂ ਨੂੰ ਹਥਿਆਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਤੋਂ ਉਪਲਬਧ ਕਰਵਾਏ ਗਏ ਸਨ । ਸਰਕਾਰ ਅਤੇ ਪੁਲਿਸ ਰੋਹ ਵਿਚ ਆ ਕੇ ਹਰ ਅੰਮ੍ਰਿਤਧਾਰੀ ਸਿਖ ਨੂੰ ਕਾਤਲ ਸਮਝ ਕੇ, ਉਸ ਨੂੰ ਗਿਫਤਾਰ ਕਰ ਲੈਂਦੀ ਅਤੇ ਉਸ ਉਤੇ ਤਸ਼ਦਦ ਕੀਤਾ ਜਾਂਦਾ ਅਤੇ ਉਸ ਨੂੰ ਇਹ ਕਹਿਣ ਲਈ ਮਜਬੂਰ ਕੀਤਾ ਜਾਂਦਾ ਕਿ ਉਸ ਨੇ ਅਮਕਾ ਕਤਲ ਜਾਂ ਬੰਬ ਧਮਾਕਾ ਸੰਤ ਜਰਨੈਲ ਸਿੰਘ ਦੇ ਕਹਿਣ ਉਤੇ ਕੀਤਾ ਸੀ । ਪੱਟੀ ਗੋਲੀ ਕਾਂਡ ਵਿਚ ਵੀ ਅਜਿਹੇ ਹੀ ਕਿਸੇ ਅੰਮ੍ਰਿਤਧਾਰੀ ਸਿਖ ਨੂੰ ਬਲੀ ਦਾ ਬੱਕਰਾ ਬਨਾਉਣ ਦਾ ਯਤਨ ਕੀਤਾ ਜਾ ਰਿਹਾ ਸੀ । 27 ਮਈ ਨੂੰ ਨਾਗੋਕੇ ਪਿੰਡ ਦੇ ਭਾਈ ਕੁਲਵੰਤ ਸਿੰਘ ਖਲਚੀਆਂ ਵਿਖੇ ਟਰੈਕਟਰ ਠੀਕ ਕਰਵਾ ਰਹੇ ਸਨ ਕਿ ਪੁਲਿਸ ਨੇ ਉਨ੍ਹਾਂ ਨੂੰ ਰਹਿਤੀਏ ਸਿਖ ਹੋਣ ਕਾਰਨ ਆ ਦਬੋਚਿਆ । ਫੇਰ ਕੀ ਸੀ, ਭਾਈ ਕੁਲਵੰਤ ਸਿੰਘ ਤੇ ਤਸ਼ਦਦ ਦੀ ਝੜੀ ਲਾ ਦਿੱਤੀ ਗਈ । ਉਨ੍ਹਾਂ ਨੂੰ ਬੇਹੱਦ ਤਸੀਹੇ ਦਿੱਤੇ ਗਏ ਅਤੇ ਅੰਗ ਅੰਗ ਤੋੜ ਦਿੱਤਾ ਗਿਆ । 9 ਜੂਨ ਨੂੰ ਜਦੋਂ ਕੁਲਵੰਤ ਸਿੰਘ ਪੁਲਿਸ ਹਿਰਾਸਤ ਵਿਚ ਹੀ ਸੀ ਕਿ ਇਹ ਅਫਵਾਹ ਉਡਾਈ ਗਈ ਕਿ 8 ਜੂਨ ਦੀ ਰਾਤ ਨੂੰ ਕੁਲਵੰਤ ਸਿੰਘ ਪੁਲਿਸ ਹਿਰਾਸਤ ਵਿਚੋਂ ਦੌੜ ਗਿਆ ਹੈ । ਅਸਲ ਵਿਚ 9 ਜੂਨ ਦੀ ਸਵੇਰ ਨੂੰ ਭਾਈ ਕੁਲਵੰਤ ਸਿੰਘ ਦੀ ਤਰਨ ਤਾਰਨ ਅਦਾਲਤ ਵਿਚ ਪੇਸ਼ੀ ਸੀ ਪ੍ਰੰਤੂ ਉਹ ਪੁਲਿਸ ਤਸ਼ਦਦ ਕਾਰਨ ਬੇਹੋਸ਼ ਸੀ ਅਤੇ ਪੇਸ਼ ਨਹੀਂ ਸੀ ਹੋ ਸਕਦਾ । 10 ਜੂਨ ਨੂੰ ਸਵੇਰੇ ਮਹਿਤਾ ਰੋਡ ਤੇ ਉਸ ਨੂੰ ਫਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ ਗਿਆ ।

ਸ਼ਹੀਦ ਬਾਬਾ ਦਰਸ਼ਨ ਸਿੰਘ ਜੀ, ਮਹਿਤਾ



ਸ਼ਹੀਦੀ ਰੂਪ ਵਿਚ

ਸ਼ਹੀਦ ਭਾਈ ਗੁਰਦਿਆਲ ਸਿੰਘ ਜੀ, ਮੌਦੇ



ਸ਼ਹੀਦੀ ਰੂਪ ਵਿਚ

28 ਜੂਨ ਨੂੰ 'ਸੰਤ ਨਿਰੰਕਾਰੀ ਮੰਡਲ' ਅੰਮ੍ਰਿਤਸਰ ਦੇ ਪ੍ਰਮੁਖ ਨੇਤਾ ਜੋਗਿੰਦਰ ਸਿੰਘ ਸ਼ਾਂਤ ਉਤੇ ਕੁਝ ਅਣਪਛਾਤੇ ਲੋਕਾਂ ਨੇ ਗੋਲੀ ਚਲਾ ਦਿੱਤੀ । ਪੁਲਿਸ ਇਸ ਕੇਸ ਵਿਚ ਵੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿਚ ਅਸਫਲ ਰਹੀ ਸੀ । ਅੰਮ੍ਰਿਤਧਾਰੀ ਸਿਖਾਂ ਉਤੇ ਪੁਲਿਸ ਤਸ਼ਦਦ ਦੇ ਮਾਮਲੇ ਤੇ ਸੰਤ ਜਰਨੈਲ ਸਿੰਘ ਸਰਕਾਰ ਉਤੇ ਏਨੇ ਸੁਚੱਜੇ ਢੰਗ ਨਾਲ ਆਪਣੇ ਪ੍ਰਚਾਰ ਦੌਰਾਨ ਹੀ ਹਮਲੇ ਕਰ ਰਹੇ ਸਨ ਕਿ ਸਰਕਾਰ ਲਈ ਕੋਈ ਦਲੀਲ ਦੇਣੀ ਔਖੀ ਹੋ ਰਹੀ ਸੀ । ਸਾਬਕ ਮੁਖ ਮੰਤ੍ਰੀ ਸ: ਦਰਬਾਰਾ ਸਿੰਘ ਨੇ ਇਹਨੀਂ ਦਿਨੀਂ ਹੀ ਆਪਣੀ ਪੁਰਾਣੀ ਦਲੀਲ ਦੀ ਮੁੜ ਰਟ ਲਾਉਣੀ ਆਰੰਭ ਕਰ ਦਿੱਤੀ ਕਿ ਗੁਰਦੁਆਰਿਆਂ ਵਿਚ ਮੁਜਰਮ ਛੁਪੇ ਹੋਏ ਸਨ । ਸਰਕਾਰ ਵਲੋਂ ਵੱਖ ਵੱਖ ਹਿੰਸਕ ਘਟਨਾਵਾਂ ਦੇ ਦੋਸ਼ੀ ਨਾ ਲੱਭ ਸਕਣ ਦੀ ਉਨ੍ਹਾਂ ਕੋਲ ਸ਼ਾਇਦ ਇਹੋ ਦਲੀਲ ਰਹਿ ਗਈ ਸੀ ਅਤੇ ਉਹ ਇਕ ਤਰ੍ਹਾਂ ਨਾਲ ਆਪਣੀ ਬੇਬਸੀ ਦਾ ਪ੍ਰਗਟਾਵਾ ਕਰ ਰਹੇ ਸਨ । ਇਹ ਵਿਚਾਰ ਉਹ ਨਾ ਕੇਵਲ ਆਪਣੇ ਸਹਿਯੋਗੀ ਮੰਤ੍ਰੀਆਂ ਵਿਚ ਸਗੋਂ ਕੇਂਦਰ ਸਰਕਾਰ ਕੋਲ ਵੀ ਵੇਚਣ ਵਿਚ ਸਫਲ ਹੋ ਗਏ ਸਨ ।

ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਜੋ ਰਾਜ ਵਿਚ ਸਭ ਤੋਂ ਪ੍ਰਭਾਵਸ਼ੀਲ ਪਾਰਟੀ ਸੀ, ਨਾਲ ਕੇਂਦਰ ਸਰਕਾਰ ਸਿਖ ਸ਼ਕਾਇਤਾਂ ਅਤੇ ਮੰਗਾਂ ਸਬੰਧੀ ਸਿਧੇ ਗਲਬਾਤ ਕਰ ਰਿਹਾ ਸੀ । ਇਸ ਤੋਂ ਛੁੱਟ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਸਿਖ ਉਮੀਦਵਾਰ ਵਜੋਂ ਗਿਆਨੀ ਜ਼ੈਲ ਸਿੰਘ ਨੂੰ ਵੋਟਾਂ ਪਾਉਣ ਕਾਰਨ ਪੈਦਾ ਹੋਈ ਅਕਾਲੀ-ਕਾਂਗ੍ਰਸ ਸਦਭਾਵਨਾ ਦੇ ਸਿਆਸੀ ਖੇਤਰ ਵਿਚ ਉਪਯੋਗ ਹੋਣ ਦੀ ਆਸ ਸੀ । ਅਜਿਹੀ ਸਥਿਤੀ ਵਿਚ ਸ: ਦਰਬਾਰਾ ਸਿੰਘ ਅਜੋੜ ਜਿਹੇ ਪ੍ਰਤੀਤ ਹੋ ਰਹੇ ਸਨ । ਉਨ੍ਹਾਂ ਨੂੰ ਭਾਸਿਆ ਕਿ ਉਨ੍ਹਾਂ ਦੀ ਹੋਂਦ ਖਤਰੇ ਵਿਚ ਹੈ । ਉਪ੍ਰੋਕਤ ਪ੍ਰਸੰਗ ਵਿਚ ਉਨ੍ਹਾਂ ਨੂੰ ਇਹ ਯੋਗ ਪ੍ਰਤੀਤ ਹੋਇਆ ਕਿ ਉਹ ਸੰਤ ਜਰਨੈਲ ਸਿੰਘ ਜਾਂ ਉਨ੍ਹਾਂ ਦੇ ਜੱਥੇ ਨੂੰ ਹੱਥ ਪਾ ਕੇ ਲੰਮੇ ਸਮੇਂ ਲਈ ਆਪਣੀ ਹੋਂਦ ਸੁਰਖਿਅਤ ਰੱਖ ਸਕਦੇ ਸਨ । ਇਕ ਵੇਰ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਕੇ ਸਰਕਾਰ ਆਪਣੀਆਂ ਉਂਗਲੀਆਂ ਸਾੜ ਚੁੱਕੀ ਸੀ ਅਤੇ ਉਨ੍ਹਾਂ ਨੂੰ ਮੁੜ ਹੱਥ ਪਾ ਕੇ, ਲੰਮੇ ਸਮੇਂ ਲਈ ਜੇਲ ਵਿਚ ਰੱਖ ਕੇ ਪੰਜਾਬ ਵਿਚ ਸ਼ਾਂਤੀ ਵਿਵਸਥਾ ਦੀ ਕੀਮਤ ਉਤੇ ਕੇਵਲ ਗੱਦੀ ਹੀ ਕਾਇਮ ਰੱਖੀ ਜਾ ਸਕਦੀ । ਸ: ਦਰਬਾਰਾ ਸਿੰਘ ਕੇਂਦਰ ਸਰਕਾਰ ਨੂੰ ਪਹਿਲਾਂ ਵੀ ਇਹ ਸੁਝਾਅ ਦੇ ਚੁੱਕੇ ਸਨ ਕਿ ਸੰਤ ਜਰਨੈਲ ਸਿੰਘ ਨੂੰ ਕੌਮੀ ਸੁਰਖਿਆ ਕਾਨੂੰਨ ਅਧੀਨ ਨਜ਼ਰਬੰਦ ਕੀਤਾ ਜਾਵੇ । ਕੇਂਦਰ ਸਰਕਾਰ ਨੇ ਮੁੜ ਇਹ ਸੁਝਾਅ ਪ੍ਰਵਾਨ ਕਰਨਾ ਯੋਗ ਨਾ ਸਮਝਿਆ । ਇਸ ਉਤੇ ਸ: ਦਰਬਾਰਾ ਸਿੰਘ



ਨੇ ਗਿਣਿਆ ਮਿਥਿਆ ਖਤਰਾ ਮੁੱਲ ਲੈਣਾ ਠੀਕ ਸਮਝਿਆ ਅਤੇ ਇਕ ਸਾਜ਼ਸ਼ ਅਧੀਨ ਸੰਤ ਜਰਨੈਲ ਸਿੰਘ ਦੇ ਨਿਕਟਵਰਤੀਆਂ ਨੂੰ ਵੱਖ ਵੱਖ ਫੌਜਦਾਰੀ ਮਾਮਲਿਆਂ ਵਿਚ ਫਸਾਉਣ ਦੀ ਯੋਜਨਾ ਬਣਾਈ । 17 ਜੁਲਾਈ ਨੂੰ ਭਿੰਡਰਾਂ ਜੱਥੇ ਦੇ ਮੈਂਬਰ ਜਗੀਰ ਸਿੰਘ, ਅਜਾਇਬ ਸਿੰਘ ਅਤੇ ਨਰਿੰਦਰ ਸਿੰਘ ਜਦੋਂ ਜੀਪ ਵਿਚ ਸੰਤ ਉਤਮ ਸਿੰਘ, ਖਡੂਰ ਸਾਹਿਬ ਨੂੰ ਛੱਡ ਕੇ ਮਹਿਤੇ ਵਾਪਸ ਆ ਰਹੇ ਸਨ ਕਿ ਬਾਬਾ ਬਕਾਲਾ ਕੋਲ ਇਕ ਥਾਣੇਦਾਰ ਨੇ ਜੀਪ ਰੋਕੀ ਅਤੇ ਜੀਪ ਦੇ ਕਾਗਜ਼, ਅਸਲਾ ਲਾਇਸੰਸ ਆਦਿ ਦਿਖਾਉਣ ਲਈ ਕਿਹਾ । ਜਦੋਂ ਉਪਰੋਕਤ ਵਿਅਕਤੀਆਂ ਨੇ ਲੋੜੀਂਦੇ ਕਾਗਜ਼ਾਤ ਵਿਖਾ ਦਿੱਤੇ ਤਾਂ ਥਾਣੇਦਾਰ ਨੇ ਉਨ੍ਹਾਂ ਨੂੰ ਡੀ. ਐਸ. ਪੀ., ਬਿਆਸ ਕੋਲ ਜਾਣ ਲਈ ਕਿਹਾ । ਜਦੋਂ ਇਹ ਲੋਕ ਬਿਆਸ ਪੁੱਜੇ ਤਾਂ ਇਨ੍ਹਾਂ ਉਤੇ, ਗੋਲੀ ਚਲਾ ਕੇ ਥਾਣੇਦਾਰ ਨੂੰ ਕਤਲ ਕਰਨ ਦਾ ਯਤਨ ਕਰਨ ਆਦਿ ਵਰਗੇ ਕੇਸ ਪਾ ਦਿੱਤੇ ਗਏ । 18 ਜੁਲਾਈ ਨੂੰ ਸੰਤ ਜਰਨੈਲ ਸਿੰਘ ਨੇ ਭਾਈ ਅਮਰੀਕ ਸਿੰਘ, ਭਾਈ ਰਛਪਾਲ ਸਿੰਘ, ਭਾਈ ਲੱਖਾ ਸਿੰਘ ਅਤੇ ਭਾਈ ਕੁਲਵੰਤ ਸਿੰਘ ਨੂੰ ਗ੍ਰਿਫਤਾਰ ਹੋਏ ਜੱਥੇ ਦੇ ਮੈਂਬਰਾਂ ਦੀ ਪੈਰਵਾਈ ਕਰਨ ਲਈ ਭੇਜਿਆ । ਉਸੇ ਦਿਨ ਪੰਜਾਬ ਦੇ ਸਾਬਿਕ ਰਾਜਪਾਲ ਡਾ: ਐਮ. ਚੈਨਾ ਰੈਡੀ ਅੰਮ੍ਰਿਤਸਰ ਆਏ ਹੋਏ ਸਨ । ਭਾਈ ਅਮਰੀਕ ਸਿੰਘ ਇਕ ਪ੍ਰਤੀਨਿਧ ਮੰਡਲ ਦੇ ਰੂਪ ਵਿਚ ਰਾਜਪਾਲ ਸ੍ਰੀ ਰੈਡੀ ਨੂੰ ਮਿਲੇ ਅਤੇ ਉਨ੍ਹਾਂ ਨੂੰ ਦਸਿਆ ਕਿ ਭਿੰਡਰਾਂ ਜੱਥੇ ਦੇ ਮੈਂਬਰਾਂ ਨੂੰ ਅਯੋਗ ਤੌਰ ਤੇ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਸੀ । ਡਾ: ਚੈਨਾ ਰੈਡੀ ਨੇ ਜ਼ਿਲਾ ਪ੍ਰਸ਼ਾਸਨ ਤੋਂ ਪ੍ਰਾਪਤ ਮਿਸਲ ਅਨੁਸਾਰ ਪੂਰਵ-ਨਿਰਧਾਰਿਤ ਧਾਰਨਾ ਅਧੀਨ ਭਾਈ ਅਮਰੀਕ ਸਿੰਘ ਦੀ ਗੱਲ ਵੀ ਸੁਣਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਦੋਸ਼ੀ ਗੁਰਦੁਆਰਿਆਂ ਵਿਚ ਜਾ ਵੜਦੇ ਸਨ ਅਤੇ ਪੁਲਿਸ ਲਈ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਔਖਾ ਹੁੰਦਾ ਸੀ । ਪੰਜਾਬ ਦੇ ਸਿਖਿਆ ਮੰਤ੍ਰੀ ਸ: ਹਰਚਰਨ ਸਿੰਘ ਅਜਨਾਲਾ ਵੀ ਇਸ ਮੌਕੇ ਤੇ ਹਾਜ਼ਰ ਸਨ ਅਤੇ ਭਾਈ ਅਮਰੀਕ ਸਿੰਘ ਅਤੇ ਸ: ਹਰਚਰਨ ਸਿੰਘ ਅਜਨਾਲਾ ਵਿਚਕਾਰ ਝੜਪਾਂ ਵੀ ਹੋਈਆਂ । ਅਗਲੇ ਹੀ ਦਿਨ ਰਾਜ ਸਰਕਾਰ ਦੀ ਹਦਾਇਤ ਤੇ, ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਭਾਈ ਅਮਰੀਕ ਸਿੰਘ (ਜਦੋਂ ਉਹ ਆਪਣੇ ਸਾਥੀਆਂ ਭਾਈ ਰਛਪਾਲ ਸਿੰਘ, ਭਾਈ ਲੱਖਾ ਸਿੰਘ ਅਤੇ ਭਾਈ ਕੁਲਵੰਤ ਸਿੰਘ ਨਾਲ ਜ਼ਿਲ੍ਹਾ ਕਚਹਿਰੀ ਅੰਮ੍ਰਿਤਸਰ ਵਿਖੇ ਜੱਥੇ ਦੇ ਗ੍ਰਿਫਤਾਰ ਮੈਂਬਰਾਂ ਦੀ ਪੈਰਵਾਈ ਕਰਨ ਗਏ) ਨੂੰ ਵੱਖ ਵੱਖ ਜੁਰਮਾਂ ਅਧੀਨ ਗ੍ਰਿਫਤਾਰ ਕਰ ਲਿਆ ।

19 ਜੁਲਾਈ ਨੂੰ, ਜਿਸ ਦਿਨ ਭਾਈ ਅਮਰੀਕ ਸਿੰਘ ਤੇ ਸਾਥੀਆਂ ਨੂੰ

ਹੋਈ ਸੀ । ਸੰਤ ਜਰਨੈਲ ਸਿੰਘ ਇਹਨੀਂ ਦਿਨੀਂ ਬੰਬਈ ਵਿਖੇ ਟਿਕਾਣਾ ਕਰ ਰਹੇ ਸਨ ਕਿ ਪੰਜਾਬ ਸਰਕਾਰ ਨੇ ਪੰਜਾਬ ਦੇ ਵਿਗੜੇ ਹੋਏ ਫਿਰਕੂ ਮਾਹੌਲ ਤੋਂ ਲਾਭ ਉਠਾ ਕੇ ਇਕ ਵਾਰ ਫੇਰ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਯੋਜਨਾ ਬਣਾਈ। ਸੰਤ ਜਰਨੈਲ ਸਿੰਘ ਨੇ 20 ਅਪ੍ਰੈਲ ਤੋਂ 5 ਮਈ ਤਕ ਬੰਬਈ ਵਿਖੇ ਰਹਿਣਾ ਸੀ ਅਤੇ ਮਿੱਥੇ ਪ੍ਰੋਗਰਾਮ ਅਨੁਸਾਰ ਉਥੋਂ ਪੂਨੇ, ਨਾਸਕ, ਕੋਪਗਰਾਓਂ ਅਤੇ ਸ੍ਰੀ ਹਜ਼ੂਰ ਸਾਹਿਬ ਜਾਣਾ ਸੀ; ਪ੍ਰੰਤੂ ਬੰਬਈ ਦੀ ਸੰਗਤ ਦੇ ਜ਼ਿੱਦ ਕਰਨ ਤੇ ਉਨ੍ਹਾਂ ਬੰਬਈ ਵਿਖੇ ਆਪਣੇ ਠਹਿਰਾਓ ਦੀ ਮਿਆਦ 10 ਮਈ ਤਕ ਵਧਾ ਦਿੱਤੀ ਅਤੇ 6 ਮਈ ਤਕ ਲਗਭਗ ਇਕ ਹਜ਼ਾਰ ਵਿਅਕਤੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ। ਪੰਜਾਬ ਸਰਕਾਰ ਨੇ ਸੰਤ ਜਰਨੈਲ ਸਿੰਘ ਦੀ ਵਧਦੀ ਹੋਈ ਕੀਰਤੀ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਹੀ ਗ੍ਰਿਫਤਾਰ ਕਰਨ ਦਾ ਫੈਸਲਾ ਕਰ ਲਿਆ ਅਤੇ ਇਸ ਮੰਤਵ ਲਈ ਜ਼ਿਲ੍ਹਾ ਮੈਜਿਸਟ੍ਰੇਟ, ਅੰਮ੍ਰਿਤਸਰ ਕੋਲੋਂ ਕੌਮੀ ਸੁਰਖਿਆ ਕਾਨੂੰਨ ਅਧੀਨ ਨਜ਼ਰਬੰਦ ਕਰਨ ਲਈ ਵਾਰੰਟ ਜਾਰੀ ਵੀ ਕਰਵਾ ਦਿੱਤੇ। ਪੰਜਾਬ ਸਰਕਾਰ ਨੇ ਪ੍ਰਧਾਨ ਮੰਤ੍ਰੀ ਸ੍ਰੀਮਤੀ ਗਾਂਧੀ ਨੂੰ ਦਿੱਤੀ ਆਪਣੀ ਰਿਪੋਰਟ ਵਿਚ ਕਿਹਾ ਕਿ ਸੰਤ ਜਰਨੈਲ ਸਿੰਘ 'ਦਲ ਖਾਲਸਾ' ਨਾਂ ਦੀ ਜਥੇਬੰਦੀ, ਜਿਸ ਉਤੇ ਸਰਕਾਰ ਨੇ ਪਾਬੰਦੀ ਲਗਾਈ ਸੀ, ਦੀ ਪੂਰੀ ਹਮਾਇਤ ਕਰ ਰਹੇ ਸਨ ਅਤੇ ਉਨ੍ਹਾਂ ਦੇ ਪ੍ਰਚਾਰ ਅਤੇ ਵਧ ਰਹੇ ਪ੍ਰਭਾਵ ਤੋਂ ਦੇਸ਼ ਦੀ ਅਖੰਡਤਾ ਨੂੰ ਖਤਰਾ ਸੀ। ਇਹ ਵੀ ਸਿਫਾਰਸ਼ ਕੀਤੀ ਗਈ ਕਿ ਸੰਤ ਜਰਨੈਲ ਸਿੰਘ ਨੂੰ ਪੰਜਾਬ ਤੋਂ ਬਾਹਰ ਹੀ ਗ੍ਰਿਫਤਾਰ ਕੀਤਾ ਜਾਏ ਕਿਉਂਕਿ ਪੰਜਾਬ ਵਿਚ ਗ੍ਰਿਫਤਾਰੀ ਹੋਣ ਨਾਲ ਉਥੇ ਗੜਬੜ ਦਾ ਖਤਰਾ ਸੀ। ਏਨੇ ਨੂੰ ਸੰਤ ਜਰਨੈਲ ਸਿੰਘ ਨੂੰ ਭਾਈ ਅਮਰੀਕ ਸਿੰਘ ਨੇ ਫੋਨ ਰਾਹੀਂ ਸੂਚਨਾ ਦਿੱਤੀ ਕਿ ਉਨ੍ਹਾਂ (ਸੰਤ ਜਰਨੈਲ ਸਿੰਘ) ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਗਈ ਸੀ। ਸੰਤ ਜਰਨੈਲ ਸਿੰਘ ਆਪਣਾ ਪ੍ਰਚਾਰ ਦੌਰਾ ਵਿੱਚੇ ਛੱਡ ਕੇ ਪੰਜਾਬ ਪਰਤ ਆਏ। ਜਿਸ ਥਾਂ ਤੇ ਜੱਥੇ ਸਮੇਤ ਉਨ੍ਹਾਂ ਬੰਬਈ ਵਿਚ ਟਿਕਾਣਾ ਕੀਤਾ ਹੋਇਆ ਸੀ, ਉਸ ਥਾਂ ਨੂੰ ਭਾਰੀ ਪੁਲਿਸ ਫੋਰਸ ਨੇ ਘੇਰ ਰਖਿਆ ਸੀ ਪ੍ਰੰਤੂ ਸੰਤ ਜਰਨੈਲ ਸਿੰਘ ਇਸ ਘੇਰੇ ਦੀ ਪ੍ਰਵਾਹ ਨਾ ਕਰਦੇ ਹੋਏ ਬੰਬਈ ਤੋਂ ਆਪਣੇ ਮੁਖ ਅਸਥਾਨ ਚੌਂਕ ਮਹਿਤਾ ਵਿਖੇ ਪਹੁੰਚ ਗਏ। ਰਸਤੇ ਵਿਚ ਸੰਤ ਜਰਨੈਲ ਸਿੰਘ ਨੂੰ ਕਈ ਪੁਲਿਸ ਅਧਿਕਾਰੀਆਂ ਨੇ ਰੋਕਿਆ ਪ੍ਰੰਤੂ ਇਸ ਦੇ ਬਾਵਜੂਦ ਉਹ ਉਨ੍ਹਾਂ ਦੇ ਹੱਥ ਨਾ ਆਏ ਅਤੇ ਬੰਬਈ ਤੋਂ ਚੌਂਕ ਮਹਿਤਾ ਤਕ ਦਾ ਸਫਰ ਉਨ੍ਹਾਂ ਸੜਕ ਰਾਹੀਂ 28 ਘੰਟੇ ਵਿਚ ਪੂਰਾ ਕੀਤਾ। ਬਾਅਦ ਵਿਚ ਇਹ ਵੀ ਪਤਾ ਲੱਗਾ ਕਿ ਪੰਜਾਬ ਸਰਕਾਰ ਨੇ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ



ਪਿਛੋਂ ਪੁਲਿਸ ਮੁਕਾਬਲਾ ਬਣਾ ਕੇ ਖਤਮ ਕਰਨ ਦੀ ਯੋਜਨਾ ਬਣਾਈ ਸੀ ਪ੍ਰੰਤੂ ਇਹ ਸਿਰੇ ਨਾ ਚੜ੍ਹ ਸਕੀ। ਭਾਵੇਂ ਪੰਜਾਬ ਸਰਕਾਰ ਅਤੇ ਮੁਖ ਮੰਤ੍ਰੀ ਸ: ਦਰਬਾਰਾ ਸਿੰਘ ਵਲੋਂ ਪੁਲਿਸ ਦੀ ਨਾਕਾਮੀ ਉਤੇ ਪਰਦਾ ਪਾਉਣ ਲਈ ਇਸ ਖਬਰ ਦਾ ਖੰਡਨ ਕੀਤਾ ਗਿਆ ਕਿ ਰਾਜ ਸਰਕਾਰ ਨੇ ਕੌਮੀ ਸੁਰਖਿਆ ਐਕਟ ਅਧੀਨ ਸੰਤ ਜਰਨੈਲ ਸਿੰਘ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਉਨ੍ਹਾਂ ਦੇ ਵਾਰੰਟ ਕੱਢੇ ਸਨ, ਪ੍ਰੰਤੂ ਮਹਾਰਾਸ਼ਟਰ ਦੇ ਮੁੱਖ ਮੰਤ੍ਰੀ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਕਿ ਸ: ਦਰਬਾਰਾ ਸਿੰਘ ਨੇ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਲਈ ਵਾਰੰਟ ਭੇਜੇ ਸਨ। ਸੰਤ ਜਰਨੈਲ ਸਿੰਘ ਦੇ ਬੰਬਈ ਤੋਂ ਚੌਂਕ ਮਹਿਤਾ ਪੁੱਜਣ ਪਿਛੋਂ ਵੀ ਸ੍ਰੀ ਗੁਰੂ ਸਿੰਘ ਸਭਾ, ਦਾਦਰ ਵਿਚ ਠਹਿਰੇ ਭਿੰਡਰਾਂ ਜੱਥੇ ਦੇ ਮੈਂਬਰਾਂ ਦੁਆਲੇ ਪੁਲਿਸ ਘੇਰਾ ਕਈ ਦਿਨ ਤੱਕ ਜਾਰੀ ਰਿਹਾ। ਜੱਥੇ ਦੇ ਮੈਂਬਰਾਂ ਨੂੰ ਜੱਥੇ ਦੇ ਹਥਿਆਰ ਪੁਲਿਸ ਕੋਲ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ ਕਿਉਂਕਿ ਪੰਜਾਬ ਸਰਕਾਰ ਵਲੋਂ ਪਹੁੰਚੇ ਹੁਕਮਾਂ ਅਨੁਸਾਰ ਜੱਥੇ ਦੇ ਮੈਂਬਰਾਂ ਦੇ ਸਾਰੇ ਅਸਲਾ ਲਾਇਸੰਸ ਰੱਦ ਕਰ ਦਿੱਤੇ ਗਏ ਸਨ; ਪ੍ਰੰਤੂ ਬਾਅਦ ਵਿਚ ਕੇਵਲ ਹਥਿਆਰਾਂ ਦੇ ਲਾਇਸੰਸਾਂ ਦੀ ਪੜਤਾਲ ਕਰਕੇ ਘੇਰਾ ਚੁੱਕ ਲਿਆ ਗਿਆ। ਇਹ ਦੂਸਰੀ ਵੇਰ ਸੀ ਕਿ ਸੰਤ ਜਰਨੈਲ ਸਿੰਘ ਪੁਲਿਸ ਘੇਰੇ ਵਿਚੋਂ ਨਿਕਲ ਕੇ ਲੰਮਾ ਸਫਰ ਤੈਅ ਕਰਕੇ ਚੌਂਕ ਮਹਿਤੇ ਜਾ ਪਹੁੰਚੇ ਸਨ ਅਤੇ ਪੁਲਿਸ ਦੀ ਉਨ੍ਹਾਂ ਨੂੰ ਝੂਠਾ ਮੁਕਾਬਲਾ ਬਣਾ ਕੇ ਖਤਮ ਕਰਨ ਦੀ ਯੋਜਨਾ ਧਰੀ ਦੀ ਧਰੀ ਰਹਿ ਗਈ ਸੀ।

ਇਸ ਦੌਰਾਨ ਪੰਜਾਬ ਵਿਚ ਹਿੰਸਕ ਘਟਨਾਵਾਂ ਦਾ ਕ੍ਰਮ ਜਾਰੀ ਸੀ ਅਤੇ ਪੁਲਿਸ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਸੰਤ ਜਰਨੈਲ ਸਿੰਘ ਨਾਲ ਨੇੜਤਾ ਕਾਰਨ ਉਸ ਦੇ ਸਰਗਰਮ ਮੈਂਬਰਾਂ ਉਤੇ ਕੇਸ ਬਣਾ ਰਹੀ ਸੀ। ਪੁਲਿਸ ਦੀ ਇਸ ਬਦਲਾ-ਲਊ ਨੀਤੀ ਦੀ ਇਕ ਉਦਾਹਰਣ ਇਸ ਗੱਲ ਤੋਂ ਮਿਲਦੀ ਹੈ ਕਿ ਫੈਡਰੇਸ਼ਨ ਦੇ ਜਥੇਬੰਧਕ ਸਕੱਤਰ ਸ: ਰਾਜਿੰਦਰ ਸਿੰਘ, ਮਹਿਤਾ ਦਾ ਨਾਂ ਵੀ 26 ਅਪ੍ਰੈਲ ਦੇ ਗਊ-ਹਤਿਆ ਕਾਂਡ ਵਿਚ ਘਸੋੜ ਦਿੱਤਾ ਗਿਆ, ਹਾਲਾਂ ਕਿ 'ਦਲ ਖਾਲਸਾ' ਨੇ ਖੁਲ੍ਹੇ ਤੌਰ ਤੇ ਇਸ ਕਾਰਵਾਈ ਲਈ ਜ਼ਿੰਮੇਂਵਾਰੀ ਆਪਣੇ ਸਿਰ ਲੈ ਲਈ ਸੀ। ਸ: ਰਾਜਿੰਦਰ ਸਿੰਘ, ਮਹਿਤਾ ਨੂੰ ਭਗੌੜਾ ਕਰਾਰ ਦੇ ਕੇ ਉਨ੍ਹਾਂ ਦੇ ਸਿਰ ਉਤੇ 25 ਹਜ਼ਾਰ ਰੁਪਏ ਦਾ ਮੁੱਲ ਵੀ ਰਖਿਆ ਗਿਆ, ਜੋ ਬਾਅਦ ਵਿਚ ਪੜਤਾਲ ਉਪ੍ਰੰਤ ਵਾਪਸ ਲੈ ਲਿਆ ਗਿਆ। ਸ: ਰਾਜਿੰਦਰ ਸਿੰਘ ਮਹਿਤਾ ਤੋਂ ਛੁਟ ਸ: ਹਰਿਮੰਦਰ ਸਿੰਘ ਸੰਧੂ, ਸ: ਨਰਿੰਦਰ ਸਿੰਘ ਨਿੰਦੀ, ਸ: ਬੂਆ ਸਿੰਘ, ਸ: ਸਤਿੰਦਰਜੀਤ ਸਿੰਘ ਪੀ. ਟੀ ਆਦਿ ਨੂੰ ਨਾ ਕੇਵਲ ਫੌਜਦਾਰੀ

ਗ੍ਰਿਫਤਾਰ ਕੀਤਾ ਗਿਆ, ਸੰਤ ਜਰਨੈਲ ਸਿੰਘ ਮਾਝੇ ਦੇ ਪਿੰਡਾਂ ਵਿਚ ਪ੍ਰਚਾਰ ਦੌਰੇ ਤੇ ਗਏ ਹੋਏ ਸਨ। ਜਦੋਂ ਉਨ੍ਹਾਂ ਨੂੰ ਭਾਈ ਅਮਰੀਕ ਸਿੰਘ ਦੀ ਗ੍ਰਿਫਤਾਰੀ ਦਾ ਪਤਾ ਲੱਗਾ ਤਾਂ ਉਹ ਤੁਰੰਤ ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਪਹੁੰਚ ਗਏ ਅਤੇ ਜੱਥੇ ਦੇ ਮੈਂਬਰਾਂ ਨਾਲ ਸਲਾਹ ਉਪਰੰਤ ਭਾਈ ਅਮਰੀਕ ਸਿੰਘ ਅਤੇ ਜੱਥੇ ਦੇ ਗ੍ਰਿਫਤਾਰ ਮੈਂਬਰਾਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਨੂੰ ਲੈ ਕੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਹ ਪਹਿਲਾ ਅਜਿਹਾ ਮੋਰਚਾ ਸੀ ਜਿਸ ਦਾ ਪ੍ਰਬੰਧ ਢਾਈ ਘੰਟੇ ਦੇ ਅੰਦਰ ਕੀਤਾ ਗਿਆ ਸੀ। ਸੰਤ ਜਰਨੈਲ ਸਿੰਘ ਨੇ 51-51 ਦਾ ਜੱਥਾ ਰੋਜ਼ਾਨਾ ਗ੍ਰਿਰਤਾਰੀ ਲਈ ਭੇਜਣ ਦਾ ਨਿਰਨਾ ਕਰਨਾ ਕਰ ਲਿਆ ਅਤੇ ਇਸ ਤਰ੍ਹਾਂ ਵਰਤਮਾਨ ਮੋਰਚੇ ਦਾ ਮੁੱਢ ਬੱਝ ਗਿਆ। ਅਗਲੇ ਦਿਨ ਹੀ ਭਿੰਡਰਾਂ ਜੱਥੇ ਦੇ ਆਦਰਨੀਯ ਮੈਂਬਰ ਬਾਬਾ ਥਾਹਰਾ ਸਿੰਘ ਜਦੋਂ ਜ਼ਿਲ੍ਹਾ ਕਚਹਿਰੀ ਵਿਚ ਭਾਈ ਅਮਰੀਕ ਸਿੰਘ ਅਤੇ ਜੱਥੇ ਦੇ ਹੋਰ ਮੈਂਬਰਾਂ ਦੇ ਕੇਸਾਂ ਦੀ ਪੈਰਵਾਈ ਕਰਨ ਗਏ ਤਾਂ ਉਨ੍ਹਾਂ ਨੂੰ ਅਤੇ ਜੱਥੇ ਦੇ ਇਕ ਹੋਰ ਮੈਂਬਰ ਜਥੇਦਾਰ ਰਾਮ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਸੰਤ ਜਰਨੈਲ ਸਿੰਘ ਨੇ ਦਮਦਮੀ ਟਕਸਾਲ ਅਤੇ ਭਿੰਡਰਾਂ ਜੱਥੇ ਦੇ ਮੈਂਬਰਾਂ ਉਤੇ ਹੋਏ ਇਕ ਹੋਰ ਹਮਲੇ ਦੇ ਮਸਲੇ ਉਤੇ ਗੰਭੀਰ ਵਿਚਾਰ ਲਈ 25 ਜੁਲਾਈ ਨੂੰ ਮੰਜੀ ਸਾਹਿਬ ਦੀਵਾਨ ਹਾਲ, ਅੰਮ੍ਰਿਤਸਰ ਵਿਖੇ ਇਕ ਵਿਸ਼ਾਲ ਪੰਥਕ ਪ੍ਰਤੀਨਿਧ ਕਨਵੈਨਸ਼ਨ ਸੱਦ ਲਈ।

ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਪੰਜਾਬ ਵਿਚ ਅੰਮ੍ਰਿਤਧਾਰੀ ਸਿਖਾਂ ਉਤੇ ਹੋ ਰਹੇ ਜ਼ੁਲਮ ਦਾ ਗੰਭੀਰਤਾ ਨਾਲ ਨੋਟਿਸ ਲੈ ਰਿਹਾ ਸੀ ਅਤੇ ਭਾਈ ਅਮਰੀਕ ਸਿੰਘ ਦੀ ਗ੍ਰਿਫਤਾਰੀ ਅਸਲ ਵਿਚ ਗੈਰ ਹਾਜ਼ਰੀ ਵਿਚ ਕੀਤੀ ਗਈ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਸੀ। ਸਰਕਾਰ ਤਾਂ ਇਹ ਵੇਖਣਾ ਚਾਹੁੰਦੀ ਸੀ ਕਿ ਕੀ ਸਤੰਬਰ 1981 ਵਾਲਾ ਜੋਸ਼ ਅਜੇ ਸਿਖ ਜਨਤਾ ਵਿਚ ਕਾਇਮ ਹੈ ਜਾਂ ਨਹੀਂ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਇਸ ਮਾਮਲੇ ਤੇ ਵਿਚਾਰ ਲਈ 26 ਜੁਲਾਈ ਨੂੰ ਅੰਮ੍ਰਿਤਸਰ ਵਿਖੇ ਇਕ ਵੱਖਰੀ ਕਨਵੈਨਸ਼ਨ ਸੱਦ ਲਈ। 25 ਜੁਲਾਈ ਨੂੰ ਸੰਤ ਜਰਨੈਲ ਸਿੰਘ ਵਲੋਂ ਸੱਦੀ ਗਈ ਕਨਵੈਨਸ਼ਨ ਵਿਚ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼ਾਮਲ ਹੋਏ ਅਤੇ ਉਨ੍ਹਾਂ ਦੀ ਰਿਪੋਰਟ ਉਤੇ ਹੀ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਸੰਤ ਜਰਨੈਲ ਸਿੰਘ ਵਲੋਂ ਲਾਇਆ ਮੋਰਚਾ ਅਪਨਾਉਣ ਅਤੇ 4 ਅਗਸਤ ਤੋਂ ਬਕਾਇਦਾ ਜੱਥੇ ਭੇਜਣ ਦਾ ਐਲਾਨ ਕਰ ਦਿੱਤਾ।



ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) 5 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨਾਲ ਵਾਰਤਾ ਟੁੱਟਣ ਉਪਰੰਤ ਕਪੂਰੀ (ਪਟਿਆਲਾ) ਵਿਖੇ ਅਤੇ ਸਿਵਲ ਨਾ ਫੁਰਮਾਨੀ ਆਦਿ ਵਰਗੇ ਮੋਰਚੇ ਲਾ ਰਿਹਾ ਸੀ। ਕਪੂਰੀ ਵਿਖੇ ਮੋਰਚਾ ਚਲ ਹੀ ਰਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੇ ਇਸ ਮੋਰਚੇ ਨੂੰ ਵੀ ਅੰਮ੍ਰਿਤਸਰ ਤਬਦੀਲ ਕਰਨ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ (ਤਲਵੰਡੀ) ਨੇ 13 ਅਪ੍ਰੈਲ 1981 ਤੋਂ ਦਿੱਲੀ ਵਿਖੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਮੋਰਚਾ ਲਾ ਰੱਖਿਆ ਸੀ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਆਪਣੇ, ਸੰਤ ਜਰਨੈਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਤਲਵੰਡੀ) ਵਲੋਂ ਲਾਏ ਮੋਰਚਿਆਂ ਦਾ ਇਕ ਤਰ੍ਹਾਂ ਏਕੀਕਰਨ ਕਰ ਲਿਆ ਸੀ ਕਿਉਂਕਿ ਉਨ੍ਹਾਂ ਨੇ ਆਪਣੀਆਂ ਮੰਗਾਂ ਵਿਚ ਨਾ ਕੇਵਲ ਕਥਿਤ ਪੁਲਿਸ ਮੁਕਾਬਲਿਆਂ ਦੀ ਜਾਂਚ ਦੀ ਮੰਗ ਰੱਖੀ ਸੀ ਸਗੋਂ ਇਸ ਵਿਚ ਅਮ੍ਰਿਤ-ਧਾਰੀ ਸਿਖਾਂ ਉਤੇ ਤਸ਼ੱਦਦ ਬੰਦ ਕਰਵਾਉਣ, ਭਾਈ ਅਮਰੀਕ ਸਿੰਘ, ਬਾਬਾ ਥਾਹਰਾ ਸਿੰਘ ਸਮੇਤ ਭਿੰਡਰਾ ਜੱਥੇ ਦੇ ਸਭ ਗ੍ਰਿਫਤਾਰ ਮੈਂਬਰਾਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਅਨੰਦਪੁਰ ਸਾਹਿਬ ਦੇ ਮਤੇ ਅਧੀਨ ਪੰਜਾਬ ਅਤੇ ਹੋਰ ਰਾਜਾਂ ਨੂੰ ਵਧੇਰੇ ਅਧਿ-ਕਾਰ ਦੇਣ ਦੀ ਮੰਗ ਵੀ ਸ਼ਾਮਿਲ ਕਰ ਲਈ ਸੀ। ਇਸ ਤਰ੍ਹਾਂ ਭਿੰਡਰਾਂ ਜੱਥੇ ਦੇ ਮੈਂਬਰਾਂ ਉੱਤੇ ਹੋ ਰਹੇ ਜਬਰ ਦਾ ਟਾਕਰਾ ਕਰਨ ਦੀ ਜ਼ਿੰਮੇਵਾਰੀ ਇਕ ਵੇਰ ਫੇਰ ਸਮੁੱਚੀ ਸਿਖ ਕੌਮ ਨੇ ਸਾਂਭ ਲਈ ਸੀ।

20 ਅਗਸਤ 1982 ਨੂੰ ਜਦੋਂ ਰਾਹੋਂ ਵਿਖੇ ਮੁਖ ਮੰਤ੍ਰੀ ਸ੍ਰੀ ਦਰਬਾਰਾ ਸਿੰਘ ਉਤੇ ਬੰਬ ਸੁੱਟਣ ਦਾ ਯਤਨ ਕੀਤਾ ਗਿਆ ਤਾਂ ਸ: ਦਰਬਾਰਾ ਸਿੰਘ ਨੇ ਖੁੱਲ੍ਹੇ ਆਮ 23 ਅਗਸਤ ਨੂੰ ਪ੍ਰੈਸ ਵਿਚ ਦੋਸ਼ ਲਾਇਆ ਕਿ ਇਸ ਬੰਬ ਧਮਾਕੇ ਪਿਛੇ ਵੀ ਸੰਤ ਜਰਨੈਲ ਸਿੰਘ ਦਾ ਹੀ ਹੱਥ ਸੀ ਅਤੇ ਇਹ ਸਾਜ਼ਸ਼ ਗੁਰੂ ਨਾਨਕ ਨਿਵਾਸ ਵਿਚ ਹੀ ਬਣਾਈ ਗਈ ਸੀ। ਇਕ ਵੇਰ ਫਿਰ ਮੁੱਖ ਮੰਤ੍ਰੀ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਸੀ ਕਿ ਸੰਤ ਜਰਨੈਲ ਸਿੰਘ ਦੀ ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਗ੍ਰਿਫਤਾਰੀ ਸਹੀ ਸੀ ਅਤੇ ਜੇ ਕੇਂਦਰ ਸਰਕਾਰ ਦਬਾਅ ਨਾ ਪਾਉਂਦੀ ਤਾਂ ਉਹ ਇਸ ਕੇਸ ਵਿਚੋਂ ਕਦੇ ਨਾ ਬਚ ਸਕਦੇ। ਰਾਹੋਂ ਬੰਬ ਕੇਸ ਵਿਚ ਦਿਲਚਸਪ ਗੱਲ ਇਹ ਸੀ ਕਿ ਜਿਸ ਵਿਅਕਤੀ ਨੂੰ ਮੁੱਢਲੀ ਜਾਂਚ ਰਿਪੋਰਟ ਵਿਚ ਦੋਸ਼ੀ ਨਾਮਜ਼ਦ ਕਰਕੇ "ਮੌਕੇ ਉਤੇ" ਫੜਿਆ ਗਿਆ ਸੀ, ਉਸੇ ਦੀ ਨਿਸ਼ਾਨਦੇਹੀ ਤੇ ਇਕ ਹੋਰ ਵਿਅਕਤੀ ਗੁਰਮੀਤ ਸਿੰਘ, ਧੂਲਕੋਟ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਬਾਅਦ ਵਿਚ ਤਸੀਹੇ ਦੇ ਦੇ ਕੇ ਮਾਰ ਦਿੱਤਾ ਗਿਆ ਸੀ। ਕਿਹਾਂ ਜਾਂਦਾ ਹੈ ਕਿ ਗੁਰਮੀਤ ਸਿੰਘ ਉਤੇ ਇਹੋ

ਦਬਾਅ ਪਾਇਆ ਜਾਂਦਾ ਰਿਹਾ ਕਿ ਉਹ ਇਹ ਬਿਆਨ ਦੇਵੇ ਕਿ ਸੰਤ ਜਰਨੈਲ ਸਿੰਘ ਦੇ ਇਸ਼ਾਰੇ ਉਤੇ ਹੀ ਉਸ ਨੇ ਮੁਖ ਮੰਤ੍ਰੀ ਸ: ਦਰਬਾਰਾ ਸਿੰਘ ਨੂੰ ਖਤਮ ਕਰਨ ਦਾ ਯਤਨ ਕੀਤਾ ਸੀ; ਪ੍ਰੰਤੂ ਇਸ ਮਰਜੀਵੜੇ ਨੇ ਅੰਗ ਅੰਗ ਤਾਂ ਨੋਚਵਾ ਲਿਆ ਪਰ ਇਹ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਅਗਲੇ ਦਿਨ ਗੁਰਮੀਤ ਸਿੰਘ ਨੂੰ ਕਥਿਤ ਪੁਲਿਸ ਮੁਕਾਬਲੇ ਵਿਚ ਮਰਿਆ ਕਰਾਰ ਦੇ ਦਿੱਤਾ ਗਿਆ, ਬਾਅਦ ਵਿਚ ਮੁੱਖ ਨਾਮ-ਜ਼ਦ ਦੋਸ਼ੀ ਨੂੰ "ਮਾਸੂਮ" ਜਾਣ ਕੇ ਰਿਹਾ ਕਰ ਦਿੱਤਾ ਗਿਆ।

ਪੰਜਾਬ ਪੁਲਿਸ ਨੇ ਭਿੰਡਰਾਂ ਵਾਲੇ ਜੱਥੇ ਦੇ ਮੈਂਬਰਾਂ ਅਤੇ ਸਹਿਯੋਗੀ ਸਿਖਾਂ ਨੂੰ ਆਪਣੇ ਜਬਰ ਦਾ ਨਿਸ਼ਾਨਾ ਬਣਾ ਲਿਆ ਸੀ ਅਤੇ ਉਹ ਚੁਣ ਚੁਣ ਕੇ ਹਰ ਸਬੰਧਤ ਸਿਖ ਉਤੇ ਕੇਸ ਪਾਈ ਜਾ ਰਹੀ ਸੀ। ਹਿੰਸਕ ਘਟਨਾਵਾਂ ਦੇ ਬਹੁਤੇ ਦੋਸ਼ੀਆਂ ਨੂੰ ਫੜਨ ਵਿਚ ਪੁਲਿਸ ਅਸਫਲ ਰਹੀ ਸੀ ਪ੍ਰੰਤੂ ਜਿਨ੍ਹਾਂ ਨੂੰ ਫੜ ਲੈਂਦੀ ਸੀ, ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਬਣਾ ਕੇ ਖਤਮ ਕੀਤਾ ਜਾ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਵੀ ਪੁਲਿਸ ਦੀਆਂ ਅਜਿਹੀਆਂ ਕਾਰਵਾਈਆਂ ਵਿਰੁਧ ਰੋਸ ਪ੍ਰਗਟ ਕੀਤਾ ਜਾ ਰਿਹਾ ਸੀ। ਪੁਲਿਸ ਮੁਕਾਬਲਿਆਂ ਵਿਚ ਨੌਜੁਆਨ ਅੰਮ੍ਰਿਤਧਾਰੀ ਸਿਖਾਂ ਨੂੰ ਸ਼ਹੀਦ ਕਰਨ ਦਾ ਕ੍ਰਮ, ਜੋ ਭਾਈ ਕੁਲਵੰਤ ਸਿੰਘ ਨਾਗੋਕੇ ਤੋਂ ਆਰੰਭ ਹੋਇਆ ਸੀ, ਉਹ ਅਮਰਜੀਤ ਸਿੰਘ, ਦਹੇੜੂ, ਬਲਜੀਤ ਸਿੰਘ, ਗੁਰਮੀਤ ਸਿੰਘ ਧੂਲਕੋਟ, ਜਗਦੇਵ ਸਿੰਘ, ਤੇ ਸੁਖਦੇਵ ਸਿੰਘ (ਦੋਵੇਂ ਕੋਟ ਈਸੇ ਖਾਂ) ਮੁਸੀਬਤ ਸਿੰਘ, ਭੋਲਾ ਸਿੰਘ ਕਸ਼ਮੀਰ ਸਿੰਘ ਤੱਕ ਆਣ ਪਹੁੰਚਿਆਂ ਅਤੇ ਅਜੇ ਵੀ ਜਾਰੀ ਹੈ।


4 ਅਗਸਤ 1982 ਨੂੰ ਸਾਬਿਕ ਮੁਖ ਮੰਤ੍ਰੀ ਸ; ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਜੱਥੇ ਦੀ ਗ੍ਰਿਫਤਾਰੀ ਨਾਲ ਸ਼੍ਰੋਮਣੀ ਅਕਾਲੀ ਦਲ ਵਲੋਂ ਆਪਣੇ ਮੋਰਚੇ ਦਾ ਅਸਥਾਨ ਕਪੂਰੀ ਤੋਂ ਤਬਦੀਲ ਕਰਕੇ ਅੰਮ੍ਰਿਤਸਰ ਲਿਆਉਣ ਅਤੇ ਮੋਰਚੇ ਦੀਆਂ ਮੰਗਾਂ ਵਿਚ ਸੰਤ ਜਰਨੈਲ ਸਿੰਘ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀਆਂ ਮੰਗਾਂ ਸੰਮਿਲਤ ਕਰਨ ਨਾਲ ਅੰਮ੍ਰਿਤਸਰ ਤੋਂ ਇਕ ਵਿਸ਼ਾਲ ਮੋਰਚੇ ਦਾ ਪ੍ਰਾਰੰਭ ਹੋ ਗਿਆ ਸੀ।

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਤੋਂ ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਤਕ ਦੇ ਇਸ ਦੁਖਾਂਤ-ਮਈ ਸਫਰ ਦੀ ਇਹ ਇਕ ਅਜਿਹੀ, ਗਾਥਾ ਹੈ ਜਿਹੜੀ ਇਕ ਪਾਸੇ ਸਚਾਈ, ਸਿਖੀ ਸਿਦਕ ਅਤੇ ਪੰਜਾਬ ਦੀ ਭਲਾਈ ਲਈ ਜੂਝਣ ਵਾਲੇ ਪਰਵਾਨਿਆ ਅਤੇ ਦੂਜੇ ਪਾਸੇ ਸਮੇਂ ਦੀ ਸਰਕਾਰ ਦੀ ਕੂਟਲਨੀਤੀ ਅਤੇ ਬਹੁਤ ਹੱਦ ਤੱਕ ਗੈਰ



ਕਾਨੂੰਨੀ ਕਾਰਨਾਮਿਆਂ ਵਿਚ ਹਿੱਸਾ ਲੈਣ ਵਾਲਿਆਂ ਸਰਕਾਰੀ ਅਧਿਕਾਰੀਆਂ ਅਤੇ ਕਰਿੰਦਿਆਂ ਦੇ ਗੈਰ ਸਾਵੇਂ ਘੋਲ ਨੂੰ ਪ੍ਰਗਟ ਕਰਦੀ ਹੈ।

ਇਹ ਘੋਲ ਹਾਲੀ ਤਕ ਜਾਰੀ ਹੈ। ਅਤੇ ਉਨ੍ਹਾਂ ਚਿਰ ਤਕ ਜਾਰੀ ਰਹੇਗਾ ਜਿੰਨ੍ਹਾਂ ਚਿਰ ਸਚਾਈ, ਸਿਖੀ ਸਿਦਕ ਅਤੇ ਪੰਜਾਬ ਦੀ ਭਲਾਈ ਲਈ ਆਪਾ ਵਾਰਨ ਵਾਲਿਆਂ ਦੀ ਜਿਤ ਨਹੀਂ ਹੁੰਦੀ। ਜਿਤ ਅਵਸ਼ ਹੋਵੇਗੀ ਅਤੇ ਅੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਇਕ ਜੇਤੂ ਦੀ ਹੈਸੀਅਤ ਵਿਚ ਆਪਣੇ ਮੁਖ ਕੇਂਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਵਿਚ ਆ ਕੇ ਆਪਣੇ ਸਿਖੀ ਪ੍ਰਚਾਰ ਦੀ ਮੁਹਿਮ ਨੂੰ ਪਹਿਲਾਂ ਵਾਂਗ ਹੀ ਜਾਰੀ ਰੱਖ ਸਕਣਗੇ।



**ਸਿੱਖੀ ਸਪਿੱਰਟ ਦੀ ਝਲਕ**

ਲਾਲਾ ਜਗਤ ਨਰਾਇਣ ਕਤਲ ਕਾਂਡ ਦਾ ਫੈਸਲਾ ਸੁਨਣ ਲਈ ਸ: ਸਵਰਨ ਸਿੰਘ ਅਤੇ ਸ: ਨਛੱਤਰ ਸਿੰਘ ਜੀ ਨੂੰ ਜ਼ਿਲ੍ਹਾ ਸੈਸ਼ਨ ਜੱਜ (ਲੁਦਿਹਾਣਾ) ਸਾਹਮਣੇ ਪੁਲਿਸ ਗੋਂਗ ਸਮੇਤ ਜਦ ਲਿਜਾਇਆ ਜਾ ਰਿਹਾ ਸੀ ਤਾਂ ਦੋਹਾਂ ਮਰਜੀਵੜਿਆਂ ਦੇ ਚਿਹਰੇ ਉਤੇ ਭੈ ਜਾਂ ਚਿੰਤਾ ਦੀ ਇਕ ਵੀ ਲਕੀਰ ਨਹੀਂ ਸੀ। ਇਸ ਕੇਸ 'ਚ ਸ: ਸਵਰਨ ਸਿੰਘ ਸਪਸ਼ਟ ਬਰੀ ਹੋਏ ਤੇ ਸ: ਨਛੱਤਰ ਸਿੰਘ ਨੂੰ ਉਮਰ ਕੈਦ ਸੁਣਾਈ ਗਈ।

(ਫੋਟੋ—ਸਤਪਾਲ ਦਾਨਿਸ਼)



# ਸੰਤ ਭਿੰਡਰਾਂ ਅਤੇ ਪੁਲਸ ਅਧਿਕਾਰੀਆਂ ਵਿਚਾਲੇ ਹੋਏ ਸੁਆਲ ਜਵਾਬ

ਸਰਕਾਰ ਨੇ ਲਾਲਾ ਜਗਤ ਨਰਾਇਣ ਦੇ ਕਤਲ ਕਾਂਡ ਵਿਚ ਜਦ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਨੂੰ ਗਰਿਫਤਾਰ ਕਰ ਹੀ ਲਿਆ ਤਾਂ 'ਤਫਤੀਸ਼' ਦੇ ਬਹਾਨੇ ਉਹਨਾਂ ਪਾਸੋਂ ਕੋਈ ਸਾਢੇ ਚਾਰ ਸੌ ਸਵਾਲ ਪੁਛੇ, ਜਿਨ੍ਹਾਂ ਵਿਚੋਂ ਕੁਝ ਮਹੱਤਵਪੂਰਨ ਸਵਾਲ ਅਤੇ ਉਹਨਾਂ ਦੇ ਸਪਸ਼ਟ ਜਵਾਬ ਆਪ ਦੇ ਰੁਬਰੂ ਹਨ—

| ਪੁਲਸੀਆਂ ਦੇ ਸਵਾਲ | ਸੰਤ ਜੀ ਦੇ ਜਵਾਬ |
|---|---|
| ☐ ਇਸ ਮੱਤ (ਭਿੰਡਰਾਂ ਜੱਥਾ) ਨੂੰ ਮੰਨਣ ਵਾਲਿਆਂ ਦੀ ਤਾਦਾਦ ਕਿੰਨੀ ਹੈ ? ਜਿਸ ਨੂੰ ਸ਼ਾਮਲ ਕਰਦੇ ਹੋ ਕੀ ਸ਼ਰਤਾਂ ਹੁੰਦੀਆਂ ਹਨ ? | ਗਿਣਤੀ ਦਾ ਪਤਾ ਨਹੀਂ, ਸਤਿਗੁਰ ਜਾਣਦੇ ਹਨ। ਮੇਰੀ ਸੰਸਥਾਂ ਵਿਚ ਪੂਰਨ ਗੁਰਸਿਖ, ਰਹਿਤ ਵਿਚ ਰਹਿਣ ਵਾਲੇ ਸਿਖ ਰਹਿ ਸਕਦੇ ਹਨ। |
| ☐ ਕੌਣ ਕੌਣ ਉੱਘੇ ਪੈਰੋਕਾਰ ਹਨ ? | ਕੋਈ ਪੈਰੋਕਾਰ ਨਹੀਂ ਤੇ ਨਾ ਹੀ ਕੋਈ ਉੱਘਾ ਹੈ। |
| ☐ ਸੰਸਥਾ ਦੀ ਮਾਲੀ ਪੁਜੀਸ਼ਨ, ਬੈਂਕ ਆਦਿ ਅਕਾਊਂਟ ਕੀ ਹਨ ? | ਬੈਂਕ ਵਿਚ ਕੋਈ ਰੁਪਿਆ ਜਮ੍ਹਾਂ ਨਹੀਂ ਹੈ, ਗੁਰੂ ਕੀ ਸੰਗਤ ਹੀ ਬੈਂਕ ਤੇ ਧਨ ਹੈ। |
| ☐ ਸੰਸਥਾ ਦੀ ਪਰਾਪਰਟੀ (ਜਾਇ-ਦਾਦ) ਕਿੱਥੇ ਕਿੱਥੇ ਹੈ ? | ਮਹਿਤਾ ਚੌਕ ਤੋਂ ਇਲਾਵਾ ਹੋਰ ਕਿਤੇ ਨਹੀਂ। ਦੋ ਢਾਈ ਕਿੱਲੇ ਜ਼ਮੀਨ ਹੈ, ਗੁਰਦੁਆਰਾ ਸਾਹਿਬ ਦੇ ਨਾਓਂ। |
| ☐ ਹੋਰ ਆਮਦਨ ਦੇ ਕੀ ਸਾਧਨ ਹਨ ? | ਸੰਗਤ ਸੇਵਾ ਕਰਦੀ ਹੈ, ਹੋਰ ਕੋਈ ਸਾਧਨ ਨਹੀਂ। |

| | |
|---|---|
| □ ਸੰਸਥਾ ਵਿਚ ਪੱਕੇ ਤੌਰ ਤੇ ਕਿੰਨੇ ਬੰਦੇ ਆਉਂਦੇ ਹਨ ? | ਗਿਣਤੀ ਕੋਈ ਨਹੀਂ। ਸ਼ਰਧਾਲੂ ਜਿੰਨੀ ਦੇਰ ਮਰਜ਼ੀ ਰਹਿ ਸਕਦੇ ਹਨ। |
| □ ਉਹਨਾਂ ਸੇਵਾਦਾਰਾਂ ਦੇ ਕੀ ਕੀ ਨਾਂ ਹਨ ਤੇ ਕਿਥੋਂ ਦੇ ਰਹਿਣ ਵਾਲੇ ਹਨ ? | ਪੱਕਾ ਕੋਈ ਸੇਵਾਦਾਰ ਨਹੀਂ ਹੈ। |
| □ ਸੰਸਥਾ ਕੋਲ ਕਿੰਨੀਆਂ ਗੱਡੀਆਂ ਹਨ ? | ਤਿੰਨ ਗਡੀਆਂ ਸਨ। ਦੋ ਪੁਲਸ ਨੇ ਸਾੜ ਦਿਤੀਆਂ ਹਨ, ਇਕ ਮੇਰੇ ਪਾਸ ਹੈ। |
| □ ਇਹ ਗਡੀਆਂ ਕਿੱਥੋਂ ਖਰੀਦੀਆਂ ਗਈਆਂ ? | ਗੁਰੂ ਕੀ ਸੰਗਤ ਨੇ ਭੇਂਟ ਕੀਤੀਆਂ। |
| □ ਸੰਸਥਾ ਕਿਥੋਂ ਪਾਈ ? | ਬਖਸ਼ਿਸ਼ ਗੁਰੂ ਕੀ ਸੰਗਤ ਤੇ ਕੀਤੀ। |
| □ ਤੁਹਾਡੇ ਨਾਲ ਪੱਕੇ ਤੌਰ ਤੇ ਕਿੰਨੇ ਬਾਡੀ-ਗਾਰਡ ਰਹਿੰਦੇ ਹਨ ? | ਕੋਈ ਪੱਕਾ ਬਾਡੀ-ਗਾਰਡ ਨਹੀਂ ਹੈ। |
| □ ਉਹਨਾਂ ਕੋਲ ਕੀ ਕੀ ਅਸਲਾ ਹੈ ? | ਮੇਰੇ ਪਾਸ ਪੱਕੇ ਤੌਰ ਤੇ ਕੋਈ ਸੇਵਾਦਾਰ ਨਹੀਂ। ਸੰਗਤਾਂ ਵਿਚ ਜੇ ਕੋਈ ਅਸਲਾ ਲੈ ਆਵੇ ਤਾਂ ਉਹ ਡਿਊਟੀ ਦੇਂਦਾ ਹੈ। |
| □ ਅਸਲਾ ਕਦੋਂ ਤੇ ਕਿਥੋਂ ਲਿਆ ? | ਮੇਰੇ ਨਾਂ ਤੇ ਕੋਈ ਅਸਲਾ ਨਹੀਂ ਹੈ। ਸ਼ਰਧਾਲੂਆਂ ਨੇ ਸੰਸਥਾਂ ਦੇ ਨਾਂ ਦਾ ਐਡਰੈਸ ਦਿੱਤਾ ਹੋਵੇ ਤਾਂ ਪਤਾ ਨਹੀਂ। |
| □ ਲਾਇਸੈਂਸ ਕਿਸ ਵਸੀਲੇ ਰਾਹੀਂ ਪ੍ਰਾਪਤ ਕੀਤੇ ? | ਲਾਇਸੈਂਸਦਾਰ ਹੀ ਵਸੀਲਾ ਦੱਸ ਸਕਦੇ ਹਨ, ਮੈਨੂੰ ਪਤਾ ਨਹੀਂ ਹੈ। |
| □ ਤੁਹਾਡੇ ਪਰਿਵਾਰ ਦੇ ਬੱਚਿਆਂ ਕੋਲ ਵੀ ਲਾਇਸੈਂਸ ਹਨ ? | ਮੈਨੂੰ ਪਤਾ ਨਹੀਂ ਕਿ ਮੇਰੇ ਪਰਿਵਾਰ ਦੇ ਕਿਸ ਕਿਸ ਮੈਂਬਰ ਪਾਸ ਅਸਲਾ ਹੈ। ਇਹ ਉਹ ਖੁਦ ਹੀ ਦੱਸ ਸਕਦੇ ਹਨ। |



| | |
|---|---|
| □ ਪਰਿਵਾਰ ਦੇ ਕਿਹੜੇ ਕਿਹੜੇ ਬੰਦੇ ਜੱਥੇ ਨਾਲ ਰਲੇ ਹਨ ? | ਮੇਰਾ ਕੋਈ ਰਿਸ਼ਤੇਦਾਰ ਪੱਕੇ ਤੌਰ ਤੇ ਜੱਥੇ ਵਿਚ ਨਹੀਂ ਰਹਿੰਦਾ। |
| □ ਤੁਹਾਡੇ ਮੱਤ ਦਾ ਕੀ ਮਿਸ਼ਨ ਹੈ ? | ਮੇਰਾ ਨਿੱਜੀ ਕੋਈ ਮੱਤ ਨਹੀਂ ਹੈ। ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਸਿੰਘਾਂ ਵਿਚ ਫੈਲਾਉਣਾ, ਸਿੰਘਾਂ ਨੂੰ ਅੰਮ੍ਰਿਤ ਛਕਾਉਣਾ, ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ, ਸਾਰੇ ਨਸ਼ਿਆਂ, ਇਥੋਂ ਤਕ ਕਿ ਚਾਹ ਆਦਿ ਦਾ ਵੀ ਤਿਆਗ ਕਟਵਾਉਣਾ। |
| □ ਕੀ ਪ੍ਰਚਾਰ ਕਰਦੇ ਹੋ ? | ਗੁਰਬਾਣੀ ਪੜ੍ਹਨੀ ਤੇ ਪੜ੍ਹਾਉਣੀ, ਅਰਥ ਕਰਕੇ ਸਮਝਾਉਣੇ ਅਤੇ ਕਥਾ ਕਰਵਾਉਣੀ। |
| □ ਪ੍ਰਚਾਰ ਦੇ ਸਬੰਧ ਵਿਚ ਪੰਜਾਬ ਵਿਚ ਕਿੱਥੇ ਕਿੱਥੇ ਜਾਂਦੇ ਹੋ ? | ਹਰ ਇਕ ਪਿੰਡ ਵਿਚ ਜਿਥੇ ਸੰਗਤਾਂ ਬੁਲਾ ਲੈਣ, ਜਾਂਦਾ ਹਾਂ। |
| □ ਪੰਜਾਬ ਤੋਂ ਬਾਹਰ ਕਿੱਥੇ ਕਿੱਥੇ ਜਾਂਦੇ ਹੋ ? | ਸਾਰੇ ਭਾਰਤ ਵਿਚ ਜਾਂਦਾ ਹਾਂ, ਜਿੱਥੇ ਸੰਗਤ ਯਾਦ ਕਰਦੀ ਹੈ। |
| □ ਖਰਚ ਪਾਣੀ ਕੌਣ ਕਰਦਾ ਹੈ ? | ਗੁਰੂ ਕੀ ਸੰਗਤ। |
| □ ਅਕਾਲੀ ਪਾਰਟੀ ਨਾਲ ਕੀ ਸਬੰਧ ਹੈ ? | ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਹਰ ਵਿਅਕਤੀ ਨਾਲ ਜੋ ਸਬੰਧ ਹੈ। |
| □ ਹੋਰਨਾਂ ਸਬੰਧਿਤ ਪਾਰਟੀਆਂ ਨਾਲ ਕੀ ਸਬੰਧ ਹੈ ? | ਗੁਰਮਤਿ ਨਾਲ ਹੀ ਸਬੰਧ ਹੈ, ਕਿਸੇ ਪਾਰਟੀ ਨਾਲ ਸਬੰਧ ਨਹੀਂ ਹੈ। |
| □ ਨਿਰੰਕਾਰੀ ਮੱਤ ਨਾਲ ਕੀ ਮਤਭੇਦ ਹਨ ? | ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿੰਦਿਆ ਕਾਰਨ, ਜਿਸ ਦਾ ਸਬੂਤ 'ਯੁੱਗ ਪੁਰਸ਼' ਅਤੇ 'ਅਵਤਾਰ ਬਾਣੀ' ਦੋ ਕਿਤਾਬਾਂ ਹਨ। |
| □ ਇਸ ਮੱਤ ਭੇਦ ਕਾਰਨ ਝੜਪ ਕਦੋਂ ਸ਼ੁਰੂ ਹੋਈ ? | ਜਦੋਂ ਤੋਂ ਉਹ ਗੁਰੂ-ਨਿੰਦਿਆ ਕਰਨ ਲੱਗੇ ਹਨ। ਮੇਰੇ ਤੋਂ ਪਹਿਲਾਂ ਕਰ ਰਹੇ ਹਨ ਅਤੇ ਸੰਤ ਗੁਰਬਚਨ ਸਿੰਘ ਜੀ ਦੇ ਸਮੇਂ ਤੋਂ ਚਲੇ ਆਉਂਦੇ ਹਨ। |

| | |
|---|---|
| ☐ ਕਿਥੇ ਕਿਥੇ ਕੀ ਕੀ ਘਟਨਾ ਵਾਪਰੀ ? | ਮੇਰੇ ਨਾਲ.1978 ਵਿਚ ਵੈਸਾਖੀ ਵਾਲੇ ਦਿਨ ਘਟਨਾ ਵਾਪਰੀ ਜਦੋਂ ਸੰਗਤਾਂ ਰੋਕਣ ਗਈਆਂ ਕਿ ਗੁਰੂ ਗ੍ਰੰਥ ਸਾਹਿਬ ਦੀ ਨਿੰਦਿਆ ਨਾ ਕੀਤੀ ਜਾਵੇ ਜਿਸ ਦੇ ਰੋਕਣ ਤੋਂ ਨਰਕਧਾਰੀਆਂ ('ਸੰਤ ਨਿਰੰਕਾਰੀਆਂ') ਵਲੋਂ ਗੋਲੀਆਂ ਚਲਾਈਆਂ ਗਈਆਂ। ਇਸ ਵੇਲੇ ਮੈਂ ਮੌਕੇ ਤੇ ਹਾਜ਼ਰ ਨਹੀਂ ਸੀ ਪ੍ਰੰਤੂ ਮੇਰੇ ਨਾਂ ਨਾਲ ਇਹ ਗਲਤ ਤੌਰ ਤੇ ਜੋੜਿਆ ਜਾ ਰਿਹਾ ਹੈ ਕਿ ਮੈਂ ਉਸ ਮੌਕੇ ਤੇ ਹਾਜ਼ਰ ਸੀ। |
| ☐ ਅੰਮ੍ਰਿਤਸਰ ਦੀ ਘਟਨਾ ਦੀ ਅਸਲ ਕਹਾਣੀ ਕੀ ਹੈ ? | ਜੋ ਦੱਸ ਦਿੱਤੀ ਹੈ। |
| ☐ ਮੁਕੱਦਮੇ ਦੇ ਮੁਲਜ਼ਮਾਂ ਦੇ ਬਰੀ ਹੋਣ ਦੇ ਕੀ ਕਾਰਨ ਸਮਝਦੇ-ਹੋ ? ਬਦਲਾ ਲੈਣ ਲਈ ਕੀ ਸੋਚਿਆ ? | ਬਰੀ ਹੋਣ ਬਾਰੇ ਅਦਾਲਤ ਹੀ ਦੱਸ ਸਕਦੀ ਹੈ। ਬਦਲਾ ਲੈਣ ਲਈ ਸਿੱਖ ਧਰਮ ਦਾ ਪ੍ਰਚਾਰ ਤੇਜ਼ ਕਰਨ ਦੀ ਸੋਚੀ ਹੈ। |
| ☐ ਇਹਨਾਂ ਘਟਨਾਵਾਂ ਵਿਚ ਅਖਬਾਰਾਂ ਦਾ ਕੀ ਰੋਲ (ਭੂਮਿਕਾ) ਸੀ ? | ਇਹ ਅਖਬਾਰ ਨਵੀਸ ਹੀ ਦੱਸ ਸਕਦੇ ਹਨ। |
| ☐ ਤੁਹਾਡੇ ਖਿਆਲ ਵਿਚ ਕਿਹੜੀ ਕਿਹੜੀ ਅਖਬਾਰ ਵਾਲੇ ਤੁਹਾਡੇ ਵਿਚਾਰਾਂ ਦੀ ਸਹੀ ਪੁਸ਼ਟੀ ਕਰਦੇ ਸੀ ? | ਇਹ ਅਖਬਾਰ ਵਾਲੇ ਹੀ ਜਾਣਦੇ ਹਨ। |
| ☐ ਜੋ ਪੁਸ਼ਟੀ ਨਹੀਂ ਸਨ ਕਰ-ਦੀਆਂ, ਉਨ੍ਹਾਂ ਸਬੰਧੀ ਤੁਹਾਡੀ ਟੀਕਾ ਟਿਪਣੀ ਕਿਸ ਤਰ੍ਹਾਂ ਦੀ ਸੀ ? | ਮੈਂ ਅਖਬਾਰ ਕਦੇ ਕਦੇ (ਪੰਜਾਬੀ ਦੀ) ਪੜ੍ਹਦਾ ਹਾਂ ਪਰ ਲਿਖਤੀ ਟਿਪਣੀ ਕਦੇ ਨਹੀਂ ਕੀਤੀ। ਮੈਂ ਸਿਰਫ ਪੰਜਾਬੀ ਹੀ ਪੜ੍ਹ ਸਕਦਾ ਹਾਂ। |



| | |
|---|---|
| ☐ ਉਹਨਾਂ ਅਖਬਾਰਾਂ ਨੂੰ ਬਿਆਨ-ਬਾਜ਼ੀ ਤੋਂ ਬੰਦ ਕਰਨ ਲਈ ਤੁਸੀਂ ਕੀ ਸਾਧਨ ਅਪਣਾਉਂਦੇ ਹੋ ? | ਇਹ ਅਖਬਾਰਾਂ ਵਾਲੇ ਹੀ ਦੱਸ ਸਕਦੇ ਹਨ। ਮੈਂ ਆਪਣੇ ਵਲੋਂ ਕੋਈ ਸਾਧਨ ਨਹੀਂ ਵਰਤਿਆ। |
| ☐ ਤੁਸੀਂ ਆਪਣੇ ਵਿਚਾਰ ਕਿਸ ਤਰ੍ਹਾਂ ਅਖਬਾਰਾਂ ਵਿਚ ਛਪਾ-ਉਂਦੇ ਸੀ ? | ਮੇਰੇ ਸਟੇਜ ਪਰ ਪ੍ਰਚਾਰ ਕਰਨ ਸਮੇਂ ਅਖਬਾਰਾਂ ਵਾਲੇ ਨੋਟ ਕਰ ਲੈਂਦੇ ਹੋਣਗੇ। |
| ☐ ਤੁਹਾਡੇ ਵਲੋਂ ਸਪਸ਼ਟੀਕਰਨ, ਪ੍ਰੈਸ ਬਿਆਨ ਕੌਣ ਜਾਰੀ ਕਰਦਾ ਹੈ ? | ਕੋਈ ਵੀ ਸਿੰਘ ਜੋ ਪੜ੍ਹਿਆ ਲਿਖਿਆ ਮੌਕੇ ਤੇ ਹੋਵੇ ਪ੍ਰੈਸ ਨੂੰ ਬਿਆਨ ਤੇ ਖਬਰ ਦੇ ਸਕਦਾ ਹੈ। |
| ☐ ਪੰਜਾਬ ਸਰਕਾਰ ਵਲੋਂ ਅਸਲੇ ਤੇ ਲਾਈ ਪਾਬੰਦੀ ਨੂੰ ਮੁੱਖ ਰੱਖ ਕੇ ਕਿਤਨੇ ਹਥਿਆਰ ਦਾਖਲ ਕਰਵਾਏ ? | ਮੇਰੇ ਪਾਸ ਕੋਈ ਅਸਲਾ ਨਹੀਂ। ਇਸ ਲਈ ਦਾਖਲ ਕਰਾਉਣ ਦਾ ਸੁਆਲ ਹੀ ਨਹੀਂ। |
| ☐ ਕਿਉਂ ਨਹੀਂ ਕਰਾਏ ? | ਕੋਈ ਅਸਲਾ ਹੀ ਨਹੀਂ । |
| ☐ ਇਸ ਵੇਲੇ ਜੱਥੇ ਦੇ ਕਿੰਨੇ ਮੈਂਬਰ ਕੇਸਾਂ ਵਿਚ ਸ਼ਾਮਲ ਹਨ ? | ਕੋਈ ਗਿਣਤੀ ਨਹੀਂ। |
| ☐ ਕਿਸ ਕਿਸ ਵਿਅਕਤੀ ਕੋਲ ਕੀ ਕੀ ਅਸਲਾ ਹੈ ? ਕਿੰਨੇ ਰੌਂਦ ਹਨ ? ਜੱਥੇ ਦੇ ਨਾਂ ਤੇ ਕਿਹੜੇ ਅਸਲੇ (ਹਥਿਆਰ) ਹਨ ? | ਮੈਨੂੰ ਕੋਈ ਪਤਾ ਨਹੀਂ। |
| ☐ ਅਸਲਾ ਖਰੀਦਣ ਲਈ ਰਕਮ ਕਿਥੋਂ ਆਈ ? | ਮੇਰੇ ਪਾਸ ਕੋਈ ਅਸਲਾ ਨਹੀਂ। ਇਸ ਲਈ ਰਕਮ ਹਾਸਲ ਕਰਨ ਦਾ ਸੁਆਲ ਹੀ ਨਹੀਂ। |

| | |
|---|---|
| □ ਤੁਹਾਡਾ ਭਾਈ ਜਗੀਰ ਸਿੰਘ ਤੇ ਉਸ ਦਾ ਪੁੱਤਰ ਸਵਰਨ ਸਿੰਘ ਕਿੱਥੇ ਰਹਿੰਦਾ ਹੈ। ਜਗੀਰ ਸਿੰਘ ਦੀ ਲਾਇਸੈਂਸੀ ਕਾਰਬ-ਈਨ ਕਿਥੇ ਹੈ ? | ਮੈਨੂੰ ਪਤਾ ਨਹੀਂ ਕਿ ਮੇਰਾ ਭਾਈ ਜਗੀਰ ਸਿੰਘ ਇਸ ਵੇਲੇ ਕਿੱਥੇ ਰਹਿੰਦਾ ਹੈ। ਸਵਰਨ ਸਿੰਘ ਅਤੇ ਕਾਰਬਾਈਨ ਬਾਰੇ ਵੀ ਉਸ ਨੂੰ ਹੀ ਪਤਾ ਹੋ ਸਕਦਾ ਹੈ: |
| □ ਵੀਰ ਸਿੰਘ ਦੀ ਲਾਇਸੈਂਸੀ ਕਰਬਾਈਨ ਕਿਥੇ ਹੈ ? ਭਾਈ ਅਮਰੀਕ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿਥੇ ਹੈ। | ਇਹ ਵੀ ਉਨ੍ਹਾਂ ਨੂੰ ਹੀ ਪਤਾ ਹੈ। |
| □ ਨਿਰੰਕਾਰੀ ਕੇਸ ਵਿਚ ਤੁਹਾਡੇ ਜੱਥੇ ਦੇ ਕਿਹੜੇ ਕਿਹੜੇ ਮੈਂਬਰਾਂ ਦੇ ਵਾਰੰਟ ਹਨ ? | ਵਾਰੰਟ ਜਾਰੀ ਕਰਨ ਵਾਲਿਆਂ ਨੂੰ ਹੀ ਪਤਾ ਹੋਵੇਗਾ। |
| □ ਨਾਮ ਵਾਰ ਉਹ ਕਿੱਥੇ ਕਿੱਥੇ ਰਹਿੰਦੇ ਹਨ ? | ਮੈਨੂੰ ਕੋਈ ਪਤਾ ਨਹੀਂ ਕਿੱਥੇ ਹਨ। ਦਲਬੀਰ ਬਾਰੇ ਦੇਖ ਕੇ ਹੀ ਦੱਸ ਸਕਦਾ ਹਾਂ। |
| □ ਤੁਸੀਂ ਉਨ੍ਹਾਂ ਨੂੰ ਪੇਸ਼ ਕਿਉਂ ਨਹੀਂ ਕਰਦੇ ? | ਮੇਰੇ ਕੋਲ ਹੋਣ ਤਾਂ ਮੈਂ ਪੇਸ਼ ਕਰਾਂ। |
| □ ਤੁਸੀਂ ਆਪਣੇ ਭਾਸ਼ਣਾਂ ਵਿਚ ਉਨ੍ਹਾਂ ਸਬੰਧੀ ਕੀ ਰਾਇ ਪ੍ਰਗਟ ਕਰਦੇ ਹੋ ? | ਮੇਰੀ ਕੋਈ ਰਾਇ ਨਹੀਂ ਹੈ। |
| □ ਮਿਤੀ 2·9·31 ਨੂੰ ਭਿੱਖੀਵਿੰਡ ਇਕੱਠ ਵਿਚ ਤੁਸੀਂ ਇਹ ਲਲਕਾਰ ਕੇ ਕਿਹਾ ਕਿ ਗੁਰਮੁਖ ਸਿੰਘ ਮੇਰੇ ਕੋਲ ਬੈਠਾ ਹੈ, ਗੌਰਮਿੰਟ ਹੱਥ ਲਾ ਕੇ ਦੇਖੇ ? | ਇਹ ਸਰਾਸਰ ਝੂਠ ਹੈ। |



| | |
|---|---|
| □ ਤੁਸੀਂ ਸੰਤ ਕਰਤਾਰ ਸਿੰਘ ਦੀ ਬਰਸੀ ਤੇ ਰਣਜੀਤ ਸਿੰਘ ਦੀ ਮਾਂ, ਭੈਣ, ਕਾਬਲ ਸਿੰਘ ਦੀ ਮਾਂ, ਬਾਪ ਅਤੇ ਭੈਣ ਨੂੰ ਸਿਰੋਪੇ ਦੇ ਕੇ ਸਨਮਾਨਿਆ। ਇਸ ਦਾ ਕੀ ਕਾਰਨ ਸੀ ? | ਮੈਂ ਅਖਬਾਰਾਂ ਰਾਹੀਂ ਪੜ੍ਹਿਆ ਸੀ ਕਿ ਰਣਜੀਤ ਸਿੰਘ ਅਤੇ ਕਾਬਲ ਸਿੰਘ ਦੇ ਪਰਿਵਾਰ ਨਾਲ ਸਰਕਾਰਾਂ ਬਤੌਰ ਸਿੱਖ ਦੇ ਧੱਕਾ ਕਰਦੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਸੀ। ਮੈਂ ਵੀ ਆਪਣਾ ਫਰਜ਼ ਸਮਝ ਕੇ ਉਹਨਾਂ ਦੇ ਪਰਿਵਾਰਾਂ ਦਾ ਸਿਖ ਹੋਣ ਦੇ ਨਾਤੇ ਸਨਮਾਨ ਕੀਤਾ ਸੀ। |
| □ ਤੁਸੀਂ ਭਾਸ਼ਣ ਦਿੱਤਾ ਕਿ ਜੇ ਹਾਲਾਤ ਨੇ ਇਜਾਜ਼ਤ ਦਿੱਤੀ ਤਾਂ ਸਮਾਂ ਆਉਣ ਤੇ ਇਹਨਾਂ ਨੂੰ ਸੋਨੇ ਚਾਂਦੀ ਨਾਲ ਤੋਲਾਂਗਾ, ਇਹ ਜਿਸ ਬਹਾਦਰੀ ਦੇ ਇਵਜ਼ ਵਿਚ ਸੀ ? | ਮੈਂ ਅਖਬਾਰਾਂ ਵਿਚ ਪੜ੍ਹਿਆ ਸੀ ਕਿ ਭਿੰਡਰਾਂ ਵਾਲੇ ਨੇ ਕਿਹਾ ਹੈ ਕਿ ਜੇ ਰਣਜੀਤ ਸਿੰਘ ਮੇਰੇ ਕੋਲ ਆ ਜਾਵੇ ਤਾਂ ਮੈਂ ਉਸ ਨੂੰ ਗੌਰਮਿੰਟ ਦੇ ਹਵਾਲੇ ਕਰ ਦੇਵਾਂਗਾ। ਉਸ ਖਬਰ ਦੇ ਸਬੰਧ ਵਿਚ ਉੱਤਰ ਦੇਂਦਿਆਂ ਹੋਇਆਂ ਮੈਂ ਕਿਹਾ ਸੀ ਕਿ ਜੇ ਮੇਰੇ ਪਾਸ ਰਣਜੀਤ ਸਿੰਘ ਆ ਗਿਆ ਤਾਂ ਸ਼ਹੀਦਾਂ ਦੇ ਸਬੰਧ ਨੂੰ ਮੁਖ ਰੱਖ ਕੇ ਉਸ ਨੂੰ ਸੋਨੇ ਨਾਲ ਤੋਲਾਂਗਾ। |
| □ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਦੇ ਕਤਲ ਬਾਰੇ ਕੀ ਪਤਾ ਹੈ ? | ਕੋਈ ਪਤਾ ਨਹੀਂ। |
| □ ਤੁਹਾਡੇ ਜੱਥੇ ਦੇ ਬੰਦਿਆਂ ਦਾ ਨਾਉਂ ਕਿਉਂ ਆਇਆ ? | 1978 ਦੇ ਸਾਕੇ ਦੇ ਹੋਣ ਕਾਰਨ। |
| □ ਜੇ ਤੁਸੀਂ ਸੱਚੇ ਹੋ ਤਾਂ ਉਹਨਾਂ ਬੰਦਿਆਂ ਨੂੰ ਪੇਸ਼ ਕਿਉਂ ਨਹੀਂ ਕਰਦੇ ? | ਮੇਰੇ ਕੋਲ ਹੋਣ ਤਾਂ ਪੇਸ਼ ਕਰਾਂ। |

| | |
|---|---|
| ☐ ਤੁਹਾਡੇ ਪਿੰਡ ਦੇ ਕਿੰਨੇ ਬੰਦੇ ਪੱਕੇ ਤੌਰ ਤੇ ਜੱਥੇ ਨਾਲ ਹਨ। ਪਰਸਾ ਸਿੰਘ ਬਾਰੇ ਕੀ ਜਾਣਦੇ ਹੋ ? | ਪੱਕੇ ਤੌਰ ਪਰ ਕੋਈ ਨਹੀਂ। ਸੰਗਤਾਂ ਦੇ ਰੂਪ ਵਿਚ ਕੋਈ ਆਵੇ ਕੋਈ ਜਾਵੇ। ਮੈਂ ਪਰਸਾ ਸਿੰਘ ਦੇ ਸਾਹਮਣੇ ਆਉਣ ਤੇ ਹੀ ਦੱਸ ਸਕਦਾ ਹਾਂ। |
| ☐ ਨਛੱਤਰ ਸਿੰਘ ਕਦੋਂ ਰਲਿਆ ਹੈ ? | ਮੇਰੇ ਨਾਲ ਕੋਈ ਨਹੀਂ ਰਲਿਆ। ਨਛੱਤਰ ਸਿੰਘ ਸਾਡੇ ਪਿੰਡ ਕਈ ਹਨ, ਸਾਹਮਣੇ ਆਉਣ ਤੇ ਹੀ ਦਸ ਸਕਦਾ ਹਾਂ। |
| ☐ ਨਛੱਤਰ ਸਿੰਘ ਦਾ ਪਿਛੋਕੜ ਕੀ ਹੈ ? | ਮੈਨੂੰ ਪਤਾ ਨਹੀਂ। |
| ☐ ਸਵਰਨ ਸਿੰਘ ਜੱਥੇ ਨਾਲ ਪੱਕਾ ਰਹਿੰਦਾ ਹੈ ? | ਪੱਕਾ ਨਹੀਂ ਰਹਿੰਦਾ। ਆਮ ਸੰਗਤਾਂ ਜਿਵੇਂ ਜੱਥੇ ਬਣਾ ਕੇ ਆਉਂਦੀਆਂ ਹਨ, ਆ ਜਾਂਦਾ ਹੈ। |
| ☐ ਸਵਰਨ ਸਿੰਘ ਅਜ ਕਲ ਕਿੱਥੇ ਹੈ ? | ਪਤਾ ਨਹੀਂ। |
| ☐ ਦਲਬੀਰ ਸਿੰਘ ਵਾਸੀ ਨਥਾਣਾ ਕਿੱਥੇ ਹੈ ? ਉਸ ਦੀ ਵੋਟ ਗੁਰ-ਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਨਾਉਂ ਦੀ ਹੈ ? | ਇਹ ਦਲਬੀਰ ਸਿੰਘ ਹੀ ਦੱਸ ਸਕਦਾ ਹੈ। ਮੈਨੂੰ ਪਤਾ ਨਹੀਂ ਕਿ ਗੁਰਦੁਆਰਾ ਚੋਣਾਂ ਵਿਚ ਦਲਬੀਰ ਸਿੰਘ ਦੀ ਵੋਟ ਗੁਰਦੁਆਰੇ ਦੇ ਨਾਉਂ ਤੇ ਬਣੀ ਹੈ ਕਿ ਨਹੀਂ। |
| ☐ ਉੱਜਲ ਸਿੰਘ, ਮਲਸੀਹਾਂ ਨਾਲ ਕੀ ਸਬੰਧ ਹੈ ? ਉਸ ਕੋਲ ਸਵਾਰੀ ਦੇ ਕੀ ਕੀ ਸਾਧਨ ਹਨ ? | ਜਿਸ ਤਰ੍ਹਾਂ ਆਮ ਸੰਗਤ ਨਾਲ ਹੈ। ਸਵਾਰੀ ਦੇ ਸਾਧਨਾਂ ਬਾਰੇ ਉਸ ਨੂੰ ਹੀ ਪਤਾ ਹੈ। |
| ☐ ਉੱਜਲ ਸਿੰਘ ਤੋਂ ਮੋਟਰ ਸਾਈਕਲ ਨਛੱਤਰ ਸਿੰਘ ਨੂੰ ਕਿਸ ਮੰਤਵ ਲਈ ਦੁਆਇਆ ? | ਮੈਂ ਕਦੀ ਮੋਟਰ ਸਾਈਕਲ ਉੱਜਲ ਸਿੰਘ ਤੋਂ ਨਛੱਤਰ ਸਿੰਘ ਨੂੰ ਨਹੀਂ ਦੁਆਇਆ ਅਤੇ ਨਾ ਹੀ ਕਿਸੇ ਹੋਰ ਨੂੰ। |




| | |
|---|---|
| ☐ ਉੱਜਲ ਸਿੰਘ ਹੋਰਾਂ ਨੇ ਅੰਮ੍ਰਿਤਸਰ ਘਟਨਾ ਉਪ੍ਰੰਤ ਸ਼ਹੀਦਾ ਦੇ ਵਾਰਸਾਂ ਨੂੰ ਕਿੰਨੀ ਮਾਲੀ ਸਹਾਇਤਾ ਦਿੱਤੀ। | ਇਹ ਉਹਨਾਂ ਨੂੰ ਹੀ ਪਤਾ ਹੈ। |
| ☐ ਪਿਛਲੇ ਤਿੰਨ ਚਾਰ ਮਹੀਨਿਆਂ ਤੋਂ ਜੱਥਾ ਕਿੱਥੇ ਕਿੱਥੇ ਰਿਹਾ ? | ਤਰੀਕ ਯਾਦ ਨਹੀਂ। ਜਿਥੇ ਕਿਥੇ ਸੰਗਤਾਂ ਨੇ ਸਦਿਆ ਹੈ। |
| ☐ ਉੱਥੇ ਕੌਣ ਕੌਣ ਸੇਵਾ ਕਰਦਾ ਰਿਹਾ ? | ਗੁਰੂ ਕੀ ਸੰਗਤ। |
| ☐ ਚੰਦੋ ਕਲਾਂ ਕਿਹੜੀ ਤਾਰੀਖ ਨੂੰ ਗਏ ? | ਤਾਰੀਖ ਯਾਦ ਨਹੀਂ, ਗਿਆ ਜ਼ਰੂਰ ਸੀ। |
| ☐ ਨਾਲ ਕੌਣ ਕੌਣ ਗਿਆ ? | ਸੰਗਤ ਜੱਥੇ ਦੇ ਰੂਪ ਵਿਚ ਗਈ ਸੀ। ਉਹਨਾਂ ਵਿਚ ਬਾਬਾ ਠਾਕਰ ਸਿੰਘ, ਸਾਧੂ ਸਿੰਘ, ਮਹਾਂ ਸਿੰਘ, ਪ੍ਰੇਮ ਸਿੰਘ, ਜਰਨੈਲ ਸਿੰਘ, ਸੁਰਜੀਤ ਸਿੰਘ ਆਦਿ ਕਾਫੀ ਸੰਗਤ ਗਈ ਸੀ। |
| ☐ ਕੀ ਕੀ ਗੱਡੀਆਂ ਤੇ ਕੀ ਕੀ ਅਸਲਾ ਸੀ ? | ਦੋ ਬੱਸਾਂ, ਇਕ ਟਰੱਕ ਸੀ। ਅਸਲੇ ਬਾਰੇ ਅਸਲੇ ਵਾਲੇ ਹੀ ਦੱਸ ਸਕਦੇ ਹਨ, ਮੇਰੇ ਪਾਸ ਧਾਰਮਿਕ ਪੋਥੀਆਂ ਸਨ। |
| ☐ ਲਾਲਾ ਜਗਤ ਨਾਰਾਇਣ ਦੇ ਕਤਲ ਦੀ ਖਬਰ ਕਦੋਂ ਮਿਲੀ ? | ਤਾਰੀਖ ਯਾਦ ਨਹੀਂ, ਸੰਗਤਾਂ ਨੇ ਦਸਿਆ ਸੀ। |
| ☐ ਫਾਇਰ ਕਿਸ ਖੁਸ਼ੀ ਵਿਚ ਕੀਤੇ ? | ਕੋਈ ਫਾਇਰ ਨਹੀਂ ਕੀਤਾ। |
| ☐ ਸਵਰਨ ਸਿੰਘ ਤੇ ਦਲਬੀਰ ਸਿੰਘ ਕਦੋਂ ਪੁੱਜੇ ? | ਮੇਰੇ ਪਾਸ ਕੋਈ ਨਹੀਂ ਪੁਜਿਆ। |
| ☐ ਕੀ ਕੀ ਗੱਲ ਹੋਈ ? | ਜਦੋਂ ਪੁੱਜੇ ਹੀ ਨਹੀਂ ਤਾਂ ਗੱਲ ਕੀ ਹੋਣੀ ਸੀ। |
| ☐ ਅਗਲੀ ਰਾਤ ਤੁਹਾਡੇ ਬੰਦੇ ਟਰੱਕ ਤੇ ਪੰਜਾਬ ਨੂੰ ਕਿਉਂ ਗਏ ? | ਮੈਂ ਆਪ ਗੁਰਦੁਆਰਾ ਮਹਿਤਾ ਸਾਹਿਬ ਆਇਆ ਸਾਂ। ਮੇਰਾ ਗੁਰੂ ਅਸਥਾਨ ਹੈ। |

| | |
|---|---|
| ☐ ਕੁਲਵੰਤ ਸਿੰਘ ਤੇ ਰਾਮ ਸਿੰਘ ਦੇ ਅਸਲੇ ਧਨੌਲਾ ਪੁਲਿਸ ਨੇ ਫੜੇ ? | ਉਹਨਾਂ ਨੂੰ ਪਤਾ ਹੋਵੇਗਾ । ਇਹ ਦੋਵੇਂ ਥਾਣੇ ਵਿਚੋਂ ਧਨੌਲੇ ਹੋ ਕੇ ਗਏ ਸੀ, ਮੈਨੂੰ ਪਤਾ ਦੱਸਣ ਅਤੇ ਮੈਂ ਟਰੱਕ ਵਿਚ ਗਿਆ ਸੀ, ਥਾਣੇ ਵਿਚ ਮੈਂ ਨਹੀਂ ਗਿਆ । ਸਿੰਘ ਜਾ ਕੇ ਅਸਲਾ ਲੈ ਆਏ ਸਨ । |
| ☐ ਤੁਹਾਨੂੰ ਕਿਸ ਤਰ੍ਹਾਂ ਇਤਲਾਹ ਮਿਲੀ ? | ਮੈਨੂੰ ਭਾਈ ਦਾਰਾ ਸਿੰਘ ਨੇ ਦਸਿਆ ਸੀ । ਉਸਦੇ ਪਿੰਡ ਦਾ ਪਤਾ ਨਹੀਂ । ਚੰਦੋ ਕਲਾਂ ਵਿਚ ਇਤਲਾਹ ਮਿਲੀ ਸੀ। |
| ☐ ਕਦੋਂ ਛੁਡਾ ਕੇ ਲਿਆਏ ? | ਤਾਰੀਖ ਯਾਦ ਨਹੀਂ । |
| ☐ ਅਗਲੀ ਰਾਤ ਨੂੰ ਫਿਰ ਪੰਜਾਬ ਆਏ ਮਹਿਤੇ ਗਏ, ਉੱਜਲ ਸਿੰਘ ਦੇ ਘਰ ਰੋਟੀ ਖਾਧੀ ? | ਉਸ ਰਾਤ ਮਹਿਤੇ ਆਇਆ ਅਤੇ ਵਾਪਸੀ ਸਮੇਂ ਉਜਲ ਸਿੰਘ ਦੇ ਘਰ ਮਲਸੀਹਾਂ ਰੋਟੀ ਖਾਧੀ ਸੀ । |
| ☐ ਵਾਰੰਟ ਦੀ ਖਬਰ ਕਦੋਂ ਮਿਲੀ ? | ਮੈਨੂੰ 16-9-81 ਨੂੰ ਵਾਰੰਟ ਦਿਖਾਣ ਤੇ ਖਬਰ ਮਿਲੀ ਸੀ । |
| ☐ ਅੰਮ੍ਰਿਤਸਰ ਕਿਉਂ ਗਏ ? | ਇਸ਼ਨਾਨ ਕਰਨ ਗਿਆ ਸੀ । |
| ☐ ਮਹਿਤਾ ਕਿਹੜੇ ਰਾਹ ਪੁੱਜੇ ? | ਜਿਸ ਰਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲੈ ਆਏ । |
| ☐ ਆਤਮ-ਸਮਰਪਨ ਵਿਚ ਦੇਰੀ ਕਿਉਂ ਲਾਈ ? | ਡੇਰੇ ਦਾ ਸਾਰਾ ਪ੍ਰਬੰਧ, ਆਈ ਸੰਗਤ ਦੀ ਦੇਖ ਭਾਲ ਦੀ ਜ਼ਿੰਮੇਂਵਾਰੀ ਸੌਂਪਣੀ ਸੀ । ਭਾਈ ਥਾਹਰਾ ਸਿੰਘ ਨੂੰ ਜ਼ਿਮੇਵਾਰੀ ਸੰਭਾਲ ਕੇ ਪੇਸ਼ ਹੋ ਗਿਆ ਹਾਂ । |
| ☐ ਕਿਸ ਕਿਸ ਲੀਡਰ ਨਾਲ ਕੀ ਕੀ ਸਲਾਹ ਹੋਈ ? | ਇਸ ਬਾਰੇ ਕੁਝ ਨਹੀਂ ਦੱਸਣਾ । ਇਹ ਮੇਰਾ ਨਿੱਜੀ ਮਾਮਲਾ ਹੈ । |
| ☐ ਇਸ ਵੇਲੇ ਗੁਰਦੁਆਰੇ ਵਿਚ ਕੌਣ ਕੌਣ ਵਿਅਕਤੀ ਹੈ ? | ਗੁਰਦੁਆਰਾ ਸਾਹਿਬ ਵਿਚ ਕੋਈ ਭਗੌੜਾ ਨਹੀਂ, ਜੇ ਹੈ ਤਾਂ ਪੁਲਸ ਫੜ ਲਵੇ । |



| | |
|---|---|
| ☐ ਉਹਨਾਂ ਕੋਲ ਕੀ ਕੀ ਅਸਲੇ ਹਨ ? | ਜਦੋਂ ਗੁਰਦੁਆਰੇ ਵਿਚ ਹੈ ਹੀ ਨਹੀਂ ਤਾਂ ਅਸਲੇ ਬਾਰੇ ਕੀ ਦੱਸ ਸਕਦਾ ਹਾਂ । |
| ☐ ਅਸਲੇ ਦੀ ਗਿਣਤੀ ਕਿਸ ਤਰ੍ਹਾਂ ਕਰਦੇ ਹੋ ? | ਅਸਲਾ ਜਿਸ ਸਿੰਘ ਦਾ ਹੁੰਦਾ ਹੈ, ਆਪਣੇ ਪਾਸ ਰਖਦਾ ਹੈ ਅਤੇ ਸੰਭਾਲ ਕਰਦਾ ਹੈ । |
| ☐ ਅਸਲਾ ਤਕਸੀਮ ਕਿਸ ਤਰ੍ਹਾਂ ਕਰਦੇ ਹੋ ? | ਜਦ ਆਪਣਾ ਹੈ ਹੀ ਨਹੀਂ ਤਾ ਤਕ-ਸੀਮ ਕਰਨ ਦਾ ਕੀ ਸੁਆਲ ? |
| ☐ ਤੁਹਾਡੀ ਗੈਰ ਹਾਜ਼ਰੀ ਵਿਚ ਅਸਲਾ ਇੰਚਾਰਜ ਕੌਣ ਹੁੰਦਾ ਹੈ ? | ਕੋਈ ਨਹੀਂ । |
| ☐ ਨਛੱਤਰ ਸਿੰਘ ਦੇ 12 ਬੋਰ ਪਸਤੌਲ ਅਤੇ 303 ਪਸਤੌਲ ਕਿੱਥੇ ਹਨ ? | ਨਛੱਤਰ ਸਿੰਘ ਨੂੰ ਪਤਾ ਹੋਵੇਗਾ । ਮੈਨੂੰ ਉਸ ਨੇ ਕਦੇ ਕੋਈ ਅਸਲਾ ਨਹੀਂ ਦਿੱਤਾ । |
| ☐ ਸਵਰਨ ਸਿੰਘ ਤੇ ਦਲਬੀਰ ਸਿੰਘ ਨੂੰ 32 ਬੋਰ ਰਿਵਾਲਵਰ ਤੇ 455 ਬੋਰ ਰਿਵਾਲਵਰ ਕਿਸ ਨੇ ਦਿੱਤੇ ? | ਇਹ ਉਨ੍ਹਾਂ ਨੂੰ ਹੀ ਪਤਾ ਹੋਵੇਗਾ, ਮੈਨੂੰ ਕੋਈ ਪਤਾ ਨਹੀਂ । |
| ☐ ਇਹ ਕਿਸ ਦੇ ਲਾਇਸੈਂਸੀ ਅਸਲੇ ਹਨ ? | ਮੈਨੂੰ ਕੋਈ ਪਤਾ ਨਹੀਂ । |
| ☐ ਅਸਲ ਵਿਚ ਲਾਲਾ ਜੀ ਦਾ ਕਤਲ ਤੁਸੀਂ ਆਪਣੇ ਬੰਦਿਆਂ ਕੋਲੋਂ ਕਰਵਾਇਆ ਹੈ ? | ਮੈਂ ਲਾਲਾ ਜਗਤ ਨਾਰਾਇਣ ਦਾ ਕਤਲ ਨਹੀਂ ਕਰਵਾਇਆ । |
| ☐ ਅਸਲ ਵਿਚ ਨਿਰੰਕਾਰੀ ਬਾਬੇ ਦਾ ਕਤਲ ਵੀ ਤੁਸੀਂ ਅਪਣਿਆਂ ਬੰਦਿਆਂ ਰਾਹੀਂ ਕਰਵਾਇਆ ਹੈ । ਇਹ ਗੱਲ ਠੀਕ ਹੈ ? | ਇਹ ਗੱਲ ਗਲਤ ਹੈ ਕਿ ਨਿਰੰਕਾਰੀ ਗੁਰਬਚਨ ਸਿੰਘ ਦਾ ਕਤਲ ਮੈਂ ਆਪਣੇ ਬੰਦਿਆਂ ਕੋਲੋਂ ਕਰਵਾਇਆ ਹੈ। |

———



ਦੇਹ ਸ਼ਿਵਾ ਵਰ ਮੋਹਿ ਇਹ—ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ।
ਮਰਜੀਵੜੇ ਸਿੱਖ ਯੁਵਕਾਂ 'ਚ ਧਰਮ ਹੇਤ ਆਪਾ ਵਾਰਨ ਦੇ ਚਾਓ ਦੀ ਇਕ ਝਲਕ ।
(ਫੋਟੋ —ਸਤਪਾਲ ਦਾਨਿਸ਼)

# ਕੀ ਸਿੱਖ ਯੁਵਕ ਅੱਤਵਾਦੀ ਹਨ ?

□ *ਭਾਈ ਅਮਰੀਕ ਸਿੰਘ*

**ਪ੍ਰਧਾਨ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ**

'ਅੱਤਵਾਦ ਤੇ ਅੱਤਵਾਦੀ' ਸ਼ਬਦ ਅੱਜ ਹਰੇਕ ਵਿਅਕਤੀ ਦੀ ਜ਼ਬਾਨ 'ਤੇ ਹਨ। ਭਾਵੇਂ ਇਹ ਸ਼ਬਦ ਬਹੁਤ ਸਮੇਂ ਤੋਂ ਲੈ ਕੇ ਵੱਖ ਵੱਖ ਜਥੇਬੰਦੀਆਂ ਦੇ ਨਾਮ ਨਾਲ ਜੁੜਦਾ ਰਿਹਾ ਹੈ ਪਰ 20 ਸਤੰਬਰ 1981 ਨੂੰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਗਰਿਫਤਾਰੀ ਤੋਂ ਪਿਛੋਂ ਵਿਸ਼ੇਸ਼ ਤੇ ਸਾਧਾਰਨ ਸਿੱਖਾਂ ਨਾਲ ਇਹ ਸ਼ਬਦ ਜੋੜ ਕੇ ਸਿੱਖ ਕੌਮ ਦੀ ਲੋਕਾਂ ਸਾਹਮਣੇ ਤਸਵੀਰ ਵਿਗਾੜਨ ਦਾ ਯਤਨ ਹਿੰਦੁਸਤਾਨ ਦੀ ਸਰਕਾਰ ਨੇ ਕੀਤਾ ਹੈ। ਪਹਿਲਾਂ ਸਿੱਖਾਂ ਵਿਚ ਫੁੱਟ ਪਾਉਣ ਵਾਲਾ ਗਰਮਦਲੀਏ ਤੇ ਨਰਮਦਲੀਏ ਦੋ ਗਰੁੱਪਾਂ ਦਾ ਪਰਚਾਰ ਕੀਤਾ ਜਾਂਦਾ ਸੀ ਤੇ ਹੁਣ ਮਾਡਰੇਟ ਤੇ ਅੱਤਵਾਦੀ, ਦੋ ਧੜਿਆਂ ਵਿਚ ਸਿੱਖਾਂ ਨੂੰ ਸਰਕਾਰੀ ਤੇ ਅਖ਼ਬਾਰੀ ਬੋਲੀ ਨੇ ਵੰਡਿਆ ਹੋਇਆ ਹੈ।


'ਅੱਤਵਾਦੀ' ਸ਼ਬਦ ਦੇ ਅਰਥਾਂ ਵਿਚ ਜਾਈਏ ਤਾਂ ਮੋਟੇ ਤੌਰ ਤੇ ਇਸ ਸਿੱਟੇ ਤੇ ਪੁਜਦੇ ਹਾਂ ਕਿ ਅੱਤਵਾਦੀ ਉਹ ਹੈ ਜੋ ਕਿਸੇ ਵੀ ਛੋਟੀ ਤੇ ਵੱਡੀ ਸਮੱਸਿਆ ਦਾ ਹੱਲ ਹਿੰਸਾ ਰਾਹੀਂ ਹੀ ਚਾਹੁੰਦਾ ਹੈ। 'ਅੱਤਵਾਦੀ' ਸ਼ਬਦ ਹਿੰਦੁਸਤਾਨ ਦੀ ਸਰਕਾਰ ਨੇ ਕਮਿਊਨਿਸਟ ਜਥੇਬੰਦੀਆਂ ਤੋਂ ਉਧਾਰਾ ਲੈ ਕੇ ਸਿੱਖਾਂ ਨਾਲ ਜੋੜਿਆ ਹੈ, ਤਾਂ ਕਿ ਸਿੱਖਾਂ ਦੀ ਰਵਾਇਤੀ ਤਸਵੀਰ ਨੂੰ ਦੁਨੀਆਂ ਦੇ ਲੋਕ ਹਿੰਸਾ ਦੀ ਐਨਕ ਨਾਲ ਦੇਖਣ। ਸਿੱਖ ਬਿਰਤੀ ਇਸ ਤਰ੍ਹਾਂ ਦੀ ਹਿੰਸਾਤਮਕ ਰੁਚੀ ਵਾਲੀ ਨਹੀਂ, ਜਿਵੇਂ ਸਰਕਾਰ ਤੇ ਉਸਦੀ ਅਫਸਰਸ਼ਾਹੀ ਇਸਨੂੰ ਅੱਤਵਾਦ ਦੇ ਨਾਮ ਹੇਠ ਪੇਸ਼ ਕਰ ਰਹੀ ਹੈ। ਸਿੱਖ ਕੇਵਲ ਹਿੰਸਾਤਮਕ ਸ਼ਕਤੀ ਦਾ ਪੁਜਾਰੀ ਨਹੀਂ ਸਗੋਂ ਮੀਰੀ ਪੀਰੀ ਦੇ ਸੰਕਲਪ ਤੇ ਭਗਤੀ ਸ਼ਕਤੀ ਦੀ ਸ਼ਮ੍ਹਾਂ ਦਾ ਮਤਵਾਲਾ ਹੈ। ਨਿਰੋਲ ਹਿੰਸਾ ਵਿਚ ਵਿਸ਼ਵਾਸ ਰੱਖਣ ਵਾਲੇ ਦਾ ਸੁਆਰਥ ਨਿੱਜੀ ਹੋ ਸਕਦਾ ਹੈ ਪਰ ਭਗਤੀ ਸ਼ਕਤੀ ਦੇ

ਪੁਜਾਰੀ ਸਿੱਖ ਕਦੇ ਨਿੱਜੀ ਸੁਆਰਥਾਂ ਲਈ ਆਪਣਾ ਸਭ ਕੁਝ ਦਾਅ ਤੇ ਨਹੀਂ ਲਾਉਂਦਾ । ਸਿੱਖ ਜ਼ੁਲਮ ਕਰ ਹੀ ਨਹੀਂ ਸਕਦਾ । ਉਹ ਤਾਂ ਮਜ਼ਲੂਮਾਂ ਲਈ ਇਕ ਢਾਲ ਹੈ ਤੇ ਜ਼ੁਲਮ ਜਬਰ ਦੇ ਖਿਲਾਫ ਉਹ ਢਾਲ ਬਣਨ ਲਈ ਹਿੰਸਕ ਪਰਵਿਰਤੀ ਤੋਂ ਨਹੀਂ ਸਗੋਂ ਪੰਥਕ ਜੁਝਾਰੂ ਸੋਚ ਤੋਂ ਪਰੇਰਨਾ ਲੈ ਕੇ ਵੱਡੇ ਤੋਂ ਵੱਡਾ ਖ਼ਤਰਾ ਵੀ ਮੁੱਲ ਲੈ ਲੈਂਦਾ ਹੈ ।

ਅੱਤਵਾਦੀ ਕੌਣ ਹਨ ? ਕਿਥੋਂ ਆਉਂਦੇ ਹਨ ? ਕਿਥੇ ਚਲੇ ਜਾਂਦੇ ਹਨ ? ਤੇ ਉਹ ਕਿਉਂ ਅਜਿਹਾ ਕਰਦੇ ਹਨ ? ਸਰਕਾਰ ਤੇ ਅਫਸਰਸ਼ਾਹੀ ਕੋਲ ਇਸ ਦਾ ਕੋਈ ਜੁਆਬ ਨਹੀਂ ਹੈ । ਪੰਜਾਬ ਵਿਚ ਜਾਂ ਇਸ ਤੋਂ ਬਾਹਰ ਕੋਈ ਵੀ ਘਟਨਾ ਵਾਪਰ ਜਾਵੇ ਤਾਂ ਉਹ ਬਿਨਾਂ ਸੋਚੇ ਸਮਝੇ ਹੀ ਅੱਤਵਾਦੀਆਂ ਦੇ ਖੁਲ੍ਹੇ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਤੇ ਫਿਰ ਬੇਰੀਅਰ ਦੇ ਸਿਰ ਜੀ. ਟੀ, ਰੋਡਾਂ ਉਪਰ ਝੁਕਾ ਦਿਤੇ ਜਾਂਦੇ ਹਨ । ਪੁਲਿਸ ਦੀਆਂ ਸ਼ਿਕਾਰੀ ਨਿਗਾਹਾਂ ਕਿਸੇ ਵੀ ਪਾਸੇ ਤੁਰੇ ਜਾਂਦੇ ਮੋਟਰ ਸਾਈਕਲ ਤੇ ਬੈਠੇ ਦਾਹੜੀ ਕੇਸਾਂ ਵਾਲੇ ਸਿੰਘਾਂ ਤੇ ਸ਼ੱਕ ਕਰਦੀਆਂ ਹਨ । ਕੁਚਲ ਦਿਆਂਗੇ, ਮਾਰ ਦਿਆਂਗੇ, ਮੁਆਫ ਨਹੀਂ ਕਰਾਂਗੇ, ਤਕੜੇ ਹੱਥੀਂ ਨਜਿੱਠਾਂਗੇ ਆਦਿ ਮੋਟੀਆਂ ਸੁਰਖੀਆਂ ਨਾਲ ਭਰੇ ਅਖ਼ਬਾਰ ਆਕੜ ਆਕੜ ਕੇ ਵਿਕਦੇ ਤੇ ਖ਼ਰੀਦੇ ਜਾਂਦੇ ਹਨ । ਕੁਝ ਘੰਟਿਆਂ ਪਿਛੋਂ ਕਿਸੇ ਅਜਿਹੇ ਅੰਮ੍ਰਿਤਧਾਰੀ ਨੌਜੁਆਨ ਦਾ ਨਿਵੇਕਲੀ ਥਾਂ ਤੇ ਝੂਠਾ ਪੁਲਿਸ ਮੁਕਾਬਲਾ ਵਿਖਾਇਆ ਜਾਂਦਾ ਹੈ । ਫਿਰ ਭਾਰਤ ਭਰ ਦਾ ਪ੍ਰੈਸ ਅੱਤਵਾਦ ਤੇ ਵੱਖਵਾਦ ਦੇ ਐਡੀਟੋਰੀਅਲ ਲਿਖਦਾ ਨਹੀਂ ਥੱਕਦਾ । ਜ਼ਾਲਮ ਸਰਕਾਰ ਸਿੱਖਾਂ ਨੂੰ ਤਰ੍ਹਾਂ ਤਰ੍ਹਾਂ ਦੇ ਡਰਾਮੇ ਵਿਖਾ ਕੇ ਭੁਲੇਖਿਆਂ ਵਿਚ ਹੀ ਪਾਈ ਰੱਖਣਾ ਚਾਹੁੰਦੀ ਹੈ ਜਿਸ ਕਰਕੇ ਅਜਿਹੀਆਂ ਘਟਨਾਵਾਂ ਘੜਦੀ ਹੈ ਜਿਸ ਨਾਲ ਇਹ ਸਿੱਧ ਹੋਵੇ ਕਿ ਕਸੂਰਵਾਰ ਸਿਰਫ ਸਿੱਖ ਹੀ ਹਨ ਸਰਕਾਰ ਤਾਂ ਬਿਲਕੁਲ ਨਿਰਦੋਸ਼ ਹੈ ਤੇ ਅਜਿਹਾ ਕੰਟਰੋਲ ਕਰਨਾ ਉਸ ਦਾ ਧਰਮ ਹੈ ।

ਸਿੱਖ ਅੱਤ ਅਤੇ ਜ਼ੁਲਮ ਦਾ ਵੈਰੀ ਹੈ । ਜਦੋਂ ਕੋਈ ਜਾਬਰ ਹਕੂਮਤ ਜ਼ੁਲਮ ਕਰਨੋਂ ਨਾ ਰੁਕੇ ਤਾਂ ਸਿੱਖ ਆਪਣਾ ਸਭ ਕੁਝ ਵਾਰ ਕੇ ਵੀ ਰਵਾਇਤੀ ਢੰਗਾਂ ਨਾਲ ਉਸ ਜ਼ੁਲਮ ਨੂੰ ਰੋਕਣ ਲਈ ਮੈਦਾਨ ਵਿਚ ਨਿੱਤਰਦਾ ਹੈ ਅਤੇ ਵੱਡੇ ਵੱਡੇ ਹਾਕਮਾਂ ਦੀ ਪ੍ਰਵਾਹ ਨਹੀਂ ਕਰਦਾ ।

ਜਿੱਥੋਂ ਤਕ ਸਿੱਖਾਂ ਦੇ ਅੱਤਵਾਦੀ ਹੋਣ ਦਾ ਸੁਆਲ ਹੈ, ਉਹ ਸਿੱਖ ਪ੍ਰੰਪਰਾ ਵਿਚੋਂ ਇਸ ਕਿਸਮ ਦਾ ਨਹੀਂ ਜਿਸ ਕਿਸਮ ਦਾ ਅੱਜ ਦੀ ਸਰਕਾਰ ਅਤੇ ਉਸ ਦੀ ਅਫਸਰਸ਼ਾਹੀ ਪ੍ਰਚਾਰ ਰਹੀ ਹੈ । ਸਤਿਗੁਰੂ ਗੁਰੂ ਨਾਨਕ ਸਾਹਿਬ ਨੇ ਬਾਬਰ ਦੀ ਜਾਤ



ਦ੍ਰਿੜ੍ਹੀ ਤੇ ਸਿਦਕਵਾਨ ਸ਼ਖਸੀਅਤ ਭਾਈ ਅਮਰੀਕ ਸਿੰਘ ਜੀ, ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ) ਜੋ ਆਪਣੇ ਪਿੰਡੇ ਉਤੇ ਸਾਮਰਾਜੀ ਜ਼ੁਲਮੋ-ਤਸ਼ੱਦਦ ਦੀਆਂ ਅਣਮਨੁੱਖੀ ਲਾਸਾਂ ਦੇ ਨਿਸ਼ਾਨ ਅੱਜ ਵੀ ਵਿਖਾ ਸਕਦੇ ਹਨ । ਬੀਤੇ ਦਿਨੀਂ ਆਪ ਨੂੰ ਅੰਮ੍ਰਿਤਸਰ ਦੀ ਮਾਣਯੋਗ ਅਦਾਲਤ ਨੇ ਬਰੀ ਕਰ ਕੇ ਹਕੂਮਤ ਦੀ ਸਿੱਖ ਸਰੂਪ ਵਿਰੋਧੀ ਨੀਤੀ ਨੂੰ ਸਾਬਤ ਕਰ ਕੇ ਰੱਖ ਦਿੱਤਾ ਹੈ ।

ਨਾਲ ਨਹੀਂ ਸਗੋਂ ਉਸ ਦੇ ਜ਼ੁਲਮਾਂ ਕਰਕੇ ਉਸ ਨੂੰ ਜਾਬਰ ਕਿਹਾ ਸੀ। ਮਸੂਮ-ਲੁਕਾਈ ਉਪਰ ਬਾਬਰ ਦੀ ਵਹਿਸ਼ੀ ਫੌਜ ਵਲੋਂ ਕੀਤੇ ਜ਼ੁਲਮਾਂ ਨੂੰ ਜ਼ੁਲਮ ਕਰਨ ਵਾਲੇ ਉਸ ਦੇ ਸਾਥੀਆਂ ਨੂੰ ਪਾਪ ਦੀ ਜੰਝ ਅਤੇ ਬਾਬਰ ਨੂੰ ਇਸ ਪਾਪ ਦੀ ਜੰਝ ਦਾ ਲਾੜਾ ਕਿਹਾ ਸੀ। ਦਸ ਗੁਰੂ ਸਾਹਿਬਾਨਾਂ ਨੇ ਆਪਣੇ ਸਰਗੁਣ ਜੀਵਨ ਕਾਲ ਦੇ ਸਮੇਂ ਵਿਚ ਨਿਮਾਣਿਆਂ, ਨਿਤਾਣਿਆਂ, ਲਿਤਾੜਿਆਂ ਦੀ ਰੱਖਿਆ ਲਈ ਕੰਮ ਕੀਤੇ, ਕਿਸੇ ਨਾਲ ਕੋਈ ਪੁਰਾਣਾ ਵੈਰ ਨਹੀਂ ਕੱਢਿਆ ਪਰ ਹੱਕ ਜ਼ਰੂਰ ਲਿਆ ਹੈ। ਚੰਦੂ ਦੇ ਨੱਕ ਵਿਚ ਨਕੇਲ ਪਾਉਣੀ, ਜਾਤੀ ਵੈਰ ਦੀ ਮਿਸਾਲ ਨਹੀਂ, ਸਗੋਂ ਉਸਦੇ ਕੀਤੇ ਕੁਕਰਮਾਂ ਦਾ ਫਲ ਭੁਗਤਾਉਣਾ ਸੀ। ਜੇ ਸਤਿਗੁਰੂ ਜੀ ਦੀ ਕਿਸੇ ਵਿਅਕਤੀ ਨਾਲ ਵਿਸ਼ੇਸ਼ ਤੌਰ ਤੇ ਦੁਸ਼ਮਣੀ ਹੁੰਦੀ ਤਾਂ ਛੇਵੇਂ ਪਾਤਸ਼ਾਹ ਮਹਾਰਾਜ ਅਕ੍ਰਿਤਘਣ ਪੈਂਦੇ ਖਾਨ ਤੇ ਮੈਦਾਨਿ-ਜੰਗ ਵਿਚ ਕਦੇ ਢਾਲੇ ਦੀ ਹੱਥੀਂ ਛਾਂ ਨਾ ਕਰਦੇ।

ਅੱਜ ਦੇ ਸਮੇਂ, ਜਿਥੇ ਇਹ ਸਵਾਲ ਹੈ ਕਿ ਸਿੱਖ ਅੱਤਵਾਦੀ ਹੈ ਕਿ ਨਹੀਂ ਉਥੇ ਇਹ ਸਪਸ਼ਟ ਕਰਨ ਦੀ ਲੋੜ ਹੈ ਕਿ ਸਿੱਖ ਦਾ ਨਿਸ਼ਾਨਾ ਕੀ ਹੈ? ਅਤੇ ਨਿਸ਼ਾਨਾ ਨਿਜੀ ਹੈ ਤਾਂ ਉਹ ਸਿੱਖ ਸੁਆਰਥੀ ਹੈ ਤੇ ਉਹ ਕੋਈ ਵੀ ਵੱਡੇ ਤੋਂ ਵੱਡਾ ਉੱਦਮ ਕਰੇ ਉਸ ਵਿਚੋਂ ਸੁਆਰਥ ਦੀ ਝਲਕ ਪ੍ਰਤੱਖ ਦਿਸੇਗੀ। ਪਰ ਜੇ ਕਿਸੇ ਉਚੇ ਕੋਮੀ-ਧਰਮੀ ਮੰਤਵ ਨੂੰ ਲੈ ਕੇ ਆਪਣਾ ਜੀਵਨ ਦਾਅ ਤੇ ਲਾਉਣਾ ਹੈ ਤਾਂ ਉਸ ਨੂੰ ਅੱਤਵਾਦੀ ਨਹੀਂ ਬਲਕਿ ਧਰਮੀ ਅਤੇ ਫਰਜ਼-ਸ਼ਨਾਂਸ ਪੁਰਸ਼ ਕਹਿਣਾ ਚਾਹੀਦਾ ਹੈ। 18ਵੀਂ ਸਦੀ ਦੇ ਸਿੱਖਾਂ ਦੀ ਗੁਰੀਲਾ (ਛਾਪਾ ਮਾਰ) ਕਿਸਮ ਦੀ ਲੜਾਈ ਭਾਵੇਂ ਸਮਕਾਲੀ ਸਰਕਾਰ ਦੀਆਂ ਨਜ਼ਰਾਂ ਵਿਚ ਬਾਗੀਆਨਾ ਰੁਚੀਆਂ ਦਾ ਅੱਤਵਾਦੀ ਪ੍ਰਗਟਾਵਾ ਸੀ ਪਰ, ਮੁਗਲੀਆ ਹਕੂਮਤ ਨੂੰ ਜ਼ੁਲਮ ਕਰਨੋਂ ਹਟਾਉਣ ਲਈ ਇਹੋ ਢੰਗ ਹੀ ਕਾਰਗਰ ਸੀ। ਅਸਲ ਵਿਚ ਉਹ ਕੌਮ ਤੇ ਧਰਮ ਦੀ ਸਹੀ ਸੇਵਾ ਸੀ ਤੇ ਇਸੇ ਕਰਕੇ ਅੱਜ ਅਸੀਂ ਉਨ੍ਹਾਂ ਜੁਝਾਰੂ ਸਿੰਘਾਂ ਨੂੰ ਬੜੇ ਸਤਿਕਾਰ ਭਰੇ ਸ਼ਬਦਾਂ ਨਾਲ ਯਾਦ ਕਰਦੇ ਹਾਂ ਅਤੇ ਉਨ੍ਹਾਂ ਦੇ ਕੀਤੇ ਕਾਰਨਾਮਿਆਂ ਦਾ ਸੁਨਹਿਰੀ ਅੱਖਰਾਂ ਵਿਚ ਜ਼ਿਕਰ ਕਰਨਾ ਫ਼ਖਰ ਦੀ ਗੱਲ ਸਮਝਦੇ ਹਾਂ।

ਅਠਾਰਵੀਂ ਸਦੀ ਦੇ ਸਿੰਘਾਂ ਵਲੋਂ ਸਰਹੰਦ ਦੇ ਸੂਬੇਦਾਰ ਵਜੀਦੇ ਨੂੰ ਹਾਥੀ ਮਗਰ ਧੂਹ ਕੇ ਮਾਰਨਾ, ਲੱਖੂ ਨੂੰ ਉਨ੍ਹਾਂ ਦੇ ਕੀਤੇ ਧੋਖੇ ਵਾਲੇ ਕਰਮਾਂ ਦਾ ਫਲ ਭੁਗਤਾਉਣਾਂ, ਸੁੱਚਾ ਨੰਦ ਦੀਆਂ ਝੂਠੀਆਂ ਤੁਹਮਤਾਂ ਕਾਰਨ ਉਸ ਨੂੰ ਸਜ਼ਾ ਦੇਣੀ ਆਦਿਕ ਮਿਸਾਲਾਂ, ਸਿੰਘਾਂ ਦੀ ਹੱਕ ਤੇ ਸੱਚ ਦੀ ਲੜਾਈ ਦੇ ਪ੍ਰਤੀਕ ਹਨ। ਅਣਖ ਵਾਲੀਆਂ ਕੋਮਾਂ ਕਦੀ ਕਿਸੇ ਦੀ ਦੁਬੇਲ ਬਣਕੇ ਨਹੀਂ ਜਿਉਂਦੀਆਂ। ਜਿੰਨਾ ਚਿਰ



ਕਿਸੇ ਜ਼ਾਲਮ ਹਾਕਮ ਨੂੰ ਉਸ ਦੇ ਕੀਤੇ ਕੁਕਰਮਾਂ ਦਾ ਫਲ ਭੁਗਤਾਉਣ ਦੀ ਲੀਹ ਨਾ ਪਾਈ ਜਾਏ, ਉੱਨਾ ਚਿਰ ਉਹ ਰਾਜ ਮਦ ਦੇ ਨਸ਼ੇ ਵਿਚ ਚੂਰ ਹੋਣ ਕਰਕੇ ਕਦੇ ਵੀ ਜ਼ੁਲਮਾਂ ਤੋਂ ਬਾਜ ਨਹੀਂ ਆ ਸਕਦਾ। ਇਸੇ ਲਈ ਜੋ ਵੀ ਕੁਰਬਾਨੀਆਂ ਸਿੱਖ ਗੁਰੂ ਸਾਹਿਬਾਂ ਨੇ ਕੀਤੀਆਂ ਤੇ ਜੋ ਤੇਗਾਂ ਸਿੰਘਾਂ ਨੇ ਮਾਰੀਆਂ ਉਸੇ ਸਦਕਾ ਅੱਜ ਹਿੰਦੁਸਤਾਨ ਦੀ ਬਹੁ-ਗਿਣਤੀ ਰਾਜ-ਭਾਗ ਦੀ ਮਾਲਕ ਬਣੀ ਬੈਠੀ ਹੈ। ਉਸ ਵੇਲੇ ਹਿੰਦੁਸਤਾਨ ਦੀ ਬਹੁਗਿਣਤੀ ਮਜ਼ਲੂਮ ਸੀ ਤਾਂ ਗੁਰੂ ਸਾਹਿਬਾਨ ਅਤੇ ਸਿੰਘਾਂ ਨੇ ਇਨ੍ਹਾਂ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਪਰ ਅੱਜ ਸਥਿਤੀ ਉਲਟ ਹੈ। 17ਵੀਂ ਸਦੀ ਦੀ ਇਨ੍ਹਾਂ ਮਜ਼ਲੂਮਾਂ ਦੀ ਰੱਖਿਆ ਕਰਨ ਵਾਲੇ ਗੁਰੂ ਸਾਹਿਬਾਨ ਦੀ ਸੰਤਾਨ ਅੱਜ ਧਾਰਮਿਕ, ਰਾਜਨੀਤਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਤੌਰ ਤੇ ਇਨ੍ਹਾਂ ਦੀ ਗੁਲਾਮ ਹੈ। ਅੱਜ ਟਕਰਾਅ ਹਿੰਦੂ ਸਿੱਖ ਦਾ ਨਹੀਂ ਸਗੋਂ ਜ਼ਾਲਮ ਅਤੇ ਮਜ਼ਲੂਮ ਦਾ ਹੈ। ਇਸ ਨਿੱਤ ਦੇ ਵਧ ਰਹੇ ਜ਼ੁਲਮਾਂ ਨੂੰ ਰੋਕਣ ਲਈ ਸਿੱਖ ਯਤਨਸ਼ੀਲ ਹੈ। ਸਿੱਖ ਕਦੀ ਕਿਸੇ ਦੁਨਿਆਵੀ ਸ਼ਕਤੀ ਦੇ ਰਹਿਮ ਤੇ ਨਹੀਂ ਜਿਊਂਦਾ, ਕਿਉਂਕਿ ਇਹ ਅਕਾਲ-ਪੁਰਖ ਦੀ ਫੌਜ ਹੈ। ਜਬਰ ਜਾਂ ਸਰਕਾਰ ਦੇ ਰਹਿਮ ਤੇ ਜੀਊਣ ਵਾਲੀਆਂ ਕੌਮਾਂ ਜ਼ਿਆਦਾ ਚਿਰ ਨਹੀਂ ਜਿਉਂ ਸਕਦੀਆਂ।

ਅੱਜ ਦੀ ਦਿੱਲੀ ਸਰਕਾਰ ਸਿੱਖਾਂ ਨੂੰ ਆਪਣੇ ਰਹਿਮ ਤੇ ਜੀਊਣ ਲਈ ਮਜਬੂਰ ਕਰ ਰਹੀ ਹੈ। ਸੰਸਾਰ ਦੇ ਲੋਕਾਂ ਨੂੰ ਭੁਲੇਖਾ ਪਾਉਣ ਲਈ ਦਿੱਲੀ ਸਰਕਾਰ ਨੇ ਆਪਣੇ ਤਾਬੇਦਾਰ ਸਿੰਘ ਨਾਮ ਅਤੇ ਸ਼ਕਲ ਵਾਲੇ ਕੁਝ ਸਿੱਖ ਜਮੂਰਿਆਂ ਨੂੰ ਕੁਝ ਸਰਕਾਰੀ ਪਦਵੀਆਂ ਤੇ ਬਿਠਾਇਆ ਹੋਇਆ ਹੈ, ਜਿਹੜੇ ਕੇਵਲ ਸਰਕਾਰ ਦੇ ਜ਼ੁਲਮਾਂ ਦੇ ਨਾਟਕ ਤੇ ਪਰਦਾ ਖਿੱਚਣ ਵਾਲੇ ਹਨ। ਰਾਸ਼ਟਰਪਤੀ ਦੇ ਉੱਚੇ ਅਹੁਦੇ ਤੇ ਹੋ ਕੇ ਵੀ ਗਿਆਨੀ ਜ਼ੈਲ ਸਿੰਘ ਸਰਕਾਰੀ ਬੋਲੀ ਵਿਚ ਸਿੱਖਾਂ ਨੂੰ ਵੀ ਹਿੰਦੂਆਂ ਦਾ ਹੀ ਇਕ ਅਗ ਦੱਸਦਾ ਹੈ। ਸਰਕਾਰੀ ਤਾਬੇਦਾਰੀ ਕਰਦਿਆਂ ਉਮਰ ਬਤੀਤ ਹੋਣ ਕਾਰਨ ਸਭ ਤੋਂ ਉੱਚੇ ਅਹੁਦੇ ਤੇ ਬੈਠ ਕੇ ਵੀ ਉਸ ਦੀ ਜਹਿਨੀਅਤ 'ਵਿਚੋਂ' ਸਰਕਾਰੀ ਤਾਬੇਦਾਰੀ ਤੇ ਗੁਲਾਮੀ ਦਾ ਪ੍ਰਭਾਵ ਨਹੀਂ ਗਿਆ। ਉੱਚ 'ਅਹੁਦੇ ਤੇ ਹੋ ਵੀ ਉਹ ਬਿਆਨ ਦੇ ਰਿਹਾ ਹੈ ਜਿਸ ਨਾਲ ਬਹੁਗਿਣਤੀ ਪ੍ਰਸੰਨ ਹੋਵੇ। ਭਲਾ ਕੋਈ ਪੁਛੇ ਕਿ ਗੁਰੂ ਸਾਹਿਬਾਨ ਵਲੋਂ ਸਾਜੀ ਖਾਲਸਾ ਕੌਮ ਬਾਰੇ ਤੇਰੇ ਸਰਟੀਫ਼ੀਕੇਟ ਦੀ ਕੀ ਲੋੜ ਹੈ?

15 ਅਗਸਤ 1947 ਦਾ ਦਿਨ ਹਿੰਦੁਸਤਾਨ ਦੀ ਬਹੁਗਿਣਤੀ ਦੀ ਅਜ਼ਾਦੀ ਅਤੇ ਸਿਖਾਂ ਦੀ ਗੁਲਾਮੀ ਦਾ ਦਿਨ ਸੀ। ਸਿੱਖ ਭੁਲੇਖੇ ਦਾ ਸ਼ਿਕਾਰ ਹੋਇਆ। ਪਾਕਿਸਤਾਨ ਦੇ ਬਾਨੀ, ਮਿਸਟਰ ਜਿਨਾਹ ਦੇ ਸਿੱਖਾਂ ਨੂੰ ਕਹੇ ਹੋਏ ਇਹ ਸ਼ਬਦ ਕਿ—

"ਤੁਸਾਂ ਹਿੰਦੂ ਨੂੰ ਗੁਲਾਮ ਦੇ ਰੂਪ ਵਿਚ ਵੇਖਿਆ ਹੈ, ਜਦੋਂ ਹਾਕਮ ਦੇ ਰੂਪ ਵਿਚ
ਦੇਖੋਂਗੇ ਤਾਂ ਪਛਤਾਉਗੇ ।" ਅਗਰ ਚੇਤੇ ਰਖਦੇ ਤਾਂ ਆਪਣੀਆਂ ਆਉਣ
ਵਾਲੀਆਂ ਪੀੜ੍ਹੀਆਂ ਦੀ ਕਿਸਮਤ ਦਾ ਪਟਾ ਬਹੁਗਿਣਤੀ ਨੂੰ ਨਾ ਲਿਖ ਕੇ
ਦਿੰਦੇ। ਸਿੱਖਾਂ ਨਾਲ ਵਿਸਵਾਸ਼ਘਾਤ ਹੋਇਆ । ਰਾਜ ਭਾਗ ਤਾਂ ਕੀ ਉਸ ਦਾ
ਧਰਮ ਵੀ ਸੁਰੱਖਿਅਤ ਨਹੀਂ । ਅਸੀਂ ਗੁਰੂ ਸਾਹਿਬਾਨ ਦੇ ਉਹ ਸ਼ਬਦ ਵੀ
ਭੁਲ ਗਏ ਕਿ "ਰਾਜ ਬਿਨਾਂ ਨਾ ਧਰਮ ਚਲੈ ਹੈ। ਧਰਮ ਬਿਨਾਂ ਸਭ ਦਲੈ
ਮਲੈਂ ਹੈਂ ।" ਜਿਸ ਕਰਕੇ ਕੇਂਦਰੀ ਸਰਕਾਰ ਅੱਜ ਰਾਜ ਦੇ ਬਲਬੋਤੇ ਤੇ ਗੋਲੀਆਂ
ਨਾਲ ਸਾਡੀ ਹੋਂਦ ਨੂੰ ਖਤਮ ਕਰ ਰਹੀ ਹੈ। ਸਿੱਖੀ ਨੂੰ ਚੈਲਿੰਜ ਕਰਨ ਲਈ ਕਦੇ
ਦਿੱਲੀ ਤੋਂ ਨਿਰੰਕਾਰੀਆਂ ਨੂੰ ਰਾਜਸੀ ਅਸ਼ੀਰਵਾਦ ਦੇ ਕੇ ਪੰਜਾਬ ਤੋਰਿਆ ਜਾਂਦਾ ਹੈ,
ਅਤੇ ਕਦੇ ਰਾਧਾ ਸੁਆਮੀਆਂ ਨੂੰ ਸਰਕਾਰੀ ਸਹੂਲਤਾਂ ਦੇ ਕੇ ਵੱਡੇ ਵੱਡੇ ਹਸਪਤਾਲ
ਬਣਵਾ ਕੇ ਭੁੱਲੇ ਭਟਕੇ ਸਾਧਾਰਨ ਲੋਕਾਂ ਨੂੰ ਦੇਹਧਾਰੀ ਪਖੰਡਵਾਦ ਦੇ ਟੀਕੇ ਲਾਉਣ
ਲਈ ਉਤਸਾਹਤ ਕੀਤਾ ਜਾਂਦਾ ਹੈ। ਰੇਡੀਉ, ਟੈਲੀਵੀਜ਼ਨ, ਅਖਬਾਰਾਂ, ਫਿਲਮਾਂ,
ਸਟੇਜਾਂ ਤੇ ਵਿਦਿਆ, ਸਾਰਿਆਂ ਨੂੰ ਸਰਕਾਰੀ ਕੁੰਡੇ ਥਲੇ ਸਿੱਖੀ ਦੇ ਖਿਲਾਫ ਖੁਲ੍ਹ
ਖੇਡਣ ਦਾ ਹੁਕਮ ਮਿਲਿਆ ਹੋਇਆ ਹੈ। ਸਿੱਖ ਸਭ ਕੁਝ ਬਰਦਾਸ਼ਤ ਕਰ ਸਕਦਾ
ਹੈ, ਪਰ ਗੁਰੂ ਸਹਿਬਾਨ ਤੇ ਪਵਿੱਤਰ ਬਾਣੀ ਦੀ, ਗੁਰਧਾਮਾਂ ਤੇ ਸਿੱਖੀ ਰਵਾਇਤਾਂ ਦੀ
ਨਿੰਦਾ ਨਹੀਂ ਸਹਿ ਸਕਦਾ। ਸਿੱਖ ਆਪਣੇ ਵਿਰਸੇ ਦੇ ਸਤਿਕਾਰ ਬਦਲੇ ਆਪਣਾ
ਘਰ ਘਾਟ ਛੱਡ ਕੇ ਜੰਗਲਾਂ ਵਿਚ ਜਾ ਸਕਦਾ ਹੈ, ਪਰ ਗੁਰੂ ਦੀ ਨਿੰਦਾ ਕੰਨੀਂ
ਨਹੀਂ ਸੁਣ ਸਕਦਾ। ਸਰਕਾਰ ਦੀ ਮਨਸ਼ਾ ਹੈ ਕਿ ਸਿੱਖ ਸਭ ਕੁਝ ਸੁਣ ਕੇ ਵੀ
'ਸਭ ਅੱਛਾ' ਦਾ ਹੁੰਗਾਰਾ ਭਰਦੇ ਰਹਿਣ। ਕੇਂਦਰੀ ਸਰਕਾਰ ਨੂੰ ਇਹ ਵੀ ਗਿਲਾ ਹੈ
ਸਿੱਖ ਦਿੱਲੀ ਦਰਬਾਰ ਵਿਚ ਭਿਖਾਰੀ ਬਣਕੇ ਨਹੀਂ ਆਉਂਦਾ। ਇਹੋ ਕਾਰਨ ਹੈ ਕਿ
ਜਦੋਂ ਸ਼੍ਰੋਮਣੀ ਅਕਾਲੀ ਦਲ ਜਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ
ਵਰਗੇ ਦ੍ਰਿੜ੍ਹ ਇਰਾਦੇ ਦੇ ਆਗੂ ਹੱਕ ਦੀ ਪ੍ਰਾਪਤੀ ਲਈ ਅਵਾਜ਼ ਉਠਾਉਣ, ਤਾਂ
ਉਹਨਾਂ ਨੂੰ ਅੱਤਵਾਦੀ ਸਿੱਖ-ਨੇਤਾ ਕਿਹਾ ਜਾਂਦਾ ਹੈ। ਸ੍ਰ: ਤਲਵਿੰਦਰ ਸਿੰਘ, ਸ੍ਰ:
ਤਰਸੇਮ ਸਿੰਘ, ਸ੍ਰ: ਅਮਰਜੀਤ ਸਿੰਘ ਖੇਮ ਕਰਨ, ਸ੍ਰ: ਜਸਵੰਤ ਸਿੰਘ, ਸ੍ਰ: ਗਜਿੰਦਰ
ਸਿੰਘ, ਸ੍ਰ: ਵਧਾਵਾ ਸਿੰਘ, ਸ੍ਰ: ਗੁਰਨਾਮ ਸਿੰਘ ਬੂਰੇ, ਸ੍ਰ: ਲੱਖਾ ਸਿੰਘ ਨਾਗੋਕੇ,
ਸ੍ਰ: ਮੇਜਰ ਸਿੰਘ ਨਾਗੋਕੇ, ਸ੍ਰ: ਰਣਜੀਤ ਸਿੰਘ, ਸ੍ਰ: ਕਾਬਲ ਸਿੰਘ, ਸ੍ਰ: ਦਲਬੀਰ
ਸਿੰਘ, ਸ੍ਰ: ਗੁਰਮੁਖ ਸਿੰਘ ਬੂਰੇ, ਸ੍ਰ: ਠਾਕੁਰ ਸਿੰਘ ਆਦਿ ਸਿੰਘਾਂ ਦੇ ਸਿਰਾਂ ਦੇ ਮੁਲ
ਪਾਏ ਜਾਂਦੇ ਹਨ ਤੇ ਭਾਈ ਤੇ ਭਾਈ ਕੁਲਵੰਤ ਸਿੰਘ ਨਾਗੋਕੇ, ਭਾਈ ਅਮਰਜੀਤ ਸਿੰਘ
ਦਹੇੜੂ, ਭਾਈ ਗੁਰਮੀਤ ਸਿੰਘ, ਭਾਈ ਮੁਸੀਬਤ ਸਿੰਘ, ਭਾਈ ਕਸ਼ਮੀਰ ਸਿੰਘ, ਭਾਈ




ਭੋਲਾ ਸਿੰਘ, ਭਾਈ ਜਸਦੇਵ ਸਿੰਘ, ਭਾਈ ਸੁਖਦੇਵ ਸਿੰਘ ਆਦਿ ਨੌਜੁਆਨਾਂ ਦੀਆਂ ਜੁਆਨੀਆਂ ਗੋਲੀਆਂ ਦੇ ਲੇਖੇ ਲਗਦੀਆਂ ਹਨ।

ਚਲ ਰਿਹਾ ਮੌਜੂਦਾ ਪੰਥਕ ਸੰਘਰਸ਼ ਅਨੰਦਪੁਰ ਮਤੇ ਦੀ ਬਾਇਜ਼ਤ ਪ੍ਰਾਪਤੀ ਲਈ ਹੈ। ਪੰਥ ਦੀ ਜਵਾਨੀ ਨੇ ਫੈਸਲਾ ਕੀਤਾ ਹੈ ਕਿ ਇਸ ਵਾਰ ਦਿੱਲੀ ਦੇ ਤਾਜਦਾਰ ਭਾਵੇਂ ਅੰਮ੍ਰਿਤਸਰ ਆ ਜਾਣ, ਅਸੀਂ ਦਿੱਲੀ ਦੇ ਗੇੜੇ ਨਹੀਂ ਕੱਢਣੇ, ਤੇ ਇਹ ਵਾਰਤਾਲਾਪ ਵੀ ਸਿਰਫ ਕੌਫੀ ਜਾਂ ਜੂਸ ਦੀਆਂ ਘੁਟਾਂ ਰਾਹੀਂ ਹੀ ਅੰਦਰ ਨਹੀਂ ਲੰਘੇਗੀ ਸਗੋਂ ਗਿਣ ਗਿਣ ਕੇ ਹੱਕ ਲਏ ਜਾਣਗੇ, ਨੌਜੁਵਾਨ ਜੇਲ੍ਹੀਂ ਨਹੀਂ ਰੁਲਣ ਦਿੱਤੇ ਜਾਣਗੇ, ਗੋਲੀਆਂ ਖਾ ਕੇ ਜੁਆਨੀਆਂ ਚੁਪ ਨਹੀਂ ਹੋ ਸਕਣਗੀਆਂ। ਬਸ ਇਹੀ ਕਾਰਨ ਹੈ ਕਿ ਹਰ ਸਿੱਖ ਨੌਜੁਆਨ ਅੱਜ ਸਰਕਾਰ ਦੀ ਨਿਗਾਹ ਵਿਚ ਅੱਤਵਾਦੀ ਹੈ।

ਸਿੱਖ ਮਾਸੂਮਾਂ ਦਾ ਕਾਤਿਲ ਨਹੀਂ, ਬੇਗੁਨਾਹਾਂ ਦੀਆਂ ਜਾਨਾਂ ਦਾ ਵੈਰੀ ਨਹੀਂ। ਉਹ ਤਾਂ ਮਾਸੂਮਾਂ ਤੇ ਬੇਗੁਨਾਹਾਂ ਦਾ ਰਖਵਾਲਾ ਬਣ ਕੇ ਆਪਣਾ ਘਰ ਫੂਕ ਤਮਾਸ਼ਾ ਵੇਖਦਾ ਹੈ। ਪਰ ਜਦੋਂ ਬੇਗੁਨਾਹ ਤੇ ਮਾਸੂਮ ਗੁਰੂ ਨਿੰਦਕ ਬਣ ਜਾਵੇ, ਸਿੱਖਾਂ ਦਾ ਖੂਨ ਪੀਵੇ, ਤਾਂ ਉਸ ਦੀ ਮੱਤ ਟਿਕਾਣੇ ਲਿਆਉਣ ਲਈ ਹੱਥ ਪੈਰ ਜ਼ਰੂਰ ਹਿਲਾਉਂਦਾ ਹੈ। ਸਿੱਖ ਪਾਪ ਦਾ ਵਿਰੋਧੀ ਹੈ, ਪਾਪੀ ਨੂੰ ਸਿੱਧਾ ਰਾਹ ਦੱਸਦਾ ਹੈ। ਸਿੱਖ ਕਿਸੇ ਨੂੰ ਮਾਰਦਾ ਨਹੀਂ, ਸਮਝਾਉਂਦਾ ਜਾਂ ਸੋਧਦਾ ਜ਼ਰੂਰ ਹੈ। ਗੁਰੂ ਸਾਹਿਬਾਨ ਅਤੇ ਸਿੱਖਾਂ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਹਰਿਗੋਬਿੰਦ ਜੀ ਨੇ ਦੁਸ਼ਮਣ ਦੇ ਤਿੰਨ ਵਾਰ ਸਹਿ ਕੇ ਜਵਾਬੀ ਵਾਰ ਕੀਤਾ ਸੀ ਤੇ ਉਸ ਨੂੰ ਦੱਸਿਆ ਸੀ ਕਿ ਵਾਰ ਇੰਜ ਨਹੀਂ ਇਉਂ ਕਰੀਦਾ ਹੈ। ਜੇਕਰ ਵੈਰ ਭਾਵਨਾ ਹੁੰਦੀ ਤਾਂ ਦਸਮ ਪਾਤਸ਼ਾਹ ਜੀ ਮਹਾਰਾਜ ਭਾਈ ਘਨਈਆ ਜੀ ਨੂੰ ਕਦੇ ਵੀ ਆਪਣਿਆਂ ਤੇ ਬਿਗਾਨਿਆਂ ਦੀ ਇਕੋ ਜਹੀ ਸੇਵਾ ਪੁਰ ਸ਼ਾਬਾਸ਼ ਨਾ ਦੇਂਦੇ।

ਸਿੱਖ ਕਿਸੇ ਦਾ ਉਧਾਰ ਨਹੀਂ ਰੱਖਦਾ, ਕਰਜ਼ਾ ਵਿਆਜ ਸਮੇਤ ਮੋੜਦਾ ਹੈ। ਸਿੱਖ ਨੂੰ ਨਿਰਵੈਰਤਾ ਤੇ ਨਿਰਭੈਤਾ ਅਕਾਲ ਪੁਰਖ ਤੋਂ ਪ੍ਰਾਪਤ ਹੋਈ ਹੈ। ਸਿੱਖ ਸੱਚੇ ਮਾਰਗ ਨੂੰ ਕਦੇ ਨਹੀਂ ਛੱਡਦਾ। ਅੱਜ ਵੀ ਭਾਵੇਂ ਕਿੰਨਾ ਖੂਨ ਵਹਾਉਣਾ ਪਵੇ, ਵਿਰੋਧੀ ਪ੍ਰੈਸ ਜੋ ਮਰਜ਼ੀ ਕਹੇ, ਸਿੱਖ ਗਭਰੂ ਇਸ ਨੁਕਤੇ ਤੇ ਖਲੋਤੇ ਹਨ ਕਿ ਹੁਣ ਅੱਗੋਂ ਕੁੱਟ ਨਹੀਂ ਖਾਣੀ। ਇਸ ਲਈ ਖਾਲਸਾ ਜੀ ਤਿਆਰ ਬਰ ਤਿਆਰ ਹੋਈਏ, ਪੁਰਾਤਨ ਰਵਾਇਤਾਂ ਸੁਰਜੀਤ ਕਰੀਏ, ਮੰਨੂੰ ਦੀ ਦਾਤਰੀ ਜੋ ਹੁਣ ਕੇਂਦਰੀ ਤੇ ਪੰਜਾਬ ਸਰਕਾਰ ਨੇ ਫੜੀ ਹੋਈ ਹੈ—ਉਸ ਦੇ ਦੰਦੇ ਤੋੜੀਏ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਨੂੰ ਕਦੇ ਮੁਆਫ ਨਹੀਂ ਕਰਨਗੀਆਂ।

———



ਸੰਤ ਭਿੰਡਰਾਂ ਦੇ ਨਿਤ ਨੇਮੀ ਸਾਥੀ ਸਾਥੀ ਬਾਬਾ ਥਾਰਾ ਸਿੰਘ ਜੀ, ਜਿਨ੍ਹਾਂ ਨੂੰ ਪੁਲਿਸ ਨੇ ਬਿਨਾ ਕਿਸੇ ਦੋਸ਼ ਤੋਂ ਗ੍ਰਿਫਤਾਰ ਕਰਕੇ ਨਾ ਵਰਨਣ ਯੋਗ ਤਸੀਹੇ ਦਿੱਤੇ। ਅੰਤ ਆਪ ਨਿਰਦੋਸ਼ ਸਾਬਤ ਹੋਣ 'ਤੇ ਬਾਇਜ਼ਤ ਬਰੀ ਹੋਏ। (ਫੋਟੋ—ਸਤਪਾਲ ਦਾਨਿਸ਼)



# ਤੇਰਾਂ ਅਪਰੈਲ 1978 ਦਾ ਖ਼ੂਨੀ ਸਾਕਾ

## *ਦੰਭੀ ਨਿਰੰਕਾਰੀਆਂ ਦੇ ਬੁਚੱੜਪੁਣੇ ਦੀ ਲਹੂ ਲਿਖੀ ਕਹਾਣੀ*

ਭਾਰਤ ਦੇ ਵੱਖ-ਵੱਖ ਸੂਬਿਆਂ ਵਿਚੋਂ ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ ਦਾ ਸਾਲਾਨਾ ਸਮਾਗਮ ਅਤੇ ਭਾ: ਸਾ: ਭਾ: ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਉਣ ਲਈ ਇਕੱਤਰ ਹੋਏ ਅਖੰਡ ਕੀਰਤਨੀ ਜਥੇ ਵਲੋਂ, 13-4-78 ਵੈਸਾਖੀ ਵਾਲੇ ਦਿਨ ਅੰਮ੍ਰਿਤ ਵੇਲੇ ਤੋਂ ਅਖੰਡ ਕੀਰਤਨ ਜਾਰੀ ਸੀ ਅਤੇ ਬੜੇ ਰੰਗਾਂ ਵਿਚ ਅੰਮ੍ਰਿਤ ਬਾਣੀ ਦੀ ਵਰਖਾ ਹੋ ਰਹੀ। ਦਸ ਵਜੇ ਦੇ ਕਰੀਬ ਜੱਥਾ ਭਿੰਡਰਾਂ ਮਹਿਤਾ ਦੇ ਜਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਵਲੋਂ ਸਦ ਪੁਜੀ ਕਿ ਨਕਲੀ ਨਿਰੰਕਾਰੀ ਗੁਰਬਚਨ ਸਿਹੁੰ ਦੇ ਚੇਲੇ ਚਾਟੜਿਆਂ ਵਲੋਂ ਸ੍ਰੀ ਅੰਮ੍ਰਿਤਸਰ ਵਿਚ ਜਲੂਸ ਕੱਢਿਆ ਜਾ ਰਿਹਾ ਹੈ, ਜਿਸ ਵਿਚ ਸਤਿਗੁਰੂ ਵਿਰੁਧ ਕੁਬੋਲ ਬੋਲੇ ਜਾ ਰਹੇ ਹਨ ਅਤੇ ਗੁਰਸਿਖੀ ਦਾ ਅਪਮਾਨ ਕਰ ਕੇ ਮਖੌਲ ਉਡਾਇਆ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਖਾਲਸਾ ਪੰਥ ਨੂੰ ਚਿੜਾਇਆ ਜਾ ਰਿਹਾ ਹੈ।

ਸਮੂਹ ਸਿੱਖ ਸੰਗਤਾਂ ਭਲੀ ਪ੍ਰਕਾਰ ਜਾਣਦੀਆਂ ਹਨ ਕਿ ਨਕਲੀ ਨਿਰੰਕਾਰੀਆਂ ਵਲੋਂ ਪਿਛਲੇ ਕਈ ਸਾਲਾਂ ਤੋਂ ਅਜਿਹੀਆਂ ਭੜਕਾਊ ਸਰਗਰਮੀਆਂ ਜਾਰੀ ਹਨ। ਇਸ ਸ਼ਰਾਰਤੀ ਟੋਲੇ ਨੇ ਆਪਣੇ ਕੁਝ ਗਲੀਜ਼ ਵਿਅਕਤੀਆਂ ਨੂੰ ਮਾਤਾ ਤ੍ਰਿਪਤਾ, ਭਾਈ ਗੁਰਦਾਸ, ਬੇਬੇ ਨਾਨਕੀ, ਬਾਬਾ ਬੁੱਢਾ, ਭਾਂਈ ਲਾਲੋ, ਭਗਤ ਕਬੀਰ ਆਦਿ ਨਾਮ ਦਿੱਤੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਹ ਅਪਰਾਧੀ 'ਕਾਗਜ਼ਾਂ ਦਾ ਪਲੰਦਾ' ਆਖਣ ਦੀ ਹਮਾਕਤ ਕਰਦਾ ਹੈ। 'ਕਾਰ ਸੇਵਾ' ਨੂੰ 'ਬੇਕਾਰ ਸੇਵਾ' ਆਖਦਾ ਹੈ। ਇਹ ਨਕਲੀ ਨਿਰੰਕਾਰੀ ਆਗੂ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਖਸੀਅਤ ਨੂੰ ਛੁਟਿਆਰਨ ਲਈ ਫੜ ਮਾਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਬਣਾਏ ਸਨ, ਮੈਂ 'ਸਤ ਪਿਆਰੇ' ਬਣਾਵਾਂਗਾ।

ਭਿੰਡਰਾਂ ਦੇ ਜਥੇ ਵਲੋਂ ਸੁਨੇਹਾ ਪੁਜਾ ਕਿ ਇਸ ਜਲੂਸ ਨੂੰ ਰੋਕੇ ਜਾਣ ਦੀ ਲੋੜ

ਹੈ। ਇਹ ਮੰਦੀ ਸੋਅ ਕੰਨੋ ਕੰਨੀ ਸੁਣੀ ਗਈ, ਜੋ ਸਿੱਖ ਹਿਰਦਿਆਂ ਨੂੰ ਵਲੂੰਧਰ ਗਈ। ਬਹੁਤ ਸਾਰੇ ਗੁਰਸਿਖ ਪਿਆਰੇ ਕੁਝ ਮਿੰਟਾਂ ਵਿਚ ਹੀ ਸਤਿਗੁਰਾਂ ਨੂੰ ਸੀਸ ਨਿਵਾ ਕੇ ਉਠਦੇ ਗਏ ਅਤੇ ਸ੍ਰੀ ਗੁਰੂ ਰਾਮਦਾਸ ਨਿਵਾਸ ਵਿਖੇ ਭਿੰਡਰਾਂ ਵਾਲੇ ਗੁਰ-ਮੁਖਾਂ ਨਾਲ ਜਾ ਰਲੇ।

ਗੁਰੂ ਰਾਮਦਾਸ ਨਿਵਾਸ ਵਿਖੇ ਪੁਜਣ ਤੇ ਇਹ ਪਤਾ ਲੱਗਾ ਕਿ ਜਲੂਸ ਤਾਂ ਹੁਣ ਖਤਮ ਹੋ ਚੁਕਾ ਹੈ। ਸੋ ਉਨ੍ਹਾਂ ਗੁਰਮੁਖਾਂ ਨੇ ਫੈਸਲਾ ਕੀਤਾ ਕਿ ਪੁਰ-ਅਮਨ ਢੰਗ ਨਾਲ ਉਨ੍ਹਾਂ ਦੇ ਪੰਡਾਲ ਪਾਸ ਪੁਜ ਕੇ ਸਤਿਗੁਰਾਂ ਦੀ ਕੀਤੀ ਜਾ ਰਹੀ ਨਿੰਦਿਆ ਦੇ ਵਿਰੁੱਧ ਪ੍ਰੋਟੈਸਟ ਕੀਤਾ ਜਾਵੇ ਅਤੇ ਅਜਿਹੀ ਨਿੰਦਨੀਯ ਕਰਤੂਤ ਕਰਨ ਤੋਂ ਉਨ੍ਹਾਂ ਨੂੰ ਵਰਜਿਆ ਜਾਵੇ। ਪਤਾ ਲਗਾ ਹੈ ਕਿ ਅਖੰਡ ਕੀਰਤਨੀ ਜਥੇ ਅਤੇ ਭਿੰਡਰਾਂ ਵਾਲੇ ਜੱਥੇ ਦੇ ਕੁਝ ਸਿੰਘ ਕਿਲ੍ਹਾ ਗੋਬਿੰਦਗੜ੍ਹ ਲਾਗੇ ਰੀਗੋ ਬ੍ਰਿਜ ਪਾਸ ਪੁਜੇ, ਜਿਥੇ ਇਹਨਾਂ ਨੂੰ ਪੁਲਿਸ ਅਧਿਕਾਰੀਆਂ ਨੇ ਰੋਕ ਲਿਆ ਅਤੇ ਅਗੇ ਜਾਣ ਦਾ ਮੰਤਵ ਪੁਛਿਆ। ਸਿੰਘਾਂ ਨੇ ਦਸਿਆ ਕਿ ਅਜ ਦੇ ਜਲੂਸ ਵਿਚ ਅਤੇ ਹੁਣ ਕੀਤੇ ਜਾ ਰਹੇ ਜਲਸੇ ਵਿਚ, ਜਿਸ ਦੀ ਆਵਾਜ਼ ਸਪਸ਼ਟ ਸੁਣਾਈ ਦੇ ਰਹੀ ਹੈ, ਸਿੱਖ ਗੁਰੂ ਸਾਹਿਬਾਨ ਅਤੇ ਸਿਖ ਧਰਮ ਵਿਰੁੱਧ ਕੁਬੋਲ ਬੋਲੇ ਜਾ ਰਹੇ ਹਨ ਜੋ ਨਾ-ਕਾਬਲੇ ਬਰਦਾਸ਼ਤ ਹਨ। ਅਸੀਂ ਇਸ ਜਲਸੇ ਦੇ ਪ੍ਰਬੰਧਕਾਂ ਨੂੰ ਅਜਿਹਾ ਕਰਨ ਵਿਰੁੱਧ ਪ੍ਰੋਟੈਸਟ ਕਰਨ ਅਤੇ ਵਰਜਣ ਲਈ ਜਾ ਰਹੇ ਹਾਂ। ਇਸ ਉਤੇ ਪੁਲਿਸ ਅਧਿਕਾਰੀ ਨੇ ਕਿਹਾ ਕਿ ਤੁਹਾਡੀ ਇਹ ਮੰਗ ਮੈਂ ਖੁਦ ਜਾ ਦੇ ਪੂਰੀ ਕਰਵਾ ਦਿੰਦਾ ਹਾਂ, ਤੁਸੀਂ ਇਥੇ ਹੀ ਰੁਕੋ। ਪੁਲਿਸ ਅਧਿਕਾਰੀ ਜਲਸੇ ਦੇ ਪੰਡਾਲ ਵਲ ਚਲਾ ਗਿਆ ਅਤੇ ਸਿੰਘਾਂ ਦਾ ਜੱਥਾ ਉਸ ਦੇ ਵਾਪਸ ਮੁੜਨ ਤਕ ਅੱਧਾ ਕੁ ਘੰਟਾ ਉਥੇ ਹੀ ਰੁਕਿਆ ਰਿਹਾ। ਵਾਪਸ ਆਉਣ ਸਮੇਂ ਉਸ ਨਾਲ ਹੋਰ ਪੁਲਿਸ ਅਧਿਕਾਰੀ ਵੀ ਸਨ। ਜੋਸ਼ੀ ਡੀ. ਐਸ. ਪੀ. ਨੇ ਸਿੰਘਾਂ ਦੇ ਜਥੇ ਨੂੰ ਵਾਪਸ ਮੁੜ ਜਾਣ ਲਈ ਕਿਹਾ ਅਤੇ ਆਖਿਆ ਕਿ ਜਲਸਾ ਕਦੋਂ ਦਾ ਬੰਦ ਹੋ ਗਿਆ ਹੋਇਆ ਹੈ। ਪਰ ਉਸ ਵੇਲੇ ਬ-ਦਸਤੂਰ ਲਾਉਡ ਸਪੀਕਰ ਤੇ ਭੜਕਾਊ ਤਕਰੀਰਾਂ ਸੁਣੀਆਂ ਜਾ ਰਹੀਆਂ ਸਨ। ਏਨੇ ਨੂੰ ਨਿਰੰਕਾਰੀਆਂ ਦਾ ਪੰਜ ਛੇ ਹਜ਼ਾਰ ਦੀ ਗਿਣਤੀ ਵਿਚ ਬਾ-ਵਰਦੀ ਹਜੂਮ ਬੰਦੂਕਾਂ, ਪਸਤੌਲਾਂ, ਬਰਛਿਆਂ, ਭਾਲਿਆਂ, ਕਿਰਪਾਨਾਂ, ਤੀਰ ਕਮਾਨਾਂ, ਲਾਠੀਆਂ ਨਾਲ ਮਸੱਲਾ ਪੰਡਾਲ ਵਿਚੋਂ ਨਿਕਲ ਕੇ ਲਲਕਾਰੇ ਮਾਰਦਾ ਦੋ ਤਿੰਨ ਸੌ ਗਜ਼ ਸਿੰਘਾਂ ਦੇ ਵੱਲ ਵਧਿਆ ਤੇ ਅੱਖ ਦੇ ਫੋਰ ਵਿਚ ਵੱਟਿਆ, ਤੇਜ਼ਾਬ ਦੀਆਂ ਬੋਤਲਾਂ, ਹੱਥ ਬੰਬਾਂ ਅਤੇ ਗੋਲੀਆਂ ਤੇ ਤੀਰਾਂ ਦੀ ਬੁਛਾੜ ਕਰ ਦਿਤੀ ਅਤੇ ਗੋਲੀਆਂ ਨਾਲ ਘਾਇਲ ਹੋ ਕੇ ਧਰਤੀ ਤੇ ਡਿਗੇ ਸਿੰਘਾਂ ਨੂੰ ਕਿਰਪਾਨਾਂ, ਗੰਡਾਸਿਆਂ



ਅਤੇ ਬਰਛਿਆਂ ਨਾਲ ਛਾਣਨੀ ਛਾਣਨੀ ਕਰ ਦਿੱਤਾ। ਧਰਤੀ ਤੇ ਲਾਸ਼ਾਂ ਅਤੇ ਜ਼ਖ-ਮੀਆਂ ਦੇ ਸੱਥਰ ਲੱਥ ਜਾਣ ਮਗਰੋਂ ਪੁਲਿਸ ਨੇ ਅੱਥਰੂ ਗੈਸ ਤਾਂ ਛੱਡੀ, ਪਰ ਉਹ ਵੀ ਸਿੰਘਾਂ ਦੇ ਜੱਥੇ ਵਲ ਹੀ, ਜਿਸ ਨਾਲ ਕਾਤਲਾਂ ਨੂੰ ਹੋਰ ਮਦਦ ਮਿਲੀ ਤੇ ਜਥੇ ਦਾ ਹੋਰ ਜ਼ਿਆਦਾ ਨੁਕਸਾਨ ਹੋਇਆ।

ਪੁਲਸ ਵਲੋਂ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਘਟਨਾ ਵਰਤਣ ਤੋਂ ਘੰਟੇ ਕੁ ਮਗਰੋਂ ਮੁਰਦੇਖਾਨੇ ਵਿਚ ਪੁਚਾਈਆਂ ਗਈਆਂ। ਕੁਝ ਕੁ ਜਖਮੀ ਸਿੰਘ ਵੀ ਹਸਪਤਾਲ ਪੁਚਾਏ ਗਏ, ਪਰ ਸਖਤ ਜ਼ਖਮੀ ਹੋਏ ਭਾ: ਫੌਜਾ ਸਿੰਘ ਅਤੇ ਕੁਝ ਹੋਰ ਸਿੰਘਾਂ ਨੂੰ ਲਾਸ਼ਾਂ ਵਾਲੇ ਟਰੱਕ ਵਿਚ ਪਾ ਕੇ ਪੁਲਿਸ ਵਲੋਂ ਪਹਿਲਾਂ ਮੁਰਦੇਖਾਨੇ ਲਿਜਾਇਆ ਗਿਆ ਅਤੇ ਦੋ ਢਾਈ ਘੰਟੇ ਮਗਰੋਂ ਹਸਪਤਾਲ ਪੁਚਾਇਆ ਗਿਆ, ਜਦੋਂ ਉਹ ਉਥੇ ਪੁਜਣ ਤਕ ਪ੍ਰਾਣ ਤਿਆਗ ਗਿਆ। ਇਸ ਵਿਚ ਜੋਸ਼ੀ ਡੀ. ਐਸ. ਪੀ ਦੀ ਸਾਜ਼ਸ ਦਾ ਹੱਥ ਦਿਸਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਖੂਨੀ ਸਾਕਾ ਵਰਤਣ ਦੇ ਸਾਢੇ ਤਿੰਨ ਘੰਟੇ ਮਗਰੋਂ ਤਕ ਨਿਰੰਕਾਰੀਆਂ ਦਾ ਜਲਸਾ ਬ-ਦਸਤੂਰ ਚਲਦਾ ਰਿਹਾ ਤੇ ਨਰੈਣੂ ਮਹੰਤ ਤੋਂ ਵਧ ਨਿਰਦਈ ਇਹ ਗੁਰਬਚਨ ਸਿਹੁੰ ਤੇ ਉਸ ਦੇ ਚੂੰਚੜ ਚਾਟੜੇ ਭਾਸ਼ਨ ਦੇਂਦੇ ਰਹੇ। ਪਤਾ ਲਗਾ ਕਿ ਉਸ ਜਲਸੇ ਵਿਚ ਖੂਨੀ ਸਾਕੇ ਸਮੇਂ ਗੁਰਦਾਸਪੁਰ ਦਾ ਡੀ. ਸੀ. ਨਿਰੰਜਨ ਸਿੰਘ ਆਈ. ਏ. ਐਸ. ਅਤੇ ਹੋਰ ਸੀਨੀਅਰ ਸਰਕਾਰੀ ਅਫਸਰ, ਜੋ ਨਿਰੰਕਾਰੀਆਂ ਦੇ ਹੱਥ ਠੋਕੇ ਹਨ ਵੀ ਸਨ। ਸਪਸ਼ਟ ਹੈ ਕਿ ਅੰਮ੍ਰਿਤਸਰ ਦੇ ਜ਼ਿਲਾ ਅਧਿਕਾਰੀਆਂ ਨੇ ਵੈਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਨੂੰ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਵਿਚ ਜਲੂਸ ਕੱਢਣ ਤੇ ਜਲਸਾ ਕਰਨ ਦੀ ਆਗਿਆ ਦੇ ਕੇ ਨਿਰੰਕਾਰੀ ਸ਼ਰਾਰਤੀ ਟੋਲੇ ਦਾ ਪੱਖ ਪੂਰਿਆ ਹੈ। ਇਹਨਾਂ ਕਾਤਲਾਂ ਨੂੰ ਖੁੱਲ੍ਹ ਦੇ ਕੇ ਤੇ ਵੇਲੇ ਸਿਰ ਇਹਨਾਂ ਨਾਲ ਨਾ ਨਿਪਟਣ ਲਈ ਅੰਮ੍ਰਿਤਸਰ ਦੇ ਅਧਿਕਾਰੀ ਭਾਰੀ ਦੋਸ਼ੀ ਹਨ ਤੇ ਕਰੜੇ ਦੰਡ ਦੇ ਭਾਗੀ ਹਨ।

ਮਿਰਤਕ ਸਰੀਰਾਂ ਦੇ ਪੋਸਟ ਮਾਰਟਮ ਲਈ ਸਰਕਾਰ ਨੇ ਕੁਝ ਡਾਕਟਰਾਂ ਦਾ ਪੈਨਲ ਬਣਾਇਆ ਸੀ। ਸਾਨੂੰ ਪਤਾ ਲਗਾ ਹੈ ਕਿ ਮਿਸਟਰ ਜੰਜੂਹਾ ਡੀ. ਸੀ. ਦੇ ਹੁਕਮ ਨਾਲ ਕੁਝ ਸਿੰਘਾਂ ਦਾ ਪੋਸਟ ਮਾਰਟਮ ਇਕੱਲੇ ਡਾਕਟਰ ਤੋਂ ਕਰਵਾ ਕੇ, ਸਰਕਾਰੀ ਹੁਕਮ ਦੀ ਜਾਣ ਮਿਥ ਕੇ ਉਲੰਘਣਾ ਕੀਤੀ ਗਈ। ਡੀ. ਸੀ. ਦੀ ਇਸ ਮੂੰਹ ਜ਼ੋਰ ਕਾਰਵਾਈ ਤੋਂ ਉਸ ਦੇ ਨਿਰੰਕਾਰੀ ਪੱਖੀ ਹੋਣ ਦੀ ਪੁਸ਼ਟੀ ਹੁੰਦੀ ਹੈ।

ਦੂਜੇ ਪਾਸੇ ਮਹਾਸ਼ਾ ਪ੍ਰੈਸ ਨੇ ਖਬਰਾਂ ਨੂੰ ਗਲਤ ਮਲਤ ਕਰ ਕੇ ਛਾਪਿਆ।

ਅਖੰਡ ਕੀਰਤਨੀ ਜਥੇ ਅਤੇ ਭਿੰਡਰਾਂ ਦੇ ਜਥੇ ਦੇ ਨਿਰੋਲ ਨਿਰੋਲ ਧਾਰਮਿਕ ਭਾਵਨਾ ਵਾਲੇ, ਨਾਮ ਬਾਣੀ ਦੇ ਰਸੀਏ ਸਿੰਘਾਂ ਨੂੰ ਮਹਾਸ਼ਾ ਅਖਬਾਰਾਂ ਨੇ ਨਿਹੰਗ ਤੇ ਅਕਾਲੀ ਲਿਖ ਕੇ ਪੇਸ਼ ਕੀਤਾ ਹੈ, ਜੋ ਸਰਾ-ਸਰ ਗਲਤ ਹੈ ਅਤੇ ਉਨ੍ਹਾਂ ਦੀ ਸ਼ਰਾਰਤੀ ਖੋਪਰੀ ਦੀ ਕਾਢ ਹੈ।

ਨਿਰੰਕਾਰੀ ਆਗੂ ਗੁਰਬਚਨ ਸਿਹੁੰ ਵਲੋਂ ਸਿੰਘਾਂ ਦੇ ਜਥੇ ਦੀ ਕਤਲੇ-ਆਮ ਕਰਨ ਦੀ ਬੜੀ ਭਾਰੀ ਸਾਜ਼ਸ਼ ਹੈ। ਕੋਈ ਪੁਛੇ ਕਿ ਇਹ ਤੇਜ਼ਾਬ ਦੀਆਂ ਬੋਤਲਾਂ, ਇੱਟਾਂ ਵੱਟੇ, ਭਾਰੀ ਗਿਣਤੀ ਵਿਚ ਬੰਦੂਕਾਂ ਪਸਤੌਲਾਂ, ਬਰਛੇ, ਕਿਰਪਾਨਾਂ, ਲਾਠੀਆਂ ਤੇ ਗੰਡੇ ਬੁਰਛੇ ਕਿਥੋਂ ਆਏ ? ਉਹਨਾਂ ਨੂੰ ਸਿੰਘਾਂ ਦੇ ਕਤਲੇ-ਆਮ ਦਾ ਹੁਕਮ ਦੇਣ ਕਾਰਨ ਨਿਰੰਕਾਰੀਆਂ ਦਾ ਆਗੂ ਗੁਰਬਚਨ ਸਿਹੁੰ ਇਸ ਖੂਨੀ ਸਾਕੇ ਅਤੇ ਸਾਜ਼ਸ਼ ਦਾ ਮੁਢਲਾ ਦੋਸ਼ੀ ਅਤੇ ਮੁਜਰਮ ਹੈ ਅਤੇ ਇਸ ਦੋਸ਼ ਕਾਰਨ ਕਾਨੂੰਨ ਅਧੀਨ ਕਰੜੇ ਦੰਡ ਦਾ ਭਾਗੀ ਹੈ। ਕਾਨੂੰਨ ਕਿਸੇ ਦੋਸ਼ੀ ਨੂੰ ਮਾਫ ਨਹੀਂ ਕਰਦਾ, ਭਾਵੇਂ ਉਸ ਦੀ ਪੁਜ਼ੀਸ਼ਨ ਸੁਸਾਇਟੀ ਵਿਚ ਛੋਟੀ ਹੋਵੇ ਜਾਂ ਵੱਡੀ। ਕਾਨੂੰਨ ਦੀ ਅੱਖ ਲਈ ਸਭ ਬਰਾਬਰ ਹਨ।

ਇਸ ਖੂਨੀ ਸਾਕੇ ਵਿਚ 13 ਸਿੰਘ ਸ਼ਹੀਦ ਹੋਏ। ਜ਼ਖਮੀਆਂ ਦੀ ਗਿਣਤੀ 70 ਤੋਂ ਵੱਧ ਦੱਸੀ ਜਾਂਦੀ ਹੈ। ਚੂੰਕਿ ਸਿੰਘ ਵੱਖ-ਵੱਖ ਸੂਬਿਆਂ ਵਿਚੋਂ ਇਕਤਰ ਹੋਏ ਸਨ, ਤੇ ਉਹਨਾਂ ਵਿਚੋਂ ਬੇਅੰਤ ਸਿੰਘ ਪ੍ਰੋਟੈਸਟ ਜਥੇ ਵਿਚ ਸ਼ਾਮਲ ਹੋਏ ਸਨ, ਪੂਰੀ ਤਰ੍ਹਾਂ ਪਤਾ ਨਹੀਂ ਲੱਗ ਸਕਿਆ ਕਿ ਕਿੰਨੇ ਕੁ ਸਿੰਘ ਅਜੇ ਵੀ ਲਾ-ਪਤਾ ਹਨ। ਬਾਹਰਲੀਆਂ ਥਾਵਾਂ ਤੋਂ ਖਬਰਾਂ ਮਿਲ ਰਹੀਆਂ ਹਨ ਕਿ ਕੁਝ ਸਿੰਘ ਅਜੇ ਵਾਪਸ ਘਰੀਂ ਨਹੀਂ ਪੁਜੇ। ਅਜਿਹੇ ਲਾ-ਪਤਾ ਸਿੰਘਾਂ ਦੀ ਲਿਸਟ ਬਣਾਈ ਜਾ ਗਈ। 13 ਸ਼ਹੀਦ ਸਿੰਘਾਂ ਦੇ ਪਾਵਨ ਨਾਮ ਇਹ ਹਨ—

(1) ਭਾਈ ਫੌਜਾਂ ਸਿੰਘ ਜੀ ਸਪੁੱਤਰ ਸ: ਸੁਰੈਣ ਸਿੰਘ ਜੀ ਅੰਮ੍ਰਿਤਸਰ।

(2) ਭਾਈ ਅਵਤਾਰ ਸਿੰਘ ਜੀ, ਸਪੁੱਤਰ ਸ: ਭਗਵਾਨ ਸਿੰਘ ਜੀ, ਖੁਡਾ ਕੁਰਾਲਾ, ਜ਼ਿਲ੍ਹਾ ਹੁਸ਼ਿਆਰਪੁਰ।

(3) ਭਾਈ ਹਰਭਜਨ ਸਿੰਘ ਜੀ ਸਪੁੱਤਰ ਸ: ਜਗਤ ਸਿੰਘ ਜੀ ਭੱਟੀਆਂ ਜ਼ਿਲਾ ਗੁਰਦਾਸਪੁਰ।

(4) ਭਾਈ ਪਿਆਰਾ ਸਿੰਘ ਜੀ, ਸਪੁੱਤਰ ਸ: ਕਿਸ਼ਨ ਸਿੰਘ ਜੀ, ਪਿੰਡ ਝੂੰਗਰਨੀ ਜ਼ਿਲਾ ਹੁਸ਼ਿਆਰਪੁਰ।

(5) ਭਾਈ ਰਘਬੀਰ ਸਿੰਘ ਜੀ, ਸਪੁੱਤਰ ਸ: ਨਵਾਬ ਸਿੰਘ ਜੀ, ਭਗੂਪੁਰਾ, ਥਾਣਾ ਪੱਟੀ, ਜ਼ਿਲਾ ਅੰਮ੍ਰਿਤਸਰ।



(6) ਭਾਈ ਗੁਰਚਰਨ ਸਿੰਘ ਜੀ ਸਪੁੱਤਰ ਭਾਈ ਦਲੀਪ ਸਿੰਘ ਜੀ, ਵੀਰ ਪਰਵਾਰ, 3298, ਨਿਊ ਮਾਡਲ ਟਾਊਨ, ਲੁਧਿਆਣਾ।

(7) ਭਾਈ ਗੁਰਦਿਆਲ ਸਿੰਘ ਜੀ ਸਪੁੱਤਰ ਭਾਈ ਸੋਹਣ ਸਿੰਘ ਜੀ, ਪਿੰਡ ਮੋਦੇ ਬਰਾਸਤਾ ਅਟਾਰੀ, ਜ਼ਿਲਾ ਅੰਮ੍ਰਿਤਸਰ।

(8) ਭਾਈ ਅਮਰੀਕ ਸਿੰਘ ਜੀ, ਸਪੁੱਤਰ ਭਾਈ ਕੁੰਦਨ ਸਿੰਘ ਜੀ, ਪਿੰਡ ਖੁਜਾਲਾ ਜ਼ਿਲਾ ਅੰਮ੍ਰਿਤਸਰ।

(9) ਭਾਈ ਧਰਮਬੀਰ ਸਿੰਘ ਜੀ, ਸਪੁੱਤਰ ਮਿਸਤਰੀ ਲਾਲ ਸਿੰਘ ਜੀ, 2, ਅਜੀਤ ਨਗਰ, ਅੰਮ੍ਰਿਤਸਰ।

(10) ਭਾਈ ਕੇਵਲ ਸਿੰਘ ਜੀ, ਸਪੁੱਤਰ ਸ: ਅਮਰ ਸਿੰਘ ਜੀ, ਪ੍ਰੇਮ ਗੜ੍ਹ, ਹੁਸ਼ਿਆਰਪੁਰ।

(11) ਭਾਈ ਹਰੀ ਸਿੰਘ ਜੀ, ਸਪੁੱਤਰ ਭਾਈ ਗੁਰਚਰਨ ਸਿੰਘ ਜੀ, ਕੋਟ ਰਲਿਆ ਰਾਮ, ਅੰਮ੍ਰਿਤਸਰ।

(12) ਜਥੇਦਾਰ ਰਣਬੀਰ ਸਿੰਘ ਜੀ ਫੌਜੀ, ਸਪੁੱਤਰ ਜਥੇਦਾਰ ਕਾਲ਼ਾ ਸਿੰਘ ਜੀ, ਬਰਾਜ ਜ਼ਿਲਾ, ਫਰੀਦਕੋਟ।

(13) ਬਾਬਾ ਦਰਸ਼ਨ ਸਿੰਘ ਜੀ, ਸਪੁੱਤਰ ਅੱਛਰ ਸਿੰਘ ਜੀ, ਪਿੰਡ ਮਹਿਤਾ ਜ਼ਿਲਾ ਅੰਮ੍ਰਿਤਸਰ।

**ਸਖਤ ਜ਼ਖਮੀ ਹੋਏ, ਜੋ ਕਾਫੀ ਦਿਨਾਂ ਤਕ ਹਸਪਤਾਲ ਵਿਚ ਰਹੇ—**

(1) ਸ: ਰਾਜਿੰਦਰ ਸਿੰਘ ਸਪੁੱਤਰ ਸ: ਸਵਰਨ ਸਿੰਘ, ਪਿੰਡ ਸਰਸਪੁਰਾ, ਡਾ: ਭੁਮਲੀ (ਗੁਰਦਾਸਪੁਰ)।

(2) ਸ: ਹਰਨਾਮ ਸਿੰਘ ਸਪੁੱਤਰ ਸ: ਪਾਲ ਸਿੰਘ, ਪਿੰਡ ਤੇ ਡਾ: ਭੂਰਾ, ਕੋਹਨਾ, ਤਸੀਲ, ਪਟੀ (ਅੰਮ੍ਰਿਤਸਰ)।

(3) ਗਿ: ਭਗਵਾਨ ਸਿੰਘ ਸਪੁੱਤਰ ਸ: ਇੰਦਰ ਸਿੰਘ, ਗੁਰੂ ਨਾਨਕ ਪੁਰਾ. ਗਲੀ ਨੰ: 3 ਨੇੜੇ ਇਸਲਾਮਾਬਾਦ (ਅੰਮ੍ਰਿਤਸਰ)।

(4) ਸ: ਬਚਿੱਤਰ ਸਿੰਘ ਸਪੁੱਤਰ ਸ: ਚੰਨਣ ਸਿੰਘ, ਪਿੰਡ ਤੇ ਡਾ: ਠੱਠੀ ਖਾਰਾ (ਅੰਮ੍ਰਿਤਸਰ।

(5) ਸ: ਇਕਬਾਲ ਸਿੰਘ ਸਪੁੱਤਰ ਸ: ਅਵਤਾਰ ਸਿੰਘ, ਪਿੰਡ ਤੇ ਡਾ: ਖੁਡਾ ਕੁਰਾਲਾ (ਹੁਸ਼ਿਆਰਪੁਰ)।

(6) ਗਿ: ਹਜ਼ਾਰਾ ਸਿੰਘ ਰੀਟਾ: ਡੀ. ਐਸ. ਪੀ. ਸਪੁੱਤਰ ਸ: ਕਿਸ਼ਨ ਸਿੰਘ, ਸਿਵਲ ਲਾਈਨ, ਗੁਰਦਾਸਪੁਰ।

(7) ਸ: ਗੁਰਦਿਆਲ ਸਿੰਘ ਸਪੁੱਤਰ ਸ: ਗੁਰਚਰਨ ਸਿੰਘ, ਗੁਰੂ ਅਰਜਨ ਦੇਵ ਨਗਰ, ਅੰਮ੍ਰਿਤਸਰ ।

(8) ਸ: ਨਿੱਕਾ ਸਿੰਘ ਸਪੁੱਤਰ ਸ: ਸਿਵਾਈ ਸਿੰਘ, ਪਿੰਡ ਤੇ ਡਾ: ਧੀਰੋ ਮਾਜਰਾ, ਡਾ: ਜੜੌਤ, (ਪਟਿਆਲਾ) ।

(9) ਸ: ਗੁਰਚਰਨ ਸਿੰਘ ਸਪੁੱਤਰ ਸ: ਆਤਮਾ ਸਿੰਘ, ਪਿੰਡ ਤੇ ਡਾ: ਨੁਸ਼ਹਿਰਾ ਪਨੂੰਆ, ਤਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ।

(10) ਸ: ਅਮੋਲਕ ਸਿੰਘ ਸਪੁੱਤਰ ਸ: ਨਿਰੰਜਨ ਸਿੰਘ, 4433 ਰਣਜੀਤ ਪੁਰਾ, ਗਲੀ ਨੰ: 4. ਅੰਮ੍ਰਿਤਸਰ ।

(11) ਸ: ਮੋਹਰ ਸਿਘ ਸਪੁੱਤਰ ਸ੍ਰੀ ਲਖਮੀ ਚੰਦ, ਪਿੰਡ ਸੂਰਾ ਪਡਾ ਡਾ: ਨੰਗਲ (ਅੰਮ੍ਰਿਤਸਰ) ।

(12) ਸ: ਨਿਰਮਲ ਸਿੰਘ ਸਪੁੱਤਰ ਸ: ਸੂਰਤ ਸਿੰਘ, ਪਿੰਡ ਤੇ ਡਾ: ਮਿਆਣੀ ਭਗੂਪੁਰਾ (ਕਪੂਰਥਲਾ) ।

(13) ਸ: ਗੁਰਦੀਪ ਸਿੰਘ ਸਪੁੱਤਰ ਸ: ਗੁਰਨਾਮ ਸਿਘ ਪਿੰਡ ਤੇ ਡਾ: ਚੱਘਰ (ਲੁਧਿਆਣਾ) ।

(14) ਸ: ਗੋਪਾਲ ਸਿੰਘ ਸਪੁੱਤਰ ਸ: ਸੂਬਾ ਸਿੰਘ, ਪਿੰਡ ਤੇ ਡਾ: ਮਹਿਤਾ (ਅੰਮ੍ਰਿਤਸਰ) ।

(15) ਸ: ਮੰਗਲ ਸਿੰਘ ਸਪੁੱਤਰ ਸ: ਦਾਰਾ ਸਿੰਘ, ਪਿੰਡ ਤੇ ਡਾ: ਮੰਦੇ (ਅੰਮ੍ਰਿਤਸਰ) ।

(16) ਸ: ਕੁਲਦੀਪ ਸਿੰਘ ਸਪੁੱਤਰ ਸ: ਬਚਨ ਸਿੰਘ, ਪਿੰਡ ਤੇ ਡਾ: ਮੁੱਛਲ (ਅੰਮ੍ਰਿਤਸਰ) ।

(17) ਸ: ਪਰਗਟ ਸਿੰਘ ਸਪੁੱਤਰ ਸ: ਨਿਰੰਜਨ ਸਿੰਘ, ਪਿੰਡ ਤੇ ਡਾ: ਪੰਗਾਣਾ (ਅੰਮ੍ਰਿਤਸਰ) ।

(18) ਸ: ਨਿਰੰਜਨ ਸਿੰਘ ਸਪੁੱਤਰ ਸ: ਚੰਨਣ ਸਿੰਘ ਖਾਲਸਾ ਫਾਰਮ ਡਾ: ਭਰਿਆਲ (ਗੁਰਦਾਸਪੁਰ) ।

(19) ਸ: ਗੁਲਜ਼ਾਰ ਸਿੰਘ ਸਪੁੱਤਰ ਸ: ਸੋਹਣ ਸਿੰਘ, ਪਿੰਡ ਤੇ ਡਾ: ਵੱਲਾ (ਅੰਮ੍ਰਿਤਸਰ) ।

ਅਖੰਡ ਕੀਰਤਨੀ ਜੱਥਾ ਅਤੇ ਭਿੰਡਰਾਂ ਵਾਲਾ ਜੱਥਾ, ਦੋਵੇਂ ਜਥੇ ਨਿਰੋਲ ਧਾਰਮਿਕ ਤੇ ਨਾਮ ਬਾਣੀ ਦੇ ਰਸੀਏ ਹਨ । ਇਹਨਾਂ ਦਾ ਮੁਖ ਨਿਸ਼ਾਨਾ ਸ੍ਰੀ ਗੁਰੂ ਗ੍ਰੰਥ



ਸਾਹਿਬ ਨੂੰ ਪਰਗਟ ਗੁਰਾਂ ਕੀ ਦੇਹ ਜਾਣ ਕੇ ਸਤਿਕਾਰ ਕਰਨਾ ਅਤੇ ਮਨ ਬਚਨ ਕਰਮ ਕਰਕੇ ਉਹਨਾਂ ਦੇ ਬਚਨਾਂ ਨੂੰ ਜੀਵਨ ਵਿਚ ਢਾਲਣਾ ਹੈ । ਆਪਣੇ ਪ੍ਰਾਣਾਂ ਤੋਂ ਪਿਆਰੇ ਸਤਿਗੁਰੂ ਜੀ ਦਾ ਅਪਮਾਨ ਸਹਿਨ ਕਰਨਾ ਉਹਨਾਂ ਲਈ ਮਰ ਜਾਣ ਤੁੱਲ ਹੈ, ਤੇ ਇਸ ਅਪਮਾਨ ਨੂੰ ਰੋਕਣ ਲਈ ਉਹ ਕੋਈ ਵੀ ਕੁਰਬਾਨੀ ਕਰਨ ਤੋਂ ਸੰਕੋਚ ਨਹੀਂ ਕਰਦੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣ ਲਈ ਉਹ ਜੱਦੋ ਜਿਹਦ ਕਰਦੇ ਆ ਰਹੇ ਹਨ । ਇਸ ਸ਼ਰਾਰਤੀ ਤੇ ਨਕਲੀ ਨਿਰੰਕਾਰੀ ਹਤਿਆਰੇ ਵਲੋਂ ਕੀਤਾ ਜਾ ਰਿਹਾ ਸਤਿਗੁਰਾਂ ਦਾ ਅਪਮਾਨ ਰੋਕਣ ਲਈ ਹਰ ਕੁਰਬਾਨੀ ਦਿੰਦੇ ਰਹਿਣਗੇ । ਇਹ ਕੇਂਦਰੀ ਸਰਕਾਰ ਦਾ ਵੀ ਪ੍ਰਮੁਖ ਫਰਜ਼ ਬਣਦਾ ਹੈ ਕਿ ਇਸ ਅਪਰਾਧੀ ਨੂੰ ਦੇਸ਼ ਦਾ ਅਮਨ ਭੰਗ ਕਰਨ ਤੋਂ ਫੌਰਨ ਵਰਜੇ, ਨਹੀਂ ਤਾਂ ਇਹ ਮਹਾਂਕਾਤਲ ਦੰਭ ਦੇਸ਼ ਵਿਚ ਬੇਚੈਨੀ ਅਤੇ ਬਦ-ਅਮਨੀ ਪੈਦਾ ਕਰਦਾ ਰਹੇਗਾ । ਕੋਈ ਵੀ ਵਿਅਕਤੀ ਜਾਂ ਸਰਕਾਰ, ਜੋ ਕਾਨੂੰਨ ਦੇ ਦੋਸ਼ੀ ਨਾਲ ਢਿਲ ਵਰਤਦੀ ਹੈ, ਉਹ ਜਨਤਾ ਦਾ ਵਿਸ਼ਵਾਸ ਗਵਾ ਬੈਠਦੀ ਹੈ ।

ਸੋ ਇਹ ਖੂਨੀ ਸਾਕਾ ਵਰਤਣ ਉਤੇ ਇਹਨਾਂ ਦੋਹਾਂ ਜਥਿਆਂ ਦੀ ਇਹ ਮੰਗ ਸੀ ਕਿ—

(1) ਨਕਲੀ ਨਿਰੰਕਾਰੀ ਆਗੂ ਨੂੰ ਕਤਲੇ-ਆਮ ਕਰਵਾਉਣ ਦੀ ਗਿਣੀ ਮਿਥੀ ਸਾਜ਼ਸ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਕੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ ।

(2) ਕਿਸੇ ਵੀ ਵਿਅਕਤੀ ਨੂੰ, ਜੋ ਸਿਖ ਗੁਰੂ ਸਾਹਿਬਾਨ ਤੇ ਸਿੱਖ ਧਰਮ ਵਿਰੁੱਧ ਬੋਲੇ, ਉਸ ਨੂੰ ਤੁਰੰਤ ਕਰੜੇ ਹਥੀਂ ਨਿਪਟਿਆ ਜਾਵੇ ।

(3) ਦੋਸ਼ੀ ਅਧਿਕਾਰੀਆਂ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਵੇ ।

13 ਸ਼ਹੀਦ ਸਿੰਘਾ ਦਾ ਅੰਤਮ ਸਸਕਾਰ ਮਿਤੀ 15-4-78 ਸਨਿਚਰਵਾਰ ਨੂੰ ਪੰਥਕ ਸਨਮਾਨ ਨਾਲ ਗੁਰਦਵਾਰਾ ਸ੍ਰੀ ਰਾਮਸਰ ਸਾਹਿਬ ਦੇ ਸਾਹਮਣੇ ਖੁਲੇ ਪੰਡਾਲ ਵਿਚ ਕੀਤਾ ਗਿਆ । ਉਹਨਾਂ ਦੀਆਂ ਅਰਥੀਆਂ ਦੇ ਅੰਤਮ ਜਲੂਸ ਵਿਚ 25-30 ਹਜ਼ਾਰ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ਼ਾਮਲ ਹੋਈਆਂ ।

ਮਿਤੀ 17-4-78 ਦਿਨ ਸੋਮਵਾਰ 13 ਸਿੰਘਾਂ ਦੇ ਸਮੁੱਚੇ ਅੰਗੀਠੇ ਇਕੱਠੇ ਕਰ ਕੇ ਉਨ੍ਹਾਂ ਦਾ ਗੁਰਮਤਿ ਰਹੁ-ਰੀਤ ਅਨੁਸਾਰ ਨੇੜੇ ਵਗਦੇ ਬਿਆਸ ਦਰਿਆ ਵਿਚ ਪੰਥਕ ਸਨਮਾਨ ਨਾਲ ਪ੍ਰਵਾਹ ਕੀਤਾ ਗਿਆ । ਅੰਗੀਠਿਆਂ ਦੀ ਵਿਦਾਇਗੀ ਦੀ ਅਰਦਾਸ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ

ਕਰੁਣਾ ਰਸ ਵਿਚ ਕੀਤੀ ਸੀ ਅਤੇ ਜਲ ਪ੍ਰਵਾਹ ਕਰਨ ਸਮੇਂ ਅਰਦਾਸ ਸ: ਗੁਰਚਰਨ ਸਿੰਘ ਜੀ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਜਲ ਨੇਤਰਾਂ ਨਾਲ ਕੀਤੀ। ਟੌਹੜਾ ਸਾਹਿਬ ਨੇ ਅਕਾਲ ਪੁਰਖ ਅਗੇ ਜੋਦੜੀ ਕੀਤੀ ਕਿ ਸਤਿਗੁਰਾਂ ਦੇ ਸਨਮਾਨ ਨੂੰ ਕਾਇਮ ਰੱਖਣ ਲਈ ਅਤੇ ਸਿੱਖ ਧਰਮ ਦੀ ਆਨ ਸ਼ਾਨ ਬਰਕਰਾਰ ਰਖਣ ਲਈ 'ਗੁਰ ਕੀ ਨਿੰਦਾ ਸੁਨੈ ਨ ਕਾਨ' ਵਾਕ ਅਨੁਸਾਰ ਜਿਨ੍ਹਾਂ 13 ਕੌਮੀ ਸ਼ਹੀਦਾਂ ਨੇ ਹਸ ਹਸ ਆਪਣੀਆਂ ਜਾਨਾਂ ਘੋਲ ਘੁਮਾਈਆਂ, ਉਹਨਾਂ ਦੀ ਘਾਲ ਥਾਏਂ ਪਵੇ ਅਤੇ ਪੰਥ ਨੂੰ ਉਹਨਾਂ ਵਲੋਂ ਦਿਖਾਏ ਗਏ ਰਾਹ ਤੇ ਤੁਰ ਕੇ ਪੰਥਕ ਆਨ ਸ਼ਾਨ ਨੂੰ ਕਾਇਮ ਰਖਣ ਦਾ ਬਲ ਮਿਲੇ। ਟੌਹੜਾ ਸਾਹਿਬ ਨੇ ਅਰਦਾਸ ਵਿਚ ਸਤਿਗੁਰਾਂ ਦਾ ਸ਼ੁਕਰਾਨਾ ਕੀਤਾ ਕਿ ਉਹਨਾਂ ਦੇ ਪਿਆਰੇ ਸ਼ਹੀਦਾਂ ਨੇ ਜਿਵੇਂ ਸਾਨੂੰ ਕੁਰਬਾਨੀ ਦਾ ਰਾਹ ਦਿਖਾਇਆ ਹੈ ਉਥੇ ਬ੍ਰਾਹਮਣੀ ਰਹੁ-ਰੀਤ ਦੀ ਜਿਲ੍ਹਣ ਵਿਚੋਂ ਕੱਢ ਕੇ ਤੱਤ-ਗੁਰਮਤਿ ਦੇ ਰਾਹ ਤੋਰਿਆ ਹੈ ਕਿ ਗੁਰਸਿਖਾਂ ਦੇ ਅੰਗੀਠਿਆਂ ਨੂੰ ਨੇੜੇ ਵਗਦੇ ਜਲ ਵਿਚ ਪ੍ਰਵਾਹ ਕੀਤਾ ਜਾਵੇ।

22-4-78 ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਬੰਧ ਹੇਠ ਗੁ: ਸ੍ਰੀ ਮੰਜੀ ਸਾਹਿਬ ਦੇ ਵਿਸ਼ਾਲ ਹਾਲ ਵਿਚ ਇਕ ਸ਼ਰਧਾਂਜਲੀ ਸਮਾਗਮ ਹੋਇਆ। ਸ਼ਹੀਦਾਂ ਦੀ ਯਾਦ ਵਿਚ ਰਖੇ ਸ੍ਰੀ ਅਖੰਡ ਪਾਠ ਦੀ ਸਮਾਪਤੀ ਉਪਰੰਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਤੇ ਬੀਬੀਆਂ ਨੇ ਰਸ-ਭਿੰਨਾ ਕੀਰਤਨ ਕੀਤਾ। ਉਪਰੰਤ ਸ: ਗੁਰਚਰਨ ਸਿੰਘ ਟੌਹੜਾ, ਐਮ. ਪੀ. ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ, ਸ: ਪ੍ਰਕਾਸ਼ ਸਿੰਘ ਬਾਦਲ, ਮੁਖ ਮੰਤਰੀ, ਸ: ਜਸਵਿੰਦਰ ਸਿੰਘ ਬਰਾੜ ਸਹਿਕਾਰਤਾ ਮੰਤਰੀ, ਸ: ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ, ਬੀਬੀ ਹਸਰਨ ਕੌਰ ਜੀ ਜਨਰਲ ਸਕੱਤਰ ਸਿੰਘ ਸਭਾ ਸ਼ਤਾਬਦੀ ਕਮੇਟੀ, ਸ: ਕਪੂਰ ਸਿੰਘ ਸਾਬਕ ਆਈ. ਸੀ. ਐਸ. ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਸ: ਅਮਰ ਸਿੰਘ ਦੁਸਾਂਝ, ਸ: ਲਹਿਰੀ ਸਿੰਘ ਜੀ ਅਮਰੀਕਾ, ਭਾਈ ਸੋਹਨ ਸਿੰਘ ਜੀ ਅਕਾਲੀ ਪ੍ਰਧਾਨ ਯੂ. ਕੇ. ਅਕਾਲੀ ਦਲ, ਸ: ਰਛਪਾਲ ਸਿੰਘ ਜੀ ਦਿੱਲੀ, ਪ੍ਰਿੰਸੀਪਲ ਸਤਿਬੀਰ ਸਿੰਘ, ਬੀਬੀ ਰਾਜਿੰਦਰ ਕੌਰ ਜੀ ਐਮ. ਪੀ., ਸ: ਬਲਵੰਤ ਸਿੰਘ ਜੀ ਰਾਮੂਵਾਲੀਆ ਐਮ. ਪੀ., ਸੰਤ ਉਤਮ ਸਿੰਘ ਜੀ, ਜਥੇਦਾਰ ਉਜਾਗਰ ਸਿੰਘ ਜੀ ਸੇਖਲਾ, ਮਹੰਤ ਬਚਿੱਤਰ ਸਿੰਘ ਜੀ ਜੰਮੂ ਕਸ਼ਮੀਰ, ਸ: ਦਲਬੀਰ ਸਿੰਘ ਜੀ ਚੀਫ ਖਾਲਸਾ ਦੀਵਾਨ, ਸ: ਮੋਹਨ ਸਿੰਘ ਜੀ ਤੁੜ ਐਮ, ਪੀ., ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਐਮ. ਪੀ. ਪ੍ਰਧਾਨ ਸ਼੍ਰੋ: ਅਕਾਲੀ ਦਲ, ਸ: ਹੁਕਮ ਸਿੰਘ ਜੀ ਸਾਬਕ ਗਵਰਨਰ ਰਾਜਸਥਾਨ, ਸ: ਕਿਰਪਾਲ ਸਿੰਘ ਜੀ ਐਮ. ਐਲ. ਏ.



ਆਦਿ ਸੱਜਣਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਪਦ ਦੀ ਮਹਾਨਤਾ ਦੀ ਰਾਖੀ ਲਈ ਆਪਾ ਵਾਰਨ ਵਾਲੇ ਸ਼ਹੀਦ ਸਿੰਘਾਂ ਨੂੰ ਭਰਪੂਰ ਸ਼ਰਧਾਂਜਲੀ ਪੇਸ਼ ਕੀਤੀ ਸੀ।

ਸ; ਕਪੂਰ ਸਿੰਘ ਸਾਬਕ ਆਈ. ਸੀ. ਐਸ. ਦੀ ਤਜਵੀਜ਼, ਸ੍ਰੀ ਮਾਨ ਸੰਤ ਹਰਚੰਦ ਸਿੰਘ ਦੀ ਤਾਈਦ ਤੇ ਸ: ਅਮਰ ਸਿੰਘ ਦੁਸਾਂਝ ਦੀ ਪ੍ਰੋੜ੍ਹਤਾ ਨਾਲ ਹੇਠ ਲਿਖਿਆ ਮਤਾ ਪੇਸ਼ ਹੋ ਕੇ ਪ੍ਰਵਾਨ ਹੋਇਆ ਸੀ।

### ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਮਤਾ—

"ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਬੰਧ ਹੇਠ ਸਮੁੱਚੇ ਸਿੱਖ ਪੰਥ ਦਾ ਇਹ ਮਹਾਨ ਪ੍ਰਤੀਨਿਧ ਸਜਿਆ ਇਕੱਠ ਗੁਰੂ ਪਿਆਰੇ ਭਾਈ ਫੌਜਾ ਸਿੰਘ ਤੇ ਉਨ੍ਹਾਂ ਦੇ 12 ਹੋਰ ਨਾਮ ਰਸੀਏ, ਸਿੱਖੀ ਜਜ਼ਬਿਆਂ ਨਾਲ ਸਰਸ਼ਾਰ ਸਿੰਘਾਂ ਦੇ ਵਿਸਾਖੀ ਦੇ ਪਾਵਨ ਗੁਰ-ਪੁਰਬ ਸਮੇਂ, ਸ੍ਰੀ. ਅੰਮ੍ਰਿਤਸਰ ਵਿਖੇ 13-4-78 ਨੂੰ ਜੁਗੋ ਜੁਗ ਅਟੱਲ, ਸ਼ਬਦ-ਅਵਤਾਰ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਪਦ ਦੀ ਮਹਾਨ ਵਡਿਆਈ, ਗੌਰਵਤਾ ਅਤੇ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਦੀ ਰਾਖੀ ਲਈ, ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦੀ ਸ਼ਹਿ ਅਤੇ ਹੁਕਮਾਂ ਨਾਲ ਨਿਹੱਥੇ, ਪੂਰਨ ਸ਼ਾਂਤਮਈ ਰਹਿੰਦਿਆਂ, ਖਿੜੇ ਮਥੇ, ਉਸ ਦੇ ਅਖੌਤੀ ਚੇਲੇ ਚਾਟੜਿਆਂ ਹਥੋਂ, ਗੋਲੀਆਂ ਨਾਲ ਭੁੰਨੇ ਜਾਣ ਅਤੇ ਆਪਣੀਆਂ ਛਾਤੀਆਂ ਨੂੰ ਛਾਨਣੀ ਛਾਣਨੀ ਕਰਵਾ ਕੇ ਸ਼ਹੀਦੀ ਪਦ ਪ੍ਰਾਪਤ ਕਰਨ ਉਤੇ, ਉਨ੍ਹਾਂ ਨੂੰ ਹਾਰਦਿਕ, ਡੂੰਘੀ ਤੇ ਭਰਪੂਰ ਸ਼ਰਧਾਂਜਲੀ ਭੇਟ ਕਰਦਾ ਹੈ। ਇਹ ਮਹਾਨ ਇਕੱਠ ਅਨੁਭਵ ਕਰਦਾ ਹੈ ਕਿ ਇਨ੍ਹਾਂ ਵੀਰ ਸ਼ਹੀਦਾਂ ਨੇ ਸਿੱਖ ਪੰਥ ਦੇ ਸ਼ਹੀਦੀ ਖਜ਼ਾਨੇ ਵਿਚ ਨਿਰਸੰਦੇਹ, ਨਾ ਕੇਵਲ ਇਕ ਭਾਰੀ ਵਾਧਾ ਕੀਤਾ ਹੈ, ਸਗੋਂ ਆਪਣੀਆਂ ਗੌਰਵਮਈ ਸ਼ਹੀਦੀਆਂ ਨਾਲ ਸਿੱਖ ਪੰਥ ਨੂੰ ਇਕ ਬਹੁ-ਮੁੱਲਾ ਵਿਰਸਾ ਪ੍ਰਦਾਨ ਕਰ ਕੇ ਇਕ ਹਿਲੂਣਾ ਦਿੱਤਾ ਹੈ।

"ਸਮੁੱਚੇ ਸਿੱਖ ਪੰਥ ਦਾ ਇਹ ਇਤਿਹਾਸਿਕ ਇਕੱਠ ਸਰਕਾਰ ਤੋਂ ਮੰਗ ਕਰਦਾ ਹੈ ਕਿ ਪਾਪੀ ਗੁਰਬਚਨ ਸਿੰਘ ਤੇ ਇਸ ਦੇ ਸਾਥੀ-ਸਹਿਯੋਗੀ ਕਾਤਲਾਂ ਵਿਰੁਧ ਤੁਰੰਤ ਮੁਕੱਦਮੇ ਚਲਾਏ ਜਾਣ ਅਤੇ ਮਾਨਵਤਾ, ਧਰਮ ਦੇ ਸਦਾਚਾਰ ਦੇ ਇਨ੍ਹਾਂ ਦੁਸ਼ਮਨਾਂ, ਦੋਖੀਆਂ, ਹਤਿਆਰਿਆਂ ਤੇ ਪਾਖੰਡੀਆਂ ਨੂੰ ਕਰੜਾ ਦੰਡ ਦਿੱਤਾ ਜਾਏ, ਕਿਉਂਕਿ ਇਨ੍ਹਾਂ ਨੇ 'ਧਰਮ' ਦੇ ਪਵਿੱਤਰ ਨਾਮ ਨੂੰ ਕਲੰਕਿਤ ਕੀਤਾ ਹੈ। ਇਹ ਇਕੱਠ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ ਇਨ੍ਹਾਂ ਦੇ ਵਿਦੇਸ਼ ਨੂੰ ਭੱਜ ਜਾਣ ਦੇ ਨਾਪਾਕ ਇਰਾਦੇ ਨੂੰ ਅਸਫਲ ਬਣਾ ਦਿੱਤਾ ਜਾਏ।

"ਇਹ ਮਹਾਨ ਸਮਾਗਮ ਬੜੇ ਦੁਖਿਤ ਹਿਰਦੇ ਨਾਲ ਅਨੁਭਵ ਕਰਦਾ ਹੈ ਕਿ


ਅਖੌਤੀ ਨਿਰੰਕਾਰੀ ਗੁਰਬਚਨ ਸਿੰਘ ਨੇ ਆਪਣੀ ਪੁਸਤਕ 'ਅਵਤਾਰ-ਬਾਣੀ' ਵਿਚ ਸਿੱਖ ਧਰਮ, ਅਥਵਾ ਦੂਜੇ ਪ੍ਰਮਾਣੀਕ ਧਰਮਾਂ ਵਿਰੁੱਧ ਜ਼ਹਿਰੀਲਾ ਤੇ ਘਿਰਣਾ ਭਰਪੂਰ ਪ੍ਰਚਾਰ ਕਰ ਕੇ ਮਹਾਨ ਨਿਰਾਦਰ ਤੇ ਘੋਰ ਪਾਪ ਕੀਤਾ ਹੈ, ਇਸ ਲਈ ਇਹ ਮਹਾਨ ਸਮਾਗਮ ਇਸ ਦੀ ਕਰੜੀ ਨਿਖੇਧੀ ਅਤੇ ਇਸ ਨੂੰ ਫਿਟਕਾਰਤ ਕਰਦਾ ਹੈ, ਅਤੇ ਸਰਕਾਰ ਪਾਸੋਂ 'ਅਵਤਾਰ-ਬਾਣੀ' ਪੁਸਤਕ ਅਤੇ ਅਜਿਹੇ ਹੋਰ ਸਖ਼ਤ ਇਤਰਾਜ਼ ਯੋਗ ਲਿਟਰੇਚਰ ਨੂੰ ਤੁਰੰਤ ਜ਼ਬਤ ਕਰਨ ਦੀ ਮੰਗ ਕਰਦਾ ਹੈ।

"ਇਹ ਮਹਾਨ ਇਕੱਠ ਇਨ੍ਹਾਂ ਅਣਖੀਲੇ, ਜਾਂ-ਬਾਜ਼, ਸ਼ਹੀਦ ਪਰਵਾਰਾਂ ਨਾਲ ਹਾਰਦਿਕ ਤੇ ਆਦਰ ਭਰੀ ਸਮਵੇਦਨਾ ਪ੍ਰਗਟ ਕਰਦਾ ਹੈ, ਤੇ ਸਮੁੱਚੇ ਸਿੱਖ ਪੰਥ ਨੂੰ ਅਪੀਲ ਕਰਦਾ ਹੈ ਕਿ ਇਨ੍ਹਾਂ ਸ਼ਹੀਦਾ ਦਾ ਭਰਪੂਰ ਸਤਿਕਾਰ ਕਰਦਿਆਂ ਇਨ੍ਹਾਂ ਦੀ ਢੁਕਵੀਂ ਯਾਦਗਾਰ ਸਥਾਪਨ ਕੀਤੀ ਜਾਏ।

"ਪੰਥ ਦਾ ਵਾਲੀ ਸਤਿਗੁਰੂ ਆਪਣੇ ਲਾਡਲੇ ਪੰਥ ਦੀ ਸਹਾਇਤਾ ਤੇ ਅਗਵਾਈ ਕਰੇ।"

13-4-78 ਨੂੰ ਨਕਲੀ ਨਿਰੰਕਾਰੀਆਂ ਵਲੋਂ ਸ਼ਾਂਤਮਈ ਸਿੰਘਾਂ ਦੇ ਜੱਥੇ ਦਾ ਕਤਲੇ ਆਮ ਕੀਤੇ ਜਾਣ ਵਿਰੁਧ ਪ੍ਰੋਟੈਸਟ ਕਰਨ ਲਈ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਅਕਾਲੀ ਦਲ ਅਤੇ ਦਿੱਲੀ ਨਿਵਾਸੀ ਹੋਰ ਪਤਵੰਤੇ ਸੱਜਣਾਂ ਦੇ ਸਾਂਝੇ ਉਦਮ ਦਾ ਸਦਕਾ, ਦਿੱਲੀ ਵਿਚ 14 ਮਈ 1978 ਨੂੰ ਦਸ ਕਿਲੋਮੀਟਰ ਲੰਬਾ ਇਕ ਭਾਰੀ "ਪ੍ਰੋਟੈਸਟ-ਜਲੂਸ" ਨਿਕਲਿਆ, ਜਿਸ ਵਿਚ ਭਾਰਤ ਦੇ ਵਖ ਵਖ ਪ੍ਰਾਂਤਾਂ ਤੋਂ ਅਤੇ ਵਿਦੇਸ਼ਾਂ ਤੋਂ ਲੱਖਾਂ ਦੀ ਗਿਣਤੀ ਵਿਚ ਸਿਖ ਸੰਗਤਾਂ ਨੇ ਭਾਗ ਲਿਆ। ਕਾਲੇ ਦਸਤਾਰੇ, ਕਾਲੇ ਦੁਪੱਟੇ, ਮੌਢਿਆਂ ਤੇ ਕਾਲੇ ਬਿਲੇ ਅਤੇ ਹੱਥਾਂ ਵਿਚ ਮਾਟੋ ਫੜ ਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਸਿੰਘਾਂ ਦਾ ਇਹ ਸ਼ਾਂਤਮਈ ਮਾਰਚ ਗੁਰਦੁਆਰਾ ਬੰਗਲਾ ਸਾਹਿਬ ਤੋਂ ਅਰੰਭ ਹੋ ਕੇ ਸ੍ਰੀ ਰਕਾਬਗੰਜ ਸਾਹਿਬ ਸਮਾਪਤ ਹੋਇਆ। ਇਹ ਇਤਿਹਾਸਕ ਮਹੱਤਤਾ ਰੱਖਣ ਵਾਲਾ ਮਹੱਤਵਪੂਰਨ ਜਲੂਸ ਸੀ।

ਪਿਛਲੇ ਪਹਿਰ ਗੁ: ਰਕਾਬਗੰਜ ਸਾਹਿਬ ਵਿਖੇ ਇਕ ਭਾਰੀ ਪੰਥਕ ਕਨਵੈਨਸ਼ਨ ਹੋਈ, ਜਿਸ ਵਿਚ ਪੰਥ ਦੇ ਵੱਖ ਵੱਖ ਵਿਚਾਰਧਾਰਾ ਰਖਣ ਵਾਲੇ ਪੰਥਕ ਵਿਅਕਤੀਆਂ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਨਿਸ਼ਾਨਾ ਸਾਰਿਆਂ ਦਾ ਇਕੋ ਸੀ ਕਿ (ਨਕਲੀ) ਨਿਰੰਕਾਰੀਆਂ ਨੂੰ ਉਨ੍ਹਾਂ ਦੇ ਦੋਸ਼ ਵਜੋਂ ਕਾਨੂੰਨ ਅਧੀਨ ਕਰੜਾ ਦੰਡ ਦਿਵਾਇਆ ਜਾਵੇ, ਉਨ੍ਹਾਂ ਦਾ ਘਟੀਆ ਹੈ ਇਤਰਾਜ਼ ਯੋਗ ਸਾਹਿੱਤ ਗੈਰ-ਕਾਨੂੰਨੀ ਕਰਾਰ ਦਿਵਾਇਆ ਜਾਵੇ ਅਤੇ ਸ੍ਰੀ ਗੁਰੂ ਗ੍ਰੰਥ-ਪੰਥ ਦਾ ਸਤਿਕਾਰ ਹਰ ਹਾਲਤ ਵਿਚ ਬਰਕਰਾਰ ਰਖਿਆ ਜਾਵੇ।



ਅਕਾਲ ਤਖ਼ਤ ਸਾਹਿਬ ਤੋਂ ਅਸ਼ੀਰਵਾਦ ਦੀ ਪ੍ਰਾਪਤੀ—ਸੰਤ ਭਿੰਡਰਾਂ ਤੇ ਸਾਥੀ ਸਿੰਘ।
(ਫੋਟੋ—ਸਤਪਾਲ ਦਾਨਿਸ਼)

ਇਸ ਸਬੰਧ ਵਿਚ 17-੬-78 ਨੂੰ ਸ਼੍ਰ: ਗੁ: ਪ੍ਰ: ਕਮੇਟੀ ਵਲੋਂ ਪੰਥ-ਪ੍ਰਤਿਸ਼ਟ ਵਿਅਕਤੀਆਂ, ਪੰਜਾਂ ਤਖਤਾਂ ਦੇ ਜੱਥੇਦਾਰਾਂ, ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਧਰਮ ਪਰਚਾਰ ਕਮੇਟੀ, ਸਮੂਹ ਸਿਖ ਸੰਪਰਦਾਵਾਂ, ਸਿਖ ਵਿਦਵਾਨਾਂ ਦੀ ਇਕ "ਨੁਮਾਇੰਦਾ ਇਕੱਤਰਤਾ" ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਬੁਲਾਈ ਗਈ, ਜਿਸ ਵਿਚ ਹੇਠ ਲਿਖੇ ਵਿਚਾਰ ਹੋਏ ਸਨ—

(1) ਸ੍ਰੀ ਅਕਾਲ ਤਖਤ ਦੇ ਜੱਥੇਦਾਰ ਸਾਹਿਬ ਨੂੰ ਬੇਨਤੀ ਕੀਤੀ ਗਈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਕਰਨ, ਜਿਸ ਦੁਆਰਾ ਸਿੱਖ ਸੰਗਤਾਂ ਦਾ ਨਕਲੀ ਨਿਰੰਕਾਰੀਆਂ ਨਾਲ ਵਰਤੋਂ ਵਿਹਾਰ ਬੰਦ ਕੀਤਾ ਜਾਵੇ।

(2) ਨਕਲੀ ਨਿਰੰਕਾਰੀਆਂ ਵਿਰੁਧ ਕਾਨੂੰਨੀ ਕਾਰਵਾਈ ਤੁਰੰਤ ਕੀਤੇ ਜਾਣ ਲਈ ਸਮੇਂ ਸਮੇਂ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਜਾਂਦੀ ਰਵੇ।

(3) ਨਕਲੀ ਨਿਰੰਕਾਰੀਆਂ ਵਲੋਂ ਸਿਖ ਧਰਮ ਅਤੇ ਹੋਰ ਧਰਮਾਂ ਵਿਰੁਧ ਛਾਪੇ ਗਏ ਸਾਹਿੱਤ ਨੂੰ ਪ੍ਰਕਾਸ਼ਤ ਕਰਵਾ ਕੇ ਲੋਕਾਂ ਦੀ ਦ੍ਰਿਸ਼ਟੀ ਗੋਚਰਾ ਕੀਤਾ ਜਾਵੇ।

(4) ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਹਰ ਹਾਲਤ ਵਿਚ ਬਰਕਰਾਰ ਰਖਿਆ ਜਾਵੇ, ਭਾਵੇਂ ਇਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣੀ ਪਵੇ।

## ਨਕਲੀ ਨਿਰੰਕਾਰੀਆਂ ਦੀ ਪੁਸਤਕ 'ਅਵਤਾਰ ਬਾਣੀ' ਵਿਚੋਂ ਸਿੱਖ ਤੇ ਹਿੰਦੂ ਧਰਮ ਵਿਰੁਧ ਕੁਝ ਹੁੱਜਤਾਂ

**ਸਿਖ ਧਰਮ ਵਿਰੁਧ—**

ਜਿਸ ਵੇਲੇ ਨੌਂ ਸਾਲਾਂ ਦਾ ਸਾਂ ਗੁਟਕੇ ਕਈ ਮੰਗਾਏ ਮੈਂ।
ਸਿਖ ਬਣਨ ਦੀ ਇਛਾ ਹੋਈ, ਫਿਰ ਨਾ ਵਾਲ ਮੁੰਨਾਏ ਮੈਂ।
ਜੋ ਕੁਝ ਦਸਿਆ ਮੈਨੂੰ ਭਾਈਆਂ ਸਾਰੇ ਕਰਮ ਕਮਾਏ ਮੈਂ।
ਅੰਮ੍ਰਿਤ ਛਕਿਆ ਰਹਿਤਾਂ ਰਖੀਆਂ ਨਾਲੇ ਪਾਠ ਕਰਾਏ ਮੈਂ।
ਸਭ ਕੁਝ ਕਰ ਕੇ ਕੁਝ ਨਾ ਮਿਲਿਆ, ਮੈਨੂੰ ਤੇ ਹੰਕਾਰ ਬਿਨਾਂ।
ਮੈਨੂੰ ਅਮਰ ਕਿਸੇ ਨਾ ਕੀਤਾ, ਪੂਰੇ ਗੁਰ ਅਵਤਾਰ ਬਿਨਾਂ।

—ਪੰਨਾ 206, ਅਵਤਾਰ ਬਾਣੀ

ਦਿਲ ਵਿਚ ਮੇਰੇ ਸ਼ੌਕ ਬੜਾ ਸੀ, ਰੱਬੀ ਬਾਣੀ ਪੜ੍ਹਨੇ ਦਾ।
ਹਰ ਵੇਲੇ ਹੀ ਖਿਆਲ ਸੀ ਰਹਿੰਦਾ, ਇਹੋ ਤਾਣੀ ਤਣਨੇ ਦਾ।
ਏਸੇ ਲਈ ਪੰਜਾਬੀ ਨੂੰ ਮੈਂ ਛੇਤੀ ਛੇਤੀ ਸਿਖ ਲਿਆ।



ਜੋ ਪੜ੍ਹਿਆ ਮੈਂ ਦਿਲ ਦੀ ਤਖਤੀ ਉਤੇ ਉਸ ਨੂੰ ਲਿਖ ਲਿਆ।
ਅਖੰਡ ਪਾਠ ਵੀ ਕਰਦਾ ਸਾਂ ਤੇ ਪਾਠੀ ਵੀ ਅਖਵਾਂਦਾ ਸਾਂ।
ਹੇਕਾਂ ਲਾ ਕੇ ਬਾਣੀ ਪੜ੍ਹ ਕੇ ਲੋਕਾਂ ਤਾਈਂ ਸੁਣਾਂਦਾ ਸਾਂ।
ਇਹ ਕੁਝ ਕਰ ਕੇ ਕੁਝ ਨਾ ਲੱਭਾ, ਬਿਨਾਂ ਇਕ ਅੰਧਿਆਰੇ ਤੋਂ।
ਰੂਪ ਲਾਲ ਨੂੰ ਮਿਲਿਆ ਕੁਝ ਨਾ, ਬਿਨ ਅਵਤਾਰ ਪਿਆਰੇ ਤੋਂ।

—ਪੰਨਾ 211, ਅਵਤਾਰ ਬਾਣੀ

ਜਿੰਨੇ ਵੀ ਹੋ ਗੁਜ਼ਰੇ ਅਜ ਤਕ ਆਪਣੇ ਆਪ ਨਾ ਪਾ ਸਕੇ।
ਰਾਮ ਕ੍ਰਿਸ਼ਨ ਤੇ ਨਾਨਕ ਤਕ ਵੀ ਖੁਦ ਨਾ ਪਰਦਾ ਲਾ ਸਕੇ।

—ਪੰਨਾ 43, ਅੰਕ 89, ਅਵਤਾਰ ਬਾਣੀ

ਜਿਹੜੇ ਘਰ ਵਿਚ ਜਨਮ ਲਿਆ ਮੈਂ, ਸੋਖਾ ਪੀਣਾ ਖਾਣਾ ਸੀ।
ਗੁਰੂ ਨਾਨਕ ਦੇ ਮੰਨਣ ਵਾਲਾ, ਸਿੱਖੀ ਧਰਮ ਘਰਾਣਾ ਸੀ।
ਗੁਰਦਵਾਰੇ ਦੇ ਵਿਚ ਜਾ ਕੇ, ਅਪਣਾ ਸੀਸ ਝੁਕਾਂਦੇ ਸਨ।
ਗੁਰਬਾਣੀ ਨੂੰ ਪੜ੍ਹਨਾ ਸੁਣਨਾ, ਅਖੰਡ ਪਾਠ ਰਖਾਂਦੇ ਸਨ।
ਸਿੱਖੀ ਧਰਮ ਨਿਭਾਵਨ ਵਾਲੇ, ਪੰਥ ਦੀ ਸੇਵਾ ਕਰਦੇ ਸਨ।
ਧਰਮ ਦੀ ਖਾਤਰ ਲੋੜ ਪਏ ਜੇ, ਸਭ ਕੁਝ ਅਗੇ ਧਰਦੇ ਸਨ।
ਸਿੱਖੀ ਧਰਮ ਹੈ ਸਭ ਤੋਂ ਉੱਚਾ, ਮਾਣ ਸੀ ਘਰ ਦੇ ਜੀਆਂ ਨੂੰ।
ਇਹੋ ਗਲ ਸਿਖਾਈ ਵੱਡਿਆਂ, ਆਪਣੇ ਪੁੱਤਰ ਧੀਆਂ ਨੂੰ।
ਜੋ ਕੁਝ ਦਸਿਆ ਬਾਪੂ ਸਾਨੂੰ, ਹੱਸ ਹੱਸ ਚੱਟੀ ਭਰਦੇ ਰਹੇ।
ਅਵਤਾਰ ਗੁਰੂ ਮਹਾਂ ਦੇਵ ਦੇ ਬਾਝੋਂ, ਹਰ ਹਰ ਹਰ ਹਰ ਕਰਦੇ ਰਹੇ।

(ਪੰਨਾ 195)

ਮੇਰੀ ਹੋਸ਼ਾਂ ਅੱਖ ਉਘੇੜੀ, ਬੰਦੀ ਖਾਨੇ ਭਰਮਾਂ ਦੇ।
ਕਟੜ ਸਿਖ ਸਨ ਪਿਓ ਤੇ ਦਾਦਾ, ਹਾਮੀ ਸਿੱਖੀ ਕਰਮਾਂ ਦੇ।
ਸਿੱਖੀ ਧਰਮ ਨਿਭਾਵਣ ਦੇ ਲਈ, ਪੂਰੀ ਜੋ ਹਰ ਰੀਤ ਕਰਨ।
ਗੁਰਦਵਾਰੇ ਵਿਚ ਆਣਾ ਜਾਣਾ, ਗੁਰਬਾਣੀ ਨਾਲ ਪ੍ਰੀਤਿ ਕਰਨ।
ਜਿਹੜੀ ਘਾਟੀ ਆਪ ਚੜ੍ਹੇ ਉਹ, ਸਾਨੂੰ ਵੀ ਉਹ ਚੜ੍ਹਨੀ ਪਈ।
ਗੁਰਦਵਾਰੇ ਵਿਚ ਡੇਰਾ ਟੋਰਾ, ਗੁਰਬਾਣੀ ਵੀ ਪੜ੍ਹਨੀ ਪਈ।
ਜਿਦਾਂ ਜਿਦਾਂ ਹੁਕਮ ਕਰਨ ਉਹ, ਚਲਿਆ ਬਾਰ੍ਹਾਂ ਮਾਸੇ ਮੈਂ।
ਪਾਠ ਪੜ੍ਹੇ ਤੇ ਰਹਿਤਾਂ ਰਖੀਆਂ, ਖੂਬ ਕੀਤੇ ਅਰਦਾਸੇ ਮੈਂ।

ਵਰ੍ਹਿਆਂ ਬਧੀ ਗੁਰਦਵਾਰੇ ਵਿਚ, ਸੇਵਾ ਖੂਬ ਕਮਾਈ ਮੈਂ।
'ਸੰਤੋਖ' ਕਹੇ ਅਵਤਾਰ ਗੁਰੂ ਬਿਨ, ਫੋਕੀ ਪੜ੍ਹੀ ਪੜ੍ਹਾਈ ਮੈਂ।
—ਪੰਨਾ 197-98, ਅਵਤਾਰ ਬਾਣੀ

ਲੋਕ ਦਿਖਾਵੇ ਦੇ ਲਈ ਕੀਤਾ, ਜੋ ਕੁਝ ਕਰਮ ਕਮਾਇਆ ਮੈਂ।
ਜਾ ਹਰਿਮੰਦਰ ਤੜਕੇ ਨਹਾਂਦਾ, ਦੁਖਾਂ ਦਾ ਘਬਰਾਇਆ ਮੈਂ।
ਹਰਿ ਕਿਹੜੇ ਹਰਿਮੰਦਰ ਵਸਦਾ, ਇਸ ਦੀ ਸਾਰ ਨਾ ਜਾਣੀ ਮੈਂ।
ਤੋਤੇ ਵਾਂਗੂ ਪੜ੍ਹ ਪੜ੍ਹ ਪੋਥੀ, ਰਿਹਾ ਰਿੜਕਦਾ ਪਾਣੀ ਮੈਂ।
ਚੌਦ੍ਹਾਂ ਸਾਲਾਂ ਦਾ ਸਿੰਘ ਸਜਿਆ, ਕੀਤਾ ਅੰਮ੍ਰਿਤ ਪਾਨ ਵੀ ਮੈਂ।
ਕੇਸ ਕੜਾ ਤੇ ਕੰਘਾ ਕਛਾ, ਪਾਈ ਗਲ ਕ੍ਰਿਪਾਨ ਵੀ ਮੈਂ।
ਵਾਹਿਗੁਰੂ ਦਾ ਸਿਮਰਨ ਲੀਤਾ, ਜੂਠਾ ਕਿਸੇ ਦਾ ਖਾਣਾ ਨਹੀਂ।
ਪੰਜ ਬਾਣੀ ਦਾ ਪਾਠ ਵੀ ਕਰਨਾ, ਰਹਿਤਾਂ ਤਾਈਂ ਭੁਲਾਣਾ ਨਹੀਂ।
ਅੰਮ੍ਰਿਤ ਨਾਮ ਨਿਧਾਨ ਹੈ ਕਿਹੜਾ, ਇਹ ਕਿਸੇ ਵੀ ਦਸਿਆ ਨਾ।
ਸ਼ਾਂਤ ਗੁਰੂ ਅਵਤਾਰ ਦੇ ਬਾਝੋਂ, ਅੰਮ੍ਰਿਤ ਮਨ ਵਿਚ ਵਸਿਆ ਨਾ।
—ਪੰਨਾ 218, ਅਵਤਾਰ ਬਾਣੀ

ਜੋ ਜੋ ਹੁਕਮ ਕਰਨ ਘਰ ਵਾਲੇ, ਉਸ ਤੇ ਅਮਲ ਕਰਾਇਆ ਮੈਂ।
ਰਹਿਰਾਸ ਤੇ ਸੁਖਮਨੀ ਨੂੰ, ਦਿਲ ਵਿਚ ਖੂਬ ਵਸਾਇਆ ਮੈਂ।
ਸਮਝ ਕੇ ਇਸ ਨੂੰ ਕੰਮ ਧਰਮ ਦਾ, ਗੁਰੂ ਦਵਾਰੇ ਜਾਂਦਾ ਸੀ।
ਦਿਲ ਵਿਚ ਪੂਰਨ ਸ਼ਰਧਾ ਰੱਖ ਕੇ, ਆਪਣਾ ਸੀਸ ਝੁਕਾਂਦਾ ਸਾਂ।
ਗੁਰ ਨਾਨਕ ਹੈ ਪੂਰਾ ਰਹਿਬਰ, ਪੱਕਾ ਸੀ ਇਤਬਾਰ ਮੇਰਾ।
ਬਾਣੀ ਨੂੰ ਮੈਂ ਸਭ ਕੁਝ ਸਮਝਾਂ, ਬਾਣੀ ਨਾਲ ਸੀ ਪਿਆਰ ਮੇਰਾ।
ਸਿੱਖੀ ਧਰਮ ਨਿਭਾਵਣ ਖਾਤਰ, ਰਹਿਤਾਂ ਨੂੰ ਵੀ ਰਖਿਆ ਮੈਂ।
ਗੁਰੂ ਦਵਾਰੇ ਦੇ ਵਿਚ ਜਾ ਕੇ, ਅੰਮ੍ਰਿਤ ਵੀ ਸੀ ਛਕਿਆ ਮੈਂ।
ਵਰ੍ਹਿਆਂ ਬਧੀ ਚਾਲ ਚਲੀ ਇਹ, ਚਲਦੀ ਇਹੋ ਰੀਤ ਰਹੀ।
ਮਹਾਂਦੇਵ ਅਵਤਾਰ ਦੇ ਬਾਝੋਂ, ਹੈ ਸੀ ਆਯੂ ਬੀਤ ਰਹੀ।
—ਪੰਨਾ 195, ਅਵਤਾਰ ਬਾਣੀ

ਭੁਲੇ ਰਾਹੀਆਂ ਨੂੰ ਪੈ ਗਿਆ ਲਿਖਣਾ ਜੀਵਨ ਕਹਾਣੀ ਨੂੰ।
ਕਟੜ ਸਿੱਖ ਘਰਾਨੇ ਜੰਮਿਆ, ਜੋ ਮੰਨਦੇ ਸਨ ਬਾਣੀ ਨੂੰ।
ਹੋਸ਼ ਸੰਭਾਲੀ ਤੇ ਫੜ ਲੀਤਾ ਪੂਜਾ ਪਾਠ ਮਧਾਣੀ ਨੂੰ।



ਵਰ੍ਹੇ ਅਠੱਤੀ ਰਿਹਾ ਰਿੜਕਦਾ, ਨਿਤਨੇਮ ਦੇ ਪਾਣੀ ਨੂੰ।
ਰਿੜਕ ਰਿੜਕ ਕੇ ਬਾਹਵਾਂ ਹੰਭੀਆਂ, ਐਪਰ ਮਖਣ ਆਇਆ ਨਾ।
ਅਵਤਾਰ ਜਿਹਾ ਨਾ ਜੋਗੀ ਲਭਾ, ਭੇਤ ਕਿਸੇ ਸਮਝਾਇਆ ਨਾ।
ਗੁਰਦਵਾਰੇ ਅੰਮ੍ਰਿਤ ਛਕਿਆ, ਬਣਿਆ ਫਿਰ ਅਕਾਲੀ ਮੈਂ।
ਰਹਿਤ ਜੋ ਦਸੀ ਆਗੂ-ਸੰਤਾਂ, ਨਾਲ ਜਾਨ ਦੇ ਪਾਲੀ ਮੈਂ।
ਪ੍ਰਭ ਮਿਲਣ ਲਈ ਦਾਨ ਤੇ ਲੰਗਰ ਦਿਤੀ ਖੂਬ ਦਲਾਲੀ ਮੈਂ।
ਦਰ ਪ੍ਰੀਤਮ ਦਾ ਖੁਲ੍ਹ ਨਾ ਸਕਿਆ, ਹਾਰ ਕੇ ਸੁਟੀ ਥਾਲੀ ਮੈਂ।
ਅਕ ਕੇ ਕਰਮਾਂ ਕਾਂਡਾਂ ਤੋਂ ਥਕ ਹਾਰ ਕੇ ਬੈਠ ਗਿਆ।
ਅਵਤਾਰ ਗੁਰੂ ਨਾ ਪੂਰਾ ਮਿਲਿਆ ਮਨ ਨੂੰ ਮਾਰ ਕੇ ਬੈਠ ਗਿਆ।
—ਪੰਨਾ 247, ਅਵਤਾਰ ਬਾਣੀ

ਇਕ ਦਿਨ ਪੁਛਿਆ ਸੰਤ ਕਿਸੇ ਤੋਂ, ਕੀਕਣ ਰਬ ਦਾ ਕਰਾਂ ਦੀਦਾਰ।
ਕਹਿਣ ਲਗਾ ਓ ਭੋਲੇ ਬਾਲਕ ! ਮੁਸ਼ਕਲ ਕੰਮ ਇਹ ਛੋੜ ਵੀਚਾਰ।
ਕਲਜੁਗ ਅੰਦਰ ਰੱਬ ਨਹੀਂ ਮਿਲਣਾ ਸੇਵਾ ਸਿਰਫ ਕਮਾਈ ਚਲ।
ਵਾਹਿਗੁਰੂ ਵਾਹਿਗੁਰੂ ਕਰ ਦਿਨ ਰਾਤੀਂ, ਇਹੋ ਨਾਮ ਧਿਆਈ ਚਲ।
ਨਗਰ ਨਗਰ ਦੀ ਗਲੀ ਗਲੀ ਵਿਚ ਤੇਰੀ ਅਲਖ ਜਗਾਂਦਾ ਸਾਂ।
ਅਵਤਾਰ ਗੁਰੂ ਦੀ ਬਖਸ਼ਿਸ਼ ਬਾਝੋਂ ਜੀਵਨ ਪਿਆ ਗਵਾਂਦਾ ਸਾਂ।
—ਪੰਨਾ 223, ਅਵਤਾਰ ਬਾਣੀ

ਝਟਕ ਲਗ ਗਈ ਵਾਹਿਗੁਰੂ ਦੀ ਛਕ ਅੰਮ੍ਰਿਤ ਸਿੰਘ ਸਜਿਆ।
ਬਲਵੰਤ ਸਿੰਘ ਮੈਂ ਨਾਂ ਰਖਾਇਆ ਮੈਦਾਨਾਂ ਵਿਚ ਗਜਿਆ।...
ਪੰਜ ਬਾਣੀਆਂ ਰੋਜ਼ ਘੋਟਦਾ, ਕਵਿਤਾ ਲੈਕਚਰ ਬਾਜ਼ੀ।
ਉਪਦੇਸ਼ਕ ਗੁਰਦਵਾਰੇ ਦਾ ਸਾਂ, ਜਿਵੇਂ ਮਸੀਤੇ ਕਾਜ਼ੀ।
ਗੁਰੂ ਗ੍ਰੰਥ ਸੀ ਠਾਕਰ ਮੇਰਾ, ਮੈਂ ਸਾਂ ਉਹਦਾ ਪੁਜਾਰੀ।
ਕਮਲਾ ਗੁਰੂ ਅਵਤਾਰ ਦੇ ਬਾਝੋਂ, ਘੁਸ ਜਾਣੀ ਸੀ ਵਾਰੀ।
—ਪੰਨਾ 228, ਅਵਤਾਰ ਬਾਣੀ

ਕਦੀ ਕਦੀ ਕੰਮ ਸਮਝ ਕੇ ਚੰਗਾ ਗੁਰੂ ਦਵਾਰੇ ਜਾਂਦਾ ਸਾਂ।
ਸ਼ਰਧਾ ਦੇ ਨਾਲ ਸੁਣ ਕੇ ਬਾਣੀ ਅਪਣਾ ਸੀਸ ਝੁਕਾਂਦਾ ਸਾਂ।
ਮਹਾਂ ਪੁਰਸ਼ਾਂ ਸਮਝਾਇਆ ਇਕ ਦਿਨ ਧ੍ਰਿਗ ਧ੍ਰਿਗ ਐਸਾ ਜੀਣਾ ਏ।
ਸੁਣ ਸੂਰਜ ਅਵਤਾਰ ਗੁਰੂ ਬਿਨ, ਇਹ ਨਰ ਨਾਮੋਂ ਹੀਣਾ ਏ।
—ਪੰਨਾ 201, ਅਵਤਾਰ ਬਾਣੀ

ਕਈ ਜੁਗਾਂ ਦੇ ਚੱਕਰ ਖਾ ਖਾ, ਜਨਮ ਲਿਆ ਮਘਿਆਣੇ।
ਪਿਛਲੇ ਦੁਖ ਯਾਦ ਸੀ ਮੈਨੂੰ, ਹੈ ਸਨ ਹੋਸ਼ ਟਿਕਾਣੇ।
ਇਹ ਸੀ ਪਤਾ ਕਿ ਮਾਨੁਸ਼ ਦੇਹੀ, ਫਿਰ ਫਿਰ ਹਥ ਨਹੀਂ ਆਣੀ।
ਐਥੋਂ ਭੁੱਲੀ ਫੇਰ ਚੁਰਾਸੀ, ਪੈ ਜਾਸੀ ਭੁਗਤਾਣੀ।
ਘਰ ਵਿਚ ਹੈਸੀ ਗੁਰੂ ਗ੍ਰੰਥ, ਮੈਂ ਓਟ ਉਸ ਦੀ ਰਖੀ।
ਸਤਿਗੁਰ ਦੀ ਮੈਂ ਦੇਹੀ ਸਮਝਾਂ, ਬਹਿਣ ਨ ਦੇਵਾਂ ਮੱਖੀ।
ਇਹ ਨਾ ਪਤਾ ਕਿ ਸ਼ਬਦ ਗੁਰੂ ਏ, ਪੋਥੀ ਗੁਰ ਨਹੀਂ ਹੋਂਦੀ।
ਰਾਜ ਗੁਰੂ ਅਵਤਾਰ ਨ ਮਿਲਦਾ, ਸਾਰੀ ਉਮਰਾਂ ਰੋਂਦੀ।

—ਪੰਨਾ 240, ਅਵਤਾਰ ਬਾਣੀ

ਗ੍ਰੰਥਾਂ ਤੋਂ ਨਾ ਪਾਈ ਸੋਝੀ ਪੜ੍ਹ ਪੜ੍ਹ ਕੇ ਮੈਂ ਅਕ ਗਿਆ।
ਚਲ ਚਲ ਜਾਂ ਨਾ ਮੰਜ਼ਲ ਆਈ, ਆਖਰ ਤੇ ਮੈਂ ਥਕ ਗਿਆ।
ਸੇਵਾ ਤੇ ਅਰਦਾਸੇਂ ਕਰ ਕਰ ਮਨ ਨਾ ਨਿਰਮਲ ਹੋ ਸਕਿਆ।
ਅੰਮ੍ਰਿਤਸਰ ਜਹੇ ਸਰ ਦਾ ਪਾਣੀ, ਮੈਲ ਨ ਦਿਲ ਦੀ ਧੋ ਸਕਿਆ।
ਤਰਨ ਤਾਰਨ ਵਿਚ ਲਾ ਲਾ ਤਾਰੀ, ਭਵ ਸਾਗਰ ਨਾ ਤਰ ਸਕਿਆ।
ਪੜ੍ਹ ਸੁਖਮਨੀ ਸੁਖ ਨਾ ਲੱਭਾ, ਜੀ ਨਾ ਮੇਰਾ ਠਰ ਸਕਿਆ।
ਰਾਮ ਮਿਲਣ ਦੀ ਖਾਹਸ਼ ਲੈ ਕੇ, ਪੁਛਿਆ ਸਾਧ ਫਕੀਰਾਂ ਨੂੰ।
ਸੰਤੋਖ ਗੁਰੂ ਅਵਤਾਰ ਨ ਲੱਭਾ, ਕੀਤਾ ਕਈ ਤਦਬੀਰਾਂ ਨੂੰ।

—ਪੰਨਾ 198-99, ਅਵਤਾਰ ਬਾਣੀ

**ਹਿੰਦੂ ਧਰਮ ਵਿਰੁਧ ਬਕਵਾਸ ਬਾਜ਼ੀ—**

ਫਿਕੀ ਦਿਸੇ ਆਰਤੀ ਪੂਜਾ ਫਿਕੇ ਦੁਨੀਆ ਦੇ ਸਮਾਨ।
ਫਿਕੇ ਦਿਸਨ ਟੱਲ ਮੰਦਰਾਂ ਦੇ ਫਿਕੇ ਦਿਸਨ ਸੁਰ ਤੇ ਤਾਨ।
ਫਿਕੀ ਫਿਕੀ ਮਾਲਾ ਜਾਪੇ ਫਿਕੇ ਮੰਦਰਾਂ ਦੇ ਭਗਵਾਨ।
ਫਿਕਾ ਫਿਕਾ ਹਰ ਸਾਹ ਜਾਪੇ, ਫਾਥੀ ਚਕੀ ਦੇ ਵਿਚ ਜਾਨ।

—ਪੰਨਾ 189, ਅਵਤਾਰ ਬਾਣੀ

ਹਿੰਦੂ ਘਰ ਵਿਚ ਜਨਮ ਲਿਆ ਜੋ ਕੱਟੜ ਸਨਾਤਨ ਧਰਮੀ ਸਨ।
ਜੋਸ਼ੀ ਵੰਸ਼ ਬ੍ਰਾਹਮਣ ਕੁਲ ਸੀ, ਪੂਰੇ ਨੇਮੀ ਧਰਮੀ ਸਨ।
ਬਾਲ ਅਵਸਥਾ ਤੋਂ ਹੀ ਆਦਤ ਬਣ ਗਈ ਮੰਦਰ ਜਾਣੇ ਦੀ।
ਕਥਾ ਕੀਰਤਨ ਸੁਣਨੇ ਦੀ, ਤੇ ਰੋਜ਼ ਸਮਾਧੀ ਲਾਣੇ ਦੀ।



ਫੇਰ ਇਹ ਸੁਣਿਆ ਸਮਝ ਨਹੀਂ ਆਉਂਦੀ, ਜਦ ਤੀਕਨ ਵਿਦਵਾਨ ਨਹੀਂ।
ਸ਼ਾਸਤਰ ਵੇਦ ਪੜ੍ਹੇ ਨਾ ਜਦ ਤਕ ਹੁੰਦਾ ਅਸਲੀ ਗਿਆਨ ਨਹੀਂ।
ਇਕ ਪੰਡਤ ਤੋਂ ਪੜ੍ਹੀ ਸੰਸਕ੍ਰਿਤ ਸਿਖੀ ਕਰਨੀ ਵੇਦ ਵਿਚਾਰ।
ਜਿਵੇਂ ਵੇਸ਼ਿਆ ਬੈਠੀ ਹੋਵੇ, ਲਾ ਕੇ ਸੋਲ੍ਹਾਂ ਹਾਰ ਸ਼ਿੰਘਾਰ।
ਲੱਖਾਂ ਅੱਖਰ ਪੜ੍ਹ ਲਏ ਭਾਵੇਂ ਅਲਫ ਸਮਝ ਵਿਚ ਆਈ ਨਾ।
ਨਿਰਮਲ ਗੁਰ ਅਵਤਾਰ ਦੇ ਬਾਝੋਂ ਆਪਣੀ ਸੋਝੀ ਪਾਈ ਨਾ।

—ਪੰਨਾ 216, ਅਵਤਾਰ ਬਾਣੀ

ਖਿਆਲ ਸਨਾਤਨ ਪੂਜਾ ਕਰਨੀ ਤੜਕੇ ਉਠ ਨਹਾਵਾਂ ਵੀ।
ਜੈ ਰਾਧੇ ਸ਼ਾਮ ਜੈ ਰਾਧੇ ਸ਼ਾਮ, ਹਰਦਮ ਮੂੰਹੋਂ ਧਿਆਵਾਂ ਵੀ।
ਪੰਡਤਾਂ ਨੂੰ ਭਗਵਾਨ ਸਮਝ ਕੇ, ਭੋਜਨ ਖੂਬ ਛਕਾਵਾਂ ਵੀ।
ਬਿਨ ਭਗਵਾਨ ਨੂੰ ਜਾਣੇ ਐਪਰ, ਐਵੇਂ ਵਕਤ ਗਵਾਵਾਂ ਵੀ।

—ਪੰਨਾ 226, ਅਵਤਾਰ ਬਾਣੀ

ਰਾਮ ਕ੍ਰਿਸ਼ਨ ਦੀ ਆਰਤੀ ਬੰਦਨਾ, ਨਾਲ ਸੁਰਾਂ ਦੇ ਗਾਂਦਾ ਸਾਂ।
ਆ ਮੇਰੇ ਕ੍ਰਿਸ਼ਨਾ ਕਹਿੰਦਾ ਕਹਿੰਦਾ ਬੇਸੁਧ ਵੀ ਹੋ ਜਾਂਦਾ ਸਾਂ।
ਅਵਤਾਰ ਨਾ ਆਇਆ ਕ੍ਰਿਸ਼ਨ ਘਨੱਯਾ, ਨਾ ਕੋਈ ਪੁੱਜੀ ਆਸ ਮੇਰੀ।
ਝੂਠੇ ਜਗ ਦੀ ਰਾਹ ਤੇ ਚਲ ਕੇ, ਦੂਣੀ ਵਧ ਗਈ ਪਿਆਸ ਮੇਰੀ।

—ਪੰਨਾ 230, ਅਵਤਾਰ ਬਾਣੀ

ਬੁੱਤਾਂ ਅਗੇ ਸ਼ਰਧਾ ਦੇ ਨਾਲ ਕੀਤੀ ਆਹੋ-ਜ਼ਾਰੀ ਮੈਂ।
ਇਕ ਵਾਰੀ ਤੂੰ ਦਰਸ ਦਿਖਾ ਜਾ ਕਹਿੰਦੀ ਸ਼ਾਮ-ਮੁਰਾਰੀ ਮੈਂ।
ਵਿਤੋਂ ਬਾਹਰ ਕਰਦੀ ਰਹੀ ਮੈਂ, ਹਥੋਂ ਅਪਣੇ ਪੁੰਨ ਤੇ ਦਾਨ।
ਹਰਦਵਾਰ ਜਾ ਹਰ ਕੀ ਪੌੜੀ, ਕੀਤੇ ਰਜ ਰਜ ਕੇ ਇਸ਼ਨਾਨ।
ਮਨ ਤੋਂ ਲੱਥੀ ਮੈਲ ਨਾ ਕੋਈ, ਕਰਨੀ ਉਤੇ ਕਰਦੀ ਮਾਨ।
ਸੁੰਨ ਸਮਾਧੀ ਲਾ ਲਾ ਥੱਕੀ, ਨਜ਼ਰੀ ਆਇਆ ਨਾ ਭਗਵਾਨ।
ਭੇਖੀ ਇਕ ਗੁਰੂ ਵੀ ਲੱਭਾ, ਕਰ ਨਾ ਸਕਿਆ ਜੋ ਕਲਿਆਨ।
'ਨੀਰਾ' ਗੁਰੂ ਅਵਤਾਰ ਨੇ ਦਿਤਾ, ਅੰਗ ਸੰਗ ਵਸਦੇ ਰਬ ਦਾ ਗਿਆਨ।

—ਪੰਨਾ 238, ਅਵਤਾਰ ਬਾਣੀ

ਕਰਮ ਕਾਂਡ ਦੀ ਰਾਹ ਤੇ ਚਲ ਕੇ ਘਰ ਦੀ ਸੋਝੀ ਪਾਈ ਨਾ।
ਮੰਦਰ ਜਾ ਕੇ ਜੋਤ ਜਗਾ ਕੇ ਰਬ ਦਿਤਾ ਦਿਖਲਾਈ ਨਾ।

—ਪੰਨਾ 234, ਅਵਤਾਰ ਬਾਣੀ



ਫਿਰੋਜ਼ਪੁਰ ਵਿਚ ਸਿੱਖੀ ਪ੍ਰਚਾਰ ਦੇ ਸਮੇਂ ਗਿਆਨੀ ਹਰਕਿਸ਼ਨ ਸਿੰਘ ਜੀ ਸੰਤ ਭਿੰਡਰਾਂ ਦੇ ਪ੍ਰਧਾਨ ਸੇਵਕਾਂ ਤੋਂ ਪ੍ਰਸ਼ਾਦ ਲੈਂਦੇ ਹਨ।



'ਅਸੀਂ ਦੋਵੇਂ ਇਕ ਦੂਜੇ ਦਾ ਸਤਿਕਾਰ ਕਰਦੇ ਹਾਂ,
ਦੁਬਿਧਾ ਪਾਉਣ ਵਾਲਿਆਂ ਦਾ ਮੂੰਹ ਕਾਲਾ ਹੋ ਚੁੱਕੈ'
— ਦੋਵੇਂ ਸੰਤ (ਭਿੰਡਰਾਂ ਤੇ ਲੌਂਗੋਵਾਲ ਸਾਹਿਬ)

'ਤ੍ਰਿਮੂਰਤੀ, ਇਕ ਜੋਤਿ', ਜਥੇਦਾਰ ਟੌਹੜਾ, ਸੰਤ ਭਿੰਡਰਾਂ ਤੇ ਲੌਂਗੋਵਾਲ
ਸਾਡਾ ਤਨ, ਮਨ, ਧਨ ਸਭ ਕੌਮ ਦੇ ਕਾਮ ਲਈ ਹੈ।

ਵਰਤਮਾਨ ਪੰਥਕ ਮੋਰਚੇ ਨੂੰ ਤੇਜ਼ ਕਰਨ ਸਬੰਧੀ ਦੋਵੇਂ ਸੰਤ (ਸੰਤ ਲੌਂਗੋਵਾਲ ਮੋਰਚਾ ਡਿਕਟੇਟਰ ਤੇ ਸੰਤ ਭਿੰਡਰਾਂ) ਪੰਥ ਦਰਦੀਆਂ ਦੇ ਆਏ ਪੱਤ੍ਰਾਂ 'ਤੇ ਵਿਚਾਰ ਕਰ ਰਹੇ ਹਨ।





# ਤੁਸਾਂ ਜਿਨ੍ਹਾਂ ਦੀ ਗਲੀਂ ਪੁਆਏ ਜੰਞੂ

—ਸਾ ਪਿਆਰਾ ਸਿੰਘ ਜੀ 'ਨਿਰਛਲ'
ਭਗਤ ਸਿੰਘ ਪੂਰਾ, ਅੰਮ੍ਰਿਤਸਰ

ਜਿੰਦ ਵਾਰ ਕੇ ਹਿੰਦ ਬਚਾਈ ਤੁਸਾਂ, ਕਰ ਹਿੰਦ ਤੇ ਬੜਾ ਉਪਕਾਰ ਦਿੱਤਾ ।
ਘੁੰਮਣ ਘੇਰੀਆਂ ਦੇ ਵਿਚ ਘਿਰੀ ਹੋਈ, ਕਰ ਡੁਬਦੀ ਬੇੜੀ ਨੂੰ ਪਾਰ ਦਿੱਤਾ ।
ਹਿੰਦੂ ਧਰਮ ਨੂੰ ਬੜੀ ਸੀ ਢਾਹ ਲੱਗੀ, ਤੁਸਾਂ ਢਠਦਾ ਮਹਿਲ ਖਲਿਹਾਰ ਦਿੱਤਾ ।
ਜਿਨ੍ਹਾਂ ਉਤੇ ਇਹ ਤੁਸਾਂ ਅਹਿਸਾਨ ਕੀਤਾ, ਅੱਜ ਉਹਨਾਂ ਨੇ ਸਾਰਾ ਵਿਸਾਰ ਦਿੱਤਾ ।
ਅੱਜ ਅਸਾਂ ਦੀ ਸਿਰੀ ਘਸਾ ਰਹੇ ਨੇ, ਜਿਨ੍ਹਾਂ ਲਈ ਤੁਸਾਂ ਸੀਸ ਵਾਰ ਦਿੱਤਾ ।
ਤੁਸਾਂ ਆਪਣਾ ਦਿੱਲੀ ਵਿਚ ਸੀਸ ਦੇ ਕੇ, ਜਿੰਦ ਵਾਰ ਕੇ ਹਿੰਦ ਨੂੰ ਤਾਰ ਦਿੱਤਾ ।

ਤੁਸਾਂ ਜਿਨ੍ਹਾਂ ਦੀ ਗਲੀਂ ਪੁਆਏ ਜੰਞੂ, ਰਗਾਂ ਸਾਡੀਆਂ ਨੂੰ ਹੱਥ ਪਾ ਰਹੇ ਨੇ।
ਜਿਨ੍ਹਾਂ ਵਾਸਤੇ ਡੌਲ੍ਹਿਆ ਖ਼ੂਨ ਤੁਸਾਂ, ਸਾਡੇ ਲਹੂ ਦੇ ਵਿਚ ਉਹ ਨ੍ਹਾ ਰਹੇ ਨੇ ।
ਜਿਨ੍ਹਾਂ ਲਈ ਤਲਵਾਰ ਦੇ ਫੱਟ ਖਾਧੇ, ਸਾਡੇ ਫੱਟਾਂ ਉਤੇ ਲੂਣ ਲਾ ਰਹੇ ਨੇ ।
ਤੁਸਾਂ ਡੁਬਦੇ ਜਿਨ੍ਹਾਂ ਦੇ ਤਾਰੇ ਬੇੜੇ, ਸਾਨੂੰ ਦਿਨੇ ਹੀ ਤਾਰੇ ਵਖਾ ਰਹੇ ਨੇ ।
ਉਹ ਸਾਡਾ ਕਾਜ ਵਿਗਾੜਦੇ ਨੇ, ਤੁਸਾਂ ਜਿਨ੍ਹਾਂ ਦਾ ਕਾਜ ਸੁਆਰ ਦਿੱਤਾ ।
ਤੁਸਾਂ ਜੋ ਕੀਤਾ, ਬਹੁਤ ਚੰਗਾ ਕੀਤਾ, ਜਿੰਦ ਵਾਰ ਕੇ ਹਿੰਦ ਨੂੰ ਤਾਰ ਦਿੱਤਾ ।

ਡਰੀ ਤਾਰੀ ਹੋਈ ਹਿੰਦ ਦੇ ਕੁਝ ਹਿੰਦੂ, ਸਾਡੇ ਨਾਲ ਉਹ ਨਹੀਂ ਭਲਿਆਈ ਕਰ ਰਹੇ ।
ਭਾਈਵਾਲਾਂ ਦੀ ਵੇਖ ਲਓ ਭਾਈਵਾਲੀ, ਸਾਡੇ ਕਾਤਲਾਂ ਦੀ ਰਹਿਨੁਮਾਈ ਕਰ ਰਹੇ ।
ਜਿਨ੍ਹਾਂ ਵਾਸਤੇ ਜਾਨ ਦੀ ਲਾਈ ਬਾਜੀ, ਸਾਡੇ ਨਾਲ ਵਾਹਵਾ ਸਜਣਤਾਈ ਕਰ ਰਹੇ ।
ਬੇੜੀ ਪਾਪ ਦੀ ਭਰ ਕੇ ਡੁਬੇ ਕਿਉਂ ਨਾ, ਮਦਦ ਕਾਤਲਾਂ ਦੀ ਜਦ ਡਿਸਾਈ ਕਰ ਰਹੇ ।
ਘਰ ਦੇ ਸਮਝ ਕੇ ਬੜਾ ਇਤਬਾਰ ਕੀਤਾ, ਇਹਨਾਂ ਘਰ ਦਿਆਂ ਨੇ ਸਾਨੂੰ ਮਾਰ ਦਿੱਤਾ ।
ਤੁਸਾਂ ਜੋ ਕੀਤਾ ਬਹੁਤ ਚੰਗਾ ਕੀਤਾ, ਜਿੰਦ ਵਾਰ ਕੇ ਹਿੰਦ ਨੂੰ ਤਾਰ ਦਿੱਤਾ ।
ਸਾਰਾ ਇਨ੍ਹਾਂ ਦਾ ਤੁਸਾਂ ਸੀ ਡਰ ਲਾਹਿਆ, ਜਦੋਂ ਮੌਤ ਨੂੰ ਵੇਖ ਕੇ ਡਰ ਗਏ ਇਹ ।
ਦੇਵੀ ਦੇਵਤਾ ਜਦੋਂ ਕੋਈ ਬਹੁੜਿਆ ਨਾ, ਸਾਡੀ ਮਦਦ ਕਰੋ ਤੇਰੇ ਦਰ ਗਏ ਇਹ ।




ਤੁਸਾਂ ਦਿੱਲੀ ਨੂੰ ਜਦੋਂ ਤਿਆਰੇ ਕੀਤੇ, ਖ਼ੁਸ਼ੀਆਂ ਨਾਲ ਓਦੋਂ ਆਪਣੇ ਘਰ ਗਏ ਇਹ ।
ਵਲ-ਛਲ ਕਰਨੋਂ ਇਹ ਨਾ ਬਾਝ ਆਏ, ਵਲ-ਛਲ ਤੁਸਾਂ ਦੇ ਨਾਲ ਵੀ ਕਰ ਗਏ ਇਹ ।
ਤੱਤੇ ਥਾਂ ਤੇ ਜਿਨ੍ਹਾਂ ਨਾ ਪੈਰ ਧਰਿਆ, ਤੁਸਾਂ ਉਹਨਾਂ ਉਤੇ ਸੀਸ ਵਾਰ ਦਿੱਤਾ ।
ਤੇਰੇ ਕੀਤੇ ਉਪਕਾਰ ਭੁਲ ਗਏ ਸਾਰੇ, ਜਿੰਦ ਵਾਰ ਕੇ ਹਿੰਦ ਨੂੰ ਤਾਰ ਦਿੱਤਾ ।

ਆਪ ਜਾ ਕੇ ਮੌਤ ਨੂੰ ਤੁਸਾਂ ਕਿਹਾ, ਸਿਰ ਤੇਰੀ ਦਹਿਲੀਜ਼ ਤੇ ਧਰਨ ਆਇਆਂ ।
ਜਿਹੜੇ ਬਿਨਾਂ ਆਈ ਮਰਦੇ ਜਾ ਰਹੇ ਨੇ, ਮੈਂ ਉਹ ਬਚਾਣ ਲਈ ਮਰਨ ਆਇਆਂ ।
ਆਪਣੀ ਜਾਨ ਬਚਾਣ ਦੀ ਲੋੜ ਕੋਈ ਨਹੀਂ, ਲੱਖਾਂ ਜਾਨਾਂ ਦੇ ਦੁਖੜੇ ਹਰਨ ਆਇਆਂ ।
ਹਿੰਦੂ ਧਰਮ ਤੇ ਜਬਰ ਨਹੀਂ ਹੋਣ ਦੇਣਾ, ਟਿਕੇ-ਬੋਦੀ ਦੀ ਰਖਿਆ ਕਰਨ ਆਇਆਂ ।
ਮੈਂ ਦੀਨ ਕਬੂਲ ਕੇ ਕਿਉਂ ਜੀਵਾਂ, ਐਸੇ ਜਿਊਣ ਤੋਂ ਕਰ ਇਨਕਾਰ ਦਿੱਤਾ ।
ਚੁੰਮਿਆਂ ਤੇਗ ਦੀ ਧਾਰ ਨੂੰ ਖਿੜੇ ਮੱਥੇ ਜਿੰਦ ਵਾਰ ਕੇ ਹਿੰਦ ਨੂੰ ਤਾਰ ਦਿੱਤਾ ।

ਹਿੰਦੂ ਧਰਮ ਦੀ ਰਖਸ਼ਾ ਕਰਨ ਦੇ ਲਈ, ਸਹੀਆਂ ਬਹੁਤ ਮੁਸੀਬਤਾਂ ਭਾਰੀਆਂ ਨੇ ।
ਆਪਣੇ ਸੀਸ਼ ਦੇ ਉਤੇ ਧਰਾਇਆ ਆਰਾ, ਅਣਖੀ ਸੇਵਕਾਂ ਤੇਰੇ ਪੁਜਾਰੀਆਂ ਨੇ ।
ਲਾਲ ਕਿਲ੍ਹੇ ਨੂੰ ਕਰਨ ਲਈ ਲਾਲ ਤੁਸਾਂ, ਛਿੱਟਾਂ ਆਪਣੇ ਲਹੂ ਦੀਆਂ ਮਾਰੀਆਂ ਨੇ ।
'ਨਿਰਛਲ' ਤਖ਼ਤ ਉਤੇ ਅੱਜ ਬੈਠੇ ਜਿਹੜੇ, ਉਹ ਭੁਲ ਚੁਕੇ ਗੱਲਾਂ ਸਾਰੀਆਂ ਨੇ ।
ਕਿਸ ਨੇ ਆਪਣਾ ਪੁਤਰ ਯਤੀਮ ਕਰਕੇ, ਸਾਡੇ ਸਿਰਾਂ ਦੇ ਉਤੇ ਪਿਆਰ ਦਿੱਤਾ ।
ਕਿਹਦਾ ਚਾਨਣੀ ਚੌਕ ਵਿਚ ਖ਼ੂਨ ਡੁਲ੍ਹਾ, ਕਿਸ ਨੇ ਹਿੰਦ ਨਿਮਾਣੀ ਨੂੰ ਤਾਰ ਦਿੱਤਾ ।







## ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ,

# ਗੁਰੂ ਮਾਨਿਓਂ ਗ੍ਰੰਥ

"ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਠ, ਦਰਸ਼ਨ, ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ !

ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !

ਸਿੱਖੀ ਦਾ ਮਹੱਲ ਇਨ੍ਹਾਂ ਅਦਭੁਤ ਸ਼ਬਦਾਂ ਦੀ ਨੀਂਹ ਦੇ ਆਸਰੇ ਖੜ੍ਹਾ ਹੈ। ਇਹ ਗੁਰਮਤਿ ਦੇ ਉਸ ਮੌਲਿਕ ਸਿਧਾਂਤ ਦੀ ਵਿਆਖਿਆ ਦਾ ਸਿਖਰ ਹੈ ਜਿਸ ਅਨੁਸਾਰ—"ਗੁਰੂ 'ਇਕ' ਹੈ, ਜਿਸ ਦੀ ਜੋਤਿ ਤੇ ਜੁਗਤਿ ਦਸਾਂ ਜਾਮਿਆਂ ਵਿਚ ਸਮੇਂ ਸਮੇਂ ਸਿਰ ਪ੍ਰਜੁਲਤ ਹੋ ਕੇ ਜੀਵਨ-ਜਾਚ ਦਸਦੀ ਰਹੀ ਹੈ। ਅੱਜ ਉਹੋ ਜੋਤ ਗੁਰੂ ਗ੍ਰੰਥ ਸਾਹਿਬ ਵਿਚ ਇਸਥਿਤ ਹੈ ਅਤੇ ਜੁਗਤਿ ਖਾਲਸਾ ਪੰਥ ਕੋਲ ਹੈ।" ਇਸ ਮੁਢਲੇ ਅਕੀਦੇ ਨੂੰ ਰਬਾਬੀ ਬਲਵੰਡ ਅਤੇ ਸੱਤੇ ਨੇ ਰਾਮਕਲੀ ਰਾਗ ਵਿਚ ਇਉਂ ਦਰਸਾਇਆ ਹੈ ਕਿ "ਗੁਰੂ ਕੇਵਲ ਕਾਇਆਂ ਪਲਟਦੇ ਰਹੇ, ਉਨ੍ਹਾਂ ਦੀ ਜੋਤਿ ਤੇ ਜੁਗਤਿ ਇਕੋ ਹੀ ਸੀ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਗੁਰੂ ਗ੍ਰੰਥ ਸਾਹਿਬ, ਪੰਨਾ 966)

ਦਬਿਸਤਾਨ-ਏ-ਮਜ਼ਾਹਿਬ ਦੇ ਪ੍ਰਸਿਧ ਲਿਖਾਰੀ ਮੁਹਸਿਨ ਫਾਨੀ ਨੇ ਗੁਰੂ-ਜੋਤਿ ਦੀ ਇਸ ਏਕਤਾ ਤੇ ਨਿਰੰਤਰਤਾ (Continuity) ਦੇ ਸਿਧਾਂਤ ਦੀ ਪ੍ਰੋੜ੍ਹਤਾ ਕਰਦਿਆਂ ਲਿਖਿਆ ਹੈ ਕਿ ਇਨ੍ਹਾਂ ਦਾ (ਸਿੱਖਾਂ ਦਾ) ਦ੍ਰਿੜ੍ਹ ਨਿਸ਼ਚਾ ਹੈ ਕਿ ਸਾਰੇ ਗੁਰੂ, ਗੁਰੂ ਨਾਨਕ ਸਰੂਪ ਹਨ :

ਏਸ਼ਾਂ ਦਾ ਅਕੀਦਾ ਅਸਤ ਕਿ ਹਮਾ ਗੁਰੂ ਨਾਨਕ ਅੰਦ।

ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤਰ ਨਾਟਕ' ਵਿਚ ਗੁਰੂਤਾ ਦੀ ਏਕਤਾ ਦੀ ਅਹਿਮੀਅਤ ਨੂੰ ਸਪਸ਼ਟ ਕਰਦਿਆਂ ਫੁਰਮਾਇਆ ਹੈ ਕਿ ਇਸ ਬੁਨਿਆਦੀ ਅਸੂਲ ਨੂੰ ਸਮਝੇ ਬਿਨਾਂ ਸਿੱਖੀ ਦੇ ਮਾਰਗ ਨੂੰ ਪਾਇਆ ਹੀ ਨਹੀਂ ਜਾ ਸਕਦਾ। ਵਿਰਲੇ ਹੀ ਇਸ ਰਮਜ਼ ਨੂੰ ਪਾ ਕੇ ਆਤਮਿਕ ਉਚਤਾ ਹਾਸਲ ਕਰਦੇ ਹਨ।

ਭਾਈ ਨੰਦ ਲਾਲ 'ਗੋਯਾ' ਦਸਵੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਰਹਿਣ ਵਾਲੇ

ਆਪਣੇ ਸਮੇਂ ਦੇ ਫਾਰਸੀ ਦੇ ਮਹਾਨ ਵਿਦਵਾਨ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਸਰੂਪ ਦੇ ਸ਼ੀਸ਼ੇ ਵਿਚ ਉਨ੍ਹਾਂ ਨੇ 'ਨਾਨਕ-ਜੋਤਿ' ਦੇ ਜਲਵੇ ਨੂੰ ਪ੍ਰਤੱਖ ਤੌਰ ਤੇ ਅਨੁਭਵ ਕੀਤਾ ਅਤੇ ਲਿਖਿਆ : "ਗੁਰੂ ਗੋਬਿੰਦ ਸਿੰਘ ਜੀ ਵੀ ਉਹ ਹੀ ਹਨ ਜੋ ਗੁਰੂ ਨਾਨਕ ਸਾਹਿਬ ਹਨ। ਉਹ ਹੀ ਰਤਨ ਮੋਤੀ ਅਤੇ ਉਹ ਹੀ ਮਾਣਕ ਹਨ। ਇਕੋ ਹੀ ਮਾਲਾ ਹੈ, ਉਸ ਦੇ ਸਾਰੇ ਮਣਕੇ ਹਨ :

ਹਮ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ ॥
ਹਮੂ ਰਤਨ ਜੌਹਰ, ਹਮੂ ਮਾਣਿਕ ਅਸਤ ॥28॥ (ਜੋਤ ਬਿਗਾਸ)

ਆਮ ਇਤਿਹਾਸਕਾਰ ਅਤੇ ਬਹੁਤੇ ਜਗਿਆਸੂ ਭੁਲੇਖੇ ਦਾ ਸ਼ਿਕਾਰ ਹੋ ਕੇ ਗੁਰੂਆਂ ਦੀ ਗਿਣਤੀ 'ਦਸ' ਮੰਨ ਲੈਂਦੇ ਹਨ, ਪਰੰਤੂ ਗੁਰਮਤਿ ਦੀ ਸੋਝੀ ਰਖਣ ਵਾਲਿਆਂ ਦੀ ਦ੍ਰਿਸ਼ਟੀ ਵਿਚ ਇਕੋ ਇਕ ਨਾਨਕ-ਜੋਤਿ ਹੀ ਗੁਰੂ ਹੈ ਜੋ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ 'ਸ਼ਬਦ-ਜੋਤਿ' ਦੇ ਰੂਪ ਵਿਚ ਦਗ-ਦਗ ਕਰਕੇ ਜਗਮਗਾ ਰਹੀ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਲਿਖਿਆ ਹੈ ਕਿ "ਗੁਰੂ ਨਾਨਕ ਜੀ ਸ਼ਬਦ ਦਾ ਪਰਚਾ ਲੈ ਆਏ ਸਨ ਅਤੇ ਸ਼ਬਦ ਦੇ ਹੀ ਲੜ ਲਗਾਉਣ ਦਾ ਉਪਰਾਲਾ ਸਾਰੀ ਉਮਰ ਕਰਦੇ ਰਹੇ। ਸ਼ਬਦ ਨਾਲ ਹੀ ਸਿਧ ਮੰਡਲੀ ਤੇ ਸਾਰੀ ਸ੍ਰਿਸ਼ਟੀ ਜਿੱਤੀ। ਸ਼ਬਦ ਦੀ ਜ਼ਿੰਮੇਵਾਰੀ ਉਠਾਉਣ ਲਈ ਸਿੱਖ ਅਜੇ ਤਿਆਰ ਨਹੀਂ ਸਨ ਹੋਏ। ਉਨ੍ਹਾਂ ਜਦ ਭਾਈ ਲਹਿਣਾ ਡਿੱਠਾ ਤਾਂ ਉਸ ਨੂੰ ਸ਼ਬਦ ਦੀ ਥਾਪਣਾ ਦੇ ਕਰ ਜੋਤੀ ਜੋਤ ਸਮਾ ਗਏ। ਫਿਰ ਇਹ ਸ਼ਬਦ-ਜੋਤਿ ਖਡੂਰ ਤੋਂ ਗੋਇੰਦਵਾਲ ਤੇ ਫਿਰ ਸ੍ਰੀ ਅੰਮ੍ਰਿਤਸਰ ਆ ਟਿਕੀ। ਗੁਰੂ ਅਰਜਨ ਨੇ ਸਿੱਖੀ ਦਾ ਕੇਂਦਰੀ ਅਸਥਾਨ ਅਸਥਾਪਣ ਕਰਨ ਉਪਰੰਤ, ਗੁਰਮਤਿ ਦੇ ਗਰੰਥ ਦੀ ਬੀੜ ਬੰਨ੍ਹਣ ਦਾ ਫੈਸਲਾ ਕੀਤਾ। ਗਰੰਥ ਵਿਚ ਬਾਣੀ ਨੂੰ ਵਿਧਾਨ ਵਾਂਗੂੰ ਇਕ ਸੰਚੇ ਵਿਚ ਇਕਤਰ ਕਰਕੇ ਮੂਹਰ ਲਾ ਦਿੱਤੀ। ਜਦ ਸਿੱਖ ਪੰਥ ਪੂਰੀ ਜ਼ਿੰਮੇਵਾਰੀ ਚੁਕਣ ਯੋਗ ਹੋ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਾ ਸੰਕੋਚ ਲਿਆ ਤੇ ਇਸ ਦੀ ਜ਼ਿੰਮੇਵਾਰੀ ਸਾਰੇ ਪੰਥ ਨੂੰ ਪੰਜਾਂ ਪਿਆਰਿਆਂ ਰਾਹੀਂ ਸੌਂਪ ਦਿੱਤੀ।

ਦਸਾਂ ਪਾਤਸ਼ਾਹੀਆਂ ਨੇ 1469 ਈ: ਤੋਂ ਲੈ ਕੇ 1708 ਈ: ਤਕ 239 ਸਾਲਾਂ ਵਿਚ ਹਰ ਵੇਲੇ, ਹਰ ਥਾਂ, ਹਰ ਇਕ ਨੂੰ ਸ਼ਬਦ ਦੇ ਲੜ ਲਾ ਕੇ ਵਿਚ ਵਿਚੋਲਿਆਂ ਦੀ ਪੂਜਾ ਨੂੰ ਖਤਮ ਕਰ ਦਿੱਤਾ ਸੀ।

ਭਾਈ ਲਹਿਣਾ ਜੀ ਜਦੋਂ 'ਸ਼ਬਦ' ਦੀ ਕਸਵੱਟੀ ਤੇ ਪੂਰੇ ਉਤਰੇ ਤਾਂ ਗੁਰੂ ਨਾਨਕ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸਉਂਪਦਿਆਂ ਸ਼ਬਦ ਅੱਗੇ ਹੀ ਸਿਰ



ਨਿਵਾਉਣ ਲਈ ਕਿਹਾ ਤੇ ਫੁਰਮਾਇਆ ਕਿ ਬਾਣੀ ਨੇ ਹੀ ਸਭ ਨੂੰ ਅਗਵਾਈ ਦੇਣੀ ਹੈ :

ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸ਼ਬਦੈ ਜਗੁ ਬਉਰਾਨੰ ॥ (ਸੋਰਠਿ ਮ: 1, ਪੰਨਾ 635)

ਗੁਰੂ ਨਾਨਕ ਜੀ ਨੇ ਪ੍ਰਸੰਨ ਹੋ ਕੇ ਬਾਣੀ ਦਾ ਖਜ਼ਾਨਾ ਗੁਰੂ ਅੰਗਦ ਦੇਵ ਦੇ ਹਵਾਲੇ ਕੀਤਾ।

ਪੁਰਾਤਨ ਜਨਮ ਸਾਖੀ ਕਹਿੰਦੀ ਹੈ ਕਿ, "ਤਿਤੁ ਮਹਿਲ ਜੋ ਸ਼ਬਦ ਹੋਆ, ਸੋ ਪੋਥੀ ਜੋ—

ਬਨਿ ਗੁਰੂ ਅੰਗਦ ਜੋਗ ਮਿਲੀ ॥

ਮਿਹਰਵਾਨ ਜੀ ਨੇ ਵੀ ਗੋਸ਼ਟੀ ਵਿਚ ਲਿਖਿਆ ਹੈ—"ਤਬ ਗੁਰੂ ਬਾਬਾ ਨਾਨਕ ਜੀ ਗੁਰ ਅੰਗਦ ਕਉ 'ਸ਼ਬਦ ਦੀ ਥਾਪਣਾ' ਦੇਕਰ ਸੰਮਤ 1595 ਅੱਸੂ ਵਦੀ ਦਸਮੀ ਕਉ ਆਪ ਸੱਚ ਖੰਡ ਸਿਧਾਏ।"

ਗੁਰੂ ਦੀ ਅੰਮ੍ਰਿਤ ਬਾਣੀ ਅਸਲੀ ਤੱਤ ਦੀ ਗੱਲ ਦਸਦੀ ਹੈ ਕਿਉਂਕਿ ਇਹ ਬਾਣੀ ਪੂਰਨ ਗਿਆਨ ਧਿਆਨ ਦੀ ਉੱਚ ਅਵਸਥਾ ਵਿਚ 'ਆਈ' ਹੈ। ਗੁਰਬਾਣੀ ਕਰਮਾਂ ਦੀਆਂ ਗਿਣਤੀਆਂ ਅਤੇ ਉਨ੍ਹਾਂ ਦੇ ਫਲ, ਨਰਕ ਸੁਰਗ 'ਚੋਂ ਕੱਢ ਕੇ ਸਾਡਾ ਸਿੱਧਾ ਸੰਬੰਧ ਵਾਹਿਗੁਰੂ ਦੀ ਕਿਰਪਾ ਨਾਲ ਜੋੜਦੀ ਹੈ। ਇਸ ਵਿਚ ਜ਼ਾਤ ਜਾਂ ਜਿਨਸ, ਧਰਮ ਜਾਂ ਕਰਮ, ਰੰਗ ਜਾਂ ਨਸਲ ਦੇ ਆਧਾਰ ਤੇ ਕਿਸੇ ਕਿਸਮ ਦੇ ਵਿਤਕਰੇ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਦੁਨੀਆ ਦੀ ਨਿਗਾਹ ਵਿਚ ਜੋ ਅਤਿ ਨੀਵੇਂ ਸਨ, ਉਨ੍ਹਾਂ ਦੀ ਬਾਣੀ ਨੂੰ ਬਰਾਬਰ ਦਾ ਦਰਜਾ ਦੇ ਕੇ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦੇਣੀ ਧਰਮਾਂ ਦੇ ਇਤਿਹਾਸ ਵਿਚ ਇਕ ਐਸਾ ਕ੍ਰਿਸ਼ਮਾ ਸੀ ਜਿਸ ਦੀ ਮਿਸਾਲ ਹੋਰ ਕਿਧਰੇ ਵੀ ਨਹੀਂ ਮਿਲਦੀ। ਜਿਨ੍ਹਾਂ ਵਿਚਾਰਿਆਂ ਨੂੰ ਕੋਈ ਇਕ ਥਾਂ ਬੈਠਣ ਨਹੀਂ ਸੀ ਦਿੰਦਾ, ਗੁਰੂ ਸਾਹਿਬ ਨੇ "ਬਾਣੀ ਸਭਨਾਂ ਭਗਤਾਂ ਕੀ। ਕਬੀਰ ਜੀਉ ਨਾਮਦੇਉ ਜੀਉ, ਰਵਿਦਾਸ ਜੀਉ" ਦਾ ਸਿਰਲੇਖ ਦੇ ਕੇ ਇਕ ਥਾਵੇਂ ਸਿੰਘਾਸਣ ਤੇ ਬਿਠਾ ਦਿੱਤਾ। ਦੁਨੀਆਂ ਭਰ ਦੇ ਇਤਿਹਾਸ ਵਿਚ ਐਸਾ ਖੁਲ੍ਹ-ਦਿਲਾ ਸਮਾਨਤਾ ਵਾਲਾ ਧਾਰਮਿਕ ਅਸੂਲ ਕੇਵਲ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਅੱਜ ਸੰਸਾਰ ਜਿਸ ਭਾਵੁਕ ਏਤ੍ਰਤਾ ਤੇ ਧਾਰਮਿਕ ਸਹਿਵਾਸ (Emotional Integration & Religious Tolerance) ਦੇ ਤਰਲੇ ਲੈ ਰਿਹਾ ਹੈ, ਉਹ ਤਦੇ ਹੀ ਸੰਭਵ ਹੈ ਜੇਕਰ ਗੁਰਬਾਣੀ ਦੇ ਆਦਰਸ਼ਾਂ ਨੂੰ ਅਪਣਾਇਆ ਜਾਏ।

ਗੁਰੂ ਅਮਰਦਾਸ ਜੀ ਆਪਣਾ ਆਤਮਿਕ ਤਜਰਬਾ ਬਿਆਨ ਕਰਦੇ ਹੋਏ ਪਿਆਰ ਨਾਲ ਦਰਸਾਂਦੇ ਹਨ ਕਿ "ਹੇ ਭਾਈ ! ਅਸੀਂ ਸ਼ਬਦ ਦੀ ਚੋਟ ਨਾਲ ਮਰੇ, ਸ਼ਬਦ ਨੇ ਸਾਡੀ ਹੀਣਤਾ ਨੂੰ ਖਤਮ ਕਰਕੇ ਸੰਸਾਰਿਕ ਬੰਧਨਾਂ ਤੋਂ ਆਜ਼ਾਦ ਕਰ ਦਿੱਤਾ, ਸ਼ਬਦ ਦੀ ਬਰਕਤ ਨਾਲ ਹੀ ਸਾਨੂੰ ਨਵਾਂ ਆਤਮ ਜੀਵਨ ਪ੍ਰਾਪਤ ਹੋਇਆ ਅਤੇ ਵਾਹਿਗੁਰੂ ਨਾਲ ਅਸੀਂ ਇਕ-ਮਿਕ ਹੋ ਗਏ । ਸ਼ਬਦ ਹੀ ਸਾਡਾ ਗੁਰੂ ਹੈ ਜੋ ਸਾਰੀਆਂ ਦਾਤਾਂ ਦਾ ਮੂਲ-ਸੋਮਾ ਹੈ ।"

ਹਮ ਸ਼ਬਦਿ ਮੁਏ ਸ਼ਬਦਿ ਮਾਰਿ ਜੀਵਾਲੇ ਭਾਈ,
ਸ਼ਬਦੇ ਹੀ ਮੁਕਤਿ ਪਾਈ ॥

ਭਾਈ ਮਨੀ ਸਿੰਘ ਨੇ 'ਸਿੱਖਾਂ ਦੀ ਭਗਤ ਮਾਲ' ਵਿਚ ਲਿਖਿਆ ਹੈ ਕਿ—

"ਮਈਆ ਜਾਪਾ ਨਈਆ ਖੁਲਰ ਜਾਤ ਤੇ ਤੁਲਸਾ ਵਹੁਰਾ ਚਾਰੇ ਗੁਰੂ ਰਾਮਦਾਸ ਜੀ ਦੀ ਸਰਣਿ ਆਏ । ਉਨ੍ਹਾਂ ਬੇਨਤੀ ਕੀਤੀ—ਜੀ ! ਅਸਾਨੂੰ ਐਸਾ ਉਪਦੇਸ਼ ਕਰੋ ਜੋ ਵਿਚੇ ਗ੍ਰਿਹਸਤ ਦੇ ਅਸਾਨੂੰ ਉਦਾਸੀ ਹੋਵੇ । ਤਾਂ ਬਚਨ ਹੋਇਆ—ਜੈਸੇ ਆਪਣੇ ਘਰ ਦਿਆਂ ਕੰਮਾਂ ਨਾਲ ਪਿਆਰ ਕਰਦੇ ਹੋ ਤੈਸੇ ਗੁਰੂ ਕੀ ਬਾਣੀ ਨਾਲ ਪਿਆਰ ਕਰੋ । ਜਿਸ ਵੇਲੇ ਗੁਰੂ ਕੀ ਸ਼ਬਦ ਬਾਣੀ ਨੂੰ ਪੜ੍ਹਨ ਸੁਣਨ ਬੈਠੋਂ ਤਾਂ ਸ਼ਬਦ ਦੇ ਅਰਥ ਤੇ ਪ੍ਰਯੋਜਨ ਵਲ ਧਿਆਨ ਰੱਖਣਾ ।"

ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿਚ ਬਾਣੀ ਉਚਾਰੀ। ਉਹ ਖੁਦ ਵੀ ਹੱਥੀਂ ਬਾਣੀ ਲਿਖਦੇ ਸਨ, ਕਿਉਂਕਿ ਜਦੋਂ ਪੰਚਮ ਪਾਤਸ਼ਾਹ ਨੇ ਆਦਿ ਗ੍ਰੰਥ ਦੀ ਬੀੜ ਬੰਨ੍ਹੀ ਤਾਂ 'ਜਪੁਜੀ' ਦਾ ਉਤਾਰਾ ਉਸੇ ਖਰੜੇ ਤੋਂ ਕੀਤਾ ਸੀ ਜੋ ਪਿਤਾ-ਗੁਰੂ ਨੇ ਆਪੂੰ ਲਿਖਿਆ ਸੀ । ਕਰਤਾਰਪੁਰ ਵਾਲੀ ਬੀੜ ਦੇ ਅਰੰਭ ਵਿਚ ਜੋ ਸਿਰਲੇਖ 'ਜਪੁ ਰਾਮਦਾਸ ਕਾ' ਲਿਖਿਆ ਹੋਇਆ ਹੈ, ਉਹ ਇਸੇ ਗੱਲ ਨੂੰ ਹੀ ਪ੍ਰਗਟ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਬਖਸ਼ਿਸ਼ ਕਰਦੇ ਹੋਏ ਆਪਣੀ ਹੀ ਨਿਗਰਾਨੀ ਵਿਚ ਭਾਈ ਗੁਰਦਾਸ ਜੀ ਤੋਂ ਆਦਿ ਗ੍ਰੰਥ ਦੀ ਬੀੜ ਲਿਖਵਾ ਕੇ ਸੰਪਾਦਿਤ ਕੀਤੀ ਜਿਸ ਦਾ ਪਹਿਲਾ ਪ੍ਰਕਾਸ਼ ਭਾਦੋਂ ਸੁਦੀ ਏਕਮ ਸੰਮਤ 1661 ਨੂੰ, 30 ਅਗਸਤ 1604 ਈਸਵੀ ਵਾਲੇ ਦਿਨ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ । ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਨੂੰ ਫੁਰਮਾਇਆ ਕਿ "ਸਤਿਗੁਰ ਦਾ ਸਰੀਰ ਤਾਂ ਹਰ ਸਮੇਂ ਕੋਈ ਦੇਖ ਨਹੀਂ ਸਕਦਾ ਅਤੇ ਨਾ ਹੀ ਰਹਿਣ ਵਾਲਾ ਹੈ । ਗੁਰੂ ਗ੍ਰੰਥ ਹੀ ਗੁਰੂ ਦਾ ਰਿਦਾ ਹੈ ਜੋ ਹਰ ਥਾਂ, ਹਰ ਵੇਲੇ ਪਰਖਿਆ ਤੇ ਦੇਖਿਆ ਜਾ ਸਕਦਾ ਹੈ ।"

ਇਹ ਵੀ ਹੁਕਮ ਕੀਤਾ ਕਿ ਬਾਣੀ ਦਾ ਅਦਬ ਉਨ੍ਹਾਂ ਦੇ ਸਰੀਰ ਨਾਲੋਂ ਵਧ ਕਰਨਾ ।



ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਬਣੇ ਤੇ ਗੁਰੂ ਅਰਜਨ ਜੀ ਚੌਰ-ਬਰਦਾਰ । ਹਰਿਮੰਦਰ ਸਾਹਿਬ ਵਿਖੇ 'ਬੀੜ ਸਾਂਸਿਬ' ਨੂੰ ਸਜੇ ਹੋਏ ਤਖਤ ਤੇ ਸਜਾਇਆ ਗਿਆ ਪੰਚਮ ਪਾਤਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਵਾਕ ਲੈਣ ਲਈ ਕਿਹਾ। ਵਾਕ ਸੂਹੀ ਮਹਲਾ ਪੰਜਵਾਂ ਦਾ ਸੀ ਜਿਸ ਦੀਆਂ ਪਹਿਲੀਆਂ ਤੁਕਾਂ ਇਹ ਸਨ—

ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ,
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ (783)

ਗੁਰੂ ਅਰਜਨ ਸਾਹਿਬ ਨੇ 'ਆਦਿ ਗ੍ਰੰਥ' ਦਾ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰ ਕੇ ਆਪਣੇ ਲਈ ਲਾਗੇ ਹੀ ਇਕ ਗੜ੍ਹਾ ਖੁਦਵਾਇਆ ਤੇ ਉਸ ਵਿਚ ਆਪ ਜੀ ਆਸਣ ਲਗਾ ਕੇ ਬੈਠਦੇ ਤਾਂ ਕਿ ਹੁਣ ਸੰਗਤਾਂ ਗੁਰੂ ਗ੍ਰੰਥ ਵਲ ਵੇਖਣ, ਗੁਰੂ ਅਰਜਨ ਵਲ ਨਾ । ਰਾਤੀਂ ਗੁਰੂ ਗ੍ਰੰਥ ਸਾਹਿਬ ਦਾ ਸੁਖ ਆਸਨ ਆਪਣੇ ਨਿੱਜੀ ਅਸਥਾਨ ਤੇ ਕਰਦੇ ਅਤੇ ਆਪ ਜੀ ਭੁੰਜੇ ਹੀ ਸੌਂ ਜਾਂਦੇ ।

ਭੂਮ ਸੈਨ ਨਿਤ ਪ੍ਰਤ ਕਰੈ ਗੁਰੂ ਗ੍ਰੰਥ ਕੇ ਪਾਸ ।
ਗੁਰੂ ਗ੍ਰੰਥ ਭਗਵੰਤ ਸਮ ਜਾਨੈ ਕਰ ਅਰਦਾਸ ।

(ਗੁਰ ਬਿਲਾਸ ਪਾਤਸ਼ਾਹੀ 6)

ਗੁਰੂ ਹਰਿਗੋਬਿੰਦ ਸਾਹਿਬ ਨੇ ਤਾਂ ਇਥੋਂ ਤਕ ਹੁਕਮ ਕਰ ਦਿੱਤਾ ਕਿ, "ਹਰ ਉਸ ਸਿੱਖ ਨੂੰ ਗੁਰੂ ਦਾ ਰੂਪ ਜਾਣੋਂ ਜੋ ਗੁਰਬਾਣੀ ਪੜ੍ਹਦਾ ਤੁਹਾਡੇ ਦਰਵਾਜ਼ੇ ਆਉਂਦਾ ਹੈ ।" ਇਤਿਹਾਸਕ ਗਵਾਹੀ ਹੈ ਕਿ ਭਾਈ ਗੁਪਾਲਾ ਜੀ ਨੇ ਹਰਿਗੋਬਿੰਦ ਪੁਰ ਦੇ ਵਿਚ ਜਦੋਂ 'ਜਪੁਜੀ ਸਾਹਿਬ' ਦਾ ਸ਼ੁੱਧ ਪਾਠ ਇਕਾਗਰਤਾ ਦੇ ਨਾਲ ਸੁਣਾਇਆ, ਤਾਂ ਛੇਵੇਂ ਪਾਤਸ਼ਾਹ ਗੁਰ-ਗੱਦੀ ਦੇਣ ਲੱਗੇ । ਪਰੰਤੂ ਜਦੋਂ ਉਨ੍ਹਾਂ ਭਾਈ ਸਾਹਿਬ ਦੀ ਮਨ ਦੀ ਦਸ਼ਾ ਨੂੰ ਵੇਖਿਆ ਤਾਂ ਕਹਿਣ ਲੱਗੇ—ਲੈ ਭਾਈ ! ਤੇਰੀ ਇੱਛਾ ਅਨੁਸਾਰ ਘੋੜਾ ਹਾਜ਼ਿਰ ਹੈ । ਲੈ ਤਾਂ ਗੁਰਿਆਈ ਚਲਿਆ ਸੈਂ ਪਰ ਤੇਰੇ ਭਾਗ । ਆਖਰੀ ਪਉੜੀ ਉਤੇ ਪੁਜ ਕੇ ਭਾਈ ਸੁਭਾਗੇ ਦੇ ਲਿਆਂਦੇ ਚੀਨੇ ਘੋੜੇ ਦਾ ਸੰਕਲਪ ਕਰ ਬੈਠੋਂ । ਸਾਰਿਆਂ ਦੇਖਿਆ ਕਿ ਜਦ ਤੂੰ ਪਾਠ ਕਰ ਰਿਹਾ ਸੈਂ, ਅਸੀਂ ਮੰਜਾ ਛਡ ਰਹੇ ਸਾਂ । ਜੇ ਇਕ ਮਨ, ਚਿਤ ਇਕਾਗਰ ਸਾਰਾ ਪਾਠ ਕਰ ਜਾਂਦੋਂ ਤਾਂ ਗੁਰਿਆਈ ਦਾ ਹੱਕਦਾਰ ਸੈਂ । ਰੱਬ ਨੂੰ ਸੰਸਾਰੀ ਰਸਾਂ ਵਿਚ ਵਟਾ ਲਿਆ ।"

ਜਿਸ ਹਿਰਦੇ ਵਿਚ ਸ਼ਬਦ ਵਸ ਜਾਏ, ਉਹ ਗੁਰੂ ਸਮਾਨ (ਗੁਰਮੁਖ) ਹੋ ਜਾਂਦਾ

ਹੈ। ਢਾਕੇ ਦਾ ਨਿਵਾਸੀ ਭਾਈ ਮੋਹਣ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਇਆ ਤਾਂ ਉਸ ਨੂੰ ਉਪਦੇਸ਼ ਕਰਦੇ ਹੋਏ ਗੁਰੂ ਪਾਤਸ਼ਾਹ ਨੇ ਸ਼ਬਦ ਦੀ ਮਹਾਨਤਾ ਦ੍ਰਿੜ੍ਹ ਕਰਵਾਈ ਤੇ ਬਚਨ ਕੀਤਾ—

"ਏਹੁ ਸਰੀਰ ਤੁਹਾਡਾ ਪੰਜਾ ਤੱਤਾਂ ਦਾ ਹੈ, ਤੇ ਗੁਰਾਂ ਦਾ ਸਰੀਰ ਵੀ ਪੰਜਾਂ ਤੱਤਾਂ ਦਾ ਹੈ, ਤਾਂ ਤੇ ਸਰੀਰ ਤਾਂ ਗੁਰੂ ਤੇ ਸਿੱਖ ਨਹੀਂ ਬਣਦਾ ਤੇ ਪਰਮਾਤਮਾ ਨਾ ਜਨਮਿਆ ਹੈ, ਨਾ ਮੁਇਆ ਹੈ, ਤਾਂ ਤੇ ਮਨ ਦਾ ਭੇਦ ਹੈ। ਸੁਧੁ ਮਨ ਗੁਰਾਂ ਦਾ ਹੈ, ਅਸੁਧ ਮਨ ਸਿੱਖ ਦਾ ਹੈ। ਤਾਂ ਗੁਰਾਂ ਦਾ ਮਨ 'ਸ਼ਬਦ' ਹੈ ਤੇ ਸ਼ਬਦ ਦੁਆਰਾ ਸਿੱਖ ਦਾ ਮਨ ਉੱਜਲ ਕਰਦਾ ਹੈ ਤਾਂ ਸਿੱਖ ਨੂੰ ਆਪਣੇ ਸਰੀਰ ਦੀ ਸੋਝੀ ਪੈਂਦੀ ਹੈ।"

ਗੁਰੂ ਹਰਿ ਰਾਇ ਸਾਹਿਬ ਨੇ ਜਿਸ ਤਰ੍ਹਾਂ ਗੁਰਬਾਣੀ ਦੇ ਅਦਬ ਤੇ ਸਤਿਕਾਰ ਦੀ ਭਾਵਨਾ ਨੂੰ ਸਿੱਖਾਂ ਦੇ ਹਿਰਦਿਆਂ ਵਿਚ ਸਿੰਚਾਰਿਆ, ਉਹ ਉਹਨਾਂ ਦੇ ਜੀਵਨ ਦੀ ਇਕ ਸਾਖੀ ਉਜਾਗਰ ਕਰਦੀ ਹੈ। ਕਵੀ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਕ ਦਿਨ ਸੰਗਤ ਮਿੱਠੀ ਸੁਰ ਵਿਚ ਕੀਰਤਨ ਕਰਦੀ ਹੋਈ ਸੱਤਵੇਂ ਪਾਤਸ਼ਾਹ ਦੇ ਦੀਦਾਰ ਕਰਨ ਲਈ ਆਈ। ਗੁਰੂ ਜੀ ਪਲੰਘ ਤੇ ਬਿਰਾਜ ਰਹੇ ਸਨ। ਉਨ੍ਹਾਂ ਦੇ ਕੰਨਾਂ ਵਿਚ ਢੋਲਕੀ ਛੈਣਿਆਂ ਦੀ ਆਵਾਜ਼ ਪਈ, ਸ਼ਬਦ ਗੂੰਜਿਆ, ਇਕ ਦਮ ਛਾਲ ਮਾਰ ਕੇ ਜ਼ਮੀਨ ਤੇ ਆ ਗਏ, ਗੋਡੇ ਤੇ ਚੋਟ ਲੱਗੀ। ਸੰਗਤ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਆਪ ਨੇ ਇਤਨੀ ਕ਼ਾਹਲੀ ਕਿਉਂ ਕੀਤੀ ?"

ਸੁਨਿ ਕਰਿ ਸ੍ਰੀ ਹਰਿ ਰਾਇ ਉਚਾਰੇ।
ਸੁਨਹੁ ਸਿੱਖ ਤੁਮ ਹੋ ਮਮ ਪਿਆਰੇ।
ਗੁਰ ਅਨਭੈ ਵਿਚ ਬਾਣੀ ਰੂਪ।
ਯਾ ਕੀ ਮਹਿਮਾ ਅਮਿਤ ਅਨੂਪ।
ਭਵ ਅਗਨੀ ਸਾਗਰ ਕੋ ਤਰਨੀ।
ਸਤਿਗੁਰ ਸਿੱਖਨ ਕੋ ਸੁਖ ਕਰਨੀ।
ਜੋ ਸਿੱਖ ਗੁਰਬਾਨੀ ਭੈ ਕਰੈ।
ਬਿਨ ਪ੍ਰਯਾਸ ਭਵ ਸਾਗਰ ਤਰੈ।
ਜੋ ਗੁਰ ਭਗਤ ਸਿਖ ਹੈ ਮੇਰਾ।
ਗੁਰਬਾਨੀ ਭੈ ਤਿਸੈ ਘਨੇਰਾ।
ਜਿਨ ਭੈ ਬਾਨੀ ਅਦਬ ਨ ਧਾਰਾ।
ਜਾਨਹੁ ਸੋ ਸਿੱਖ ਨਹੀਂ ਹਮਾਰਾ।



ਗੁਰੂ ਗ੍ਰੰਥ ਸਾਹਿਬ ਦੇ ਅੰਦਬ ਦੀ ਮਹਾਨਤਾ ਨੂੰ ਕਾਇਮ ਰੱਖਣ ਲਈ ਗੁਰੂ ਹਰਿ ਰਾਇ ਸਾਹਿਬ ਨੇ ਹੱਦ ਮੁਕਾ ਦਿੱਤੀ ਜਦੋਂ ਆਪ ਨੇ ਬਾਣੀ ਦੀ ਇਕ ਤੁਕ ਬਦਲਣ ਤੇ ਆਪਣੇ ਹੀ ਪੁੱਤਰ (ਰਾਮ ਰਾਇ) ਨੂੰ ਤਿਆਗ ਦਿੱਤਾ ਤੇ ਹੁਕਮ ਕੀਤਾ— "ਰਾਮ ਰਾਇ ਨੇ ਗੁਰੂ-ਘਰ ਦੀ ਵਡਿਆਈ ਤੇ ਆਦਰਸ਼ਾਂ ਪ੍ਰਤੀ ਦ੍ਰਿੜ੍ਹਤਾ ਤੇ ਸਾਹਸ ਨਹੀਂ ਦਿਖਾਇਆ ਅਤੇ ਕਾਇਰਤਾ ਦਾ ਸਬੂਤ ਦਿੱਤਾ ਹੈ। ਕੋਈ ਵੀ ਕੰਗਾਲ ਬੁਧੀ ਦਾ ਮਾਲਕ ਗੁਰੂ ਨਾਨਕ ਪਾਤਸ਼ਾਹ ਦੀ ਤੁਕ ਨਹੀਂ ਬਦਲਾ ਸਕਦਾ। ਰਾਮ ਰਾਇ ਦੇ ਇਸ ਹੀਣੇ ਕਰਤਵ ਨੇ ਸਮੁਚੇ ਸਿੱਖ ਆਚਰਨ ਦੀ ਤੌਹੀਨ ਕੀਤੀ ਹੈ, ਹੁਣ ਉਹ ਸਾਡੇ ਮੱਥੇ ਨਾ ਲੱਗੇ।"

ਸਿੱਖਾਂ ਦੀ ਪੁੱਛ ਤੇ ਕਿ "ਬਾਣੀ ਨੂੰ ਬਾਰ ਬਾਰ ਪੜ੍ਹਨ ਦਾ ਕੀ ਫਾਇਦਾ ਹੈ ?" ਗੁਰੂ ਹਰਿ ਰਾਇ ਜੀ ਨੇ ਇਕ ਥੇਹ ਤੋਂ ਥਿੰਧੀ ਠੀਕਰੀ ਚੁਕ ਕੇ ਫੁਰਮਾਇਆ— "ਜਿਵੇਂ ਇਸ ਭਾਂਡੇ ਵਿਚ ਕਦੇ ਘਿਉ ਸੀ ਤੇ ਇਸ ਦੀ ਥਿੰਧਿਆਈ ਸਾਲਾਂ ਦੇ ਬੀਤ ਜਾਣ ਬਾਅਦ ਵੀ ਸੂਰਜ ਦੀਆਂ ਕਿਰਣਾਂ ਨਾਲ ਚਮਕਾਂ ਮਾਰਦੀ ਹੈ। ਇਸੇ ਤਰ੍ਹਾਂ ਬਾਣੀ ਦਾ ਅੱਭਿਆਸ ਆਦਰਸ਼ਾਂ ਨੂੰ ਡੂੰਘਿਆਂ ਕਰਦਾ ਹੈ। ਇਸ ਨਾਲ ਜੀਵਨ ਦੇ ਵਿਚ ਨਵੀਂ ਤਾਜ਼ਗੀ, ਨਵੀਂ ਪ੍ਰੇਰਨਾ ਤੇ ਨਵਾ ਉਤਸ਼ਾਹ ਮੌਲਦਾ ਰਹਿੰਦਾ ਹੈ।" ਇਕ ਹੋਰ ਸੁਆਲ ਦਾ ਜੁਆਬ ਦਿੰਦਿਆਂ ਸਤਵੇਂ ਪਾਤਸ਼ਾਹ ਕਹਿਣ ਲੱਗੇ—"ਜਦੋਂ ਬਾਣੀ ਦਾ ਪਾਠ ਤੇ ਕੀਰਤਨ ਮਨ ਨੂੰ ਮਿੱਠਾ ਲੱਗੇ ਤਾਂ ਸਮਝੋ ਮਨ ਜਾਗ ਪਿਆ ਹੈ—

ਗੁਰ ਉਪਦੇਸ਼ ਜਾਹਿ ਮਨ ਲਾਗਾ।
ਕੋਟ ਜਨਮ ਕੋ ਸੋਵਤ ਜਾਗਾ।
ਮਨ ਜਾਗੇ ਕੀ ਇਹੈ ਨਿਸ਼ਾਨੀ।
ਪ੍ਰਿਯ ਲਾਗੇ ਸਤਿਗੁਰ ਕੀ ਬਾਨੀ।

ਗੁਰੂ ਤੇਗ ਬਹਾਦਰ ਜੀ ਬਕਾਲੇ ਵਿਚ ਲਗਾਤਾਰ 20 ਸਾਲ 'ਗੋਬਿੰਦ ਗੁਨ' ਗਾਉਂਦੇ ਰਹੇ ਤੇ 'ਬਾਣੀ' ਦਾ ਸਾਕਾਰ ਰੂਪ ਹੋ ਨਿਬੜੇ। ਉਨ੍ਹਾਂ ਨੇ 62 ਸ਼ਬਦ ਤੇ 57 ਸਲੋਕ ਰਲਾ ਕੇ 'ਆਦਿ ਗ੍ਰੰਥ' ਨੂੰ ਅੱਜ ਦਾ ਰੂਪ ਦਿੱਤਾ। ਰਾਗ ਜੈਜਾਵੰਤੀ ਉਨ੍ਹਾਂ ਦੀ ਆਪਣੀ ਦੇਣ ਹੈ। ਉਨ੍ਹਾਂ ਦੀ ਬਾਣੀ ਬੈਰਾਗ ਤੇ ਅਨੁਰਾਗ ਦਾ ਅਦਭੁੱਤ ਸੁਮੇਲ ਪ੍ਰਗਟਾਉਂਦੀ ਹੈ ਜੋ ਦੇਹ ਅਧਿਆਸ ਤੇ ਮਾਨਸਿਕ ਰੋਗਾਂ ਨੂੰ ਮੁਕਾਉਣ ਦੀ ਸਮਰੱਥਾ ਰੱਖਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਪਾਤਸ਼ਾਹ ਦੀ ਬਾਣੀ ਆਪਣੇ ਹੱਥੀਂ ਦਰਜ ਕਰਕੇ ਗ੍ਰੰਥ ਸੰਪੂਰਨ ਕਰ ਦਿੱਤਾ।

ਖ਼ਾਲਸਾ ਪੰਥ ਸਾਜ ਕੇ ਦਸਵੇਂ ਪਾਤਸ਼ਾਹ ਨੇ ਸਰੀਰਕ ਗੁਰੂ ਨੂੰ ਸੰਕੋਚ ਲਿਆ ਤੇ ਸ਼ਬਦ ਨੂੰ 'ਸਦੀਵੀ ਗੁਰੂ' ਟਿਕਾ ਦਿੱਤਾ। ਜਾਮੇ ਦਸ ਸੰਪੂਰਨ ਹੋਏ ਅਤੇ ਖਾਲਸਾ ਪੰਥ ਜ਼ਿਮੇਵਾਰੀ ਉਠਾਉਣ ਦੇ ਯੋਗ ਹੋ ਗਿਆ। ਨਾਂਦੇੜ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਤਾਜਪੋਸ਼ੀ ਦਾ ਦਿਹਾੜਾ ਆ ਗਿਆ ਜਿਸ ਦਾ ਵਰਣਨ ਮੌਕੇ ਤੇ ਹਾਜ਼ਰ ਸਮਕਾਲੀ ਇਤਿਹਾਸਕਾਰਾਂ ਨੇ ਕੀਤਾ ਹੈ। ਸਭ ਤੋਂ ਮਹੱਤਵਪੂਰਨ ਅਕੱਠ ਇਤਿਹਾਸਕ ਹਵਾਲਾ (Authentic Hostorial Record) ਭੱਟ ਨਰਬਦ ਸਿੰਘ ਦਾ ਹੈ ਜੋ ਕੇਸ਼ੋ ਸਿੰਘ ਦਾ ਪੁੱਤਰ ਸੀ। ਉਹ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਸਮੇਂ ਨਾਦੇੜ ਹਾਜ਼ਰ ਸੀ। ਉਸ ਨੇ ਲਿਖਿਆ ਹੈ :

ਗੁਰੂ ਗੋਬਿੰਦ ਸਿੰਘ ਜੀ ਮਹਲ ਦਸਵਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਪੋਤਾ ਗੁਰੂ ਹਰਿਗੋਬਿੰਦ ਜੀ ਕਾ ਪੜਪੋਤਾ ਗੁਰੂ ਅਰਜਨ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਸੂਰਜਬੰਸੀ ਗੋਸਲ ਗੋਤਰ ਸੋਢੀ ਖਤਰੀ ਬਾਸੀ ਅਨੰਦਪੁਰ ਪਰਗਨਾ ਕਹਿਲੂਰ ਮੁਕਾਮ ਨਾਂਦੇੜ ਤੱਟ ਗੋਦਾਵਰੀ ਦੇਸ ਦੱਖਣ ਸੰਮਤ ਸਤਾਰਾਂ ਸੌ ਪੈਂਸਠ ਕਤਕ ਮਾਸ ਕੀ ਚੌਥ ਸ਼ੁਕਲ ਪੱਖ ਬੁਧਵਾਰ ਕੇ ਦਿਨ ਭਾਈ ਦੈਆ ਸਿੰਘ ਸੇ ਬਚਨ ਹੋਇਆ ਸ੍ਰੀ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇਆ ਦਇਆ ਸਿੰਘ ਸ੍ਰੀ ਗਰੰਥ ਸਾਹਿਬ ਲੈ ਆਏ, ਗੁਰੂ ਜੀ ਨੇ ਪੰਚ ਪੈਸੇ ਨਾਰੀਅਲ ਅੱਗੇ ਭੇਟਾ ਰੱਖ ਮੱਥਾ ਟੇਕਿਆ। ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗ੍ਹਾ ਸ੍ਰੀ ਗਰੰਥ ਜੀ ਕੋ ਜਾਨਨਾ। ਜੋ ਸਿੱਖ ਜਾਨੇਗਾ ਤਿਸ ਕੀ ਘਾਲ ਥਾਇ ਪਏਗੀ ਗੁਰੂ ਤਿਸ ਕੀ ਬਹੁੜੀ ਕਰੇਗਾ ਸਤ ਕਰ ਮਾਨਨਾ।

(ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ)

6 ਅਕਤੂਬਰ 1708 ਈ: ਬੁਧਵਾਰ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਤੇ ਨਲੀਏਰ ਰੱਖ ਕੇ ਆਪੂੰ ਮੱਥਾ ਟੇਕ ਕੇ ਗੁਰੂ ਗਰੰਥ ਸਾਹਿਬ ਨੂੰ ਗੁਰਿਆਈ ਬਖਸ਼ ਦਿੱਤੀ। ਜਦ ਉਸ ਵੇਲੇ ਗੁਰੂ ਗਰੰਥ ਸਾਹਿਬ ਦਾ ਪਾਵਨ ਵਾਕ ਲਿਆ ਗਿਆ ਤਾਂ ਇਹ ਪਾਇਆ—

ਮਾਰੂ ਮਹਲਾ 5 ॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸਰਾਮਾ ਮਿਟਿ ਗਈ ਸਗਲੀ ਧਾਈ ॥1॥


(ਗੁਰੂ ਗ੍ਰੰਥ ਸਾਹਿਬ ਪੰਨਾ 1000)



ਗੁਰੂ ਗੋਬਿੰਦ ਸਿੰਘ ਜੀ ਨੇ "ਆਤਮਾ ਗਰੰਥ ਵਿਚ, ਦੇਹ ਪੰਥ ਵਿਚ, ਦੀਦਾਰ ਖਾਲਸੇ ਦਾ" ਕਹਿ ਕੇ ਸਿੱਖਾਂ ਨੂੰ ਸਦਾ ਲਈ ਸ਼ਬਦ ਦੇ ਲੜ ਲਾ ਦਿੱਤਾ। ਉਨ੍ਹਾਂ ਨੇ ਜੋਤੀ ਜੋਤ ਸਮਾਣ ਤੋਂ ਬਾਅਦ ਸਰਬਤ ਖਾਲਸਾ ਗੁਰੂ ਗਰੰਥ ਸਾਹਿਬ ਦੀ ਤਾਬਿਆ ਹਾਜ਼ਰ ਹੋਣ ਲੱਗਾ ਅਤੇ ਸ਼ਬਦ ਦੀ ਰੌਸ਼ਨੀ ਵਿਚ ਹੀ ਗੁਰਮਤੇ ਹੋਣ ਲੱਗੇ। ਅਰਦਾਸ ਕਰਨ ਉਪਰੰਤ ਪਾਵਨ ਵਾਕ ਲਿਆ ਜਾਂਦਾ ਜਿਸ ਨੇ ਅੱਜ ਕਲ੍ਹ ਜੀਵਨ ਦੇ ਹਰ ਪੜਾਅ ਤੇ ਕੌਮ ਦੀ ਅਗਵਾਈ ਕੀਤੀ ਹੈ। ਗੁਰੂ ਗਰੰਥ ਸਾਹਿਬ ਆਤਮਿਕ ਜਗਤ ਦਾ ਵਿਧਾਨ ਹੈ ਜਿਸ ਵਿਚ ਵਿਅਕਤੀ-ਵਿਸ਼ੇਸ਼ ਦੀ ਕੋਈ ਥਾਂ ਨਹੀਂ ਅਸੂਲਾਂ ਦੀ ਮਹਾਨਤਾ ਹੈ।

ਗੁਰੂ ਗਰੰਥ ਸਾਹਿਬ ਦੀ ਉਪਾਸ਼ਨਾ 'ਗਿਆਨ' ਦੀ ਪੂਜਾ ਹੈ ਜਿਸ ਨੇ ਮਨੁਖਤਾ ਨੂੰ ਮਨੁਖ ਦੀ ਗੁਲਾਮੀ ਤੋਂ ਉਚੇਰਾ ਕਰ ਦਿੱਤਾ ਹੈ। ਸ਼ਬਦ-ਜੋਤਿ ਜੁਗੋ ਜੁਗ ਅਟੱਲ ਹੈ।

---





# ਪ੍ਰਧਾਨ ਮੰਤਰੀ ਨੂੰ ਪੰਜਾਬ ਦੇ ਹਿੰਦੂਆਂ ਦਾ ਫਿਕਰ

## ਪੰਜਾਬ ਨਾਲ ਕੇਂਦਰ ਵਲੋਂ ਕੀਤੇ ਅਨਿਆਂ ਦੀ ਦਾਸਤਾਂ

□ ਸਵਰਗੀ ਸ੍ਰ: ਹੁਕਮ ਸਿੰਘ

ਮੈਂ ਅਕਾਲੀ ਦਲ ਦੀਆਂ ਸਾਰੀਆਂ ਨੀਤੀਆਂ ਦੀ ਹਮਾਇਤ ਨਹੀਂ ਕਰਦਾ ਅਤੇ ਕਈ ਵਾਰ ਮਤਭੇਦਾਂ ਦਾ ਪ੍ਰਗਟਾਵਾ ਕੀਤਾ ਹੈ। ਮੈਂ ਪੰਜਾਬ ਵਿਚ ਕੁਝ ਵਿਅ-ਕਤੀਆਂ ਵਲੋਂ ਵਰਤਾਏ ਗਏ ਅਤਿਵਾਦ ਦੀ ਨਿੰਦਾ ਕੀਤੀ ਹੈ। ਮੈਂ ਜਹਾਜ਼ ਉਧਾਲਣ, ਕਤਲਾਂ ਤੇ ਹੋਰ ਹਿੰਸਕ ਕਾਰਵਾਈਆਂ ਦੀ ਖੁਲ੍ਹੇ ਆਮ ਨਿਖੇਧੀ ਕੀਤੀ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਗ਼ਲਤੀਆਂ ਕੇਵਲ ਅਕਾਲੀਆਂ ਨੇ ਹੀ ਕੀਤੀਆਂ ਹਨ। ਇਕ ਵਾਰ ਮੈਂ ਖੁਲੇ-ਆਮ ਕਿਹਾ ਹੈ ਕਿ ਬਹੁਤੀਆਂ ਤੇ ਵੱਡੀਆਂ ਗਲਤੀਆਂ ਕੇਂਦਰ ਤੇ ਰਾਜ ਸਰਕਾਰਾਂ ਵਲੋਂ ਕੀਤੀਆਂ ਗਈਆਂ ਹਨ।

**ਝਗੜਾ :**

ਵਰਤਮਾਨ ਅੰਦੋਲਨ ਅਕਾਲੀਆਂ ਦੇ ਇਕ ਭਾਗ ਵਲੋਂ ਸ਼ੁਰੂ ਕੀਤਾ ਗਿਆ ਪ੍ਰੰਤੂ ਪੰਜਾਬ ਸਰਕਾਰ ਦੀਆਂ ਦਮਨ ਤੇ ਜ਼ਿਆਦਤੀਆਂ ਦੀਆਂ ਨੀਤੀਆਂ ਨੇ ਅਕਾ-ਲੀਆਂ ਦੇ ਆਪਸ ਵਿਚ ਲੜ ਰਹੇ ਸਾਰੇ ਗਰੁਪਾਂ ਨੂੰ ਪਿਛੋਂ ਲਾਮਬੰਦ ਕਰ ਲਿਆ ਹੈ। ਮੁਕਾਬਲਿਆਂ ਦੇ ਝੂਠੇ ਬਹਾਨਿਆਂ ਨੂੰ ਬਣਾ ਕੇ ਸਿੱਖ ਨੌਜਵਾਨਾਂ ਦੇ ਬੇਰਹਿਮ ਕਤਲਾਂ, ਪੁਲਿਸ ਵਲੋਂ ਅਸਲੀ ਜਾਂ ਮਨਘੜਤ ਦੋਸ਼ਾਂ ਅਧੀਨ ਲੋੜੀਂਦੇ ਵਿਅਕਤੀਆਂ ਦੀਆਂ ਇਸਤ੍ਰੀਆਂ ਬੱਚਿਆਂ ਤੇ ਰਿਸ਼ਤੇਦਾਰਾਂ ਦੇ ਤੰਗ ਕੀਤੇ ਜਾਣ ਨੇ ਇਹਨਾਂ ਸਾਰੇ ਪ੍ਰਵਾਰਾਂ ਨੂੰ ਅੰਦੋਲਨਾਂ 'ਚ ਧਕੇਲ ਦਿੱਤਾ ਹੈ। ਸਰਕਾਰ ਵਲੋਂ ਅਕਾਲੀਆਂ ਦੀਆਂ ਸਾਰੀਆਂ ਧਾਰਮਿਕ ਤੇ ਕੁਝ ਹੋਰ ਤਰਕਸ਼ੀਲ ਮੰਗਾਂ ਨੂੰ ਮੰਨਣ ਦੇ ਸਬੰਧ ਵਿਚ ਰਜ਼ਾਮੰਦੀ ਦੇ ਵਾਰ-ਵਾਰ ਕੀਤੇ ਗਏ ਪ੍ਰਗਟਾਵੇ ਦੇ ਬਾਵਜੂਦ ਉਹਨਾਂ ਨੂੰ ਮੰਨਣ ਬਾਰੇ ਆਪਣੇ ਵਲੋਂ ਐਲਾਨ, 'ਚ ਦੇਰੀ ਨੇ ਅਨੇਕਾਂ ਸੰਤਾਂ ਨੂੰ ਮੋਹਰੇ ਲਿਆ ਕੇ ਜਿਹੜਾ ਧਰਮ ਯੁੱਧ ਕਿਹਾ ਜਾਣ ਲੱਗਾ, ਵਿਚ ਸ਼ਾਮਲ ਹੋਣ ਲਈ ਮਜਬੂਰ ਕਰ ਦਿੱਤਾ। ਅਤੇ ਤਦੋਂ ਹਰ ਸਿਖ ਨੂੰ ਸ਼ੱਕੀ ਨਜ਼ਰਾਂ ਨਾਲ ਦੇਖੇ ਜਾਣ ਤੇ ਉਸ ਨਾਲ ਬੁਰਾ ਸਲੂਕ ਕੀਤੇ ਜਾਣ

ਜਿਵੇਂ ਕਿ ਸਾਰਾ ਫਿਰਕਾ ਹੀ ਜ਼ਰਾਇਮ ਪੇਸ਼ ਕਬੀਲਾ ਹੁੰਦਾ ਹੈ, ਨੇ ਅਜਿਹੀ ਹਾਲਤ ਪੈਦਾ ਕਰ ਦਿੱਤੀ ਹੈ ਕਿ ਇਕ ਸਿੱਖ ਤੇ ਅਕਾਲੀ 'ਚ ਕੋਈ ਫਰਕ ਨਾ ਰਿਹਾ ਅਤੇ ਦੋਨੋਂ ਇਕ ਹੀ ਦਿਸਣ ਲਗੇ ।

ਦਿੱਲੀ ਵਿਖੇ ਏਸ਼ਿਆਈ ਖੇਡਾਂ ਸਮੇਂ ਦੂਸਰਾ ਮੋਰਚਾ ਚਾਲੂ ਕਰਨਾ ਸਿਆਣਪ ਵਾਲਾ ਕਦਮ ਨਹੀਂ ਸੀ ਪਰੰਤੂ ਵਧੇਰੇ ਬੇਅਕਲੀ ਵਾਲੇ ਕਦਮ ਉਤਰੀ ਰਾਜਾਂ ਦੀਆਂ ਸਰਕਾਰਾਂ, ਖਾਸ ਕਰਕੇ ਹਰਿਆਣਾ ਸਰਕਾਰ ਵਲੋਂ ਹਰ ਸਿੱਖ ਨੂੰ ਦਿੱਲੀ ਪਹੁੰਚਣੋਂ ਰੋਕਣ ਲਈ ਪੁਟੇ ਗਏ ।

ਪ੍ਰਧਾਨ ਮੰਤਰੀ ਨੂੰ ਦਿੱਲੀ ਗੁਰਦੁਆਰਾ ਕਮੇਟੀ ਵਲੋਂ ਪ੍ਰਕਾਸ਼ਤ ਕੀਤੀਆਂ ਗਈਆਂ ਕੁਝ ਕਿਤਾਬਾਂ ਰੀਲੀਜ਼ ਕਰਦੇ ੨੬ ਨਵੰਬਰ ੧੯੮੨ (ਹਿੰਦੁਸਤਾਨ ਟਾਈਮਜ਼), ੨੬ ਨਵੰਬਰ ਨੂੰ ਇਹ ਕਹਿੰਦੇ ਰੀਪੋਰਟ ਕੀਤਾ ਗਿਆ ਕਿ "ਜਦੋਂ ਪੰਜਾਬੀ ਬੋਲਦਾ ਰਾਜ ਬਣਾਇਆ ਗਿਆ ਤਾਂ ਸ: ਹੁਕਮ ਸਿੰਘ ਦੀ ਅਗਵਾਈ ਵਾਲੀ ਕਮੇਟੀ ਵਲੋਂ ਕੀਤੀਆਂ ਸਿਫਾਰਸ਼ਾਂ ਨੂੰ ਮੰਨਿਆ · ਗਿਆ ।" ਇਸ ਤਰ੍ਹਾਂ ਨਹੀਂ ਹੋਇਆ । 'ਮੇਰਾ ਸੱਚ' (ਸਫ਼ਾ ੧੧੭) ਨਾਮੀ ਕਿਤਾਬ, 'ਚ ਉਹਨਾਂ (ਪ੍ਰਧਾਨ ਮੰਤਰੀ) ਦੇ ਬਿਆਨਾਂ ਅਨੁਸਾਰ ਇਹ ਬਦਕਿਸਮਤੀ ਦੀ ਗੱਲ ਸੀ ਕਿ ਸ੍ਰੀ ਸ਼ਾਸਤਰੀ ਨੇ ਲੋਕ ਸਭਾ ਦੇ ਸਪੀਕਰ ਸ: ਹੁਕਮ ਸਿੰਘ ਨੂੰ ਪੰਜਾਬੀ ਸੂਬੇ ਬਾਰੇ ਪਾਰਲੀਮੈਂਟ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਸੀ ਭਾਵੇਂ ਕਿ ਉਹ ਪੰਜਾਬੀ ਸੂਬੇ ਦੇ ਹੱਕ ਵਿਚ ਝੁਕਾਅ ਰਖਦਾ ਸੀ । ਮੈਂ ਸ੍ਰੀ ਚਵਾਨ ਕੋਲ ਗਈ ਅਤੇ ਕਿਹਾ ਮੈਂ ਸੁਣਿਆ ਹੈ ਕਿ ਸ: ਹੁਕਮ ਸਿੰਘ ਪੰਜਾਬੀ ਸੂਬੇ ਦੇ ਹੱਕ ਵਿਚ ਰਿਪੋਰਟ ਦੇ ਰਿਹਾ ਹੈ, ਉਸ ਨੂੰ ਰੋਕਿਆ ਜਾਣਾ ਚਾਹੀਦਾ ਹੈ । ਇਕ ਵਾਰ ਜੇਕਰ ਪ੍ਰਧਾਨ ਮੰਤਰੀ ਦੇ ਨਿਯੁਕਤ ਕੀਤੇ ਗਏ ਵਿਅਕਤੀ ਨੇ ਆਪਣੇ ਆਪ ਨੂੰ ਪੰਜਾਬੀ ਸੂਬੇ ਦੇ ਹੱਕ ਵਿਚ ਐਲਾਨ ਕਰ ਦਿੱਤਾ ਤਾਂ ਫਿਰ ਅਸੀਂ ਇਸ ਤੋਂ ਕਿਵੇਂ ਛੁਟਕਾਰਾ ਪਾ ਸਕਾਂਗੇ ?

ਸ੍ਰੀਮਤੀ ਗਾਂਧੀ ਸ੍ਰੀ ਚਵਾਨ ਦੇ ਨਾਲ ਸ੍ਰੀ ਸ਼ਾਸਤਰੀ ਨੂੰ ਮਿਲਣ ਗਏ ਤਾਂ ਸ੍ਰੀ ਸ਼ਾਸਤਰੀ ਨੇ ਇਹ ਕਿਹਾ ਕਿ ਉਸਨੂੰ ਸਾਰੇ ਹਾਲਾਤ ਦਾ ਪਤਾ ਸੀ ਅਤੇ ਚਿੰਤਾ ਕਰਨ ਦੀ ਲੋੜ ਨਹੀਂ । ਪ੍ਰੰਤੂ ਮੈਨੂੰ ਬਹੁਤ ਚਿੰਤਾ ਸੀ । ਮੈਂ ਕਈਆਂ ਨੂੰ ਮਿਲੀ । ਨਿਰਸੰਦੇਹ ਇਕ ਵਾਰ ਰਿਪੋਰਟ ਆ ਜਾਂਦੀ ਤਾਂ ਇਸ ਨੂੰ ਬਦਲਣਾ ਔਖਾ ਹੋ ਜਾਂਦਾ ਹੈ ।

ਸ੍ਰੀ ਲਾਲ ਬਹਾਦਰ ਸ਼ਾਸਤਰੀ ਨੇ ਜਵਾਹਰ ਲਾਲ ਨਹਿਰੂ ਦੀ ਨੀਤੀ ਨੂੰ ਜਾਰੀ ਰਖਿਆ ਅਤੇ ਉਹ ਪੰਜਾਬੀ ਸੂਬੇ ਦੇ ਓਨਾ ਹੀ ਵਿਰੁੱਧ ਸੀ ਜਿੰਨਾ ਕਿ ਨਹਿਰੂ । ਇਸ



ਤਰ੍ਹਾਂ ਜਦੋਂ ਉਸ ਤੇ ਸ੍ਰੀਮਤੀ ਗਾਂਧੀ ਵਲੋਂ ਹੁਕਮ ਸਿੰਘ ਨੂੰ ਰੋਕਣ ਲਈ ਜ਼ੋਰ ਪਾਇਆ ਗਿਆ ਤਾਂ ਉਸ ਨੇ ਕੋਈ ਦੇਰ ਨਾ ਕੀਤੀ । ਸ੍ਰੀ ਸ਼ਾਸਤਰੀ ਨੇ ਸ੍ਰੀ ਗੁਲਜ਼ਾਰੀ ਲਾਲ ਨੰਦਾ, ਤਦੋਂ ਗ੍ਰਹਿ ਮੰਤਰੀ ਨੂੰ ਆਪਣੀ ਰਿਹਾਇਸ਼ ਤੇ ਸੱਦਿਆ ਅਤੇ ਉਸ ਨੂੰ ਨਾ-ਮਾਫਿਕ ਰਿਪੋਰਟ ਬਾਰੇ ਦਸਿਆ । ਮੇਰੇ ਨਾਲ ਟੈਲੀਫੋਨ ਤੇ ਸੰਪਰਕ ਕੀਤਾ ਗਿਆ । ਸ੍ਰੀ ਸ਼ਾਸਤਰੀ ਨੇ ਪ੍ਰਗਟਾਵਾ ਕੀਤਾ ਕਿ ਸ੍ਰੀ ਨੰਦਾ ਉਸ ਕੋਲ ਸੀ ਅਤੇ ਉਸ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਮੇਰੇ ਨਾਲ ਅਚਾਨਕ ਗਲਬਾਤ ਸਮੇਂ ਪ੍ਰਭਾਵ ਗ੍ਰਹਿਣ ਕੀਤਾ ਸੀ ਕਿ ਮੇਰਾ ਵਿਸ਼ਵਾਸ ਹੈ ਕਿ ਪੰਜਾਬੀ ਸੂਬਾ ਸਿਖਾਂ ਲਈ ਅੰਤ ਵਿਚ ਲਾਭਦਾਇਕ ਨਹੀਂ ਰਹਿਆ, ਅਖੀਰ ਮੇਰਾ (ਹੁਕਮ ਸਿੰਘ) ਨਾਂ ਪਾਰਲੀਮੈਂਟਰੀ ਕਮੇਟੀ ਦੀ ਚੇਅਰਮੈਨਸ਼ਿਪ ਲਈ ਪੇਸ਼ ਕੀਤਾ ਸੀ, ਪਰ ਹੁਣ ਮੈਂ ਇਸ ਦੇ ਹੱਕ ਵਿਚ ਰਿਪੋਰਟ ਦਿੰਦਾ ਦਿਸ ਰਿਹਾ ਸੀ ।

**ਸਰਕਾਰ ਦਾ ਇਰਾਦਾ :**

ਮੈਂ ਜਵਾਬ ਦਿੱਤਾ ਕਿ ਗੱਲ ਕੁਝ ਹੱਦ ਤਕ ਸੱਚੀ ਸੀ । ਮੈਂ ਸ੍ਰੀ ਨੰਦਾ ਨੂੰ ਦਸਿਆ ਸੀ ਕਿ ਪੰਜਾਬੀ ਸੂਬਾ ਦੂਰ ਭਵਿੱਖ ਵਿਚ ਸਿੱਖਾਂ ਲਈ ਬਹੁਤਾ ਲਾਭਦਾਇਕ ਨਹੀਂ ਰਹੇਗਾ, ਪਰ ਮੈਂ ਇਹ ਵੀ ਕਿਹਾ ਸੀ ਕਿ ਮਸਲਾ ਉਦੋਂ ਤਕ ਜਜ਼ਬਾਤੀ ਬਣ ਗਿਆ ਸੀ ਅਤੇ ਇਸ ਨੇ ਭਾਵਨਵਾਂ ਉਕਸਾ ਦਿੱਤੀਆਂ । ਇਸ ਲਈ ਕਿਸੇ ਸਿਖ ਨਾਲ ਪੰਜਾਬੀ ਸੂਬੇ ਦੇ ਲਾਭਾਂ ਅਤੇ ਨੁਕਸਾਨਾਂ ਬਾਰੇ ਦਲੀਲਬਾਜ਼ੀ ਕਰਨੀ ਉਸ ਨੂੰ ਪ੍ਰਭਾਵਤ ਕਰਨਾ ਤਾਂ ਦੂਰ ਦੀ ਗੱਲ ਰਹੀ, ਸੰਭਵ ਨਹੀਂ ਸੀ । ਹਰ ਸਿਖ ਇਸ ਬਾਰੇ ਨਾਂਹ ਨੂੰ ਵਿਤਕਰਾ ਸਮਝਦਾ ਸੀ । ਮੈਂ ਸ੍ਰੀ ਸ਼ਾਸਤਰੀ ਤੋਂ ਵੀ ਪੁੱਛਿਆ ਕਿ ਮੈਂ ਇਹੀ ਵਿਚਾਰ ਉਹਨਾਂ ਕੋਲ ਵੀ ਤਾਂ ਪੇਸ਼ ਕੀਤੇ ਸਨ ਅਤੇ ਉਹਨਾਂ ਦਾ ਉੱਤਰ ਹਾਂ ਵਿਚ ਸੀ । ਮੈਂ ਝਟਪਟ ਸ੍ਰੀ ਸਾਸ਼ਤਰੀ ਦੇ ਨਿਵਾਸ ਅਸਥਾਨ ਤੇ ਪਹੁੰਚ ਕੇ ਸ੍ਰੀ ਨੰਦਾ ਨੂੰ ਮਿਲਣ ਲਈ ਕਿਹਾ, ਪਰ ਉਹਨਾਂ ਨੇ ਕਿਹਾ ਕਿ ਇਸ ਦੀ ਕੋਈ ਲੋੜ ਨਹੀਂ ਸੀ । ਇਸ ਨੇ ਮੇਰਾ ਭਰਮ ਦੂਰ ਕਰ ਦਿੱਤਾ । ਸਰਕਾਰ ਦਾ ਇਰਾਦਾ ਤਦੋਂ ਮੈਨੂੰ ਆਪਣੇ ਭਾਈਚਾਰੇ ਵਿਰੁੱਧ ਵਰਤਣ, ਵਿਰੋਧੀ ਰਿਪੋਰਟ ਲੈਣ ਅਤੇ ਫਿਰ ਮੰਗ ਨੂੰ ਰੱਦ ਕਰ ਦੇਣ ਦਾ ਸੀ ।

ਸਰਕਾਰ ਨੇ ਕਦੇ ਵੀ ਕਿਸੇ ਸਿੱਖ ਮੰਗ ਨੂੰ ਵਜ਼ਨਦਾਰ ਨਹੀਂ ਸਮਝਿਆ । ਸੰਨ ੧੯੪੮ ਵਿਚ ਧਰ ਕਮਿਸ਼ਨ ਨੇ ਹੋਰਨਾਂ ਗੱਲਾਂ ਦੇ ਨਾਲ-ਨਾਲ ਇਹ ਦਲੀਲ ਕਿ ਜੇਕਰ ਇਕ ਵਾਰ ਦਖਣ ਵਿਚ ਗੱਲ ਸ਼ੁਰੂ ਕੀਤੀ ਤਾਂ ਇਹ ਉੱਤਰ ਵਿਚ ਸਿਖਾਂ ਵਲੋਂ ਮੰਗ ਜੀ ਤੇਜ਼ ਫੜੇਗੀ, ਮੁੜ ਹਦਬੰਦੀ ਨੂੰ ਮੁਲਤਵੀ ਕਰਨ ਦੀ ਸਿਫ਼ਾਰਸ਼ ਕੀਤੀ । ਜੇ. ਵੀ. ਪੀ, (ਜਵਾਹਰ ਲਾਲ, ਵਲਭ ਪਟੇਲ ਤੇ ਪੱਟਾ ਭਾਈ ਸੀਤਾ ਰਮਈਆ)

ਕਮੇਟੀ ਨੇ ਧਰ ਰਿਪੋਰਟ ਤੇ ਵਿਚਾਰ ਕਰਦੇ ਹੋਏ ਅਚਾਨਕ ਹੀ ਕਿਹਾ ਕਿ ਉਤਰੀ ਭਾਰਤ ਦੇ ਪ੍ਰਾਂਤਾਂ ਵਿਚ ਹੱਦਾਂ ਦੀ ਸੁਧਾਈ ਦਾ ਕੋਈ ਪ੍ਰਸ਼ਨ ਵਰਤਮਾਨ ਸਮੇਂ ਨਹੀਂ ਉਠਾਉਣਾ ਚਾਹੀਦਾ। ਇਸ ਤਰ੍ਹਾਂ ਤਜਵੀਜ਼ ਦੇ ਹੱਕ ਵਿਚ ਜੋ ਵੀ ਗੱਲ ਜਾਂਦੀ ਹੋਵੇ। ਅਤੇ ਇਹ ਭਵਿੱਖ ਦੀ ਨੀਤੀ ਬਣ ਗਈ। ਨਹਿਰੂ ਇਸ ਤੇ ਅੜਿਆ ਰਿਹਾ। ਸ਼ਾਸਤਰੀ ਨੇ ਇਸ ਨੂੰ ਜਾਰੀ ਰਖਿਆ ਅਤੇ ਇੰਦਰਾ ਗਾਂਧੀ ਵੀ ਇਸ ਤੋਂ ਇਧਰ-ਉਧਰ ਨਹੀਂ ਹੋਈ।

**ਅਸਪਸ਼ਟ ਮਤਾ :**

ਸ੍ਰੀਮਤੀ ਗਾਂਧੀ ਸ੍ਰੀ ਸ਼ਾਸਤਰੀ ਤੇ ਸ੍ਰੀ ਨੰਦਾ ਵਲੋਂ ਮੈਨੂੰ ਰਿਪੋਰਟ ਦੇਣ ਤੋਂ ਰੋਕਣ ਲਈ ਹਰ ਕੋਸ਼ਿਸ਼ ਕੀਤੀ ਗਈ ਪ੍ਰੰਤੂ ਕੋਈ ਪੇਸ਼ ਨਾ ਗਈ ਤਾਂ ਕਾਂਗਰਸ ਨੇ ੯ ਮਾਰਚ ਦੀ ਮਿਤੀ ਵਾਲਾ ਇਕ ਅਸਪਸ਼ਟ ਮਤਾ ਪਾਸ ਕਰਕੇ ਪੰਜਾਬ ਦੀ ਮੁੜ ਹੱਦ-ਬੰਦੀ ਨਾਲ ਸਹਿਮਤ ਹੋ ਗਏ ਪਾਰਲੀਮੈਂਟਰੀ ਕਮੇਟੀ ਦੀ ਰਿਪੋਰਟ ਉਤੇ ਇਕ ਹਫਤਾ ਪਿਛੋਂ ੧੫ ਮਾਰਚ ੧੯੬੬ ਨੂੰ ਦਸਖਤ ਕੀਤੇ ਗਏ। ਇਸ ਤਰ੍ਹਾਂ ਇਹ ਸਚਾਈ ਨਹੀਂ ਕਿ ਪਾਰਲੀਮੈਂਟਰੀ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮਨਜ਼ੂਰ ਕੀਤਾ ਗਿਆ।

ਲੋਕ ਸਭਾ ਵਿਚ ਪਰਜਾ-ਸੋਸ਼ਲਿਸਟ ਪਾਰਟੀ ਡੇ ਲੀਡਰ ਸ੍ਰੀ ਐਸ. ਐਨ. ਦਿਵੇਦੀ ਰਿਪੋਰਟ ਦੇ ਨਾਲ ਨੱਥੀ ਇਕ ਵੱਖਰੀ ਨੋਟ ਵਿਚ ਕਾਂਗਰਸ ਦੇ ਇਸ ਫ਼ੈਸਲੇ ਤੇ ਅਫਸੋਸ ਪ੍ਰਗਟ ਕੀਤਾ। ਪ੍ਰੰਤੂ ਕਾਂਗਰਸ ਸਬ-ਕਮੇਟੀ ਦੇ ਫ਼ੈਸਲੇ ਦੀ ਪਬਲਿਕ ਐਲਾਨ ਅਤੇ ਪ੍ਰਧਾਨ ਮੰਤਰੀ ਦੇ ਬਿਆਨ ਕਿ ਸਰਕਾਰ ਫ਼ੈਸਲੇ ਦੀ ਪਾਬੰਦ ਹੋਵੇਗੀ, ਨੇ ਦਿਖਾਇਆ ਕਿ ਇਹ ਪਾਰਲੀਮੈਂਟਰੀ ਕਮੇਟੀ ਤੇ ਇਸ ਦੀ ਮਹਾਨਤਾ ਨੂੰ ਅੱਖਿਂ ਉਹਲੇ ਕਰਨ ਦਾ ਜਾਣ-ਬੁਝ ਕੇ ਕੀਤਾ ਗਿਆ ਯਤਨ ਸੀ। ਇਸ ਨੇ ਇਹ ਸਿੱਧ ਕੀਤਾ ਕਿ ਕਾਂਗਰਸ ਪਾਰਟੀ ਪੈਦਾ ਹੋ ਚੁਕੇ ਤੇ ਵਿਕਸਤ ਹੋ ਰਹੇ ਖਾਸ ਹਾਲਤ ਤੋਂ ਰਾਜਸੀ ਲਾਭ ਵੀ ਲੈਣਾ ਚਾਹੁੰਦੀ ਸੀ।

ਪਾਰਲੀਮੈਂਟਰੀ ਕਮੇਟੀ ਵਲੋਂ ਪੰਜਾਬੀ ਸੂਬੇ ਦੇ ਹੱਕ ਵਿਚ ਰਿਪੋਰਟ ਦੇਣ ਦੇ ਸਰਕਾਰ ਇੰਨਾ ਵਿਰੁੱਧ ਕਿਉਂ ਸੀ, ਅਤੇ ਸ੍ਰੀਮਤੀ ਗਾਂਧੀ ਨੂੰ ਕਿਉਂ ਚਿੰਤਾ ਹੋਈ ਸੀ ਅਤੇ ਉਸ ਹੁਕਮ ਸਿੰਘ ਨੂੰ ਰੋਕਣ ਲਈ ਕਿਉਂ ਹਰ ਇਕ ਨੂੰ ਮਿਲਣ ਵਾਸਤੇ ਭਜ ਦੌੜ ਕੀਤੀ, ਇਸ ਦੀ ਸਪਸ਼ਟਤਾ ਸ੍ਰੀਮਤੀ ਗਾਂਧੀ ਵਲੋਂ ਆਪ ਕੀਤੀ ਗਈ ਹੈ, ਕਾਂਗ੍ਰਸ ਅਕਾਲੀ ਮੰਗ ਮੰਨਣ ਸਬੰਧੀ ਭੰਬਲ-ਭੂਸੇ ਵਿਚ ਪਈ ਹੋਈ ਸੀ, ਕਿਉਂਕਿ ਇਸ ਨੂੰ ਮੰਨਣਾ ਉਸ ਵਲੋਂ ਆਪਣੀ ਵਚਨਬੱਧ ਪੁਜ਼ੀਸ਼ਨ ਛੱਡਣਾ ਤੇ ਪੰਜਾਬੀ ਸੂਬੇ ਵਿਚ ਆਪਣੇ ਹਿੰਦੂ ਹਿਮਾਇਤੀਆਂ ਨੂੰ ਨੀਚਾ ਦਿਖਾਉਣਾ ਸੀ। (ਸਫ਼ਾ ੧੧੭ ਮੇਰਾ ਸੱਚ)। ਸਰਕਾਰ ਆਪਣੇ ਹਿੰਦੂ ਹਿਮਾਇਤੀਆ ਨੂੰ ਨੀਚਾ ਦਿਖਾਉਣ ਪ੍ਰਤੀ ਖਾਸ ਤੌਰ ਤੇ ਚੇਤੰਨ ਰਹੀ ਹੈ। ਕਾਂਗਰਸ ਸਿੱਖ ਵੋਟਰਾਂ ਤੇ ਨਿਰਭਰ ਨਹੀਂ ਕਰਦੀ ਅਤੇ ਰਾਜਸੀ ਪੱਖੋਂ ਹਿੰਦੂ ਵੋਟਾਂ ਨੂੰ ਗੁਆਣਾ ਗੁਆਰਾ ਨਹੀਂ ਕਰ ਸਕਦੀ। ਇਸ ਤਰ੍ਹਾਂ ਕਾਂਗਰਸ ਸਿੱਖ ਵੋਟਰਾਂ ਨਾਲ ਇਨਸਾਫ਼ ਕਰਨ ਵਿਚ ਅਸਫਲ ਰਹੀ।



ਪਾਰਲੀਮੈਂਟਰੀ ਇਸ ਨਤੀਜੇ ਤੇ ਪੁੱਜੀ, ਵਰਤਮਾਨ ਪੰਜਾਬ ਰਾਜ ਦੀ ਭਾਸ਼ਾਈ ਅਧਾਰ ਤੇ ਮੁੜ ਹੱਦ-ਬੰਦੀ ਕੀਤੀ ਜਾਏ, (੨) ਪੰਜਾਬ ਰਿਜ਼ਨਲ ਕਮੇਟੀ ਆਰਡਰ ੧੯੫੭ ਦੀ ਪਹਿਲੀ ਸੂਚੀ ਵਿਚ ਵਰਣਨ ਕੀਤਾ ਗਿਆ, ਪੰਜਾਬੀ ਰਿਜ਼ਨਲ ਇਕ ਭਾਸ਼ਾਈ ਰਾਜ ਬਨਣਾ ਚਾਹੀਦਾ ਹੈ, (੩) ਜੇਕਰ ਹੱਦਾਂ ਦਾ ਲੈਣ ਦੇਣ ਕਰਨਾ ਹੋਵੇ ਤਾਂ ਜ਼ਰੂਰੀ ਲੈਣ ਦੇਣ ਬਾਰੇ ਸੁਝਾਅ ਦੇਣ ਲਈ ਇਕ ਕਮੇਟੀ ਤੁਰੰਤ ਕਾਇਮ ਕੀਤੀ ਜਾਵੇ।

ਰਿਜਨਲ ਕਮੇਟੀ ਆਰਡਰ ੧੯੫੭ ਦੀ ਪਹਿਲੀ ਸੂਚੀ ਅੰਬਾਲਾ ਜਿਲੇ ਦੇ ਰੋਪੜ, ਮੁਰਿੰਡਾ ਤੇ ਚੰਡੀਗੜ੍ਹ ਅਸੈਂਬਲੀ ਹਲਕਿਆਂ ਨੂੰ ਪੰਜਾਬੀ ਰਿਜਨ, ਵਿਚ ਸ਼ੰਮਿਲਤ ਕਰਦੀ ਹੈ। ਕੈਪੀਟਲ ਪ੍ਰਾਜੈਕਟ ਦੋਹਾਂ ਰਿਜਨਾਂ 'ਚੋਂ ਬਾਹਰ ਰਖਿਆ ਗਿਆ ਜਦੋਂ ਤਕ ਕਿ ਪੂਰਾ ਸੂਰਾ ਅਸੈਂਬਲੀ ਹਲਕਾ ਨਹੀਂ ਬਣ ਜਾਣਾ ਸੀ, ਅਤੇ ਉਦੋਂ ਤਕ ਲਈ ਇਸ ਦਾ ਪ੍ਰਤੀਨਿਧ ਵੀ ਪੰਜਾਬੀ ਰਿਜਨ ਦੇ ਲਈ ਰਿਜ਼ਨਲ ਕਮੇਟੀ ਵਿਚ ਬੈਠਣਾ ਸੀ।

ਸਰਕਾਰ ਨੇ ਪਾਰਲੀਮੈਂਟਰੀ ਕਮੇਟੀ ਨੂੰ ਉਲੰਘਿਆ, ਅਤੇ ਇਸ ਦੀ ਰਿਪੋਰਟ ਸਬੰਧੀ ਪੇਸ਼ਬੰਦੀ ਕੀਤੀ। ਪਿਛੋਂ ਸ਼ਾਹ ਕਮਿਸ਼ਨ ਦਾ ਹਵਾਲਾ ਭਰਪੂਰ ਪੰਜਾਬ ਵਿਰੋਧੀ ਸੀ। ਇਸ ਲਈ ਸੰਨ ੧੯੬੧ ਦੀ ਮਰਦਮ-ਸ਼ੁਮਾਰੀ ਅਤੇ ਤਹਿਸੀਲ ਯੂਨਿਟ ਨੂੰ ਅਧਾਰ ਬਣਾਉਣਾ ਸਿੱਖਾਂ ਨੂੰ ਸਜ਼ਾ ਦੇਣ ਦਾ ਜਾਣ-ਬੁਝ ਕੇ ਕੀਤਾ ਗਿਆ ਜਤਨ ਸੀ। ਸੰਨ ੧੯੬੧ ਦੀ ਮਰਦਮ-ਸ਼ੁਮਾਰੀ ਵਿਚ ਭਾਸ਼ਾਈ ਵੇਰਵੇ ਫਿਰਕੂ ਲੀਹਾਂ ਉਤੇ ਅਧਾਰਤ ਸਨ, ਇਸ ਲਈ ਹੱਦਬੰਦੀ ਭਾਸ਼ਾਈ ਆਧਾਰ ਤੇ ਹੋਣੀ ਵਧੇਰੇ ਲਾਜਮੀ ਸੀ। ਬਾਅਦ 'ਚ ਗੁਣ-ਆਧਾਰ ਨੂੰ ਫਿਰ ਅੱਖੋਂ ਓਹਲੇ ਕਰ ਦਿੱਤਾ ਗਿਆ, ਅਤੇ ਨਿਆਂ ਤੋਂ ਇਨ-ਕਾਰ ਕੀਤਾ ਗਿਆ। ਕੁਦਰਤੀ ਤੌਰ ਤੇ ਤਣਾਓ ਵਧਿਆ ਜੇਕਰ ੧੯੪੯ ਵਿਚ ਆਇਆ ਸੱਚਰ ਫ਼ਾਰਮੂਲਾ ਮਨਜ਼ੂਰ ਕਰ ਲਿਆ ਜਾਂਦਾ ਤਾਂ ਅਗੋਂ ਕੋਈ ਹੋਰ ਬਖੇੜਾ ਨਹੀਂ ਪੈਣਾ ਸੀ। ਜੇ ਰਿਜ਼ਨਲ ਫਾਰਮੂਲੇ ਨੂੰ ਲਾਗੂ ਕੀਤੇ ਜਾਣ ਦੀ ਖੁਲ੍ਹ ਦਿੱਤੀ ਜਾਂਦੀ ਤਾਂ ਅਗੋਂ ਕੋਈ ਹੋਰ ਬੇਚੈਨੀ ਪੈਦਾ ਨਹੀਂ ਹੋਣੀ ਸੀ। ਅਤੇ ਜੇਕਰ ਪੰਜਾਬੀ ਸੂਬੇ ਦੀ ਆਮ ਭਾਸ਼ਾਈ ਆਧਾਰ ਤੇ ਹੱਦਬੰਦੀ ਕੀਤੀ ਜਾਂਦੀ ਤੇ ੧੯੬੧ ਦੀ ਮਰਦਮ-

ਸ਼ੁਮਾਰੀ ਦੇ ਝੂਠੇ ਲੇਖੇ-ਜੋਖੇ ਤੋਂ ਕੰਮ ਨਾ ਲਿਆ ਜਾਂਦਾ ਤਾਂ ਕੋਈ ਅਤਿਵਾਦੀ ਲਹਿਰ ਅੱਜ ਪੈਦਾ ਨਾ ਹੁੰਦੀ ਹੈ।

**ਸਦਭਾਵਨਾ ਪ੍ਰਾਪਤੀ ਕਿਵੇਂ ?**

ਪੰਜਾਬ ਵਿਚ ਹਿੰਦੂਆਂ ਤੇ ਸਿੱਖਾਂ ਵਿਚਕਾਰ ਤਣਾਓ ਕਾਇਮ ਰਹਿਣਾ ਯਕੀਨੀ ਹੈ, ਜਦੋਂ ਤਕ ਫਿਰਕੂ ਹਿੰਦੂ ਸਿਆਣਪ ਤੋਂ ਕੰਮ ਨਹੀਂ ਲੈਂਦੇ ਅਤੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਮੰਨ ਕੇ ਮੋੜਾ ਨਹੀਂ ਕਟਦੇ। ਜੇਕਰ ਪੰਜਾਬੀ ਹਿੰਦੂ ਨੇ ਪੰਜਾਬੀ ਤੋਂ ਨਾਤਾ ਨਾ ਤੋੜਿਆ ਹੁੰਦਾ, ਅਤੇ ਸਿੱਖਾਂ ਨੂੰ ਅਲੱਗ-ਥਲੱਗ ਨਾ ਕੀਤਾ ਹੁੰਦਾ ਤਾਂ ਪੰਜਾਬੀ ਕੌਮੀਅਤ ਦੀ ਭਾਵਨਾ ਨੇ ਜਨਮ ਲਿਆ ਹੁੰਦਾ, ਤੇ ਹਿੰਦੂ ਤੇ ਸਿਖ ਫਿਰਕਾ-ਪ੍ਰਸਤੀ ਦਬ ਗਈ ਹੁੰਦੀ।

ਇਹੋ ਪਹੁੰਚ ਵਰਤਮਾਨ ਮੋਰਚੇ ਪ੍ਰਤੀ ਅਖਤਿਆਰ ਕੀਤੀ ਗਈ ਹੈ। ਜਿਹਨਾਂ ਮੰਗਾਂ ਨੂੰ ਸ਼ੁਰੂ ਵਿਚ ਵੱਖਵਾਦੀ, ਦੇਸ਼ਧਰੋਹੀ ਅਤੇ ਖਤਰਨਾਕ ਗਰਦਾਨਿਆਂ ਗਿਆ ਸੀ, ਉਹ ਹੌਲੀ-ਹੌਲੀ ਵੱਡੀ ਬਿਪਤਾ ਤੇ ਕੁਰਬਾਨੀਆਂ ਤੋਂ ਬਾਅਦ ਮੰਨੀਆਂ ਜਾ ਰਹੀਆਂ ਹਨ, ਪਰ ਅਜੇ ਵੀ ਇਹ ਖਿਆਲ ਰਖਿਆ ਜਾ ਰਿਹਾ ਹੈ ਕਿ ਪੰਜਾਬ ਵਿਚੋਂ ਕਾਂਗਰਸ ਦੇ ਰਿਵਾਇਤੀ ਹਿੰਦੂ ਸਮਰਥੱਕ ਖੁਸ ਨਾ ਜਾਣ ਅਤੇ ਗੁਆਂਢੀ ਰਾਜਾਂ ਦੀਆਂ ਵਚਾਰਤਾਂ ਨੂੰ ਕਿਸੇ ਵੀ ਹਾਲਤ ਵਿਚ ਕੋਈ ਨੁਕਸਾਨ ਨਾ ਪੁਜੇ।

ਜੇਕਰ ਗੁਣ ਆਧਾਰ ਦੀ ਥਾਂ ਤੇ ਸਿਆਸੀ ਸੋਚ ਸਮਝ ਨੂੰ ਅਗੇ ਰਖਿਆ ਜਾਵੇ ਕਿਸੇ ਵੀ ਮਸਲੇ ਨਾਲ ਇਨਸਾਫ ਨਹੀਂ ਕੀਤਾ ਜਾ ਸਕਦਾ। ਉਪਰੋਕਤ ਹਾਲਤ ਵਿਚ ਘਟ ਗਿਣਤੀਆ ਦੇਸ਼ ਲਈ ਇਕ ਮੁਸੀਬਤ ਹੀ ਬਣੀਆਂ ਰਹਿਣਗੀਆਂ।

---

# ਸੰਤ ਭਿੰਡਰਾਂ ਤਲਵੰਡੀ ਸਾਬੋ ਤੋਂ ਚੌਕ ਮਹਿਤਾ ਬਰਾਸਤਾ ਸ੍ਰੀ ਅੰਮ੍ਰਿਤਸਰ

□ ਪ੍ਰੋ: ਬਚਿੰਤ ਸਿੰਘ

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਅੱਜ ਦੇਸ ਪ੍ਰਦੇਸ਼ ਵਿਚ ਪ੍ਰਸਿੱਧ ਹੋ ਗਿਆ ਹੈ ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਇਹਨੂੰ ਗੈਰ ਸਿਖ ਹਲਕਿਆਂ ਵਿਚ ਆਮ ਕਰਕੇ ਅਤਿਵਾਦੀ ਸਰਗਰਮੀਆਂ ਦਾ ਕੇਂਦਰ ਸਮਝਿਆ ਜਾ ਰਿਹਾ ਹੈ। ਪਰ ਜੇ ਇਸ ਦੇ ਇਤਿਹਾਸਿਕ ਪਿਛੋਕੜ ਨੂੰ ਵਾਚਿਆ ਜਾਵੇ ਤਾਂ ਪਤਾ ਲੱਗੇਗਾ ਕਿ ਇਹ ਵਾਸਤਵਿਕ ਸਿੱਖੀ ਪ੍ਰਚਾਰ ਅਤੇ ਗੁਰਿਆਈ ਦੀ ਵਿਆਖਿਆ ਦਾ ਕੋਈ ਤਿੰਨ ਸੌ ਸਾਲਾ ਇਤਿਹਾਸ ਆਪਣੇ ਵਿਚ ਸਾਂਭੀ ਆ ਰਿਹਾ ਹੈ। ਜਿਸ ਤਰ੍ਹਾਂ ਇਕ ਟਕਸਾਲ ਵਿਚ ਢਾਲੇ ਆਮ ਸਿੱਕੇ ਉੱਤੇ ਸਰਕਾਰੀ ਮੋਹਰ ਲੱਗਣ ਨਾਲ ਉਹ ਸਾਧਾਰਨ ਸਿੱਕਾ ਨਾ ਰਹਿ ਕੇ ਇਕ ਸਰਕਾਰੀ ਮੋਹਰ ਬਣ ਜਾਂਦਾ ਹੈ ਇਸੇ ਤਰ੍ਹਾਂ ਤਲਵੰਡੀ ਸਾਬੋ ਤੋਂ ਸ਼ੁਰੂ ਹੋ ਕੇ ਚੌਕ ਮਹਿਤਾ ਤਕ ਵਿਕਸਤ ਹੋਏ ਸਿੱਖੀ ਪ੍ਰਚਾਰ ਕੇਂਦਰ, ਜਿਸ ਨੂੰ ਕਦੇ ਦਮਦਮੀ ਟਕਸਾਲ ਅਤੇ ਜਾਂ ਸਿੱਖੀ ਤੁਰਦੀ ਫਿਰਦੀ ਯੂਨੀ-ਵਰਸਟੀ ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ, ਵਿਚੋਂ ਤਿਆਰ ਹੋਇਆ ਸਾਧਾਰਨ ਸਿੱਖ ਇਕ ਪੂਰਾ ਸੂਰਾ ਗੁਰਸਿਖ ਰਹਿਤ ਮਰਿਆਦਾ ਵਿਚ ਪੂਰਾ ਹੋ ਕੇ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੱਖ ਬਣ ਜਾਂਦਾ ਹੈ। ਵਿਚਾਰਾਂ ਦੇ ਪੱਖ ਤੋਂ ਵੀ ਅਤੇ ਵਸਤਰਾਂ ਤੇ ਵਿਵਹਾਰ ਦੇ ਪੱਖ ਤੋਂ ਵੀ।

ਇਸ ਲੇਖ ਵਿਚ ਅਸੀਂ ਤਲਵੰਡੀ ਸਾਬੋ ਵਾਲੀ ਦਮਦਮੀ ਟਕਸਾਲ ਦੇ ਅੰਮ੍ਰਿਤਸਰ ਰਾਹੀਂ ਹੋ ਕੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਦੇ ਵਿਕਾਸ ਉਤੇ ਕਝ ਚਾਨਣਾ ਪਾਇਆ ਹੈ ਤਾਂ ਜੋ ਪਾਠਕ ਸਮਝ ਸਕਣ ਕਿ ਇਹ ਅਤਿਵਾਦੀਆਂ ਦਾ ਕੇਂਦਰ ਨਹੀਂ ਸਗੋਂ ਇਹ ਸਿੱਖੀ ਪ੍ਰਚਾਰ ਦਾ ਅਜਿਹਾ ਕੇਂਦਰ ਹੈ ਜਿਥੋਂ ਆਪੂਰਨ ਸਿੱਖ ਪੂਰਨ ਗੁਰਸਿਖ ਸੱਜਦੇ ਹਨ ਅਤੇ ਜਿਥੋਂ ਗੁਰਿਆਈ ਦੀ ਸਹੀ ਵਿਆਖਿਆ, ਕੀਰਤਨ ਦੀ ਦਾਤ ਅਤੇ ਸਿੱਖੀ ਪਰਚਾਰ ਲਈ ਜਤਨ ਕੀਤੇ ਜਾਂਦੇ ਹਨ।

ਤਲਵੰਡੀ ਸਾਬੋ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੰਸ ਵਾਰ ਕੇ ਅਤੇ ਜੰਗ-ਯੁੱਧਾਂ ਤੋਂ ਵਿਹਲੇ ਹੋ ਕੇ ਮੁਕਤਸਰ ਦੇ ਰਸਤੇ ਸਾਬੋ-ਕੀ-ਤਲਵੰਡੀ (ਦਮਦਮਾ

ਸਾਹਿਬ) ਪੁੱਜੇ ਤਾਂ ਸਿੱਖਾਂ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥ ਪੜ੍ਹਾਉਣ । ਇਸ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਗਿਆ ਕੀਤੀ ਕਿ ਧੀਰ ਮੱਲ ਪਾਸੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆਂਦੀ ਜਾਵੇ । ਉਨ੍ਹਾਂ ਦਾ ਪ੍ਰਯੋਜਨ ਸੀ ਕਿ ਇਕ ਤਾਂ ਸਿੱਖਾਂ ਨੂੰ ਗੁਰਬਾਣੀ ਦੇ ਅਰਥ ਕਰਵਾ ਦਿੱਤੇ ਜਾਣ ਅਤੇ ਦੂਸਰਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਨ ਲਈ ਜੋ ਥਾਂ ਖਾਲੀ ਛੱਡੀ ਹੈ ਉਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚੜ੍ਹਾ ਦਿੱਤੀ ਜਾਵੇ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ 25 ਸਿੱਖ ਧੀਰ ਮੱਲ ਕੋਲ ਪੁੱਜੇ । ਪ੍ਰੰਤੂ ਧੀਰ ਮੱਲ ਨੇ ਨਾ ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦੇਣ ਤੋਂ ਹੀ ਇਨਕਾਰ ਕਰ ਦਿੱਤਾ ਸਗੋਂ ਉੱਤਰ ਦਿੱਤਾ, 'ਇਹ ਬੀੜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਵਿਚ ਤਿਆਰ ਕੀਤੀ ਹੈ । ਆਪ ਵੀ ਉਨ੍ਹਾਂ ਦਾ ਹੀ ਸਰੂਪ ਹਨ । ਆਪ ਕੰਠੋਂ ਕਿਉਂ ਨਹੀਂ ਰਚ ਲੈਂਦੇ ? ਮੇਰੇ ਪਾਸੋਂ ਵਡਿਆਂ ਦੀ ਅਮਾਨਤ ਕਿਉਂ ਖੋਂਹਦੇ ਹਨ ?' ਜਦੋਂ ਸਿਖ ਨਿਰਾਸ਼ ਮੁੜ ਆਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਗੁਰਬਾਣੀ ਕੰਠੋਂ ਉਚਾਰਨੀ ਆਰੰਭ ਕਰ ਦਿੱਤੀ । 'ਧੁਰ ਕੀ ਬਾਣੀ' ਦੇ ਆਵੇਸ਼ ਦਾ ਅਜਿਹਾ ਪ੍ਰਵਾਹ ਚਲਿਆ ਕਿ ਪਹਿਲੇ ਹੀ ਦਿਨ ਜਪੁਜੀ ਸਾਹਿਬ, ਰਹਿਰਾਸ ਸਾਹਿਬ ਅਤੇ ਕੀਰਤਨ ਸੋਹਿਲਾ ਤੱਕ ਗੁਰਬਾਣੀ ਲਿਖੀ ਗਈ ਅਤੇ ਸ਼ਾਮ ਨੂੰ ਇਸ ਦੇ ਅਰਥ ਕਰਕੇ ਸਿੱਖਾਂ ਨੂੰ ਸੁਣਾ ਦਿੱਤੇ ਗਏ । ਇਸ ਤਰ੍ਹਾਂ ਗੁਰਬਾਣੀ ਦੀ ਲਿਖਾਈ ਅਤੇ ਅਰਥਾਂ ਦੀ ਪੜ੍ਹਾਈ ਆਰੰਭ ਹੋ ਗਈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਵੇਰੇ ਜਿੰਨੀ ਬਾਣੀ ਲਿਖਾਉਂਦੇ ਉਸ ਦੇ ਅਰਥ ਸ਼ਾਮ ਵੇਲੇ ਕਰ ਦੇਂਦੇ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ-ਕੀ-ਤਲਵੰਡੀ ਵਿਖੇ 9 ਮਹੀਨੇ 9 ਦਿਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਅਤੇ ਅਰਥਾਂ ਦਾ ਕੰਮ ਸੰਪੂਰਨ ਕਰ ਦਿੱਤਾ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਆਗਿਆ ਕੀਤੀ ਕਿ ਭਾਵੇਂ ਉਨ੍ਹਾਂ ਦਾ ਬੰਦ ਬੰਦ ਕਿਉਂ ਨਾ ਕਟਿਆ ਜਾਵੇ ਉਨ੍ਹਾਂ ਦੇ ਗਿਆਨ ਵਿਚ ਫਰਕ ਨਹੀਂ ਪਏਗਾ । ਬਾਬਾ ਦੀਪ ਸਿੰਘ ਜੀ ਨੂੰ ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਬ੍ਰਹਮ ਗਿਆਨ ਵਿਚ ਕਚਿਆਈ ਨਹੀਂ ਆਵੇਗੀ ਭਾਵੇਂ ਉਨ੍ਹਾਂ ਦਾ ਸੀਸ ਵੀ ਧੜ ਨਾਲੋਂ ਅੱਡ ਕਿਉਂ ਨਾ ਹੋ ਜਾਵੇ ।



ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਵਲੋਂ ਸੰਤ ਭਿੰਡਰਾਂ ਦਾ ਮਹਿਤੇ ਚੌਂਕ ਤੋਂ ਗੁਰੂ ਨਾਨਕ ਨਿਵਾਸ ਪੁੱਜਣ 'ਤੇ ਹਾਰਦਿਕ ਸਵਾਗਤ ਦੀ ਇਕ ਝਲਕ । (ਫੋਟੋ—ਸਤਪਾਲ ਦਾਨਿਸ਼)

ਇਸ ਤੋਂ ਛੁੱਟ ਉਨ੍ਹਾਂ ਨੇ ਦਮਦਮਾ ਸਾਹਿਬ ਨੂੰ 'ਸਿਖਾਂ ਦੀ ਕਾਂਸ਼ੀ' ਦਾ ਵਰ ਬਖਸ਼ਿਆ ਅਤੇ ਕਿਹਾ ਕਿ ਸਿਖਾਂ ਨੂੰ ਕਾਸ਼ੀ ਜਾ ਕੇ ਪੜ੍ਹਨ ਦੀ ਲੋੜ ਨਹੀਂ। ਜੋ ਇਥੇ ਬੋਲ ਬੁੱਧ ਵਾਲਾ ਵੀ ਪੜ੍ਹੇਗਾ ਉਸ ਨੂੰ ਵੀ ਛੇਤੀ ਵਿਦਿਆ ਪ੍ਰਾਪਤ ਹੋਵੇਗੀ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਅਤੇ ਦਮਦਮਾ ਸਾਹਿਬ ਦੀ ਧਰਤੀ ਨੂੰ ਨਿਵਾਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ 1707 ਈ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਅਤੇ ਵਿਆਖਿਆ ਦਾ ਭੋਗ ਪਾ ਕੇ ਸ੍ਰੀ ਅਬਚਲ ਨਗਰ ਸਾਹਿਬ ਵੱਲ ਚੱਲ ਪਏ। ਉਨ੍ਹਾਂ ਨਾਲ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਸਮੇਤ 2200 ਸਿੰਘ ਸਨ।

## ਅੰਮ੍ਰਿਤਸਰ

ਗੁਰੂ ਗੋਬਿੰਦ ਸਿੰਘ ਜੀ ਪਿਛੋਂ ਭਾਈ ਮਨੀ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸੇਵਾ ਸੰਭਾਲ ਨਾਲ ਨਿਰੰਤਰ ਸਬੰਧਤ ਰਹੇ। ਇਸ ਸਮੇਂ ਵਿਚ ਉਨ੍ਹਾਂ ਨੇ ਗੁਰੂ ਗ੍ਰੰਥ ਵਿਆਖਿਆ ਦੀ ਪ੍ਰੰਪਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਚਲਤ ਕੀਤੀ। ਇਸੇ ਸਮੇਂ ਭਾਈ ਮਨੀ ਸਿੰਘ ਦੀ ਵਿਅਕਤੀ ਅਤੇ ਗੁਰਬਾਣੀ ਦੀ ਨਰੋਈ ਵਿਆਖਿਆ ਕਾਰਨ ਉਨ੍ਹਾਂ ਤੋਂ ਕਈ ਪੰਡਤ ਅਤੇ ਮੌਲਾਨੇ ਵੀ ਪ੍ਰਭਾਵਿਤ ਹੋਏ। ਇਸੇ ਲਈ ਭਾਈ ਮਨੀ ਸਿੰਘ ਪਾਸ ਕਈ ਸਿਖ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਸਿਖਣ ਲਈ ਵੀ ਪੁਜਿਆ ਕਰਦੇ ਸਨ।

ਸੰਪ੍ਰਦਾਈ ਪ੍ਰਣਾਲੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ 'ਧੁਰ ਕੀ ਬਾਣੀ' ਦੇ ਅਰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਵਰੋਸਾਏ ਭਾਈ ਮਨੀ ਸਿੰਘ ਜੀ ਨੇ ਸੀਨਾ-ਬ-ਸੀਨਾ ਚਲਾਉਣ ਦਾ ਉਪਰਾਲਾ ਹੀ ਨਹੀਂ ਕੀਤਾ ਸਗੋਂ ਇਨ੍ਹਾਂ ਅਰਥਾਂ ਨੂੰ ਲਿਖਤੀ ਰੂਪ ਵਿਚ ਅੰਕਿਤ ਕਰਨ ਦਾ ਵੀ ਯਤਨ ਕੀਤਾ। ਭਾਈ ਮਨੀ ਸਿੰਘ ਜੀ ਨੇ ਜਪੁਜੀ ਸਾਹਿਬ ਦਾ ਟੀਕਾ 'ਸ੍ਰੀ ਗੁਰੂ ਸ਼ਬਦ ਵਿਧੀ' ਕੀਤਾ। ਇਸ ਤੋਂ ਛੁੱਟ ਭਾਈ ਕੀਰਤ ਸਿੰਘ ਨੇ 'ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਇ' ਵੀ ਭਾਈ ਮਨੀ ਸਿੰਘ ਜੀ ਦੀ ਨਿਗਰਾਨੀ ਹੇਠ ਰਚੇ। ਭਾਈ ਮਨੀ ਸਿੰਘ ਜੀ ਦਾ ਜਪੁਜੀ ਸਾਹਿਬ ਦਾ ਟੀਕਾ ਅੱਜ ਤੀਕ ਅਨੇਕ ਟੀਕਿਆਂ ਵਿਚੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ। ਇਸ ਪ੍ਰਕਾਰ ਭਾਈ ਮਨੀ ਸਿੰਘ ਜੀ ਨੇ ਸੰਪ੍ਰਦਾਈ ਪ੍ਰਣਾਲੀ ਦੇ ਮੋਹਰਲੇ ਟੀਕਾਕਾਰ ਬਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਹੋਏ ਸ਼ਬਦਾਰਥਾਂ ਨੂੰ ਅੰਕਿਤ ਕਰਨ ਦੀ ਵੀ ਲੀਹ ਪਾ ਦਿੱਤੀ। ਗੁਰਬਾਣੀ ਦੀ ਟੀਕਾਕਾਰੀ ਜਾਂ ਗੁਰਮਤਿ ਦੀ ਵਿਆਖਿਆ ਦੇ ਖੇਤਰ ਵਿਚ ਕਈ ਸੰਪ੍ਰਦਾਈ ਗਿਆਨੀਆਂ ਦੇ ਨਾਂ ਪ੍ਰਸਿਧ ਹਨ। ਇਨ੍ਹਾਂ ਵਿਚੋਂ ਭਾਈ ਚੰਦਾ ਸਿੰਘ,



ਭਾਈ ਹਜ਼ਾਰਾ ਸਿੰਘ, ਸੰਤ ਸੰਗਤ ਸਿੰਘ (ਕਮਾਲੀਏ ਵਾਲੇ, ਗਿਆਨੀ ਬਚਨ ਸਿਘ (ਫਰੀਦਕੋਟੀ ਟੀਕੇ ਵਾਲੇ), ਸੰਤ ਬਿਸ਼ਨ ਸਿੰਘ (ਮੁਰਾਲੇ ਵਾਲੇ), ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ, ਸੰਤ ਗੁਰਬਚਨ ਸਿੰਘ ਜੀ 'ਖਾਲਸਾ', ਅਤੇ ਸੰਤ ਜਰਨੈਲ ਸਿੰਘ ਜੀ 'ਖਾਲਸਾ' ਦੇ ਨਾਂ ਉਲੇਖਨੀਯ ਹਨ।

ਸਪਸ਼ਟ ਹੈ ਕਿ ਦਮਦਮਾ ਟਕਸਾਲ ਵਿਕਸਤ ਹੋ ਕੇ ਭਾਈ ਮਨੀ ਸਿੰਘ ਜੀ ਦੀ ਅਗਵਾਈ ਵਿਚ ਤਲਵੰਡੀ ਸਾਬੋ ਤੇ ਅੰਮ੍ਰਿਤਸਰ ਵਿਚ ਵੀ ਪੁਜ ਗਈ। ਸੰਤ ਭਿੰਡਰਾਂਵਾਲੇ ਇਸ ਅੰਮ੍ਰਿਤਸਰੀ ਟਕਸਾਲ ਨੂੰ ਵਧਾ ਕੇ ਚੋਕ ਮਹਿਤਾ ਲੈ ਆਏ।

ਸੰਪ੍ਰਦਾਈ ਪ੍ਰਣਾਲੀ ਵਿਚ ਰਹਿਤ-ਮਰਯਾਦਾ ਤੇ ਜ਼ੋਰ ਹੈ ਅਤੇ ਇਸੇ ਲਈ ਸੰਪ੍ਰਦਾਈ ਪ੍ਰਣਾਲੀ ਦੀ ਦਮਦਮੀ ਟਕਸਾਲ ਪੂਰਨ ਤਿਆਰ-ਬਰ-ਤਿਆਰ ਸੁਸਜਿਤ ਸਿੰਘ ਸਜਾਉਣ ਤੇ ਜ਼ੋਰ ਦੇਂਦੀ ਹੈ। ਇਸ ਪ੍ਰਣਾਲੀ ਦੇ ਸਰੋਤੇ ਵਧੇਰੇ ਕਰਕੇ ਸਾਧਾਰਨ ਸ਼ਰਧਾਵਾਨ ਲੋਕ ਹਨ।

## ਦੇਹਧਾਰੀ ਗੁਰੂਆਂ ਦੀ ਵਿਰੋਧਤਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਹੋਣ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਰੂਪ ਮੰਨਣ ਅਤੇ ਦੇਹਧਾਰੀ ਗੁਰੂਆਂ ਦੀ ਵਿਰੋਧਤਾ ਦੀ ਪ੍ਰੰਪਰਾ ਸੰਪ੍ਰਦਾਈ ਪ੍ਰਣਾਲੀ ਵਿਚ ਬਾਬਾ ਦੀਪ ਸਿੰਘ ਜੀ 'ਸ਼ਹੀਦ' ਦੇ ਸਮੇਂ ਤੋਂ ਹੀ ਪੈ ਗਈ ਸੀ। ਬਾਬਾ ਦੀਪ ਸਿੰਘ ਜੀ ਓਨੀ ਦੇਰ ਤੱਕ ਬਾਬਾ ਬੰਦਾ ਸਿੰਘ ਬਹਾਦਰ ਨਾਲ ਰਹੇ ਜਿੰਨੀ ਦੇਰ ਤੱਕ ਬਾਬਾ ਬੰਦਾ ਸਿੰਘ ਬਹਾਦਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਵਿਚ ਰਹੇ। ਜਦੋਂ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦੇ ਵਿਰੁਧ ਕਲਗੀ ਸਜਾਉਣੀ, ਤਖਤ ਤੇ ਬੈਠਣ ਆਦਿ ਸੰਬੰਧੀ ਗੁਰੂ ਹੁਕਮ ਦੀ ਉਲੰਘਣਾ ਕੀਤੀ ਅਤੇ ਬੰਦਈ ਖਾਲਸਾ ਬਣਾ ਕੇ ਦੇਹਧਾਰੀ ਗੁਰੂ ਬਣਨ ਦਾ ਯਤਨ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਨੇ ਨਾ ਕੇਵਲ ਉਨ੍ਹਾਂ ਦੀ ਫੌਜ ਨੂੰ ਹੀ ਫਤਹਿ ਬੁਲਾਈ ਸਗੋਂ ਸ੍ਰੀ ਦਮਦਮਾ ਸਾਹਿਬ ਜਾ ਕੇ ਟਕਸਾਲ ਦੇ ਮੁਖੀ ਵਜੋਂ ਆਪ ਬੰਦਾ ਸਿੰਘ ਬਹਾਦਰ ਵਿਰੁਧ ਪ੍ਰਚਾਰ ਆਰੰਭ ਕਰ ਦਿੱਤਾ। 1715 ਈਸਵੀ ਵਿਚ ਬੰਦਾ ਸਿੰਘ ਬਹਾਦਰ ਨੂੰ ਛੱਡਣ ਵਾਲੇ ਬਾਬਾ ਦੀਪ ਸਿੰਘ ਜੀ ਪਹਿਲੇ ਸਿੰਘ ਸਨ।

## ਸ਼ਸਤਰ ਧਾਰੀ ਹੋਣਾ

ਸੰਪ੍ਰਦਾਈ ਪ੍ਰੰਪਰਾ ਤਿਆਰ-ਬਰ-ਤਿਆਰ ਅਤੇ ਕਮਰਕੱਸੇ ਵਿਚ ਰਹਿਣ ਦੀ ਵੀ ਹੈ। ਸ਼ਸਤਰ ਧਾਰਨ ਕਰਨੇ ਸੰਪ੍ਰਦਾਈ ਪ੍ਰੰਪਰਾ ਦਾ ਇਕ ਭਾਗ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਕਮਰਕੱਸੇ ਵਿਚ ਹਰ ਵੇਲੇ 10 ਹਥਿਆਰ ਰਖਦੇ ਸਨ।

ਬਾਬਾ ਦੀਪ ਸਿੰਘ ਜੀ ਦਾ ਕਮਰਕੱਸਾ ਵੀ ਲਗਭਗ ਏਨਾ ਹੀ ਸੀ। ਬਾਬਾ ਦੀਪ ਸਿੰਘ ਜੀ ਪਿਛੋਂ ਬਾਬਾ ਨੱਥਾ ਸਿੰਘ ਦੇ ਦਮਦਮੀ ਟਕਸਾਲ ਦੇ ਮੁਖੀ ਹੋਣ ਸਮੇਂ 404 ਸਿੰਘ 2 ਤੋਪਾਂ ਅਤੇ 10 ਜੰਬੂਰੇ ਹਰ ਵੇਲੇ ਟਕਸਾਲ ਵਿਚ ਰਖਿਆ ਕਰਦੇ ਸਨ।

ਸੰਤ ਬਿਸ਼ਨ ਸਿੰਘ ਮੁਰਾਲੇ ਵਾਲੇ, ਸੰਤ ਸੁੰਦਰ ਸਿੰਘ ਜੀ 'ਭਿੰਡਰਾਂ ਵਾਲੇ', ਸੰਤ ਗੁਰਬਚਨ ਸਿੰਘ 'ਖਾਲਸਾ', ਸੰਤ ਕਰਤਾਰ ਸਿੰਘ 'ਖਾਲਸਾ' ਨੇ ਵੀ ਸੰਪ੍ਰਦਾਈ ਪ੍ਰਣਾਲੀ ਨੂੰ ਅੱਗੇ ਤੋਰਿਆ।


# ਸੰਤ ਸੁੰਦਰ ਸਿੰਘ ਜੀ

ਸੰਪ੍ਰਦਾਈ ਗਿਆਨੀਆਂ ਦੇ ਗੌਰਵਮਈ ਇਤਿਹਾਸ ਵਿਚ ਵੀਹਵੀਂ ਸ਼ਤਾਬਦੀ 'ਭਿੰਡਰਾਂ ਵਾਲਿਆਂ' ਦਾ ਯੁੱਗ ਹੈ। ਪਿੰਡ ਭਿੰਡਰ ਕਲਾਂ (ਵਰਤਮਾਨ ਜ਼ਿਲ੍ਹਾ ਫਰੀਦਕੋਟ) ਦੇ ਜੰਮ-ਪਲ ਸੰਤ ਸੁੰਦਰ ਸਿੰਘ ਜੀ ਨੇ 1905 ਈ: ਵਿਚ ਦਮਦਮੀ ਟਕਸਾਲ ਦੀ ਸੇਵਾ ਸੰਭਾਲੀ। 1883 ਈ: ਵਿਚ ਜਨਮੇ ਇਸ ਨੌਜਵਾਨ ਬ੍ਰਹਮ ਗਿਆਨੀ ਦਾ ਘਰਾਣਾ ਅੰਮ੍ਰਿਤਧਾਰੀ ਸਿਖਾਂ ਦਾ ਸੀ। ਉਨ੍ਹਾਂ ਦੇ ਪਿਤਾ ਖਜ਼ਾਨ ਸਿੰਘ ਤੇ ਮਾਤਾ ਮਹਿਤਾਬ ਕੌਰ ਨੇ ਉਨ੍ਹਾਂ ਨੂੰ ਸਿਖੀ ਸ਼ਰਧਾ ਦੀ ਗੁੜ੍ਹਤੀ ਦਿੱਤੀ। ਸੰਤ ਸੁੰਦਰ ਸਿੰਘ 9-10 ਸਾਲ ਦੀ ਆਯੂ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁੱਧ ਅਖੰਡ ਪਾਠੀ ਬਣ ਗਏ ਸਨ।

ਸੰਤ ਸੁੰਦਰ ਸਿੰਘ ਜੀ 'ਭਿੰਡਰਾਂ ਵਾਲਾ' ਦੇ 25 ਸਾਲ ਤਕ ਸੰਪ੍ਰਦਾਈ ਟਕਸਾਲ ਦੇ ਮੁਖੀ ਰਹੇ। ਸੰਤ ਸੁੰਦਰ ਸਿੰਘ ਜੀ 'ਭਿੰਡਰਾਂ ਵਾਲਾ' ਨੇ ਗੁਰਦੁਆਰਾ ਸੁਧਾਰ ਲਹਿਰ ਦੇ ਮੌਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪ੍ਰਦਾਈ ਅਰਥਾਂ ਦੇ ਨਾਲ-ਨਾਲ ਤਿਆਰ-ਬਰ-ਤਿਆਰ ਸਿੰਘ ਸਜਾਉਣ ਦਾ ਨਿਸਚਾ ਕਰ ਲਿਆ ਅਤੇ ਵੱਖ ਵੱਖ ਥਾਵਾਂ ਤੇ ਵਿਚਰ ਕੇ ਅੰਮ੍ਰਿਤ ਪ੍ਰਚਾਰ ਕੀਤਾ। ਇਨ੍ਹਾਂ ਦਿਨਾਂ ਵਿਚ ਹੀ ਨਨਕਾਣਾ ਸਾਹਿਬ ਦਾ ਸਾਕਾ, ਗੁਰੂ ਕਾ ਬਾਗ ਅਤੇ ਜੈਤੋ ਦਾ ਮੋਰਚਾ ਲੱਗਾ। ਸੰਤ ਸੁੰਦਰ ਸਿੰਘ ਜੀ ਨੇ ਇਕੋ ਦਿਨ ਵਿਚ 10 ਹਜ਼ਾਰ ਤੋਂ ਵੱਧ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਅਤੇ ਇਸ ਤਰ੍ਹਾਂ ਇਸ ਸੰਪ੍ਰਦਾਈ ਟਕਸਾਲ ਦਾ ਨਾਂ 'ਭਿੰਡਰਾਂ ਵਾਲੀ ਟਕਸਾਲ' ਪ੍ਰਸਿੱਧ ਹੋ ਗਿਆ।

ਸੰਤ ਸੁੰਦਰ ਸਿੰਘ ਜੀ ਵਿਦਿਆਰਥੀਆਂ ਨੂੰ ਨਾਮ ਜਪਣ ਦੇ ਨਾਲ ਨਾਲ ਸ਼ਸਤਰਧਾਰੀ ਹੋਣ ਦਾ ਵੀ ਉਪਦੇਸ਼ ਦੇਂਦੇ ਸਨ। ਪ੍ਰੰਤੂ ਉਨ੍ਹਾਂ ਦਾ ਕਹਿਣਾ ਸੀ ਕਿ





ਬਾਬਾ ਦੀਪ ਸਿੰਘ ਜੀ 'ਸ਼ਹੀਦ, ਦਮਦਮੀ ਟਕਸਾਲ ਦੇ ਪਹਿਲੇ ਮੁਖੀ



ਸੰਤ ਸੁੰਦਰ ਸਿੰਘ ਜੀ





ਸ਼ਸਤਰ ਪਕੜ ਕੇ ਗਰੀਬਾਂ ਦੀ ਰਖਿਆ ਕਰਨੀ ਚਾਹੋਦੀ ਹੈ । ਇਸ ਤਰ੍ਹਾਂ 'ਭਿੰਡਰਾਂ ਵਾਲਾ' ਟਕਸਾਲ ਵਲੋਂ ਸ਼ਸਤਰ ਰਖਣ ਦਾ ਰੁਝਾਨ ਨਵਾਂ ਨਹੀਂ ਸਗੋਂ ਇਹ ਦਸਮ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੋਂ ਚਲਿਆ ਆ ਰਿਹਾ ਹੈ, ਜਿਸ ਨੂੰ ਸੰਤ ਸੁੰਦਰ ਸਿੰਘ ਜੀ 'ਭਿੰਡਰਾਂ ਵਾਲਿਆਂ' ਨੇ ਪ੍ਰਚਲਤ ਕੀਤਾ ।

1929 ਵਿਚ ਸੰਤ ਸੁੰਦਰ ਸਿੰਘ ਜੀ 'ਭਿੰਡਰਾਂ ਵਾਲ਼ੇ' ਬਿਮਾਰ ਹੋ ਗਏ ਅਤੇ ਉਹ ਪਿੰਡ ਬੋਪਾਰਾਏ ਆ ਟਿਕੇ । ਆਪਣੀ ਸਿਹਤ ਡਿਗਦੀ ਵੇਖ ਕੇ ਸੰਪ੍ਰਦਾਈ ਟਕਸਾਲ ਨੂੰ ਚਲਾਉਣ ਦੀ ਸੇਵਾ ਆਪਣੇ ਅਨਿੰਨ ਸੇਵਕ ਸੰਤ (ਗਿਆਨੀ) ਗੁਰਬਚਨ ਸਿੰਘ ਜੀ 'ਖਾਲਸਾ' ਨੂੰ ਸੌਂਪ ਦਿੱਤੀ ਅਤੇ ਬੋਪਾਰਾਏ ਗੁਰਦੁਆਰੇ ਦੀ ਜਥੇਦਾਰੀ ਸਵਰਗੀ ਜਥੇਦਾਰ ਗੁਰਦਿਆਲ ਸਿੰਘ ਜੀ ਨੂੰ ਸੰਭਾਲ ਦਿਤੀ । ਇਸ ਤਰ੍ਹਾਂ ਸੰਪ੍ਰਦਾਈ ਟਕਸਾਲ ਦੀ ਸੇਵਾ 25 ਸਾਲ ਤਕ ਨਿਬਾਹ ਕੇ ਆਪ 15 ਫਰਵਰੀ 1930 ਨੂੰ ਸਚਖੰਡ ਜਾ ਬਿਰਾਜੇ ।

# ਸੰਤ ਗੁਰਬਚਨ ਸਿੰਘ ਜੀ 'ਖਾਲਸਾ'

ਸੰਤ ਗੁਰਬਚਨ ਸਿੰਘ ਦਾ ਜਨਮ 12 ਫਰਵਰੀ 1902 ਈ: ਦਿਨ ਬੁਧਵਾਰ ਨੂੰ ਫੱਗਣ ਦੀ ਸੰਗ੍ਰਾਂਦ ਵਾਲੇ ਦਿਨ ਜਗਰਾਉਂ ਨੇੜੇ ਪਿੰਡ ਅਖਾੜਾ ਵਿਖੇ ਹੋਇਆ । ਗੁਰਮੁਖ ਅਤੇ ਗੁਰਮਤਿ ਰਹਿਣੀ ਵਾਲਾ ਪ੍ਰਵਾਰ ਹੋਣ ਕਾਰਨ ਇਨ੍ਹਾਂ ਨੂੰ ਗੁੜ੍ਹਤੀ ਵੀ ਅੰਮ੍ਰਿਤ ਦੀ ਦਿੱਤੀ ਗਈ ਅਤੇ ਗੁਰਦੁਆਰੇ ਲਿਜਾ ਕੇ ਨਾਮ ਸੰਸਕਰਣ ਕੀਤਾ ਗਿਆ ।

ਸੰਤ ਗੁਰਬਚਨ ਸਿੰਘ ਨੇ ਮੁਢਲੀ ਵਿਦਿਆ ਆਪਣੇ ਤਾਇਆ ਜੀ ਪਾਸੋਂ ਪ੍ਰਾਪਤ ਕੀਤੀ ਜਿਨ੍ਹਾਂ ਨੇ ਆਪ ਨੂੰ ਪੰਜ ਗ੍ਰੰਥੀ, 22 ਵਾਰਾਂ, ਭਗਤਾਂ ਦੀ ਬਾਣੀ, ਦਸ ਗ੍ਰੰਥੀ ਸ਼ੁੱਧ ਪਾਠ ਸਰਲ ਕਰਵਾਇਆ ਅਤੇ ਪੰਜ ਬਾਣੀਆਂ ਦਾ ਨਿਤਨੇਮ ਕੰਠ ਕਰਵਾਇਆ । 7 ਸਾਲ ਦੀ ਉਮਰ ਵਿਚ ਬਾਲਕ ਗੁਰਬਚਨ ਸਿੰਘ ਸ਼ੁੱਧ ਅਖੰਡ ਪਾਠੀ ਬਣ ਗਿਆ ਸੀ । ਆਪਣੇ ਤਾਏ ਪਾਸੋਂ ਹੀ ਉਸ ਨੇ ਗੁਰਬਾਣੀ ਦੀ ਸੋਝੀ ਲਈ । ਭਾਈ ਗੁਰਦਾਸ ਦੀਆਂ ਵਾਰਾਂ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਹੋਰ ਧਾਰਮਿਕ ਗ੍ਰੰਥ ਪੜ੍ਹੇ ।

ਸੰਤ ਗੁਰਬਚਨ ਸਿੰਘ ਜੀ ਨੇ 13 ਸਾਲ ਦੀ ਆਯੂ ਵਿਚ ਇਕ ਉਦਾਸੀ ਸਾਧੂ ਮਹੰਤ ਲਾਲ ਦਾਸ ਦੇ ਡੇਰੇ ਤੋਂ ਸੰਸਕ੍ਰਿਤ ਪੜ੍ਹਨੀ ਅਰੰਭ ਕੀਤੀ ਅਤੇ ਹਿੰਦੂ ਧਾਰਮਿਕ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ । 17 ਸਾਲ ਦੀ ਉਮਰ ਵਿਚ ਵਾਪਸ ਪਿੰਡ ਅਖਾੜੇ ਆਉਣ ਪਿਛੋਂ ਉਨ੍ਹਾਂ ਦਾ ਅਨੰਦ ਕਾਰਜ ਬੀਬੀ ਕਿਸ਼ਨ ਕੌਰ ਨਾਲ

ਹੋਇਆ । 1923 ਈ: ਵਿਚ ਵੱਡੇ ਪੁੱਤਰ ਭਾਈ ਕਰਤਾਰ ਸਿੰਘ ਅਤੇ 1924 ਈ: ਵਿਚ ਛੋਟੇ ਪੁੱਤਰ ਭਾਈ ਭਗਵਾਨ ਸਿੰਘ ਨੇ ਜਨਮ ਲਿਆ । ਇਹ ਦੋਵੇਂ ਇਸ ਵੇਲੇ ਯੂ. ਪੀ. ਦੇ ਨਗਰ ਰੁਦਰਪੁਰ ਵਿਖੇ ਗ੍ਰਹਿਸਤੀ ਜੀਵਨ ਗੁਜ਼ਾਰ ਰਹੇ ਹਨ ।)

ਉਸ ਸਮੇਂ ਸਿੰਘ ਸਭਾ ਲਹਿਰ ਪੂਰੇ ਜੋਬਨ ਤੇ ਸੀ ਅਤੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਅਤੇ ਭਾਈ ਰਣਧੀਰ ਸਿੰਘ ਜੀ ਗੁਰਮਤਿ ਪ੍ਰਚਾਰ ਲਹਿਰ ਵਿਚ ਮੋਹਰੀ ਸਨ ਅਤੇ ਇਨ੍ਹਾਂ ਸੰਤਾਂ ਮਹਾਤਮਾਵਾਂ ਦੀ ਸੰਗਤ ਦੇ ਅਸਰ ਨਾਲ ਪਿੰਡਾਂ ਦੇ ਪਿੰਡ ਅੰਮ੍ਰਿਤ ਛਕ ਕੇ ਰਹਿਤਵਾਨ ਸਿੱਖ ਬਣ ਰਹੇ ਸਨ ।

1920 ਈ: ਵਿਚ ਗੁਰਬਚਨ ਸਿੰਘ ਦੇ ਪਿੰਡ ਅਖਾੜਾ ਵਿਖੇ ਸਿੰਘ ਸਭਾ ਦਾ ਇਕ ਭਾਰੀ ਸਮਾਗਮ ਹੋਇਆ, ਜਿਸ ਵਿਚ ਅਨੇਕ ਗੁਰਮੁਖ, ਸੰਤ, ਮਹਾਤਮਾ ਅਤੇ ਪ੍ਰਚਾਰਕ ਪੁੱਜੇ । ਉਸ ਸਮਾਗਮ ਵਿਚ ਸ: ਤੇਜਾ ਸਿੰਘ ਸਮੁੰਦਰੀ ਅਤੇ ਸੰਤ ਸੁੰਦਰ ਸਿੰਘ ਜੀ 'ਭਿੰਡਰਾਂ ਵਾਲੇ' ਵੀ ਆਏ । ਸੰਤ ਸੁੰਦਰ ਸਿੰਘ ਲਗਭਗ ਇਕ ਹਫਤਾ ਇਸ ਪਿੰਡ ਵਿਚ ਰਹੇ ਅਤੇ ਕਥਾ ਪ੍ਰਵਾਹ ਚਲਾਉਂਦੇ ਰਹੇ । ਉਨ੍ਹਾਂ ਦੀ ਕਥਾ ਦਾ ਹੋਣਹਾਰ ਗੁਰਬਚਨ ਸਿੰਘ ਤੇ ਏਨਾ ਪ੍ਰਭਾਵ ਪਿਆ ਕਿ ਸੰਗਤ ਦੇ ਜਾਣ ਪਿਛੋਂ ਉਹ ਸੰਤ ਸੁੰਦਰ ਜੀ ਦੀ ਹਜ਼ੂਰੀ ਵਿਚ ਖੜ੍ਹਾ ਰਿਹਾ ਅਤੇ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਮੰਗੀ। ਅਗਲੇ ਦਿਨ ਜਦੋਂ ਸੰਤ ਸੁੰਦਰ ਸਿੰਘ ਜੀ ਨੇ 500 ਤੋਂ ਵੱਧ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਤਾਂ ਗੁਰਬਚਨ ਸਿੰਘ ਵੀ ਉਨ੍ਹਾਂ ਵਿਚ ਸ਼ਾਮਲ ਹੋ ਗਿਆ । ਅੰਮ੍ਰਿਤ ਛਕਣ ਪਿਛੋਂ ਗੁਰਬਚਨ ਸਿੰਘ ਨੇ ਆਪਣੇ ਨਾਂ ਨਾਲ 'ਖਾਲਸਾ' ਸ਼ਬਦ ਜੋੜ ਲਿਆ, ਜੋ ਉਪ-ਨਾਮ ਵਜੋਂ ਹੀ ਪ੍ਰਸਿਧ ਹੋਇਆ ।

1921 ਈ: ਵਿਚ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋਇਆ । ਸਿੱਖੀ ਦੀ ਤੜਪ ਕਰਕੇ ਗੁਰਬਚਨ ਸਿੰਘ ਨਨਕਾਣਾ ਸਾਹਿਬ ਪੁੱਜੇ । ਸਾਕੇ ਵਾਲਾ ਸਥਾਨ ਅਤੇ ਸ਼ਹੀਦੀ ਬੀੜ ਦੇ ਦਰਸ਼ਨ ਉਪਰੰਤ ਮਨ ਵਿਚ ਸਿਖੀ ਸਿਦਕ ਦੀ ਭਾਵਨਾ ਹੋਰ ਵੀ ਪ੍ਰਜਵਲਤ ਹੋਈ। ਵਾਪਸੀ ਪਿਛੋਂ ਆਪ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਦੇ ਦਰਸ਼ਨ ਕਰਨ ਗਏ । ਗੋਇੰਦਵਾਲ ਸਾਹਿਬ ਦੇ ਦਰਸ਼ਨਾਂ ਉਪਰੰਤ ਮਨ ਵਿਚ ਬਾਉਲੀ ਸਾਹਿਬ ਵਿਖੇ ਚੌਰਾਸੀ ਕੱਟਣ ਦਾ ਸੰਕਲਪ ਹੋਇਆ ਤਾਂ ਸ੍ਰੀ ਗੁਰੂ ਅਮਰ ਦਾਸ ਜੀ ਦੀ ਕਿਰਪਾ ਨਾਲ ਚੌਰਾਸੀ ਕੱਟੀ। ਵਾਪਸੀ ਤੇ ਤਰਨ ਤਾਰਨ ਸਾਹਿਬ, ਬੀੜ ਬਾਬਾ ਬੁੱਢਾ ਜੀ, ਸੰਨ੍ਹ ਸਾਹਿਬ, ਗੁਰੂ ਕੀ ਵਡਾਲੀ ਹੋ ਕੇ ਤਿੰਨ ਮਹੀਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਥਾ, ਕੀਰਤਨ ਸਰਵਨ



ਕੀਤਾ । ਇਸ ਤੋਂ ਛੁੱਟ ਆਪ ਮੂਲ ਮੰਤ੍ਰ ਅਤੇ 'ਵਾਹਿਗੁਰੂ' ਮੰਤ੍ਰ ਦਾ ਅਭਿਆਸ ਵੀ ਸ੍ਰੀ ਹਰਿਮੰਦਰ ਸਾਹਿਬ ਦੀ ਸਭ ਤੋਂ ਉਪਰਲੀ ਛੱਤ ਤੇ ਬੈਠ ਕੇ ਕਰਦੇ ਰਹੇ ।

ਗੁਰਧਾਮਾਂ ਦੀ ਯਾਤਰਾ ਦੀ ਸਿੱਕ ਉਨ੍ਹਾਂ ਦੇ ਮਨ ਵਿਚ ਹਮੇਸ਼ਾਂ ਰਹੀ । ਸੰਤ ਗੁਰਬਚਨ ਸਿੰਘ ਜੀ ਨੇ ਗੁਰਧਾਮਾਂ ਦੀ ਪੈਦਲ ਯਾਤਰਾ ਵੀ ਕਾਫੀ ਕੀਤੀ । ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ, ਰਮੇਸ਼ਵਰਮ ਤੋਂ ਹੋਕੇ ਰਸਤੇ ਵਿਚ ਆਉਂਦਿਆਂ ਕਈ ਗੁਰਦੁਆਰਿਆਂ ਦੀ ਪੈਦਲ ਯਾਤਰਾ ਕੀਤੀ ।

1921 ਈ: ਵਿਚ ਹੀ ਆਪ ਭਿੰਡਰ ਕਲਾਂ ਗੁਰਦੁਆਰੇ ਪਹੁੰਚ ਗਏ ਅਤੇ ਸੰਤ ਸੁੰਦਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਆਪ ਨੂੰ ਜੱਥੇ ਵਿਚ ਸ਼ਾਮਲ ਕਰਕੇ ਬ੍ਰਹਮ ਵਿਦਿਆ ਦੀ ਦਾਤ ਬਖਸ਼ਣ । ਜੱਥੇ ਵਿਚ ਸ਼ਾਮਲ ਹੋ ਕੇ 1921 ਤੋਂ 1930 ਈ: ਤੱਕ ਸੰਤ ਗੁਰਬਚਨ ਸਿੰਘ ਜੀ ਲਗਾਤਾਰ ਸੇਵਾ ਅਤੇ ਸਿਖਿਆ ਵਿਚ ਰੁੱਝੇ ਰਹੇ ।

ਸ਼ੁਧ ਗੁਰਬਾਣੀ ਉਚਾਰਨ ਅਤੇ ਪਵਿਤਰ ਭਾਵਨਾ ਸਦਕਾ ਸੰਤ ਸੁੰਦਰ ਸਿੰਘ ਜੀ ਨੇ ਆਪ ਨੂੰ ਕਥਾ ਦਾ ਪਾਠੀ ਲਾ ਲਿਆ । ਇਸ ਪ੍ਰਕਾਰ ਸੰਤ ਗੁਰਬਚਨ ਸਿੰਘ ਗੁਰਬਾਣੀ ਪੜ੍ਹਿਆ ਕਰਦੇ ਸਨ ਅਤੇ ਸੰਤ ਸੁੰਦਰ ਸਿੰਘ ਜੀ ਕਥਾ-ਵਖਿਆਨ ਕਰਦੇ ਸਨ । ਇਸ ਪਿਛੋਂ ਸੰਤ ਸੁੰਦਰ ਸਿੰਘ ਜੀ ਨੇ ਗੁਰਬਚਨ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਆਪ ਸਰਵਨ ਕੀਤੀ । ਕਥਾ ਸੰਪੂਰਨ ਹੋਣ ਤੇ ਸੰਤ ਸੁੰਦਰ ਸਿੰਘ ਜੀ ਨੇ ਭਾਂਪ ਲਿਆ ਕਿ ਗੁਰਬਚਨ ਸਿੰਘ 'ਖਾਲਸਾ' ਜੀ ਹੀ ਸੰਪ੍ਰਦਾਈ ਟਕਸਾਲ ਦੇ ਮੁਖ ਸੇਵਕ ਦੀ ਜ਼ਿੰਮੇਂਵਾਰੀ ਨਿਬਾਹ ਸਕਦੇ ਹਨ ਅਤੇ ਗੁਰਬਾਣੀ ਦੇ ਅਰਥਾਂ ਤੇ ਕਥਾ ਪ੍ਰਵਾਹ ਦੀ ਪ੍ਰੰਪਰਾ ਜਾਰੀ ਰੱਖ ਸਕਦੇ ਹਨ । ਸੰਤ ਸੁੰਦਰ ਸਿੰਘ ਜੀ ਨੇ ਗੁਰਬਚਨ ਸਿੰਘ ਜੀ ਖਾਲਸਾ ਨੂੰ ਹੇਠ ਲਿਖੇ ਸ਼ਬਦ ਸੰਗਤਾਂ ਨੂੰ ਸੁਣਾ ਕੇ ਟਕਸਾਲ ਦੀ ਸੇਵਾ ਦੀ ਬਖਸ਼ਿਸ਼ ਕੀਤੀ :

"ਸਾਡੇ ਪਾਸੋਂ ਭਾਵੇਂ ਬੇਅੰਤ ਗੁਰਮੁਖ ਪੜ੍ਹੇ, ਕਈ ਪੜ੍ਹ ਕੇ ਭੁੱਲ ਗਏ, ਕਈ ਨੌਕਰੀਆਂ ਤੇ ਜਾ ਲੱਗੇ, ਕਈ ਗ੍ਰਹਿਸਤ ਵਿਚ ਜਾ ਫਸੇ, ਪਰ ਜੋ ਅੱਖਰ ਅਸੀਂ ਸਚਖੰਡ ਵਾਸੀ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਪਾਸੋਂ ਪੜ੍ਹੇ ਸਨ, ਉਨ੍ਹਾਂ ਅੱਖਰਾਂ ਨੂੰ ਇਹਨਾਂ ਨੇ ਸਫਲਾ ਕੀਤਾ ਹੈ। ਮਹਾਂ ਪੁਰਖਾਂ ਪਾਸੋਂ ਸਾਨੂੰ ਜਿਹੜੀ ਬਖਸ਼ਿਸ਼ ਹੋਈ ਸੀ ਉਹ ਅਸੀਂ ਆਪਣੇ ਵਲੋਂ ਅੱਜ ਤੋਂ ਇਨ੍ਹਾਂ ਦੀ ਝੋਲੀ ਪਾਉਂਦੇ ਹਾਂ । ਕਲਗੀਧਰ ਪਿਤਾ ਜੀ ਦੀ ਚਲਾਈ ਹੋਈ ਦਮਦਮੀ ਟਕਸਾਲ ਦੀ ਸੇਵਾ ਸੰਭਾਲ ਤੇ ਸਾਰੀ ਜ਼ਿੰਮੇਵਾਰੀ ਇਨ੍ਹਾਂ ਨੂੰ ਸੌਂਪ ਕੇ ਗੁਰੂ ਘਰ ਵਿਚੋਂ ਸਿਰਪਾਓ ਬਖਸ਼ਦੇ ਹਾਂ ।"
ਇਸ ਤਰ੍ਹਾਂ 28 ਸਾਲਾਂ ਦੀ ਉਮਰ ਵਿਚ ਗੁਰਬਚਨ ਸਿੰਘ 'ਖਾਲਸਾ' ਹੁਣ ਸੰਤ (ਗਿਆਨੀ) ਗੁਰਬਚਨ ਸਿੰਘ ਜੀ ਖਾਲਸਾ 'ਭਿੰਡਰਾਂ ਵਾਲੇ' ਬਣ ਗਏ ।

15 ਫਰਵਰੀ 1930 ਈ॰ ਨੂੰ ਸੰਤ ਸੁੰਦਰ ਸਿੰਘ ਜੀ 'ਭਿੰਡਰਾਂ ਵਾਲੇ' ਦੇ ਅਕਾਲ ਚਲਾਣੇ ਪਿਛੋਂ ਸੰਤ (ਗਿਆਨੀ) ਗੁਰਬਚਨ ਸਿੰਘ ਜੀ ਖਾਲਸਾ 1934 ਈ: ਤਕ ਗੁਰਦੁਆਰਾ ਸਚਖੰਡ ਪਿੰਡ ਬੱਪਾਰਾਏ ਵਿਖੇ ਰਹੇ ਅਤੇ ਇਥੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿੰਨ ਵੇਰ ਕਥਾ ਮੁਕੰਮਲ ਕੀਤੀ। ਦਸੰਬਰ 1934 ਈ: ਵਿਚ ਆਪ ਨੇ ਜੱਥੇ ਦੇ ਸਿੰਘਾਂ ਸਮੇਤ ਥਾਂ ਪਰ ਥਾਂ ਜਾ ਕੇ ਗੁਰਮਤਿ ਪ੍ਰਚਾਰ ਅਤੇ ਕਥਾ, ਕੀਰਤਨ ਦਾ ਪ੍ਰੋਗਰਾਮ ਬਣਾ ਲਿਆ। ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨੇ ਨਾ ਕੇਵਲ ਸੰਪ੍ਰਦਾਈ ਟਕਸਾਲ ਦੇ ਮੁੱਖ ਸੰਚਕ ਦੇ ਰੂਪ ਵਿਚ ਹੀ ਕਥਾ ਤੇ ਵਖਿਆਨ ਦਾ ਅਤੁੱਟ ਪ੍ਰਵਾਹ ਚਲਾਇਆ ਸਗੋਂ ਹਜ਼ਾਰਾਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸਿਖ ਰਹਿਣੀ ਵਿਚ ਪਰਪੱਕ ਕਰਨ ਦਾ ਉਪਰਾਲਾ ਕੀਤਾ। ਇਸੇ ਲਈ ਸੰਤ ਗੁਰਬਚਨ ਸਿੰਘ 'ਖਾਲਸਾ' ਦੇ ਜੀਵਨ ਕਾਲ ਵਿਚ ਹੀ ਇਸ ਦਮਦਮੀ ਟਕਸਾਲ ਨੂੰ 'ਸਿਖ ਕੌਮ ਦੀ ਚਲਦੀ ਫਿਰਦੀ ਯੂਨੀਵਰਸਿਟੀ' ਦੀ ਸੰਗਿਆ ਪ੍ਰਾਪਤ ਹੋਈ।

28 ਜੂਨ 1969 ਈ: ਨੂੰ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਪਰਲੋਕ ਗਮਨ ਕਰ ਗਏ ਅਤੇ ਦਮਦਮੀ ਟਕਸਾਲ ਦੀ ਸੇਵਾ ਸੰਤ ਕਰਤਾਰ ਸਿੰਘ ਜੀ 'ਖਾਲਸਾ' ਦੇ ਜ਼ਿੰਮੇ ਲਾ ਗਏ।

## ਸੰਤ ਕਰਤਾਰ ਸਿੰਘ ਜੀ 'ਖਾਲਸਾ'

ਸੰਤ ਕਰਤਾਰ ਸਿੰਘ 'ਖਾਲਸਾ' ਦਾ ਜਨਮ 1932 ਈ: ਮੁਤਾਬਕ ਸੰਮਤ 1989 ਬਿਕ੍ਰਮੀ ਦੀ ਅਸੂ ਸੁਦੀ ਪੰਚਮੀ ਵਾਲੇ ਦਿਨ ਜਥੇਦਾਰ ਝੰਡਾ ਸਿੰਘ ਦੇ ਘਰ ਮਾਤਾ ਲਾਭ ਕੌਰ ਦੀ ਕੁੱਖ ਤੋਂ ਪਿੰਡ ਪੁਰਾਣੇ ਭੂਰੇ (ਭੂਰੇ ਕੋਹਨੇ) ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ (ਵਰਤਮਾਨ ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਹੋਇਆ।

ਕਰਤਾਰ ਸਿੰਘ ਨੇ ਮੁੱਢਲੀ ਵਿਦਿਆ ਸਰਕਾਰੀ ਮਿਡਲ ਸਕੂਲ, ਖੇਮਕਰਨ ਵਿਖੇ ਪ੍ਰਾਪਤ ਕੀਤੀ, ਨੌਵੀਂ ਅਤੇ ਦਸਵੀਂ ਇਕ ਸਾਲ ਵਿਚ ਨੈਸ਼ਨਲ ਹਾਈ ਸਕੂਲ ਭਿਖੀਵਿੰਡ ਤੋਂ ਪਾਸ ਕੀਤੀ। ਉਚੇਰੀ ਵਿਦਿਆ ਲਈ ਉਹ ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋਏ, ਜਿਥੋਂ ਉਨ੍ਹਾਂ ਨੇ ਐਫ. ਏ. ਪਾਸ ਕੀਤੀ।

1948 ਈ: ਵਿਚ ਜਦੋਂ ਕਰਤਾਰ ਸਿੰਘ ਅਜੇ ਵਿਦਿਆਰਥੀ ਹੀ ਸੀ ਕਿ ਉਸ ਦੇ ਭੂਆ ਦੇ ਪੁੱਤਰ ਭਗਤ ਉਜਾਗਰ ਸਿੰਘ ਕਾਹਨੇ ਵਾਲੇ ਉਸ ਨੂੰ ਭਿੰਡਰਾਂ ਲੈ ਆਏ ਅਤੇ ਉਥੇ ਸੰਤ ਗੁਰਬਚਨ ਸਿੰਘ 'ਖਾਲਸਾ' ਨਾਲ ਮੇਲ ਕਰਵਾਇਆ ਅਤੇ ਉਨ੍ਹਾਂ ਤੋਂ ਹੀ ਅੰਮ੍ਰਿਤ ਛਕਵਾਇਆ। ਅੰਮ੍ਰਿਤ ਛੱਕਣ ਪਿਛੋਂ ਸੰਤ ਕਰਤਾਰ ਸਿੰਘ



ਵੀਹਵੀਂ ਸਦੀ ਦੇ ਪ੍ਰਸਿਧ ਸੰਪ੍ਰਦਾਈ ਗਿਆਨੀ, ਸੰਤ ਗੁਰਬਚਨ ਸਿੰਘ ਜੀ 'ਖਾਲਸਾ'

ਸੰਤ ਗੁਰਬਚਨ ਸਿੰਘ ਜੀ ਦੇ ਅਨਿੰਨ ਸੇਵਕ ਬਣ ਗਏ ਅਤੇ ਹਰ ਸਾਲ ਜਾਂ ਦੂਜੇ ਸਾਲ 'ਖਾਲਸਾ' ਜੀ ਨੂੰ ਪਿੰਡ ਭੂਰੇ ਪੂੰਰ ਕੇ ਲਿਆਉਂਦੇ ਰਹੇ। ਸੰਤ ਗੁਰਬਚਨ ਸਿੰਘ ਜੀ 'ਖਾਲਸਾ' 13 ਵਾਰ ਇਸ ਪਿੰਡ ਗਏ।

ਭਾਈ ਕਰਤਾਰ ਸਿੰਘ ਸਿਮਰਨ ਵਿਚ ਏਨੇ ਲੀਨ ਰਹਿੰਦੇ ਸਨ ਕਿ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਪੜ੍ਹਨ ਜਾਣ ਲੱਗੇ ਪੰਜ ਗ੍ਰੰਥੀ ਦਾ ਪਾਠ ਅਤੇ ਮੂਲ ਮੰਤ੍ਰ ਦਾ ਜਾਪ ਕਰਦੇ ਰਹਿੰਦੇ। ਇਸ ਸਮੇਂ ਦੌਰਾਨ ਹੀ ਉਹ 25 ਪਾਠ ਪੰਜ ਗ੍ਰੰਥੀ ਦੇ ਰੋਜ਼ਾਨਾ ਕਰਦੇ। ਇਸ ਤੋਂ ਛੁੱਟ ਜੱਥੇ ਵਿਚ ਆ ਕੇ ਉਹ ਹਰ ਰੋਜ ਪੰਜ ਬਾਣੀਆਂ, ਜੈਤਸਰੀ ਦੀ ਵਾਰ, ਸਤੇ ਬਲਵੰਡੇ ਦੀ ਵਾਰ, 25 ਪੱਤਰੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੀ ਪੰਜ ਗ੍ਰੰਥੀ, ਦੋਵੇਂ ਬਾਰਾਂ ਮਾਹ ਤੇ ਜਪੁਜੀ ਸਾਹਿਬ ਦੇ ਕਈ ਕਈ ਪਾਠ ਕਰਦੇ। ਬਾਣੀ ਪੜ੍ਹਨ ਦਾ ਏਨਾ ਅਭਿਆਸ ਸੀ ਕਿ 17 ਮਿੰਟ ਵਿਚ ਸੁਖਮਨੀ ਸਾਹਿਬ ਦਾ ਪਾਠ ਕਰ ਲੈਂਦੇ।

ਕਿਹਾ ਜਾਂਦਾ ਹੈ ਕਿ 1956 ਈ; ਵਿਚ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਦੀ ਸਿਹਤ ਢਿੱਲੀ ਹੋ ਗਈ। ਜਥੇ ਦੇ ਰਾਗੀ ਸਿੰਘ ਭਾਈ ਬਚਿਤਰ ਸਿੰਘ ਅਤੇ ਭਾਈ ਗੁਰਬਚਨ ਸਿੰਘ ਨੇ ਆਪ ਨੂੰ ਪੁਛਿਆ, "ਅਸੀਂ ਆਪ ਜੀ ਪਿਛੋਂ ਕਥਾ ਕਿਸ ਤੋਂ ਸੁਣਿਆ ਕਰਾਂਗੇ ?" ਇਸ ਤੇ 'ਖਾਲਸਾ' ਜੀ ਨੇ ਉੱਤਰ ਦਿੱਤਾ ਕਿ ਉਹ ਸਿੰਘ ਅਜੇ ਜਥੇ ਵਿਚ ਨਹੀਂ ਆਇਆ। ਕੁਝ ਚਿਰ ਪਿਛੋਂ ਫੇਰ ਜਥੇ ਦੇ ਸਿੰਘਾਂ ਵਲੋਂ ਅਜਿਹੇ ਪ੍ਰਸ਼ਨ ਦੇ ਉਤਰ ਵਿਚ 'ਖਾਲਸਾ' ਜੀ ਨੇ ਕਿਹਾ, "ਸਿੰਘ ਹੁਣ ਜਥੇ ਵਿਚ ਆ ਗਿਆ ਹੈ।" ਸੰਤ ਗੁਰਬਚਨ ਸਿੰਘ ਜੀ ਦੇ ਪਹਿਲੇ ਬਚਨ ਸਮੇਂ ਸੰਤ ਕਰਤਾਰ ਸਿੰਘ ਜੀ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਪੜ੍ਹ ਰਹੇ ਹਨ।

1950 ਈ: ਵਿਚ ਸੰਤ ਕਰਤਾਰ ਸਿੰਘ ਦੀ ਸ਼ਾਦੀ ਹੋ ਗਈ ਅਤੇ ਕੁਝ ਚਿਰ ਪਿਛੋਂ ਦੋ ਲੜਕੇ ਭਾਈ ਅਮਰੀਕ ਸਿੰਘ ਅਤੇ ਭਾਈ ਮਨਜੀਤ ਸਿੰਘ ਪੈਦਾ ਹੋਏ।

ਖਾਲਸਾ ਕਾਲਜ ਤੋਂ ਐਫ. ਏ. ਪਾਸ ਕਰਨ ਪਿਛੋਂ ਸੰਤ ਕਰਤਾਰ ਸਿੰਘ ਨੇ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਪਾਸ ਜਥੇ ਵਿਚ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕੀਤੀ ਪ੍ਰੰਤੂ ਪਿਤਾ ਜਥੇਦਾਰ ਝੰਡਾ ਸਿੰਘ ਚਾਹੁੰਦੇ ਸਨ ਕਿ ਆਪ ਸਰਕਾਰੀ ਨੌਕਰੀ ਕਰਨ। ਸੰ ਸੰਤ ਗੁਰਬਚਨ ਸਿੰਘ 'ਖਾਲਸਾ' ਜੀ ਦੀ ਆਗਿਆ ਅਨੁਸਾਰ ਆਪ ਨੇ ਪਟਵਾਰੀ ਦੀ ਨੌਕਰੀ ਕਰ ਲਈ ਅਤੇ ਛੇ ਮਹੀਨੇ ਤਕ ਮੁਕਤਸਰ ਵਿਖੇ ਰਹੇ। 1957 ਈ: ਵਿਚ ਪਟਵਾਰ ਤੋਂ ਅਸਤੀਫਾ ਦੇ ਕੇ ਪਕੇ ਤੌਰ ਤੇ ਜਥੇ ਵਿਚ ਸ਼ਾਮਲ ਹੋ ਗਏ।

ਜਥੇ ਵਿਚ ਸ਼ਾਮਲ ਹੋਣ ਦੇ ਇਕ ਸਾਲ ਦੇ ਅੰਦਰ ਅੰਦਰ ਹੀ ਸੇਵਾ ਅਤੇ



ਸਿਮਰਨ ਕਾਰਨ ਸੰਤ ਗੁਰਬਚਨ ਸਿੰਘ 'ਖਾਲਸਾ' ਨੇ ਭਾਈ ਕਰਤਾਰ ਸਿੰਘ ਨੂੰ ਆਪਣੇ ਨਿਕਟਵਰਤੀ ਵਜੋਂ ਸਵੀਕਾਰ ਲਿਆ ਸੀ। ਉਨ੍ਹਾਂ ਨੇ ਕਥਾ ਸਮੇਂ ਗੁਰਬਾਣੀ ਉਚਾਰਨ ਦੀ ਸੇਵਾ ਵੀ ਭਾਈ ਕਰਤਾਰ ਸਿੰਘ ਦੇ ਜ਼ਿੰਮੇ ਲਾ ਦਿੱਤੀ। ਇਸ ਤੋਂ ਪਹਿਲਾਂ ਇਹ ਸੇਵਾ ਭਾਈ ਕਰਮ ਸਿੰਘ ਗੜਵਈ ਨਿਭਾਉਂਦੇ ਸਨ। ਹੌਲੀ ਹੌਲੀ ਭਾਈ ਕਰਤਾਰ ਸਿੰਘ ਨੇ ਗੜਵੇ ਦੀ ਸੇਵਾ ਵੀ ਸੰਭਾਲ ਲਈ।

ਸੰਤ ਕਰਤਾਰ ਸਿੰਘ 'ਖਾਲਸਾ' ਦੀ ਵੱਡੀ ਦੇਣ ਸੰਤ ਗੁਰਬਚਨ ਸਿੰਘ 'ਖਾਲਸਾ' ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੰਗਲਾਂ ਦੀ ਸੇਵਾ ਹੈ।

1957 ਤੋਂ 1969 ਈ: ਤਕ ਦਾ ਸੰਤ ਕਰਤਾਰ ਸਿੰਘ ਦਾ ਜੀਵਨ ਸੇਵਾ, ਸਿਮਰਨ, ਤਿਆਗ ਅਤੇ ਪਰਖ ਦਾ ਜੀਵਨ ਸੀ। ਸੰਤ ਗੁਰਬਚਨ ਸਿੰਘ 'ਖਾਲਸਾ' ਜੋ ਵੀ ਆਪ ਨੂੰ ਸੇਵਾ ਲਾਉਂਦੇ ਰਹੇ ਆਪ ਖਿੜੇ ਮਥੇ ਨਿਭਾਉਂਦੇ ਰਹੇ। ਸੰਤ ਕਰਤਾਰ ਸਿੰਘ ਅਤਿਅੰਤ ਗਰੀਬੀ ਦੀ ਹਾਲਤ ਵਿਚ ਜੱਥੇ ਵਿਚ ਆਏ ਸਨ। ਉਨ੍ਹਾਂ ਪਾਸ ਪਿੰਡ ਭੂਰੇ ਕੋਹਨੇ ਵਿਚ ਦੋ ਸ਼ਤੀਰੀਆਂ ਦਾ ਇਕ ਕਮਰਾ ਸੀ ਜਿਸ ਵਿਚ ਤੂੜੀ, ਮਾਲ ਡੰਗਰ ਬੰਨ੍ਹਦੇ ਸਨ ਅਤੇ ਬੱਚੇ ਵੀ ਨਾਲ ਹੀ ਰਹਿੰਦੇ ਸਨ। ਅਜਿਹੀ ਹਾਲਤ ਵਿਚ ਸੰਤ ਗੁਰਬਚਨ ਸਿੰਘ 'ਖਾਲਸਾ' ਨੇ ਪਰਖ ਵਜੋਂ ਦੋ ਵੇਰ ਆਪ ਨੂੰ ਆਪਣੇ ਸਿਰੋਂ 'ਕਰਜ਼ਾ' ਲਾਹੁਣ ਦੀ ਗੱਲ ਕਹਿ ਕੇ ਇਕ ਵੇਰ ਸਾਢੇ ਸੱਤ ਹਜਾਰ ਅਤੇ ਇਕ ਵੇਰ ਸਾਢੇ 13 ਹਜ਼ਾਰ ਰੁਪਏ ਲਿਆਉਣ ਲਈ ਕਿਹਾ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਤਿੰਨ ਸੌ ਸਾਲਾ ਪੁਰਬ ਮਨਾਉਣ ਲਈ ਜੱਥਾ ਪਟਨਾ ਸਾਹਿਬ ਵਿਖੇ ਪਹੁੰਚਿਆ ਤਾਂ ਗੁਰਪੁਰਬ ਸਫਲਤਾ ਪੂਰਵਕ ਮਨਾਉਣ ਉਪਰੰਤ ਸੰਗਤਾਂ ਵਲੋਂ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨੂੰ ਸਿਰੋਪਾਓ ਬਖਸ਼ਿਆ ਗਿਆ ; ਉਹੋ ਸਿਰੋਪਾਓ ਉਨ੍ਹਾਂ ਨੇ ਸੰਤ ਕਰਤਾਰ ਸਿੰਘ ਜੀ 'ਖਾਲਸਾ' ਨੂੰ ਬਖਸ਼ ਕੇ ਟਕਸਾਲ ਦੀ ਸੇਵਾ ਉਨ੍ਹਾਂ ਨੂੰ ਸੌਂਪ ਦਿੱਤੀ। 'ਖਾਲਸਾ' ਜੀ ਨੇ ਬਖਸ਼ਿਸ਼ ਕਰਦੇ ਹੋਏ ਕਿਹਾ, "ਤੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲੜ ਲਾਉਂਦੇ ਹਾਂ। ਉਹ ਆਪਣੀ ਲਾਜ ਆਪ ਰਖਣਗੇ।

ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨੇ ਸੰਗਤ ਅਤੇ ਜੱਥੇ ਦੀ ਬੇਨਤੀ ਤੇ ਬਖਸ਼ਿਸ਼ ਦੇ ਜੋ ਬਚਨ 31 ਜਨਵਰੀ 1967 ਈ; ਨੂੰ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸੁਣਾਏ, ਉਨ੍ਹਾਂ ਦਾ ਟੇਪ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਵਿਖੇ ਉਪਲਬਧ ਹੈ।

ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨੇ ਆਪਣੇ ਜੀਵਨ ਕਾਲ ਵਿਚ ਹੀ

ਦਮਦਮੀ ਟਕਸਾਲ ਦੀ ਸੇਵਾ ਸੰਤ ਕਰਤਾਰ ਸਿੰਘ ਜੀ ਨੂੰ ਸੌਂਪ ਦਿੱਤੀ ਸੀ । ਉਨ੍ਹਾਂ ਨੇ ਪਟਿਆਲੇ ਵਿਖੇ ਗਿਆਨੀ ਪ੍ਰੀਤਮ ਸਿੰਘ ਜੀ, ਹੈੱਡ ਗ੍ਰੰਥੀ, ਸ੍ਰੀ ਦੂਖ ਨਿਵਾਰਨ ਸਾਹਿਬ (ਜੋ ਅੱਜ ਕਲ੍ਹ ਅਫਰੀਕਾ ਵਿਚ ਹਨ) ਦੇ ਘਰ ਇਹ ਵੀ ਸੰਤ ਕਰਤਾਰ ਸਿੰਘ ਜੀ ਨੂੰ ਕਿਹਾ ਕਿ "ਸਾਡੇ ਸਰੀਰ ਦਾ ਸੰਸਕਾਰ ਪਤਾਲਪੁਰੀ ਸਾਹਿਬ (ਕੀਰਤਪੁਰ ਸਾਹਿਬ) ਕਰਨਾ ।"

## ਚੌਕ ਮਹਿਤਾ

ਸੰਤ ਗੁਰਬਚਨ ਸਿੰਘ ਦੇ ਸੁਰਗਵਾਸ ਹੋਣ ਪਿਛੋਂ ਕੁਝ ਮਤਭੇਦਾਂ ਦੇ ਕਾਰਨ ਸੰਤ ਕਰਤਾਰ ਸਿੰਘ 'ਖਾਲਸਾ' ਨੇ ਭਿੰਡਰਾਂ ਛੱਡਣ ਅਤੇ ਹੋਰ ਥਾਂ ਟਿਕਾਣਾ ਕਰਕੇ ਦਮਦਮੀ ਟਕਸਾਲ ਚਲਾਉਣ ਦਾ ਨਿਸਚਾ ਕਰ ਲਿਆ ਸੀ ਪ੍ਰੰਤੂ ਇਹ ਫੈਸਲਾ ਨਹੀਂ ਸੀ ਹੋ ਸਕਿਆ ਕਿ ਮੁਖ ਅਸਥਾਨ ਕਿਥੇ ਬਣਾਇਆ ਜਾਏ । ਮਹਿਤਾ, ਧੀਰਾ ਪੱਤਰਾ, ਝੋਖ ਹਰੀ ਹਰ ਆਦਿ ਹੋਰ ਥਾਵਾਂ ਬਾਰੇ ਵਿਚਾਰ ਕੀਤਾ ਗਿਆ ਪ੍ਰੰਤੂ ਅੰਤ ਕੇਂਦਰੀ ਅਸਥਾਨ ਮਹਿਤਾ ਵਿਖੇ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਕਿਉਂਕਿ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨੇ ਇਸੇ ਪਿੰਡ ਵਿਚ ਹੀ ਸਰੀਰ ਤਿਆਗਿਆ ਸੀ । ਮਹਿਤਾ ਟਿਕਾਣਾ ਬਨਾਉਣ ਦਾ ਮਤਾ ਪਕਾ ਕੇ ਸੰਤ ਕਰਤਾਰ ਸਿੰਘ ਜੀ ਆਪਣੇ ਲਗਭਗ 60 ਸਾਥੀਆਂ ਨਾਲ ਭਾਈ ਟੇਕ ਸਿੰਘ ਸਦਰਵਾਲਾ (ਮੁਕਤਸਰ) ਦੇ ਟਰੱਕ ਤੇ ਭਿੰਡਰਾਂ ਅਸਥਾਨ ਨੂੰ ਮੱਥਾ ਟੇਕ ਕੇ ਮਹਿਤਾ ਲਈ ਚੱਲ ਪਏ । ਅੰਮ੍ਰਿਤਸਰ ਪੜਾਅ ਕਰਨ ਪਿਛੋਂ ਸੰਤ ਕਰਤਾਰ ਸਿੰਘ ਜੀ ਜੱਥੇ ਸਮੇਤ ਮਹਿਤਾ ਆ ਗਏ ਅਤੇ ਕਥਾ, ਕੀਰਤਨ ਦਾ ਪ੍ਰਵਾਹ ਅਰੰਭ ਕਰ ਦਿੱਤਾ । ਇਸ ਪ੍ਰਕਾਰ ਦਮਦਮੀ ਟਕਸਾਲ ਦਾ ਨਵਾਂ ਅਸਥਾਨ ਜੁਲਾਈ 1969 ਈ: ਵਿਚ ਚੌਂਕ ਮਹਿਤਾ ਵਿਖੇ ਪ੍ਰਾਰੰਭ ਹੋ ਗਿਆ ।

1969 ਤੋਂ ਲੈ ਕੇ 1977 ਈ: ਤੱਕ ਸੰਤ ਕਰਤਾਰ ਸਿੰਘ 'ਖਾਲਸਾ' ਨੇ ਚੌਂਕ ਮਹਿਤਾ ਅਤੇ ਵੱਖ ਵੱਖ ਥਾਵਾਂ ਤੇ ਵਿਚਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 8 ਸਾਲ ਤੱਕ ਕਥਾ ਪ੍ਰਵਾਹ ਚਲਾਇਆ । ਇਸ ਤੋਂ ਛੁੱਟ ਉਨ੍ਹਾਂ ਵੱਡੀ ਪੱਧਰ ਤੇ ਅੰਮ੍ਰਿਤ ਸੰਚਾਰ ਕੀਤਾ ਅਤੇ ਦੇਹਧਾਰੀ ਗੁਰੂਆਂ ਦੀ ਵਿਰੋਧਤਾ ਕੀਤੀ । ਸਿੱਖੀ ਦੇ ਪ੍ਰਚਾਰ ਲਈ ਉਨ੍ਹਾਂ ਕਈ ਜਲੂਸ ਕੱਢੇ ਤਾਂ ਜੋ ਦਸਾਂ ਗੁਰੂਆਂ ਦੀ ਬਾਣੀ ਦੀ ਬਾਣੀ ਦੀ ਮਹਿਮਾ ਥਾਂ ਪਰ ਥਾਂ ਹੋ ਸਕੇ । ਅਖੰਡ ਪਾਠਾਂ ਦਾ ਵੀ ਅਤੁੱਟ ਪ੍ਰਵਾਹ ਚਲਾਇਆ । ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਮੌਕੇ ਤੇ ਮਹਿਤਾ ਵਿਖੇ 126 ਅਖੰਡ ਪਾਠ ਕਰਵਾਏ ਗਏ ।

ਗੁਰਦੁਆਰਿਆਂ ਦੀ ਉਸਾਰੀ ਦੀ ਸੇਵਾ ਵੀ ਸੰਤ ਕਰਤਾਰ ਸਿੰਘ ਜੀ 'ਖਾਲਸਾ'



ਸੰਤ ਕਰਤਾਰ ਸਿੰਘ ਜੀ ਖਾਲਸਾ

ਦੇ ਹਿੱਸੇ ਆਈ ਅਤੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਮਹਿਤਾ ਵਿਖੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਸਥਾਪਿਤ ਕੀਤਾ। ਸੰਤ ਗੁਰਬਚਨ ਸਿੰਘ ਜੀ 'ਖ਼ਾਲਸਾ' ਦੀ ਆਯੂ 69 ਬਰਸ ਦੀ ਹੋਣ ਕਾਰਨ ਇਸ ਗੁਰਦੁਆਰੇ ਦੀ ਉਚਾਈ ਵੀ 69 ਫੁੱਟ ਰੱਖੀ ਗਈ। ਇਹ ਗੁਰਦੁਆਰਾ 18 ਫੁੱਟ ਡੂੰਘਾ ਛੱਪੜ ਪੂਰ ਕੇ ਉਸਾਰਿਆ ਗਿਆ। ਇਥੇ ਹੀ ਇਕ ਕੀਰਤਨ ਵਿਦਿਆਲਾ ਵੀ ਕਾਇਮ ਕੀਤਾ ਗਿਆ ਜਿਸ ਵਿਚ 35 ਕਮਰੇ ਹਨ ਅਤੇ ਇਥੇ ਬਹੁਤ ਸਾਰੇ ਵਿਦਿਆਰਥੀ ਕੀਰਤਨ ਵਿਦਿਆ ਪ੍ਰਾਪਤ ਕਰ ਰਹੇ ਹਨ। ਵਿਦਿਆਰਥੀਆਂ ਦੇ ਲੰਗਰ, ਸਾਜ਼, ਰਿਹਾਇਸ਼ ਆਦਿ ਦਾ ਖਰਚ ਵਿਦਿਆਲੇ ਵਲੋਂ ਕੀਤਾ ਜਾਂਦਾ ਹੈ। ਇਸ ਤੋਂ ਛੁੱਟ ਸੰਤ ਕਰਤਾਰ ਸਿੰਘ ਜੀ ਨੇ ਪਿੰਡ ਸਦਰਵਾਲਾ (ਮੁਕਤਸਰ), ਕਾਲੂਵਾਂ ਅਤੇ ਬਾਬਾ ਰਾਮ ਥੰਮ੍ਹਣ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਗੁਰਦੁਆਰੇ ਉਸਾਰੇ ਅਤੇ ਕਾਦੀਆਂ ਵਿਚ ਵੀ ਇਕ ਗੁਰਦੁਆਰੇ ਦੀ ਸੇਵਾ ਕਰਵਾਈ।

ਸੰਤ ਕਰਤਾਰ ਸਿੰਘ ਜੀ ਨੇ ਕਥਾ ਦੇ ਨਾਲ ਨਾਲ ਸਿੱਖੀ ਪ੍ਰਚਾਰ ਦੇ ਆਧੁਨਿਕ ਢੰਗ ਵੀ ਅਪਣਾਏ। ਉਨ੍ਹਾਂ ਵੱਧ ਤੋਂ ਵੱਧ ਪ੍ਰਚਾਰ ਲਈ ਜੱਥੇ ਨੂੰ ਬੱਸਾਂ ਲੈ ਦਿੱਤੀਆਂ ਅਤੇ ਉਨ੍ਹਾਂ ਨੂੰ ਸਿੰਘਾਂ ਨੇ ਹੈਲੀਕਾਪਟਰ ਲੈਣ ਦੀ ਵੀ ਸਲਾਹ ਦਿੱਤੀ ਤਾਂ ਜੋ ਸਾਰੇ ਪ੍ਰੋਗਰਾਮਾਂ ਤੇ ਪੁੱਜਿਆ ਜਾ ਸਕੇ। ਸੰਤ ਕਰਤਾਰ ਸਿੰਘ ਜੀ ਨੇ ਪ੍ਰਚਾਰ ਦੇ ਆਧੁਨਿਕ ਢੰਗ ਅਪਣਾਉਣ ਵਿਚ ਜ਼ਰਾ ਵੀ ਹਿਚਕਚਾਹਟ ਪ੍ਰਗਟ ਨਾ ਕੀਤੀ।

ਸੰਤ ਕਰਤਾਰ ਸਿੰਘ 'ਖ਼ਾਲਸਾ' ਦੇ ਪ੍ਰਚਾਰ ਦਾ ਮੁਖ ਜ਼ੋਰ ਦੇਹਧਾਰੀ, ਢੌਂਗੀ, ਪਾਖੰਡੀ ਅਤੇ ਅਖਾਉਤੀ ਗੁਰੂਆਂ ਵਿਰੁਧ ਸੀ। ਭਾਵੇਂ ਇਹ ਪ੍ਰਚਾਰ ਸੰਤ ਗੁਰਬਚਨ ਸਿੰਘ ਜੀ 'ਖ਼ਾਲਸਾ' ਸਮੇਂ ਵੀ ਕਾਫੀ ਜ਼ੋਰ ਨਾਲ ਕੀਤਾ ਗਿਆ ਸੀ ਪ੍ਰੰਤੂ ਉਨ੍ਹਾਂ ਦੇ ਜੱਥੇ ਦੇ ਚੱਕਰਵਰਤੀ ਢੰਗ ਨਾਲ ਵਿਚਰਨ ਕਾਰਨ ਉਨ੍ਹਾਂ ਦਾ ਟਕਰਾਅ ਕਿਸੇ ਦੇਹਧਾਰੀ ਗੁਰੂ ਜਾਂ ਉਸ ਦੇ ਚੇਲਿਆਂ ਨਾਲ ਸਿੱਧੇ ਤੌਰ ਤੇ ਨਹੀਂ ਹੋਇਆ। ਸੰਤ ਕਰਤਾਰ ਸਿੰਘ ਜੀ ਵਲੋਂ ਆਪਣੇ ਜੱਥੇ ਦਾ ਮੁੱਖ ਅਸਥਾਨ ਮਹਿਤਾ ਵਿਖੇ ਕਾਇਮ ਕਰਨ ਨਾਲ ਦੇਹਧਾਰੀ ਗੁਰੂਆਂ ਵਿਰੁੱਧ ਜ਼ੋਰ ਨਾਲ ਪ੍ਰਚਾਰ ਹੋਣ ਦਾ ਪ੍ਰਤੀਕਰਮ ਹੋਣਾ ਸੁਭਾਵਿਕ ਸੀ।


ਸੰਤ ਕਰਤਾਰ ਸਿੰਘ ਜੀ ਨੇ 8 ਸਾਲ ਤਕ ਦਮਦਮੀ ਟਕਸਾਲ ਦੇ ਮੁਖ ਸੇਵਕ ਦੇ ਰੂਪ ਵਿਚ ਕਮਾਈ ਕੀਤੀ ਅਤੇ 3 ਅਗਸਤ 1977 ਈ: ਨੂੰ ਜਦੋਂ ਉਹ ਆਪਣੀ ਕਾਰ ਵਿਚ ਮਲਸੀਹਾਂ ਤੋਂ ਸੋਲਨ ਜਾ ਰਹੇ ਹਨ ਤਾਂ ਲੁਧਿਆਣੇ ਨੇੜੇ ਉਨ੍ਹਾਂ ਦੀ ਕਾਰ ਦੁਰਘਟਨਾ ਦਾ ਸ਼ਿਕਾਰ ਹੋ ਗਈ। ਸਿੱਟੇ ਵਜੋਂ ਸੰਤ ਕਰਤਾਰ ਸਿਘ ਜੀ 'ਖ਼ਾਲਸਾ'



16 ਅਗਸਤ 1977 ਈ: ਨੂੰ 45 ਸਾਲ ਦੀ ਆਯੂ ਭੋਗ ਕੇ ਗੁਰਪੁਰੀ ਧਿਆਨਾ ਕਰ ਗਏ।

(ਸੰਤ) ਜਰਨੈਲ ਸਿੰਘ ਸੰਤ ਕਰਤਾਰ ਸਿੰਘ 'ਖ਼ਾਲਸਾ' ਦੇ ਦੁਰਘਟਨਾ-ਗ੍ਰਸਤ ਹੋਣ ਪਿਛੋਂ ਲੁਧਿਆਣੇ ਹਸਪਤਾਲ ਵਿਚ ਅੰਤ ਤਕ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹੇ।

ਸੰਤ ਕਰਤਾਰ ਸਿੰਘ 'ਖ਼ਾਲਸਾ' ਦੇ ਅਕਾਲ ਚਲਾਣੇ ਉਪਰੰਤ ਦਮਦਮੀ ਟਕਸਾਲ ਦੇ ਮੁਖੀ ਦੀ ਨਾਮਜ਼ਦਗੀ ਸਬੰਧੀ ਚਰਚਾ ਚੱਲਣੀ ਸੁਭਾਵਕ ਸੀ। ਜੱਥੇ ਦੇ ਪ੍ਰਮੁਖ ਸੇਵਕਾਂ ਭਾਈ ਰਛਪਾਲ ਸਿੰਘ, ਭਾਈ ਰਾਮ ਸਿੰਘ ਰਾਗੀ ਅਤੇ ਭਾਈ ਗੁਰਮੁਖ ਸਿੰਘ (ਭਤੀਜਾ ਸੰਤ ਕਰਤਾਰ ਸਿੰਘ 'ਖ਼ਾਲਸਾ') ਨੇ ਗੰਭੀਰ ਵਿਚਾਰ ਕੀਤੀ ਅਤੇ ਬਾਕੀ ਸਹਿਯੋਗੀਆ ਨਾਲ ਸਲਾਹ ਉਪਰੰਤ (ਸੰਤ) ਜਰਨੈਲ ਸਿੰਘ 'ਰੋਡੇ' ਨੂੰ ਟਕਸਾਲ ਦਾ ਮੁਖੀ ਬਨਾਉਣ ਸਬੰਧੀ ਸਹਿਮਤੀ ਹੋ ਗਈ। ਇਸ ਮੱਤ ਅਨੁਸਾਰ ਸੰਤ ਕਰਤਾਰ ਸਿੰਘ 'ਖ਼ਾਲਸਾ' ਦੀ ਦੇਹ ਦੇ ਸੰਸਕਾਰ ਉਪਰੰਤ ਜੱਥੇ ਦੇ 45 ਚੋਣਵੇਂ ਸੇਵਕਾਂ ਦਾ ਇਕੱਠ ਹੋਇਆ ਜਿਸ ਵਿਚ (ਸੰਤ) ਜਰਨੈਲ ਸਿੰਘ 'ਰੋਡੇ' ਦਾ ਨਾਂ ਪੇਸ਼ ਕੀਤਾ ਗਿਆ। (ਸੰਤ) ਜਰਨੈਲ ਸਿੰਘ ਆਪ ਵੀ ਇਸ ਮੀਟਿੰਗ ਵਿਚ ਸ਼ਾਮਲ ਸਨ ਪ੍ਰੰਤੂ ਉਨ੍ਹਾਂ ਨੇ ਇਹ ਜ਼ਿੰਮੇਂਵਾਰੀ ਲੈਣ ਤੋਂ ਨਾਂਹ ਕੀਤੀ। (ਸੰਤ) ਜਰਨੈਲ ਸਿੰਘ ਉਸ ਸਮੇਂ ਵਧੇਰੇ ਵੈਰਾਗ ਵਿਚ ਸਨ ਜਿਸ ਕਾਰਨ ਉਨ੍ਹਾਂ ਵਧੇਰੇ ਨਾਂਹ ਨੁਕਰ ਕੀਤੀ। ਇਨ੍ਹਾਂ ਪੰਜਤਾਲੀ ਸਿੰਘਾਂ ਦੀ ਮੀਟਿੰਗ ਵਿਚ (ਸੰਤ) ਜਰਨੈਲ ਸਿੰਘ ਦਾ ਨਾਂ ਪੇਸ਼ ਹੁੰਦੇ ਸਾਰ ਹੀ ਸਰਬ ਸੰਮਤੀ ਹੋ ਗਈ। (ਸੰਤ) ਜਰਨੈਲ ਸਿੰਘ ਨੂੰ ਸਿੱਖੀ ਰਵਾਇਤ ਅਤੇ ਮਰਯਾਦਾ ਅੱਗੇ ਸੀਸ ਝੁਕਾਉਣਾ ਪਿਆ ਅਤੇ ਇਸ ਤਰ੍ਹਾਂ (ਸੰਤ) ਜਰਨੈਲ ਸਿੰਘ 'ਰੋਡੇ' ਸੰਤ ਜਰਨੈਲ ਸਿੰਘ 'ਖ਼ਾਲਸਾ' ਬਣ ਕੇ ਦਮਦਮੀ ਅਥਵਾ ਭਿੰਡਰਾਂ ਵਾਲੀ ਟਕਸਾਲ ਦੇ ਮੁਖੀ ਬਣੇ। ਇਹ ਦਮਦਮੀ ਟਕਸਾਲ ਦੇ ਵਿਕਾਸ ਦਾ ਸਫਰ ਜਿਹੜਾ ਤਲਵੰਡੀ ਸਾਬੋ ਤੋਂ ਸ਼ੁਰੂ ਹੋ ਕੇ ਅੱਜ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਤਕ ਪੁਜ ਗਿਆ ਹੋਇਆ ਹੈ।



ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਅਤੇ ਉਹਨਾਂ ਦਾ ਪ੍ਰਭਾਵੀ ਲਸ਼ਕਰ, ਇਕ ਯਾਦਗਿਰੀ ਚਿੱਤ੍ਰ।



ਵਿਸ਼ੇਸ਼ ਖੋਜ 'ਤੇ ਅਧਾਰਿਤ ਲੇਖ :

# ਸਿੱਖ ਵੱਖ ਕੌਮ, ਪਰ ਵੱਖਵਾਦੀ ਨਹੀਂ ?

□ *ਈਸ਼ਰ ਸਿੰਘ ਅਟਾਰੀ*

ਕੌਮ, ਕੌਮੀਅਤ, ਰਾਸ਼ਟਰੀਅਤਾ ਜਾਂ 'ਨੇਸ਼ਨ' ਤੇ 'ਨੈਸ਼ਨੇਲਿਟੀ' ਸ਼ਬਦਾਂ ਦੀ ਵਿਸਤਾਰ ਪੂਰਵਕ ਪ੍ਰੀਭਾਸ਼ਾ ਨਾ ਕਰਦਿਆਂ ਵੀ ਏਨਾ ਕੁ ਜ਼ਰੂਰ ਕਹਿਣਾ ਪਏਗਾ ਕਿ ਇਨ੍ਹਾਂ ਸ਼ਬਦਾਂ ਦੇ ਅਰਥ, ਸੰਕਲਪ ਅਤੇ ਵਿਆਖਿਆਵਾਂ ਮੁਢ ਤੋਂ ਹੀ ਭਿੰਨ ਭਿੰਨ ਹੁੰਦੀਆਂ ਰਹੀਆਂ ਹਨ। ਭਿੰਨ ਭਿੰਨ ਸਮਿਆਂ, ਭਿੰਨ ਭਿੰਨ ਰਾਜਸੀ ਪ੍ਰਸਥਿਤੀਆਂ ਅਤੇ ਭਿੰਨ ਭਿੰਨ ਭੂ-ਖੰਡਾਂ ਵਿਚ ਇਹ ਸ਼ਬਦ ਕਈ ਅਰਥ ਗ੍ਰਹਿਣ ਕਰਦੇ ਰਹੇ ਹਨ। ਮੈਂ ਸਮਝਦਾ ਹਾਂ ਕਿ ਮਨੁੱਖ ਜਾਂ ਮਨੁੱਖੀ ਸਮੂਹ ਇਕ ਪ੍ਰਾਣਵੰਤ ਇਕਾਈ ਜਾਂ ਇਕਾਈਆਂ ਦੇ ਰੂਪ ਵਿਚ ਭਿੰਨ ਭਿੰਨ ਹੁੰਦਾ ਹੋਇਆ ਵੀ ਮੂਲ ਰੂਪ ਵਿਚ ਰਕਤ ਬਿੰਦ ਦੇ ਅਧਾਰ ਉੱਤੇ ਇਕ ਹੀ ਮਨੁੱਖੀ ਨਸਲ ਰਿਹਾ ਹੈ ਅਤੇ ਇਸੇ ਅਧਾਰ ਉਤੇ ਧਰਤੀ ਉਤੇ ਵਸਣ ਵਾਲੇ ਸਭ ਮਨੁੱਖਾਂ ਨੂੰ ਵਿਸ਼ਵਾਰਥੀ ਮਨੁੱਖ ਦਾ ਨਾਂ ਦਿੱਤਾ ਜਾਂਦਾ ਰਿਹਾ ਹੈ ਤੇ ਦਿੱਤਾ ਜਾ ਰਿਹਾ ਹੈ। ਵੱਖ-ਵੱਖ ਅਧਿਆਤਮਕ ਚਿੰਤਨ ਧਾਰਾਵਾਂ ਵਿਚ ਵੀ ਮਨੁੱਖ ਨੂੰ ਇਕ ਈਸ਼ਵਰੀ ਸੰਤਾਨ ਹੋਣ ਕਰਕੇ ਸਾਮਾਨ ਅਤੇ ਭਰਾ ਭਤਾ ਮੰਨਿਆ ਗਿਆ ਹੈ। 'ਕੁਦਰਤ ਦੇ ਸਭ ਬੰਦੇ', 'ਏਕ ਨੂਰ ਤੇ ਸਭ ਜਗ ਉਪਜਿਓ ਕੌਣ ਭਲੇ ਕੌਣ ਮੰਦੇ' ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਨਾਲ ਮਿਲਦੇ-ਜੁਲਦੇ ਕਥਨ ਸਾਨੂੰ ਸਭ ਧਰਮ ਗ੍ਰੰਥਾਂ ਵਿਚੋਂ ਲੱਭ ਜਾਂਦੇ ਹਨ।

ਇਹ ਮਨੁੱਖ ਆਦਿ ਮਨੁੱਖ ਤੋਂ ਲੈ ਕੇ ਆਧੁਨਿਕ ਮਨੁੱਖ ਤਕ ਕਈ ਸੁਖਾਵੇਂ ਅਤੇ ਅਣਸੁਖਾਵੇਂ ਪੜਾਵਾਂ ਅਤੇ ਅਨੁਭਵਾਂ ਵਿਚੋਂ ਲੰਘਦਾ ਆਇਆ ਹੈ ਅਤੇ ਇਹ ਅੱਜ ਜਾਂ ਕਿਸੇ ਵਕਤ ਆਪਣੇ ਵਿਕਾਸ ਦੀ ਚਰਮ ਸੀਮਾ ਤਕ ਪੁਜ ਜਾਵੇਗਾ, ਐਸਾ ਸੋਚਣਾ ਅਣ-ਵਿਗਿਆਨਕ ਅਤੇ ਤਰਕਹੀਣ ਹੋਵੇਗਾ। ਸਪਸ਼ਟ ਹੋਇਆ ਕਿ ਜੇ ਮਨੁੱਖ ਹਾਲੀ ਵਿਕਾਸ ਕਰ ਰਿਹਾ ਹੈ ਤਾਂ ਇਸ ਦੀਆਂ ਬਣਾਈਆਂ ਜਾਂ ਇਸ ਨਾਲ ਸਬੰਧਿਤ ਸੰਸਥਾਵਾਂ ਅਤੇ ਰੀਤ ਰਿਵਾਜ ਵੀ ਹਮੇਸ਼ਾਂ ਵਿਕਾਸਸ਼ੀਲ ਰਹਿਣਗੇ ਅਤੇ ਕਿਸੇ ਵੀ ਪੱਧਰ ਉਤੇ ਪੁੱਜ ਕੇ ਇਹ ਆਖਰੀ ਮੰਜ਼ਿਲ ਜਾਂ ਆਖਰੀ ਹਰਫ ਨਹੀਂ ਬਣ ਸਕਦੇ।

ਵਿਕਾਸ ਕਰਦੇ ਮਨੁੱਖ ਨੇ ਕਈ ਵਿਕਾਸ ਪ੍ਰਣਾਲੀਆਂ, ਸਭਿਅਤਾਵਾਂ ਅਤੇ ਸੰਸਕ੍ਰਿਤੀਆਂ ਨੂੰ ਜਨਮ ਦਿੱਤਾ ਹੈ। ਇਹ ਸਭਿਆਤਾਵਾਂ ਅਤੇ ਸੰਸਕ੍ਰਿਤੀਆਂ ਕਈ

ਰੰਗ ਵਟਾਉਂਦੀਆਂ ਰਹੀਆਂ ਹਨ ਅਤੇ ਹਾਲੀ ਵਟਾ ਰਹੀਆਂ ਹਨ। ਕਈ ਅਤਿ ਵਿਕਸਤ ਅਵਸਥਾ ਉਤੇ ਪੁੱਜ ਕੇ ਨਸ਼ਟ ਹੋਈਆਂ ਸਭਿਆਤਾਵਾਂ ਅਤੇ ਸੰਸਕ੍ਰਿਤੀਆਂ ਵਿਚੋਂ ਕੁਕਨੂਸ ਵਾਂਗ ਮੁੜ ਉਭਰਦੀਆਂ ਵੀ ਰਹੀਆਂ ਹਨ।

ਇਸੇ ਵਿਕਾਸ ਪੱਥ ਉੱਤੇ ਮਨੁਖ ਨੇ ਕਈ ਤਜਰਬੇ ਕੀਤੇ। ਕਬੀਲਿਆਂ ਦੀ ਸਭਿਅਤਾ ਤੋਂ ਸ਼ੁਰੂ ਹੋ ਕੇ ਇਸ ਨੇ ਨਗਰ ਸਭਿਅਤਾ, ਰਾਸ਼ਟਰ ਸਭਿਅਤਾ ਅਤੇ ਫਿਰ ਵਿਸ਼ਵ ਸਭਿਅਤਾ ਵਲ ਸਫਰ ਕੀਤਾ। ਸਮਾਜ ਦੇ ਸਾਂਵੇਂ ਪੱਧਰੇ ਵਿਕਾਸ ਲਈ ਇਸ ਨੇ ਰਾਜਸੀ, ਭਾਈਚਾਰਕ, ਸਭਿਆਚਾਰਕ ਅਤੇ ਅਧਿਆਤਮਕ, ਕਈ ਸੰਸਥਾਵਾਂ ਸਥਾਪਨ ਕੀਤੀਆਂ ਅਤੇ ਇਨ੍ਹਾਂ ਵਿਚ ਕਈ ਕਈ ਤਰ੍ਹਾਂ ਦੇ ਪਰਿਵਰਤਨ ਲਿਆਂਦੇ। ਕਹਿਣ ਦਾ ਭਾਵ ਇਹ ਕਿ ਇਕ ਪ੍ਰਾਣਵੰਤ, ਬੋਧਕ, ਸੰਵੇਦਨਸ਼ੀਲ ਅਤੇ ਪ੍ਰਗਤੀਸ਼ੀਲ ਸਮਾਜਿਕ ਜੀਵ ਹੋਣ ਕਰਕੇ ਮਨੁੱਖ ਕਿਸੇ ਵੀ ਬਿੰਦੂ ਉਤੇ ਟਿਕਿਆ ਹੈ ਅਤੇ ਕਿਸੇ ਵੀ ਸੰਸਥਾ ਨਾਲ ਨਾ ਕਦੇ ਸਦੀਵ ਕਾਲ ਬੱਝਿਆ ਰਿਹਾ ਹੈ ਨਾ ਬਝਿਆ ਰਹਿ ਸਕਦਾ ਹੈ ਤੇ ਨਾ ਬਝਿਆ ਰਹਿਣਾ ਚਾਹੀਦਾ ਹੈ।

ਇਸੇ ਪ੍ਰਸੰਗ ਵਿਚ ਜੇ ਕੌਮ, ਕੌਮੀਅਤ, ਰਾਸ਼ਟਰ, ਰਾਸ਼ਟਰੀਅਤਾ ਜਾਂ 'ਨੇਸ਼ਨ' ਤੇ 'ਨੈਸ਼ਨੈਲਿਟੀ' ਦੇ ਅਰਥ ਬਦਲਦੇ ਆਏ ਹਨ ਜਾਂ ਬਦਲਦੇ ਰਹਿਣੇ ਹਨ ਤਾਂ ਇਹ ਬੜੀ ਸਹਿਜ ਭਾਵੀ ਹੋਣੀ ਹੈ, ਕੋਈ ਅਨਹੋਣੀ ਹੋਣੀ ਨਹੀਂ।

'ਰਾਸ਼ਟਰਵਾਦ ਦੇ ਦੌਰ ਤੋਂ ਪਹਿਲਾਂ, ਰਾਜਸੀ ਵਫਾਦਾਰੀ ਕੌਮੀਅਤ ਦੇ ਅਧਾਰ ਉਤੇ ਸੁਨਿਸਚਿਤ ਨਹੀਂ ਸੀ ਹੁੰਦੀ ਅਤੇ ਇਸੇ ਤਰ੍ਹਾਂ ਸਭਿਅਤਾ ਨੂੰ ਵੀ ਰਾਸ਼ਟਰੀ ਰੂਪ ਵਿਚ ਨਿਸਚਿਤ ਨਹੀਂ ਸੀ ਸਮਝਿਆ ਜਾਂਦਾ। ਮੱਧ ਕਾਲ ਵਿਚ ਸਭਿਅਤਾ, ਧਰਮ-ਅਧਾਰਿਤ ਹੁੰਦੀ ਸੀ, ਕਿਉਂਕਿ ਈਸਾਈਤ ਦੀਆਂ ਸਾਰੀਆਂ ਕੌਮੀਅਤਾਂ ਅਤੇ ਨਾਲ ਹੀ ਇਸਲਾਮ ਦੀਆਂ ਕੌਮੀਅਤਾਂ ਵਾਸਤੇ ਕੇਵਲ ਇਕ ਹੀ ਸਭਿਅਤਾ ਗਿਣੀ ਜਾਂਦੀ ਸੀ। ਈਸਾਈ ਸਭਿਅਤਾ ਜਾਂ ਇਸਲਾਮੀ ਸਭਿਅਤਾ ਅਤੇ ਇਕ ਹੀ ਸੰਸਕ੍ਰਿਤੀ ਦੀ ਇਕ ਹੀ ਭਾਸ਼ਾ ਹੁੰਦੀ ਸੀ, ਜਿਵੇਂ ਯੂਰਪ ਲਈ ਲਾਤੀਨੀ (ਜਾਂ ਰੋਮਨ) ਅਤੇ ਇਸਲਾਮ ਲਈ ਅਰਬੀ (ਜਾਂ ਫਾਰਸੀ)।

ਪੁਨਰਸਜੀਤੀ ਜਾਂ ਕਲਾਸਕੀ ਦੌਰ ਵਿਚ ਪ੍ਰਾਚੀਨ ਯੂਨਾਨੀ ਅਤੇ ਰੋਮਨ ਸਭਿਆਤਾਵਾਂ ਹੀ ਵਿਸ਼ਵ ਸਭਿਆਤਾਵਾਂ ਸਮਝੀਆਂ ਜਾਂਦੀਆਂ ਰਹੀਆਂ। ਇਹ ਸਭਿਅਤਾਵਾਂ ਇਕ ਵਕਤ ਤਾਂ ਸਭ ਲੋਕਾਂ ਅਤੇ ਸਭ ਸਮਿਆਂ ਲਈ ਇਕ ਨੇਮ ਹੀ ਬਣ ਗਈਆਂ। ਫਿਰ ਵੀ ਪਿਛੋਂ ਜਾ ਕੇ ਸਾਰੇ ਯੂਰਪ ਵਿਚ ਸਾਰੀਆਂ ਕੌਮੀਅਤਾਂ ਦੇ ਪੜ੍ਹੇ ਲਿਖੇ ਲੋਕਾਂ ਲਈ ਫਰਾਂਸੀਸੀ ਸਭਿਅਤਾ ਹੀ ਪਰਮਾਣੀਕ ਸਭਿਅਤਾ ਸਮਝੀ



ਜਾਣ ਲੱਗ ਪਈ। 18ਵੀਂ ਸਦੀ ਦੇ ਅਖੀਰ ਵਿਚ ਇਹ ਪਹਿਲੀ ਵੇਰ ਹੋਇਆ ਕਿ ਸਭਿਅਤਾ ਕੌਮੀਅਤ (Nationality) ਅਨੁਸਾਰ ਨਿਸਚਿਤ ਹੋਣ ਲੱਗ ਪਈ ਅਤੇ ਉਦੋਂ ਹੀ ਇਹ ਅਸੂਲ ਪੇਸ਼ ਕੀਤਾ ਗਿਆ ਕਿ ਆਦਮੀ ਨੂੰ ਉਸ ਦੀ **ਮਾਤ ਭਾਸ਼ਾ** ਰਾਹੀਂ ਹੀ ਸਿਖਿਅਤ ਕੀਤਾ ਜਾ ਸਕਦਾ ਹੈ ਨਾ ਕਿ ਹੋਰ ਸਮਿਆਂ ਅਤੇ ਹੋਰ ਸਭਿਅਤਾਵਾਂ ਦੀਆਂ ਭਾਸ਼ਾਵਾਂ ਰਾਹੀਂ, ਭਾਵੇਂ ਉਹ ਉਨ੍ਹਾਂ ਲੋਕਾਂ ਦੀਆਂ ਕਲਾਸਕੀ ਭਾਸ਼ਾਵਾਂ ਹੋਣ ਜਾਂ ਲਿਖਣ ਪੜ੍ਹਨ ਦੀਆਂ, ਜਿਹੜੇ ਕਿ ਸਭਿਅਤਾ ਦੇ ਉਚ ਸਥਾਨ ਉਤੇ ਪੁੱਜ ਚੁੱਕੇ ਹੋਣ।

ਅਠ੍ਹਾਰਵੀਂ ਸਦੀ ਦੇ ਅਖੀਰ ਤੋਂ ਸਿਖਿਆ ਦਾ ਕੌਮੀਕਰਨ ਅਤੇ ਕੌਮੀ ਜੀਵਨ ਰਾਜਾਂ ਦੇ ਕੌਮੀਕਰਨ ਅਤੇ ਰਾਜਸੀ ਵਫਾਦਾਰੀਆਂ ਦੇ ਹੱਥ ਵਿਚ ਹੱਥ ਪਾ ਕੇ ਤੁਰਦਾ ਆ ਰਿਹਾ ਹੈ। ਕਈ ਹਾਲਤਾਂ ਵਿਚ ਕਵੀ ਅਤੇ ਸਕਾਲਰ ਪਹਿਲਾਂ ਜ਼ੋਰ ਸੰਸਕ੍ਰਿਤਕ ਰਾਸ਼ਟਰਵਾਦ (Cultural Nationalism) ਉਤੇ ਦੇਂਦੇ ਰਹੇ ਹਨ। ਉਨ੍ਹਾਂ ਨੇ ਭਾਸ਼ਾ ਨੂੰ ਸੋਧਿਆ, ਸੰਵਾਰਿਆ ਅਤੇ ਉਸ ਨੂੰ ਸਾਹਿਤਕ ਭਾਸ਼ਾ ਦੇ ਦਰਜੇ ਤਕ ਪਹੁੰਚਾਇਆ। ਰਾਸ਼ਟਰੀ ਅਤੀਤ ਵਿਚ ਡੂੰਘਾ ਝਾਕਿਆ ਤਾਂ ਜੋ ਰੁਨ੍ਹਾਂ ਲੋਕਾਂ ਲਈ, ਜਿਨ੍ਹਾਂ ਵਿਚ ਲੇਖਕਾਂ ਅਤੇ ਸਿਖਿਅਕਾਂ ਨੇ ਰਾਸ਼ਟਰਵਾਦ ਦੀ ਭਾਵਨਾ ਜਗਾ ਦਿੱਤੀ ਹੋਈ ਸੀ, ਰਾਸ਼ਟਰੀ ਰਾਜ (Nation State) ਲਈ ਕੀਤੀ ਜਾਣ ਵਾਲੀ ਰਾਜਸੀ ਮੰਗ ਜਾਂ ਦਾਅਵਿਆਂ ਲਈ ਨੀਹਾਂ ਤਿਆਰ ਕੀਤੀਆਂ ਜਾ ਸਕਣ।

—(ਬਰਤਾਨਵੀ ਵਿਸ਼ਵ ਕੋਸ਼ ਜਿਲਦ 16, ਪੰਨਾ 149)

ਵਿਸ਼ਵ ਪੱਧਰ ਤੋਂ ਭਾਰਤ ਵਲ ਮੁੜਦਿਆਂ ਅਸੀਂ ਵੇਖਦੇ ਹਾਂ ਕਿ ਮਹਾਂ ਭਾਰਤ ਤੇ ਭਾਰਤ ਤੇ ਰਾਮਾਇਣ ਦੇ ਪੂਰਵ ਇਤਿਹਾਸ ਕਾਲ ਤੋਂ ਪਿੱਛੋਂ ਅੱਜ ਤੋਂ ਕੋਈ 27 ਸੌ ਸਾਲ ਪਹਿਲਾਂ (ਜਦੋਂ ਕੁ ਇਤਿਹਾਸ ਕਾਲ ਸ਼ੁਰੂ ਹੁੰਦਾ ਹੈ) ਭਾਰਤ ਵਿਚ ਗੋਤਮ ਬੁੱਧ ਅਤੇ ਜੈਨ ਧਰਮ ਦੇ ਨੀਂਹ ਧਰਤਾ ਮਹਾਵੀਰ ਦਾ ਦੌਰ ਦੌਰਾ ਸੀ। ਆਰੀਅਨ ਅਤੇ ਗੈਰ-ਆਰੀਅਨ ਸੰਸਕ੍ਰਿਤੀਆਂ ਦੇ ਭੇੜ ਵਿਚੋਂ ਇਕ ਨਵਾਂ ਸਮਨਵੇ ਹੋ ਰਿਹਾ ਸੀ ਅਤੇ ਰਾਜਸੀ ਕੇਂਦਰ ਮਗਧ ਬਣ ਚੁਕਿਆ ਸੀ। ਉਦੋਂ ਅਸੀਂ ਧੁੰਦਲੇ ਜਿਹੇ ਰੂਪ ਵਿਚ ਕਹਿ ਸਕਦੇ ਹਾਂ ਕਿ ਅਗਲੀਆਂ ਸਦੀਆਂ ਵਿਚ ਵਿਕਸਤ ਹੋਣ ਵਾਲੀ ਭਾਰਤੀਅਤਾ (Indianism) ਦੇ ਮੂਲ ਅਧਾਰ ਬਣਨੇ ਸ਼ੁਰੂ ਹੋ ਗਏ ਸਨ। ਉਦੋਂ ਭਾਰਤ ਅਜ਼ਾਦ 16 ਜਨ ਰਾਜਾਂ (ਰੀਪਬਲਕਾਂ) ਜਾਂ ਬਾਦਸ਼ਾਹੀਆਂ ਵਿਚ ਵੰਡਿਆ ਹੋਇਆ ਸੀ, ਜਿਹੜੀਆਂ ਆਪੋ ਵਿਚ ਲੜਕੇ ਜਾਂ ਇਕ ਦੂਜੇ ਵਿਚ ਸਮਾ ਕੇ ਛੇਤੀ ਹੀ ਖਤਮ ਹੋ ਗਈਆਂ।

**ਅਸ਼ੋਕ ਮਹਾਨ**—ਫਿਰ ਦੋ ਕੁ ਸੌ ਸਾਲ ਭਾਰਤ ਵਿਚ ਸਿਕੰਦਰ ਮਹਾਨ ਸਮੇਤ ਕੁਝ ਵਿਦੇਸ਼ੀ ਆਕਰਮਣ ਹੋਏ ਅਤੇ ਸਾਡੇ ਸਖਤ ਮੁਕਾਬਲੇ ਦੇ ਬਾਵਜੂਦ ਉਹ ਜੇਤੂ ਰਹੇ। ਪਰ 322 ਪੂਰਵ ਈਸਾ ਤੋਂ 298 ਪੂਰਵ ਈਸਾ ਤਕ ਚੰਦਰਗੁਪਤ ਮੌਰੀਆ ਨੇ ਆਪਣੇ 24 ਸਾਲਾਂ ਦੇ ਰਾਜ ਵਿਚ ਭਾਰਤ ਵਿਚ ਇਕ ਵਿਸ਼ਾਲ ਤੇ ਤਕੜਾ ਰਾਜ ਸਥਾਪਨ ਕਰ ਲਿਆ। ਇਹ ਰਾਜ ਇਕ ਪਾਸੇ ਪੂਰਬ ਵਿਚ ਕਾਬਲ ਤੋਂ ਲੈ ਕੇ ਪੱਛਮ ਵਿਚ ਮੈਸੂਰ ਤਕ ਅਤੇ ਦੂਜੇ ਪਾਸੇ ਦੱਖਣ ਵਿਚ ਸੌਰਾਸ਼ਟਰ ਤੋਂ ਉਤਰ ਵਿਚ ਆਸਾਮ ਤਕ ਫੈਲਿਆ ਹੋਇਆ ਸੀ। **ਇਹ ਪਹਿਲਾ ਸਮਾਂ ਸੀ ਜਦ ਕੇਂਦਰੀ ਰਾਜ ਸੱਤਾ ਦਾ ਦਬਦਬਾ ਅਤੇ ਪ੍ਰਭਾਵ ਸਾਰੇ ਦੇਸ਼ ਵਿਚ ਮਹਿਸੂਸ ਹੋਣਾ ਸ਼ੁਰੂ ਹੋਇਆ ਅਤੇ** ਛੋਟੇ ਛੋਟੇ ਰਾਜ ਇਕ ਵੱਡੀ **ਕੇਂਦਰੀ ਸਮਰਾਟ ਸ਼ਾਹੀ** ਵਿਚ ਬੱਝ ਚੁੱਕੇ ਸਨ। ਚੰਦਰ ਗੁਪਤ ਦੀ ਮਿਰਤੂ ਪਿੱਛੋਂ ਉਸ ਦੇ ਲੜਕੇ ਬਿੰਦੂਸਾਰ ਨੇ 25 ਸਾਲ ਰਾਜ ਕੀਤਾ ਪਰ ਕੋਈ ਮਾਅਰਕਾ ਨਾ ਮਾਰਿਆ। ਬਿੰਦੂਸਾਰ ਦੀ ਮੌਤ ਪਿੱਛੋਂ ਉਸ ਦੇ ਕੋਈ ਇਕ ਸੌ ਪੁੱਤਰਾਂ ਵਿਚ ਤਖਤ ਲਈ ਲੜਾਈ ਹੋਈ ਜਿਸ ਵਿਚ ਅਸ਼ੋਕ ਨੂੰ ਜਿੱਤ ਪ੍ਰਾਪਤ ਹੋਈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਅਸ਼ੋਕ ਮਹਾਨ ਆਪਣੇ ਭਰਾਵਾਂ ਦੇ ਲਹੂ ਵਿਚ ਨਹਾ ਕੇ ਤਖਤ ਉਤੇ ਬੈਠਾ ਸੀ। ਮਹਾਰਾਜ ਅਸ਼ੋਕ ਦਾ ਰਾਜ ਬੜਾ ਪ੍ਰਗਤੀਸ਼ੀਲ ਰਾਜ ਮੰਨਿਆ ਜਾਂਦਾ ਹੈ। ਪਰ ਬਾਰਾਂ ਕੁ ਸਾਲ ਪਿੱਛੋਂ ਜਦ ਕਾਲਿੰਗਾ ਨੇ ਬਗਾਵਤ ਕੀਤੀ ਤਾਂ ਮਹਾਰਾਜ ਅਸ਼ੋਕ ਨੇ ਉਸ ਨੂੰ ਸਖਤੀ ਨਾਲ ਦਬਾ ਦਿੱਤਾ। ਉਸ ਲੜਾਈ ਵਿਚ ਹੋਏ ਭਾਰੀ ਖੂਨ ਖਰਾਬੇ ਨੂੰ ਵੇਖ ਕੇ ਮਹਾਰਾਜ ਅਸ਼ੋਕ ਨੇ ਅੱਗੋਂ ਲੜਾਈ ਨਾ ਕਰਨ ਦਾ ਪ੍ਰਣ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ। ਉਸ ਨੇ ਅਜਿਹੀ ਸੁਚੱਜਤਾ ਨਾਲ ਰਾਜ ਕੀਤਾ ਤੇ ਲੋਕ ਭਲਾਈ ਦੇ ਕੰਮ ਕੀਤੇ ਕਿ ਉਸ ਦੇ ਰਾਜ ਨੂੰ ਆਧੁਨਿਕ ਸ਼ਬਦਾਂ ਵਿਚ ਕਲਿਆਣਕਾਰੀ ਰਾਜ (ਵੈਲਫੇਅਰ ਸਟੇਟ) ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਅੱਜ ਅਸ਼ੋਕ ਲਾਠ ਵਿਚ ਉਕਰੀ ਸ਼ੇਰਾਂ ਦੀ ਮੂਰਤੀ ਸਾਡੇ ਸ਼ਕਤੀਸ਼ਾਲੀ ਭਾਰਤੀ ਰਾਜ ਦੀ ਪ੍ਰਤੀਕ ਹੈ ਅਤੇ ਚੱਕਰ ਸਾਡੇ ਕੌਮੀ ਝੰਡੇ ਵਿਚ ਪ੍ਰਗਤੀ ਦਾ ਚਿੰਨ੍ਹ ਹੈ।

ਪਰ ਅਸ਼ੋਕ ਦੇ ਬੁੱਧ ਧਰਮ ਧਾਰਨ ਕਰਨ ਦਾ ਉਸ ਦੀ ਹਿੰਦੂ ਪਰਜਾ ਵਿਚ ਭਾਰੀ ਪ੍ਰਤੀਕਰਮ ਹੋਇਆ। ਬੰਬਈ ਦੇ ਪ੍ਰੋਫੈਸਰ ਬੀ. ਜੀ. ਗੋਖਲੇ ਲਿਖਦੇ ਹਨ ਕਿ, "ਬ੍ਰਾਹਮਣਵਾਦ ਨੂੰ ਬੁੱਧ ਮੱਤ ਵਿਚ ਉਹ ਵਿਚਾਰ ਅਤੇ ਅਮਲ ਨਜ਼ਰ ਆਏ, ਜਿਨ੍ਹਾਂ ਨੂੰ ਜੇ ਵਧਣ ਫੁੱਲਣ ਦੀ ਆਗਿਆ ਦਿੱਤੀ ਜਾਂਦੀ ਤਾਂ ਉਨ੍ਹਾਂ ਨੇ ਸਾਰੇ ਮਨੁੱਖਾਂ ਦੀ ਸਮਾਨਤਾ ਉੱਤੇ ਜ਼ੋਰ ਦੇ ਕੇ ਬ੍ਰਾਹਮਣਵਾਦ ਦੇ ਪੈਰਾਂ ਹੇਠੋਂ ਜ਼ਮੀਨ ਖਸਕਾ ਲੈਣੀ



ਸੀ।" ਸੋ ਅਸੀਂ ਵੇਖਦੇ ਹਾਂ ਕਿ ਭਾਰਤ ਵਿਚ ਸਥਾਪਨ ਹੋਇਆ ਇਕ 'ਕੌਮੀ ਰਾਜ' ਜਿਸ ਨੇ ਅੱਗੇ ਜਾ ਕੇ **ਭਾਰਤੀ ਰਾਸ਼ਟਰ** ਜਾਂ **ਭਾਰਤੀ ਕੌਮ** ਤਥਾ **ਇੰਡੀਅਨ ਨੇਸ਼ਨ** ਦਾ ਰੂਪ ਧਾਰਨ ਕਰਨਾ ਸੀ, ਮੌਰੀਆ ਖਾਨਦਾਨ ਦੇ ਆਖਰੀ ਸਮਰਾਟ ਬ੍ਰਿਹਾਦਰਥ ਦੇ ਉਸ ਦੇ ਆਪਣੇ ਹੀ ਬ੍ਰਹਮਣ ਜਰਨੈਲ ਪੁਸ਼ਿਆ ਮਿੱਤਰ ਹੱਥੋਂ ਕਤਲ ਹੋ ਜਾਣ ਨਾਲ ਕਾਫੀ ਕਮਜ਼ੋਰ ਹੋ ਗਿਆ। ਪੁਸ਼ਿਆ ਮਿੱਤਰ ਨੇ ਕੋਈ 30 ਸਾਲ ਰਾਜ ਕੀਤਾ। ਉਸ ਨੂੰ ਵੀ ਰੋਮਨ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਅਤੇ ਕਾਲਿੰਗਾ ਨਾਲ ਵੀ ਲੋਹਾ ਲੈਣਾ ਪਿਆ। ਯਾਦ ਰਹੇ ਕਿ ਉਸ ਵੇਲੇ ਦਾ ਕਾਲਿੰਗਾ ਦਾ ਰਾਜਾ ਵੀ ਜੈਨ ਸੀ, ਪਰ ਉਹ ਜੁੱਧਾਂ ਜੰਗਾਂ ਤੋਂ ਸੰਕੋਚ ਨਹੀਂ ਸੀ ਕਰਦਾ।

**ਬੁੱਧ ਧਰਮ**—ਪੁਸ਼ਿਆ ਮਿੱਤਰ ਨੇ ਬੋਧੀਆਂ ਉਤੇ ਬਹੁਤ ਅਤਿਆਚਾਰ ਕੀਤੇ। ਉਸ ਦੇ ਰਾਜ ਵਿਚ ਬ੍ਰਾਹਮਣਵਾਦ ਵਧੇਰੇ ਸੰਗਠਿਤ ਰੂਪ ਵਿਚ ਸਥਾਪਿਨ ਹੋਇਆ ਅਤੇ ਉਸ ਦੇ ਰਾਜ ਵਿਚ ਹੀ ਮੰਨੂ ਦੇ ਕਾਨੂੰਨ ਸ਼ਾਸਤਰ 'ਮਨੂ ਸਿਮਰਤੀ' ਨੂੰ ਸਖਤੀ ਨਾਲ ਲਾਗੂ ਕੀਤਾ ਗਿਆ। ਇਥੋਂ ਤਕ ਕਿ ਰਾਮਾਇਣ ਅਤੇ ਮਹਾਭਾਰਤ ਦਾ ਵੀ ਬ੍ਰਾਹਮਣੀਕਰਨ ਕਰ ਦਿੱਤਾ ਗਿਆ। ਪਤਾਂਜਲੀ ਸੰਸਕ੍ਰਿਤ ਦੇ ਜੋ ਪਰਮੁੱਖ ਵਿਦਵਾਨ ਸਨ ਵੀ ਇਸੇ ਸਮੇਂ ਵਿਚ ਹੋਏ। ਪੁਸ਼ਿਆ ਮਿੱਤਰ ਅਥਵਾ ਸੁੰਗਾਂ ਘਰਾਣਾ ਸਵਾ ਸੌ ਸਾਲ ਤਕ ਰਾਜ ਕਰਦਾ ਰਿਹਾ, ਪਰ ਇਸ ਦੇ ਅਖੀਰਲੇ ਸਮਰਾਟ ਦੇਵਾਭੂਮੀ ਨੂੰ ਵੀ ਆਪਣੇ ਬ੍ਰਹਿਮਣ ਜਰਨੈਲ ਵਾਸੁਦੇਵ ਕੱਨਣ ਹੱਥੋਂ ਕਤਲ ਹੋਣਾ ਪਿਆ। ਕੱਨਣ ਘਰਾਣੇ ਨੇ ਪੰਜਾਹ ਸਾਲ ਰਾਜ ਕੀਤਾ। ਪਰ ਇਸ ਤੋਂ ਪਿੱਛੋਂ ਅਜ਼ਾਦ ਮਗਧ ਜੋ ਅਜ਼ਾਦ ਭਾਰਤ ਦੀ ਰਾਜਧਾਨੀ ਸੀ, ਇਕ ਭੁਲੀ ਵਿਸਰੀ ਯਾਦ ਬਣ ਕੇ ਰਹਿ ਗਿਆ।

ਇਸ ਤੋਂ ਪਿੱਛੋਂ ਕੁਸ਼ਨ ਲੋਕਾਂ ਨੇ ਹੌਲੀ-ਹੌਲੀ ਆਪਣੀ ਤਾਕਤ ਵਧਾਈ ਅਤੇ ਕਨਿਸ਼ਕ ਦੀ ਸਮਰਾਟ ਸ਼ਾਹੀ ਹੇਠ ਉਨ੍ਹਾਂ ਨੇ ਇਕ ਤਗੜਾ ਰਾਜ ਸਥਾਪਨ ਕਰ ਲਿਆ। ਉਹ ਪੂਰਬ ਵਿਚ ਬਿਹਾਰ ਤੋਂ ਪੱਛਮ ਵਿਚ ਖੁਰਾਸਾਨ ਤਕ ਅਤੇ ਉੱਤਰ ਵਿਚ ਖੋਤਾਨ ਤੋਂ ਦੱਖਣ ਵਿਚ ਕੋਕਨ ਤਕ ਫੈਲਿਆ ਹੋਇਆ ਸੀ। ਬੁੱਧ ਪਰੰਪਰਾ ਵਿਚ ਕਨਿਸ਼ਕ ਨੂੰ ਦੂਜਾ ਅਸ਼ੋਕ ਮੰਨਿਆ ਜਾਂਦਾ ਹੈ। ਇਸ ਨੇ ਬੁਧ ਧਰਮ ਨੂੰ ਚੀਨ, ਜਾਪਾਨ, ਬਰਮਾ ਅਤੇ ਕੋਰੀਆ ਤਕ ਫੈਲਾ ਦਿੱਤਾ। ਕਨਿਸ਼ਕ ਨੇ 40 ਸਾਲ ਰਾਜ ਕੀਤਾ, ਪਰ ਉਸ ਦਾ ਰਾਜ ਚੌਥੀ ਸਦੀ (ਈਸਾ ਪਸਚਾਤ) ਵਿਚ ਜਾ ਕੇ ਖਤਮ ਹੋ ਗਿਆ।

**ਬ੍ਰਹਿਮਣਵਾਦ**—ਦੂਜੇ ਪਾਸੇ ਉੱਤਰ ਵਿਚ ਇਕ ਨਵੀਂ ਤਾਕਤ ਉਭਰੀ। ਇਹ ਗੁਪਤ ਸਮਰਾਟ ਸ਼ਾਹੀ ਸੀ, ਜਿਹੜੀ ਦੋ ਢਾਈ ਸੌ ਸਾਲ (ਸੰਨ 319 ਤੋਂ

550) ਤਕ ਚਲੀ । ਇਸ ਦਾ ਬਾਨੀ ਚੰਦਰਗੁਪਤ ਪਹਿਲਾ ਸੀ । ਪਰ ਇਸ ਦੇ ਪੋਧੇ ਪੁੱਤਰ ਸਮੁੰਦਰ ਗੁਪਤ ਨੇ 24 ਰਿਆਸਤਾਂ ਨੂੰ ਜਿੱਤ ਕੇ ਫਿਰ ਇਕ ਤਗੜਾ ਤੇ ਵਿਸ਼ਾਲ ਰਾਜ ਸਥਾਪਨ ਕੀਤਾ । ਇਸ ਵਿਚ ਬੰਗਾਲ, ਪੰਜਾਬ ਅਤੇ ਮੱਧ ਪਰਦੇਸ਼ ਦੇ ਰਾਜ ਸ਼ਾਮਿਲ ਸਨ । ਨਿਪਾਲ ਤੋਂ ਲੰਕਾ ਤਕ ਸਭ ਉਸ ਦੀ ਸਰਦਾਰੀ ਮੰਨਦੇ ਸਨ । ਇਹ ਪੱਕਾ ਬ੍ਰਿਹਮਣ ਸੀ ਅਤੇ ਇਸ ਨੇ ਬ੍ਰਿਹਮਣਵਾਦ ਨੂੰ ਮੁੜ ਪੱਕੇ ਪੈਰੀਂ ਲਿਆ ਖੜ੍ਹਾ ਕੀਤਾ । ਇਸ ਦਾ ਪੁੱਤਰ ਚੰਦਰ ਗੁਪਤ ਦੂਜਾ ਵੀ ਬੜਾ ਸ਼ਕਤੀਸ਼ਾਲੀ ਰਾਜਾ ਸੀ । ਉਸ ਨੇ ਸ਼ਾਕਾ ਰਾਜਿਆ ਨੂੰ ਹਰਾ ਕੇ ਆਪਣੀ ਸਲਤਨਤ ਦੀਆਂ ਸਰਹੱਦਾਂ ਭਾਰਤ ਦੇ ਪੱਛਮੀ ਸਮੁੰਦਰੀ ਤੱਟ ਤਕ ਵਧਾ ਲਈਆਂ । ਉਸ ਨੇ ਬਿਕਰਮਦਤ ਦਾ ਖਤਾਬ ਆਪਣੇ ਨਾਲ ਜੋੜ ਲਿਆ । ਜਿਸ ਦਾ ਭਾਵ ਸੀ 'ਸੂਰਜ ਦਾ ਪੁੱਤਰ ।' ਪ੍ਰਸਿੱਧ ਸੰਸਕ੍ਰਿਤ ਕਵੀ ਕਾਲੀ ਦਾਸ ਗੁਪਤ ਕਾਲ ਵਿਚ ਹੀ ਹੋਇਆ ।

ਗੁਪਤ ਵੰਸ ਦਾ ਆਖਰੀ ਰਾਜਾ ਸਕੰਦ ਗੁਪਤ ਸੀ, ਜਿਹੜਾ ਸੰਨ 468 ਵਿਚ ਮਰਿਆ ਅਤੇ ਉਸ ਪਿਛੋਂ ਗੁਪਤ ਸਲਤਨਤ ਟੁਟਣੀ ਸ਼ੁਰੂ ਹੋ ਗਈ । ਹਾਲਾਂ ਕਿ ਉਸ ਤੋਂ ਪਹਿਲਾਂ ਸਕੰਦ ਗੁਪਤ ਵਿਦੇਸ਼ੀ ਹੂਨਾਂ ਨੂੰ ਸ਼ਿਕਸਤ ਦੇ ਚੁਕਿਆ ਸੀ । ਇਸ ਸਮੇਂ ਸਥਾਨਿਕ ਰਜਵਾੜੇ ਫਿਰ ਉੱਠੇ ਤੇ ਉਨ੍ਹਾਂ ਆਪਣੇ ਆਪ ਨੂੰ ਸੁਤੰਤਰ ਅਤੇ ਖੁਦ-ਮੁਖਤਿਆਰ ਰਜਵਾੜਾ ਸ਼ਾਹੀਆਂ ਵਿਚ ਬਦਲ ਲਿਆ । ਜਿਹੜੇ ਰਜਵਾੜੇ ਹੂਨਾਂ ਨਾਲ ਰਲ ਕੇ ਲੜੇ ਉਹ ਜਿੱਤ ਕੇ ਅੱਡ ਅੱਡ ਹੋ ਗਏ ।

ਇਹ ਕਾਲ ਬ੍ਰਿਹਮਣਵਾਦ ਤਥਾ ਵੈਸ਼ਨਵ ਅਤੇ ਸ਼ੈਵ ਧਰਮਾਂ ਦੀ ਚੜ੍ਹਤ ਦਾ ਕਾਲ ਸੀ । ਗੁਪਤ ਕਾਲ ਸੰਨ 550 (ਛੇਵੀਂ ਸਦੀ ਦੇ ਅੱਧ) ਵਿਚ ਖਤਮ ਹੁੰਦਾ ਹੈ ਅਤੇ ਫਿਰ ਥਾਂ ਥਾਂ ਕਈ ਰਜਵਾੜੇ ਉਠਦੇ ਹਨ, ਜਿਨ੍ਹਾਂ ਵਿਚ ਪ੍ਰਸਿੱਧ ਹਰਸ਼ਵਰਧਨ ਹੈ, ਜਿਸ ਦਾ ਦਬਦਬਾ ਉੱਤਰ ਵਿਚ ਰਿਹਾ । ਹਰਸ਼ਵਰਧਨ ਦੀ ਰਾਜਧਾਨੀ ਕਨੌਜ ਸੀ ਅਤੇ ਉਹ ਵੀ ਬੁੱਧ ਧਰਮ ਦਾ ਧਾਰਨੀ । ਚੀਨੀ ਯਾਤਰੀ ਹਿਊਨਸਾਂਗ ਲਿਖਦਾ ਹੈ ਕਿ ਹਰਸ਼ ਨੇ ਪਸ਼ੂਆਂ ਦੀ ਬਲੀ ਉਤੇ ਰੋਕ ਲਾ ਦਿੱਤੀ ਸੀ ਅਤੇ ਗੰਗਾ ਦੇ ਕੰਢੇ 'ਤੇ ਉਸ ਕਈ ਬੋਧ ਸਰੂਪ ਬਣਵਾਏ । ਉਸ ਨੇ ਨਾਲੰਦਾ ਯੂਨੀਵਰਸਿਟੀ ਨੂੰ ਵੀ ਬੜ੍ਹਾਵਾ ਦਿੱਤਾ, ਜਿਹੜੀ ਕਿ ਉਸ ਵੇਲੇ ਭਾਰਤੀ ਗਿਆਨ ਵਿਗਿਆਨ ਦਾ ਇਕ ਅੰਤ੍ਰਰਾਸ਼ਟਰੀ ਕੇਂਦਰ ਬਣ ਗਈ । ਇਹ ਪੰਜਵੀਂ ਸਦੀ ਵਿਚ ਬਣੀ ਤੇ ਬਾਹਰਵੀਂ ਸਦੀ ਤਕ ਕੰਮ ਕਰਦੀ ਰਹੀ । ਹਰਸ਼ ਦੀ ਮਿਰਤੂ 647 (ਸੱਤਵੀਂ ਸਦੀ) ਵਿਚ ਹੋਈ ਤੇ ਉੱਤਰੀ ਭਾਰਤ ਦਾ ਇਤਿਹਾਸ ਫਿਰ ਤਾਕਤ ਦੀ ਖੋਹ ਖਰਾਬੀ ਅਤੇ ਅਸਥਿਰ ਰਾਜਸੀ ਸਥਿਤੀ ਦਾ ਨਜ਼ਾਰਾ ਦੇਣ ਲੱਗਾ ।



ਜਲੰਧਰ ਦੇ ਕੁਝ ਸ਼ਰਾਰਤੀ ਅਨਸਰ ਅਤੇ ਤੰਗ ਦਿਲ ਲੋਕਾਂ ਵਿਰੁਧ ਗੁਰੂ ਅਸਥਾਨਾਂ ਦੀ ਪਵਿਤਰਤਾ ਲਈ ਗੁਰੂਦੁਆਰਾ ਸਾਹਿਬ ਸੋਡਲ 'ਚ ਡਟੇ ਹੋਏ ਸੰਤ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲੇ, ਜਿਨ੍ਹਾਂ ਨੇ ਗੁਰੂ ਦੋਖੀਆਂ ਦੇ ਫੋਕੇ ਦਮਗੱਜਿਆਂ ਨੂੰ ਥੋਥੇ ਬਣਾ ਕੇ ਸਿਖ ਸੂਰਬੀਰਤਾ ਦਾ ਸਬੂਤ ਦਿੱਤਾ, ਆਪ ਆਪਣੇ ਸੂਰਬੀਰ ਸਿੰਘ ਸਾਥੀਆਂ ਸਮੇਤ । (ਫੋਟੋ—ਵੀ. ਪੀ. ਕਪੂਰ)

**ਅਰਾਜਕਤਾ**—ਹਰਸ਼ ਦੀ ਮੌਤ ਤੋਂ ਪਿੱਛੋਂ 1206 (ਤੇਰ੍ਹਵੀਂ ਸਦੀ ਦੇ ਸ਼ੁਰੂ) ਤਕ ਦਾ ਪੰਜ ਸੌ ਸਾਲ ਦਾ ਸਮਾਂ ਘੋਰ ਰਾਜਸੀ ਅਰਾਜਕਤਾ ਤੇ ਹੋਣੇ ਦੀ ਰਜਵਾੜਾਸ਼ਾਹੀ ਦਾ ਸਮਾਂ ਕਿਹਾ ਜਾ ਸਕਦਾ ਹੈ । ਸਮਾਜਿਕ ਤੌਰ ਤੇ ਵੀ ਦੇਸ਼ ਭਾਰੀ ਪਤਨ ਵਲ ਗਿਆ ਅਤੇ ਕੁਝ ਕੁ ਹਾਲਤਾਂ ਨੂੰ ਛੱਡ ਕੇ ਬੌਧਕ ਤੌਰ ਤੇ ਵੀ ਇਸ ਵਿਚ ਨਿਘਾਰ ਆਇਆ । ਇਸ ਦੌਰ ਵਿਚ ਪੱਛਮੀ ਖੇਤਰ ਵਿਚ ਰਾਸ਼ਟਰਕੂਤ, ਕੇਂਦਰੀ ਖੇਤਰ ਵਿਚ ਗੁਜਰਾਤ ਅਤੇ ਬੰਗਾਲ ਵਿਚ ਪਾਲਾ ਸੈਨਾ ਦੀਆਂ ਰਾਜਸੀ ਤਾਕਤਾਂ ਆਪਣੀ ਆਪਣੀ ਖੁਦਮੁਖਤਿਆਰੀ ਮਾਣਦੀਆਂ ਰਹੀਆਂ । ਕਸ਼ਮੀਰ ਵੀ ਅਲਗ ਥਲਗ ਹੀ ਰਿਹਾ । ਦੱਖਣ ਵਿਚ ਚੋਲਾ ਰਜਵਾੜਿਆਂ ਦਾ ਦਬਦਬਾ ਹੋ ਗਿਆ । ਰਾਸ਼ਟਰਕੂਤ ਦੇ ਰਾਜ ਵਿਚ ਹੀ ਏਲੋਰਾ ਦੀਆਂ ਗੁਫਾਵਾਂ ਤਰਾਸ਼ੀਆਂ ਗਈਆਂ ।

ਇਕ ਪਾਸੇ ਜਦ ਭਾਰਤ ਵਿਚ ਰਜਵਾੜੇ ਆਪੋ ਵਿਚ ਲੜ ਰਹੇ ਸਨ, ਪੱਛਮੀ ਏਸ਼ੀਆ ਵਿਚ ਇਸਲਾਮ ਇਕ ਸ਼ਕਤੀਸ਼ਾਲੀ ਮਜ਼ਬੀ, ਭਾਈਚਾਰਕ ਅਤੇ ਰਾਜਨੀਤਕ ਤਾਕਤ ਦੇ ਤੌਰ ਤੇ ਉਭਰ ਰਿਹਾ ਸੀ, ਜਿਸ ਤੋਂ ਭਾਰਤ ਦੇ ਰਜਵਾੜੇ ਕਾਫੀ ਸਮੇਂ ਤਕ ਅਵੇਸਲੇ ਸ ; । ਹਾਲਾਂ ਕਿ ਇਸਲਾਮ ਦੀ ਇਹੋ ਸ਼ਕਤੀਸ਼ਾਲੀ ਤਾਕਤ ਹੀ ਸੀ, ਜਿਸ ਨੇ ਬਾਅਦ ਵਿਚ ਭਾਰਤੀ ਜੀਵਨ ਦੀਆਂ ਜੜ੍ਹਾਂ ਹੀ ਹਲਾ ਕੇ ਰੱਖ ਦੇਣੀਆਂ ਸਨ । **ਪਰਸਪਰ ਰਕਾਬਤਾਂ, ਸਥਾਨਿਕ ਤੌਰ ਤੇ ਸੀਮਿਤ, ਦੇਸ਼ ਭਗਤੀ ਅਤੇ ਪਰਾਦੇਸ਼ਕ ਮੁਕਾਬਲੇਬਾਜ਼ੀ ਨੇ ਬਣ ਰਹੇ ਭਾਰਤੀ ਕੌਮ ਦੇ ਬਿੰਬ ਨੂੰ ਖੇਰੂੰ ਖੇਰੂੰ ਕਰ ਦਿੱਤਾ ।** ਢਹਿੰਦੀ ਕਲਾ ਦੀ ਭਾਵਨਾ ਸਾਰੇ ਪਾਸੇ ਪਸਰ ਗਈ ਅਤੇ ਬੇਲਚਕ ਸਮਾਜਕ ਅਤੇ ਆਰਥਕ ਅਵਸਥਾ ਨੇ ਭਾਰਤ ਨੂੰ ਵਿਦੇਸ਼ੀਆਂ ਦੇ ਹਮਲਿਆਂ ਦਾ ਫਿਰ ਮੈਦਾਨ ਬਣਾ ਕੇ ਰੱਖ ਦਿੱਤਾ ।

**ਮੁਗਲ ਆਕਰਮਣ**—ਮੁਗਲ ਆਕਰਮਣ ਅਤੇ ਮੁਗਲ ਸ਼ਾਹੀ ਦੀ ਕਹਾਣੀ ਕੋਈ ਸਾਥੋਂ ਭੁਲੀ ਵਿਸਰੀ ਹੋਈ ਨਹੀਂ । ਬਹੁਤ ਸ਼ੁਰੂ ਵਿਚ ਮੌਰੀਆ ਕਾਲ ਵਿਚ ਹੀ ਦੇਸ਼ ਦੇ ਵੱਖ ਵੱਖ ਹਿੱਸਿਆਂ ਦਾ ਇਕ ਕੇਂਦਰੀ ਸ਼ਾਸਨ ਵਿਚ ਏਕੀਕਰਨ ਹੋਇਆ । ਗੁਪਤ ਸ਼ਾਸਕਾਂ ਦੇ ਰਾਜ ਦੀਆਂ ਹੱਦਾਂ ਭਾਵੇਂ ਕਾਫੀ ਵਿਸ਼ਾਲ ਸਨ, ਪਰ ਦੱਖਣੀ ਇਲਾਕੇ ਉਸ ਦੇ ਸਿੱਧੇ ਅਧਿਕਾਰ ਹੇਠ ਕਦੇ ਵੀ ਨਾ ਰਹੇ । ਮੁਢਲੇ ਮੁਸਲਮ ਸੁਲਤਾਨਾਂ, ਜਿਵੇਂ ਕਿ ਖਿਲਜੀ ਖਾਨਦਾਨ (1296-1326) ਨੇ ਕਦੇ ਕਦੇ ਆਪਣਾ ਅਧਿਕਾਰ ਦੱਖਣ ਤਕ ਵਧਾਇਆ, ਪਰ ਇਹ ਕੇਂਦਰ ਸ਼ਾਹੀ ਸਾਸ਼ਕ ਪੱਕੀ ਪੈਰੀਂ ਨਾ ਕਰ ਸਕਿਆ । ਇਸੇ ਤਰ੍ਹਾਂ ਅਕਬਰ ਮਹਾਨ (1556-1605) ਵਲੋਂ ਵੀ ਉੱਤਰੀ ਭਾਰਤ ਵਿਚ ਉਸ ਦਾ ਦਬਦਬਾ ਕਾਫੀ ਰਿਹਾ, ਪਰ ਦੱਖਣ ਉਸ ਦੇ ਵੀ ਕਾਬੂ ਨਾ



ਆਇਆ । ਔਰੰਗਜ਼ੇਬ (1658-1707) ਨੇ ਦੱਖਣ ਵਿਚ ਭਾਵੇਂ ਬਗਾਵਤ ਦਬਾ ਦਿੱਤੀ, ਪਰ ਉਹ ਮਰਹੱਟਿਆਂ ਨੂੰ ਪੂਰੀ ਤਰ੍ਹਾਂ ਕਾਬੂ ਨਾ ਕਰ ਸਕਿਆ । ਮਰਹੱਟੇ ਇਕ ਕੇਂਦਰੀ ਅਤੇ ਸੰਗਠਿਤ ਰਾਜ ਸਥਾਪਨ ਦੇ ਨੇੜੇ ਪੁੱਜ ਵੀ ਗਏ, ਪਰ ਪਾਨੀਪਤ ਦੀ ਤੀਜੀ ਲੜਾਈ (1761) ਨੇ ਉਨ੍ਹਾਂ ਦੇ ਵੀ ਸੁਪਨੇ ਮਿੱਟੀ ਵਿਚ ਮਿਲਾ ਕੇ ਰੱਖ ਦਿੱਤੇ।

**ਇੰਜ ਸਾਨੂੰ ਇਹ ਸਵੀਕਾਰ ਕਰਨਾ ਪਏਗਾ ਕਿ ਭਾਰਤ ਬਰਤਾਨਵੀ ਰਾਜ ਦੀ ਸਥਾਪਨਾ ਤੋਂ ਪਹਿਲਾਂ ਤਕ ਬਹੁਤ ਲੰਮੇਰੇ ਸਮਿਆਂ ਲਈ ਬਹੁ-ਕੌਮੀ ਦੇਸ਼ ਹੀ ਬਣਿਆ ਰਿਹਾ । ਤੇ ਇਸ ਵਿਚ ਇਕ ਕੌਮ ਦਾ ਨਜ਼ਰੀਆ ਵਧ ਫੁਲ ਨਾ ਸਕਿਆ ।**

**ਸਿੱਖ ਲਹਿਰ**—ਮੁਗਲ ਰਾਜ ਦੇ ਪਤਨ ਤੇ ਬ੍ਰਤਾਨਵੀ ਰਾਜ ਦੇ ਉੱਥਾਨ ਦੀ ਵਿਥਿਆ ਹਾਲੀ ਤਾਜ਼ਾ ਹੈ । ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਮਰਹੱਟਿਆਂ ਨੇ ਮੁਗਲ ਸਾਮਰਾਜ ਵਿਰੁੱਧ ਬਗਾਵਤ ਕੀਤੀ, ਪਰ ਉਹ ਹਾਰ ਗਏ, ਲੇਕਿਨ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਤੇ ਜੀਵਨ (1469-1538) ਨਾਲ ਸਿੱਖ ਲਹਿਰ ਇਕ ਸੁਧਾਰਕ ਜਾਂ ਧਾਰਮਿਕ ਲਹਿਰ ਦੇ ਰੂਪ ਵਿਚ ਆਰੰਭ ਹੋਈ, ਪਰ ਛੇਤੀ ਹੀ ਇਹ ਮੁਗਲ ਸਾਮਰਾਜ ਦੇ ਰਾਜਸੀ, ਮਜ਼੍ਹਬੀ ਅਤੇ ਸਮਾਜਿਕ ਜਬਰ ਅਤੇ ਅਨਿਆਂ ਦੇ ਰੂਬਰੂ ਇਕ ਪ੍ਰਤੀਕੂਲ ਤੇ ਵਿਦਰੋਹੀ ਰਾਜਸੀ ਲਹਿਰ ਦਾ ਰੂਪ ਧਾਰਨ ਕਰ ਗਈ । ਗੁਰੂ ਅਰਜਨ ਦੇਵ ਜੀ ਨੂੰ, ਖੁਸਰੋ ਨੂੰ ਸ਼ਰਨ ਦੇਣ ਸਦਕਾ, ਜਹਾਂਗੀਰ ਹੱਥੋਂ ਸ਼ਹੀਦ ਹੋਣਾ ਪਿਆ, ਜਿਸ ਨਾਲ ਪਿਛਲੇ ਕੋਈ ਡੇਢ ਸੌ ਸਾਲ ਤੋਂ ਸ਼ਾਂਤਮਈ ਰੂਪ ਵਿਚ ਚਲੀ ਆ ਰਹੀ ਸਮਾਜਿਕ ਨਬਰਾਬਰੀ ਅਤੇ ਕਰਮਕਾਂਡ ਦੀ ਕੱਟੜਤਾ ਵਿਰੋਧੀ ਸਿੱਖ ਲਹਿਰ ਰਾਜਸੀ ਤੌਰ ਤੇ ਵੀ ਸਮੇਂ ਦੀ ਸਰਕਾਰ ਨਾਲ ਟਕਰਾ ਗਈ । ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ : ਅਕਾਲ ਤਖ਼ਤ ਦੀ ਸਾਜਨਾ ਕੀਤੀ ਅਤੇ ਸ਼ਾਹ ਜਹਾਂ ਨਾਲ ਲੜਾਈਆਂ ਲੜੀਆਂ । ਔਰੰਗਜ਼ੇਬ ਨੇ ਜਦ ਭਾਰਤ ਨੂੰ ਮਜ਼੍ਹਬੀ ਤੌਰ ਤੇ 'ਇਕ ਕੌਮ' ਬਨਾਉਣ ਦੇ ਇਰਾਦੇ ਨਾਲ ਹਿੰਦੂਆਂ ਨੂੰ ਤਹਿਤੇਗ ਕਰਨਾ ਸ਼ੁਰੂ ਕੀਤਾ ਤਾਂ ਗੁਰੂ ਤੇਗ ਬਹਾਦਰ ਜੀ ਨੂੰ ਉਸ ਵਿਰੁਧ ਬਲੀਦਾਨ ਦੇਣਾ ਪਿਆ ਅਤੇ ਹਿੰਦੂਆਂ ਵਲੋਂ 'ਤੇਗ ਬਹਾਦਰ ਹਿੰਦ ਦੀ ਚਾਦਰ' ਦਾ ਮਾਣ ਪ੍ਰਾਪਤ ਕੀਤਾ ਅਤੇ 'ਧਰਮ ਹੇਤ ਸਾਕਾ ਜਿਨ ਕੀਆ, ਸੀਸ ਦੀਆ ਪਰ ਸਿਰੜ ਨ ਦੀਆ' ਦੀ ਮਿਸਾਲ ਕਾਇਮ ਕੀਤੀ । ਤਿੰਨ ਪੀੜ੍ਹੀਆਂ ਤੋਂ ਹਿੰਦੂਆਂ ਤੇ ਖਾਸ ਕਰਕੇ ਸਿੱਖਾਂ ਉਤੇ ਹੋ ਰਹੇ ਮੁਗਲਈ ਅਤਿਆਚਾਰਾਂ ਨੇ ਸਿੱਖਾਂ ਦੀ ਭਗਤੀ ਲਹਿਰ ਨੂੰ ਇਕ ਸੰਗਠਿਤ ਸ਼ਸਤਰੀ ਵਿਦਰੋਹ ਵਿਚ ਬਦਲ ਦਿੱਤਾ । ਗੁਰੂ

ਗੋਬਿੰਦ ਸਿੰਘ ਜੀ ਨੇ ਖਾਲਸਾ ਦੇ ਰੂਪ ਵਿਚ (1699) ਇਕ ਨਵਾਂ ਸੰਗਠਿਤ ਅਤੇ ਸ਼ਸ਼ਤਰਧਾਰੀ ਪੰਥ ਸਾਜਿਆ, ਜਿਸ ਨੂੰ ਇਤਿਹਾਸ 'ਤੀਸਰ ਪੰਥ (ਕੌਮ) ਚਲਾਇਨ ਵਡਸੂਰ ਗਹੇਲਾ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੇ ਅਮਿਟ ਸੁਨਹਿਰੀ ਅੱਖਰਾਂ ਵਿਚ ਯਾਦ ਕਰਦਾ ਆ ਰਿਹਾ ਹੈ। ਉਨ੍ਹਾਂ ਨੇ ਪਹਾੜੀ ਰਜਵਾੜਾਸ਼ਾਹੀ ਤੇ ਕੇਂਦਰੀ ਮੁਗਲਸ਼ਾਹੀ ਨਾਲ ਕਈ ਲੜਾਈਆਂ ਲੜੀਆਂ। ਪਹਿਲਾਂ ਪੜਦਾਦਾ (ਗੁਰੂ ਅਰਜਨ ਦੇਵ), ਫਿਰ ਪਿਤਾ (ਗੁਰੂ ਤੇਗ ਬਹਾਦਰ), ਫਿਰ ਪੁੱਤਰ (ਚਾਰੇ ਸਾਹਿਬਜ਼ਾਦੇ) ਅਤੇ ਫਿਰ ਆਪਣੇ ਸਮੇਤ ਅਨੇਕਾਂ ਸਿੱਖ ਇਸ ਧਰਮ ਯੁੱਧ ਵਿਚ ਸ਼ਹੀਦ ਕਰਵਾਏ। ਅਖੀਰ ਬੰਦਾ ਬਹਾਦਰ ਨੇ ਆਪਦੀ ਅਸ਼ੀਰਵਾਦ ਅਤੇ ਆਦੇਸ਼ ਨਾਲ ਪੰਜਾਬ ਵਲ ਕੂਚ ਕੀਤਾ ਅਤੇ ਛੇਤੀ ਹੀ ਸਰਹੰਦ ਫਤਹ ਕਰਕੇ ਸਤਿਲੁਜ ਤੇ ਜਮਨਾ ਦੇ ਵਿਚਕਾਰਲੇ ਇਲਾਕੇ ਵਿਚ ਆਪਣਾ ਦਬਦਬਾ ਕਾਇਮ ਕਰ ਲਿਆ। ਅਖੀਰ ਬੰਦਾ ਬਹਾਦਰ ਨੂੰ ਮੁਗਲਾਂ ਦੇ ਟਿਡੀ ਦਲ ਨੇ ਘੇਰ ਕੇ ਗਰਿਫਤਾਰ ਕਰ ਲਿਆ ਅਤੇ 1716 ਵਿਚ ਸ਼ਹੀਦ ਕਰ ਦਿੱਤਾ। ਇਥੋਂ ਖਾਲਸਾ ਕੌਮ ਤਥਾ ਸਿੱਖ ਪੰਥ ਦਾ ਮੁਗਲਸ਼ਾਹੀ ਨਾਲ ਸਿੱਧਾ ਤੇ ਨਿਰੰਤਰ ਰਾਜਸੀ ਸੰਗਰਾਮ ਸ਼ੁਰੂ ਹੁੰਦਾ ਹੈ। ਸਿੱਖਾਂ ਨੇ ਨਿਰੋਲ ਆਪਣੇ ਬਲਬੋਤੇ ਅਤੇ ਇਕੱਲੇ ਰੂਪ ਵਿਚ, ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਉਸ ਵੇਲੇ ਸਿੱਖਾਂ ਦੀ ਲੜਾਈ ਜ਼ਾਬਰ ਮੁਗਲਸ਼ਾਹੀ ਨਾਲ ਸੀ ਅਤੇ ਇਹ ਮੁਗਲਸ਼ਾਹੀ ਸਿੱਖਾਂ ਤੋਂ ਪਹਿਲਾਂ ਹਿੰਦੂਆਂ ਉੱਤੇ ਵੀ ਰਾਜਸੀ ਜ਼ੋਰ ਜ਼ਬਰ ਤੇ ਮਜ਼ਹਬੀ ਅਤਿਆਚਾਰ ਕਰਦੀ ਆਈ ਸੀ, ਪਰ ਸਿੱਖ ਆਪਣੇ ਨਿਵੇਕਲੇ ਤੇ ਨਿਆਰੇ ਰੂਪ, ਨਿਆਰੇ ਧਰਮ, ਨਿਆਰੀ ਰਹੁਰੀਤ ਅਤੇ ਵਧੇਰੇ ਸਿਰੜੀ ਜੋਧੇ ਹੋਣ ਦੇ ਕਾਰਨ ਮੁਗਲ ਸਾਮਰਾਜ ਨੂੰ ਵਧੇਰੇ ਰੜਕਦੇ ਸਨ ਅਤੇ ਉਸ ਦੇ ਤਿੱਖੇ ਤੇ ਸਿੱਧੇ ਹਮਲੇ ਦਾ ਸ਼ਿਕਾਰ ਹੁੰਦੇ ਸਨ, ਜਿਸ ਕਰਕੇ ਸਿੱਖਾਂ ਨੂੰ ਵੀ ਉਸ ਨਾਲ ਸਿੱਧੀ ਟੱਕਰ ਲੈਣੀ ਪੈ ਰਹੀ ਸੀ। **ਹਿੰਦੂਆਂ ਦਾ ਰੋਲ ਉਸ ਵੇਲੇ ਕੁਝ ਤਾਂ "ਡਰੀ ਤੇ ਸਹਿਮੀ ਹੋਈ ਕੌਮ" ਦਾ ਸੀ ਤੇ ਕੁਝ 'ਤਾਮਾਸ਼ਾਈ' ਬਣੇ ਰਹਿਣ ਦਾ।** ਲੁਕ ਛਿਪ ਕੇ ਜਾਂ ਅਖਲਾਕੀ ਤੌਰ ਤੇ ਕਿਸੇ ਇਕ ਅੱਧ ਹਿੰਦੂ ਵਰਗ ਜਾਂ ਵਿਅਕਤੀ ਨੇ ਸਿੱਖਾਂ ਦੀ ਸ਼ਾਇਦ ਕੋਈ ਸਹਾਇਤਾ ਕੀਤੀ ਹੋਵੇ, ਪਰ ਪ੍ਰਤੱਖ ਤੇ ਡਟਵੇਂ ਰੂਪ ਵਿਚ ਮੁਗਲਸਾਹੀ ਅਤੇ ਨਾਦਰ ਤੇ ਅਬਦਾਲੀ ਸ਼ਾਹੀ ਵਿਰੁਧ ਸਿੱਖ ਸੰਗਰਾਮ ਵਿਚ ਹਿੰਦੂ ਇਕ ਕੌਮ ਦੇ ਤੌਰ ਤੇ ਅਲੱਗ ਹੀ ਰਹੇ।

ਸਿੱਖਾਂ ਨੇ ਇਕੱਲੇ ਤੌਰ ਤੇ ਆਪਣੇ ਹੀ ਬਲਬੋਤੇ ਪਹਿਲਾਂ 12 ਮਿਸਲਾਂ ਦੇ ਰੂਪ ਵਿਚ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਦਰਬਾਰ ਦੇ ਰੂਪ ਵਿਚ ਭਾਰਤ ਦੇ ਉੱਤਰੀ ਖੰਡ ਤਥਾ ਪੰਜਾਬ ਵਿਚ ਅਜ਼ਾਦ ਅਤੇ ਸਾਂਝੇ ਸਿੱਖ ਰਾਜ ਦੀ



ਸਥਾਪਨਾ ਕੀਤੀ ਅਤੇ ਪੰਜਾਬ ਰਾਜ ਦੀਆਂ ਹੱਦਾਂ ਇਕ ਪਾਸੇ ਪੱਛਮ ਵਿਚ ਕਾਬਲ ਤਕ, ਦੂਜੇ ਪਾਸੇ ਉੱਤਰ ਵਿਚ ਕਸ਼ਮੀਰ ਤਕ ਅਤੇ ਤੀਜੇ ਪਾਸੇ ਮੁਲਤਾਨ ਤਕ ਵਧਾ ਲਈਆਂ। ਉਦੋਂ ਜਦੋਂ ਸਾਰੇ ਭਾਰਤ ਵਿਚ ਮੁਗਲਸ਼ਾਹੀ ਦੀ ਥਾਂ ਅੰਗਰੇਜ਼ ਸਾਮਰਾਜ ਸ਼ਾਹੀ ਸਥਾਪਨ ਹੋ ਚੁੱਕੀ ਸੀ। ਭਾਰਤ ਦਾ ਇਹ ਉੱਤਰੀ ਖੰਡ ਪੂਰਨ ਤੌਰ ਤੇ ਅਜ਼ਾਦੀ ਤੇ ਪ੍ਰਭੂਸੱਤਾ ਮਾਣ ਰਿਹਾ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ (1839) ਪਿੱਛੋਂ ਦਸ ਸਾਲਾਂ ਵਿਚ ਹੀ ਪੰਜਾਬੀਆਂ ਦਾ ਇਹ ਸਾਂਝਾ ਰਾਜ ਅੰਦਰੂਨੀ ਤੇ ਬਾਹਰਲੇ ਕਾਰਨਾਂ ਸਦਕਾ ਖੇਰੂ ਖੇਰੂ ਹੋਣਾ ਸ਼ੁਰੂ ਹੋ ਗਿਆ। ਤਿੜਕ ਰਹੇ ਸਿੱਖ ਰਾਜ ਨੇ ਵੀ ਮੁਲਤਾਨ ਦੀ ਬਗਾਵਤ ਵੇਲੇ ਅੰਗਰੇਜ਼ਾਂ ਵਿਰੁੱਧ ਲੜਾਈ ਲੜੀ ਜਿਹੜੀ ਅੰਗਰੇਜ਼ ਵਿਰੁਧ ਸਿੱਖਾਂ ਦੇ ਵਿਦਰੋਹ ਦੀ ਪ੍ਰਤੀਕ ਬਣ ਗਈ। ਲਾਰਡ ਡਲਹੌਜ਼ੀ ਨੇ ਉਸ ਵੇਲੇ ਇਕ ਚਿੱਠੀ ਵਿਚ ਲਿਖਿਆ :

"ਸਿੱਖ ਕੌਮ ਨੇ ਲੜਾਈ ਲਈ ਸੱਦਾ ਦਿੱਤਾ ਹੈ ਅਤੇ ਮੇਰਾ ਇਹ ਕਹਿਣਾ ਹੈ, ਸ੍ਰੀਮਾਨ ਜੀ ਕਿ ਇਹ ਲੜਾਈ ਉਹ ਬਦਲੇ ਦੀ ਭਾਵਨਾ ਨਾਲ ਲੜਨਗੇ।" ਸਿੱਖਾਂ ਨੂੰ ਉਸ ਵੇਲੇ ਪੰਜਾਬ ਅਤੇ ਪੰਜਾਬ ਨੂੰ ਸਿੱਖ ਸਮਝਿਆ ਜਾਂਦਾ ਸੀ, ਜਿਵੇਂ :

"ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ।"

—ਸ਼ਾਹ ਮੁਹੰਮਦ

ਸਿੱਖ ਰਾਜ ਖਤਮ ਹੋ ਕੇ ਵੀ ਭਾਰਤ ਨੂੰ ਇਕ ਬਹੁਤ ਵੱਡੀ ਦੇਣ ਇਹ ਦੇ ਗਿਆ ਕਿ ਜਿਸ ਖੈਬਰ ਦੇ ਦੱਰੇ (ਲਾਂਘੇ) ਵਿਚੋਂ ਪਿਛਲੇ ਅੱਠ ਸੌ ਸਾਲ ਤੋਂ ਜਰਵਾਣਿਆਂ ਦੇ ਹੜ੍ਹ ਚੜ੍ਹ ਕੇ ਆ ਜਾਇਆ ਕਰਦੇ ਸਨ ਅਤੇ ਅਪਣੀਆਂ ਬਾਦਸ਼ਾਹੀਆਂ ਸਥਾਪਨ ਕਰਕੇ ਜਾਂ ਹਮਲੇ ਤੇ ਹਮਲਾ ਕਰਕੇ ਦੇਸ਼ ਦੀ ਦੌਲਤ ਅਤੇ ਲੜਕੀਆਂ ਦੇ ਰੂਪ ਵਿਚ ਇੱਜਤ ਤੇ ਆਬਰੂ ਲੁੱਟ ਕੇ ਲੈ ਜਾਇਆ ਕਰਦੇ ਸਨ, ਉਸ ਖੈਬਰ ਨੂੰ ਸਦਾ ਸਦਾ ਲਈ ਬੰਦ ਕਰਕੇ ਰੱਖ ਦਿੱਤਾ। ਸਭ ਇਤਿਹਾਸਕਾਰ ਇਸ ਗੱਲ ਉੱਤੇ ਸਹਿਮਤ ਹਨ ਕਿ ਜੇ ਰਣਜੀਤ ਸਿੰਘ ਦਾ ਖਾਲਸਾ ਰਾਜ ਪੰਜਾਬ ਵਿਚ ਸਥਾਪਨ ਨਾ ਹੁੰਦਾ ਤਾਂ ਭਾਰਤ ਦਾ ਇਤਿਹਾਸ ਉਹ ਨਾ ਹੁੰਦਾ, ਜਿਹੜਾ 18ਵੀਂ ਸਦੀ ਦੇ ਆਰੰਭ ਤੋਂ ਸਿੱਖਾਂ ਨੇ ਸਿਰਜਨਾ ਸ਼ੁਰੂ ਕੀਤਾ ਹੋਇਆ ਸੀ। ਇਸ ਰਾਜ ਵਿਚ ਹੀ ਸਿੱਖ ਪੰਥ ਨੇ ਰਾਜਸੀ ਸੱਤਾ ਪ੍ਰਾਪਤ ਕੀਤੀ ਅਤੇ ਕੌਮ ਦੀ ਪ੍ਰਾਚੀਨ ਭਾਸ਼ਾ ਵਿਚ ਆਪਣੇ ਆਪ ਨੂੰ ਇਕ ਕੌਮ ਬਣਾ ਕੇ ਵਿਖਾ ਦਿੱਤਾ।

ਆਪਣਾ ਸ਼ਾਸਤਰ, ਆਪਣਾ ਨਿਸ਼ਾਨ, ਆਪਣਾ ਤੀਰਥ, ਆਪਣਾ ਇਤਿਹਾਸ,

ਆਪਣੀ ਭਾਸ਼ਾ, ਆਪਣੇ ਉਮਾਹ, ਆਪਣੀਆਂ ਉਮੰਗਾਂ, ਆਪਣੀਆਂ ਰੀਝਾਂ, ਆਪਣੀ ਰਹਿਤਲ, ਆਪਣੀਆਂ ਰਾਹਾਂ, ਆਪਣੀਆਂ ਜਿੱਤਾਂ ਪਿਛੋਂ ਆਪਣਾ ਰਾਜ ਇਹ ਸਾਰਾ ਕੁਝ ਰਲ ਕੇ ਹੀ ਇਕ ਕੌਮ ਦੀ ਸਾਜਨਾ ਕਰਦਾ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਕੌਮ ਕਿਸੇ ਵਕਤ ਇਨ੍ਹਾਂ ਵਿਚੋਂ ਕੋਈ ਇਕ ਚੀਜ਼ ਤੇ ਖਾਸ ਕਰਕੇ ਆਪਣਾ ਰਾਜ ਗਵਾ ਬੈਠੇ ਪਰ ਨਿਰੋਲ ਰਾਜ ਗਵਾ ਲੈਣ ਨਾਲ ਜਾਂ ਰਾਜ ਹਥਿਆ ਲੈਣ ਨਾਲ ਹੀ ਹੀ ਇਕ ਕੌਮ ਨਹੀਂ ਬਣਦੀ ਜਾਂ ਕੌਮ ਹੋਣ ਦਾ ਹੱਕ ਗਵਾ ਨਹੀਂ ਬਹਿੰਦੀ।

ਪਰ ਜੇ ਪੰਜਾਬ ਵਿਚ ਸਿੱਖ ਕੌਮ ਬਣ ਕੇ ਵੀ ਸਿਆਸੀ ਤੌਰ ਤੇ ਆਪਣਾ ਰਾਜ ਗਵਾ ਬੈਠੀ ਸੀ ਤਾਂ ਬਾਕੀ ਭਾਰਤ ਵਿਚ ਵੀ ਹਿੰਦੂ ਤੇ ਮੁਸਲਮਾਨ ਦੋਵੇਂ ਕੌਮਾਂ ਅੰਗਰੇਜ਼ਾਂ ਅੱਗੇ ਆਪਣੀਆਂ ਆਪਣੀਆਂ ਰਜਵਾੜਾ ਸ਼ਾਹੀਆਂ ਖੁਹਾ ਬੈਠੀਆਂ ਸਨ। ਪੰਜਾਬ ਦੇ ਹਾਰਨ ਨਾਲ ਤਾਂ ਸਾਰੇ ਭਾਰਤ ਉੱਤੇ ਸੱਤ ਸਮੁੰਦਰੋਂ ਪਾਰ ਵਸਦੀ ਇਕ ਬ੍ਰਤਾਨਵੀ ਕੌਮ ਦਾ ਝੰਡਾ ਝੱਲ ਗਿਆ ਤੇ ਸਾਰਾ ਭਾਰਤ ਲਾਲ ਹੋ ਗਿਆ, ਪਰ ਕੀ ਰਾਜਸੀ ਅਜ਼ਾਦੀ ਖੁਸਣ ਨਾਲ ਭਾਰਤ ਵਿਚ ਵਸਦੀਆਂ ਕੌਮਾਂ ਦੀ ਆਪਣੀ ਆਪਣੀ ਕੌਮੀਅਤ ਖਤਮ ਹੋ ਗਈ ? ਭਾਰਤੀ ਕੌਮਾਂ ਅੰਗਰੇਜ਼ ਅੱਗੇ ਰਾਜਸੀ ਲੜਾਈ ਹਾਰ ਗਈਆਂ, ਪਰ ਉਨ੍ਹਾਂ ਨੇ ਨਾ ਦਿਲ ਹਾਰਿਆ, ਨਾ ਸੰਸਕ੍ਰਿਤੀ, ਨਾ ਸਾਹਸ, ਨਾ ਸਿਰੜ ਅਤੇ ਨਾ ਆਪਣੇ ਆਪਣੇ ਵਿਚਾਰ, ਮਤ ਅਤੇ ਚਿੰਤਨ।

**ਅੰਗਰੇਜ਼ ਸ਼ਾਹੀ**—ਅੰਗਰੇਜ਼ਾਂ ਵਿਰੁਧ 1857 ਵਿਚ ਉੱਠੇ ਰਜਵਾੜਾਸ਼ਾਹੀ ਸੈਨਿਕ ਵਿਦਰੋਹ ਤੋਂ ਪਿੱਛੋਂ ਹੀ ਅੰਗਰੇਜ਼ ਵਲੋਂ ਹੀ ਸਾਰੇ ਭਾਰਤ ਨੂੰ ਇਕ ਕੇਂਦਰੀ ਪ੍ਰਸ਼ਾਸਨ (Central Administration) ਅਤੇ ਕੇਂਦਰੀ ਪ੍ਰਬੰਧ ਪ੍ਰਣਾਲੀ (Unitary Govt. System) ਹੇਠ ਲਿਆਂਦਾ ਗਿਆ। ਉਨ੍ਹਾਂ ਨੇ ਦੇਸ਼ ਭਰ ਵਿਚ ਸਭ ਲਈ ਇਕਸਾਰ ਅਤੇ ਇਕ ਮਾਤਰ ਕਾਨੂੰਨੀ ਜ਼ਾਬਤਾ ਲਾਗੂ ਕੀਤਾ ਅਤੇ ਆਪਣੇ ਰਾਜ ਨੂੰ 'ਨਿਆਂ ਦਾ ਰਾਜ' ਆਖਿਆ, ਜਿਸ ਨੂੰ ਅੱਜ ਵੀ ਅਸੀਂ ਕਾਫੀ ਵਡੇਰੇ ਰੂਪ ਵਿਚ ਅਪਣਾਈ ਆ ਰਹੇ ਹਾਂ। ਭਾਵੇਂ ਕਿ ਪਹਿਲਾਂ ਅੰਗਰੇਜ਼ ਵਲੋਂ ਅਤੇ ਕਈ ਹਾਲਤਾਂ ਵਿਚ ਹੁਣ ਵੀ 'ਕਾਨੂੰਨ ਦੇ ਰਾਜ' ਦੇ ਅਸੂਲ ਦੀ ਪਾਲਣਾ ਕਾਨੂੰਨ ਦੇ ਰਾਖਿਆਂ ਵਲੋਂ ਹੀ ਉਸ ਨੂੰ ਤੋੜ ਕੇ ਹੀ ਕੀਤਾ ਜਾਂਦਾ ਹੈ ਮੰਨ ਕੇ ਨਹੀਂ। ਏਸੇ ਤਰ੍ਹਾਂ ਰੇਲਾਂ, ਟੈਲੀਫੋਨ ਅਤੇ ਕੇਂਦਰੀ ਫੌਜ ਅਤੇ ਪੱਛਮੀ ਵਿਦਿਅਕ ਪ੍ਰਣਾਲੀ ਨੇ ਵੀ ਭਾਰਤ ਵਿਚ ਇਕ-ਮੁਠਤਾ ਲਿਆਉਣ ਦੇ ਜਤਨ ਕੀਤੇ। ਪਰ ਨਾਲੋਂ ਨਾਲ ਅੰਗਰੇਜ਼ ਸ਼ਾਹੀ ਨੇ ਰਾਜਸੀ ਤੇ ਪ੍ਰਸ਼ਾਸਨਕ ਪੱਧਰ ਉਤੇ ਇਕ ਭਾਰਤ ਦੀ ਥਾਂ ਦੋ ਭਾਰਤ ਬਣਾ ਕੇ ਰੱਖ ਦਿੱਤੇ। ਇਕ ਬ੍ਰਤਾਨਵੀ ਭਾਰਤ ਅਤੇ ਇਕ ਬ੍ਰਤਾਨਵੀ ਰਿਆਸਤਾਂ ਦਾ



ਭਾਰਤ। ਕੋਈ 677 ਛੋਟੀਆਂ ਮੋਟੀਆਂ ਰਿਆਸਤਾਂ, "ਸੰਯੁਕਤ ਬ੍ਰਤਾਨਵੀ ਭਾਰਤ" ਵਿਚ ਵੀ ਅੰਦਰੂਨੀ ਖੁਦ ਮੁਖਤਿਆਰੀ ਮਾਣਦੀਆਂ ਰਹੀਆਂ।

**ਭਾਰਤੀ ਸਮਾਜ** — ਜਿਥੋਂ ਤਕ ਭਾਰਤ ਦੇ ਸਮਾਜ ਜਾਂ ਪਰਜਾ ਦਾ ਸਬੰਧ ਹੈ, ਉਹ ਪਹਿਲਾਂ ਵਾਂਗ ਹੀ ਮਜ਼ੁਬੀ ਅਤੇ ਪ੍ਰਾਦੇਸ਼ਕ ਕੋਮੀਅਤਾਂ ਵਿਚ ਵੰਡਿਆ ਰਿਹਾ। ਅੰਗਰੇਜ਼ਾਂ ਨੇ ਇਨ੍ਹਾਂ ਵੰਡੀਆਂ ਨੂੰ ਹੋਰ ਉਭਾਰਿਆ ਅਤੇ ਭਾਰਤ ਦੀ ਬਣ ਰਹੀ ਇਕ ਕੌਮ ਨੂੰ ਪ੍ਰਤੱਖ ਤੌਰ ਤੇ ਦੋ ਕੌਮਾਂ (ਹਿੰਦੂ ਤੇ ਮੁਸਲਮਾਨਾਂ) ਵਿਚ ਵੰਡ ਕੇ ਰੱਖ ਦਿੱਤਾ। ਇਹ ਦੋ ਕੌਮਾਂ ਦਾ ਸਿਧਾਂਤ ਅਖੀਰ ਭਾਰਤ ਵਾਸੀਆਂ ਨੂੰ ਪਰਵਾਨ ਕਰਨਾ ਪਿਆ, ਭਾਵੇਂ ਕਿ ਇਸ ਦੇ ਲਈ ਉਨ੍ਹਾਂ ਨੇ ਕਾਫੀ ਵਿਰੋਧ ਵੀ ਕੀਤਾ ਅਤੇ ਇਸ ਨੂੰ ਪਰਵਾਨ ਵੀ ਦੁਖਿਤ ਹਿਰਦੇ ਨਾਲ ਕੀਤਾ। ਇਹ ਦੋ ਕੌਮਾਂ ਸਨ, ਹਿੰਦੂ ਤੇ ਮੁਸਲਮਾਨ ਨਾ ਕਿ ਇਕ ਪਾਸੇ ਭਾਰਤੀ ਤੇ ਦੂਜੇ ਪਾਸੇ ਮੁਸਲਮਾਨ। ਮੁਸਲਮਾਨਾਂ ਦੀ ਜਿਨ੍ਹਾਂ ਇਲਾਕਿਆਂ ਵਿਚ ਬਹੁਗਿਣਤੀ ਸੀ, ਉਹ ਭਾਰਤ ਤੋਂ ਵੱਖ ਕਰਕੇ ਪਾਕਿਸਤਾਨ ਦੇ ਨਾਂ ਹੇਠ ਨਵਾਂ ਤੇ ਵੱਖਰਾ ਰਾਸ਼ਟਰ ਬਣਾ ਦਿੱਤੇ ਗਏ। ਪਰ ਕੀ ਇਸ ਨਾਲ ਭਾਰਤ ਵਿਚ ਘੱਟੋ ਘੱਟ ਦੋ ਕੌਮਾਂ ਦਾ ਸਿਧਾਂਤ ਜਾਂ ਦੋ ਕੌਮਾਂ ਦੀ ਹੋਂਦ ਖਤਮ ਹੋ ਗਈ ? ਵੰਡ ਤੋਂ ਪਹਿਲਾਂ ਮੁਸਲਮਾਨਾਂ ਦੀ ਭਾਰੀ ਬਹੁ ਗਿਣਤੀ ਆਪਣੇ ਆਪ ਨੂੰ ਵੱਖਰੀ ਕੌਮ ਘੋਸ਼ਿਤ ਕਰ ਚੁੱਕੀ ਸੀ, ਅਸਾਂ ਇਸ ਨੂੰ ਪਰਵਾਨ ਕੀਤਾ ਤੇ ਉਸ ਕੌਮ ਨੂੰ ਵੱਖਰਾ ਰਾਜ ਦੇ ਦਿੱਤਾ। ਪਰ ਉਹ ਕਰੋੜਾਂ ਮੁਸਲਮਾਨ ਜਿਹੜੇ ਇਥੇ ਰਹਿ ਗਏ ਪਰ ਪਾਕਿਸਤਾਨ ਗਏ ਮੁਸਲਮਾਨਾਂ ਨਾਲ ਰਲ ਕੇ ਆਪਣੇ ਆਪ ਨੂੰ ਇਕ ਕੌਮ ਸਮਝਦੇ ਰਹੇ ਸਨ, ਉਹ 15 ਅਗਸਤ, 1947 ਤੋਂ ਅਗਲੇ ਦਿਨ ਦੂਜੀ ਕੌਮ ਦੇ ਤੌਰ ਤੇ ਖਤਮ ਹੋ ਗਏ ? ਕੀ ਅੱਜ ਉਹ ਆਪਣੇ ਆਪ ਨੂੰ ਮੁਸਲਮਾਨ ਕੌਮ ਸਮਝਦੇ ਹਨ ਤੇ ਕੀ ਹਿੰਦੂ ਉਨ੍ਹਾਂ ਨੂੰ ਵੱਖਰੀ ਕੌਮ ਨਾ ਸਮਝ ਕੇ ਸੱਚੇ ਸੁੱਚੇ ਭਾਰਤੀ ਸਮਝਦੇ ਹਨ ? ਨਿਰਸੰਦੇਹ ਇਹ ਸੁਆਲ ਭਾਰੀ ਵਾਦ ਵਿਵਾਦ ਦਾ ਵਿਸ਼ਾ ਹੈ। ਪਰ ਸਪਸ਼ਟ ਹੈ ਕਿ ਹਾਲੀ ਭਾਰਤ ਇਕ ਕੌਮ ਨਹੀਂ ਬਣਿਆ।

ਸਿੱਖਾਂ ਨੂੰ ਵੀ ਅੰਗਰੇਜ਼ ਨੇ ਹਾਨੇ ਬਹਾਨੇ ਤੀਜੀ ਕੌਮ ਦਾ ਨਾਂ ਦਿੱਤਾ, ਪਰ ਸਿੱਖ ਆਪਣੇ ਆਪ ਨੂੰ ਹਿੰਦੂਆਂ, ਮੁਸਲਮਾਨਾਂ, ਪਾਰਸੀਆਂ ਅਤੇ ਈਸਾਈਆਂ ਤੋਂ ਵੱਖ ਸਮਝਦੇ ਤੇ ਸਮਝਾਂਦੇ ਹੋਏ ਵੀ ਭਾਰਤ ਦੀ ਅਖੰਡਤਾ ਦੇ ਸੁਆਲ ਉਤੇ ਨਾ ਕੇਵਲ ਮੁਸਲਮਾਨਾਂ ਦੇ ਨਾਲ ਸਹਿਮਤ ਹੀ ਨਾ ਹੋਏ, ਸਗੋਂ ਉਨ੍ਹਾਂ ਨੇ ਆਪਣੇ ਲਈ ਵੱਖਰੇ ਰਾਜ ਦੀ ਮੰਗ ਵੀ ਨਾ ਕੀਤੀ। ਦੂਜੇ ਪਾਸੇ ਉਨ੍ਹਾਂ ਨੇ ਭਾਰਤ ਨਾਲ ਹੀ ਰਹਿਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਆਪਣੇ ਨੀਂਹ ਧਰਤਾ ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ (ਨਨਕਾਣਾ ਸਾਹਿਬ), ਅਤੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਥਾਨ

(ਗੁ: ਡੇਰਾ ਸਾਹਿਬ, ਲਾਹੌਰ) ਤੇ ਅਨੇਕਾਂ ਹੋਰ ਇਤਿਹਾਸਕ ਗੁਰਦੁਆਰੇ ਗੁਆਣੇ ਮਨਜ਼ੂਰ ਕੀਤੇ ਪਰ ਭਾਰਤ ਨੂੰ ਗੁਆਣਾ ਕਬੂਲ ਨਾ ਕੀਤਾ। ਅੱਜ ਭਾਵੇਂ ਉਨ੍ਹਾਂ ਨੂੰ ਖੁਹਾਏ ਹੋਏ ਆਪਣੇ ਖੇਤ, ਘਰ ਅਤੇ ਕਾਰੋਬਾਰ ਮਿਲ ਗਏ ਹਨ, ਪਰ ਆਪਣੇ ਜਾਨ ਤੋਂ ਪਿਆਰੇ ਗੁਰਦੁਆਰੇ ਉਨ੍ਹਾਂ ਤੋਂ ਸਦਾ ਲਈ ਵਿਛੜ ਚੁੱਕੇ ਹਨ। ਫਿਰ ਵੀ ਸਿੱਖ ਭਾਰਤ ਨੂੰ ਹੀ ਆਪਣਾ ਪਿਆਰਾ ਵਤਨ, ਮੁਲਕ, ਦੇਸ਼ ਅਤੇ ਵੱਡਾ ਗੁਰਦੁਆਰਾ ਸਮਝ ਰਹੇ ਹਨ।

ਭਾਰਤ ਦੀ ਰਾਜਸੀ ਅਜ਼ਾਦੀ ਲਈ ਉਨ੍ਹਾਂ ਨੇ ਆਪਣੀ ਗਿਣਤੀ ਤੋਂ ਵੱਧ ਕੁਰਬਾਨੀਆਂ ਕੀਤੀਆਂ, ਵੱਧ ਤਸੀਹੇ ਝੱਲੇ ਅਤੇ ਵੱਧ ਮਿਹਨਤ ਤੇ ਜ਼ਫਰ ਜਾਲ ਕੇ ਭਾਰਤ ਦੀ ਉੱਨਤੀ ਵਿਚ ਹਿੱਸਾ ਪਾਇਆ, ਹੁਣ ਪਾ ਰਹੇ ਹਨ ਅਤੇ ਅੱਗੋਂ ਪਾਉਂਦੇ ਰਹਿਣਗੇ। ਉਹ ਪੰਜਾਬ ਨੂੰ ਪੁੰਨ ਭੂਮੀ ਅਤੇ ਭਾਰਤ ਨੂੰ ਮਾਤ ਭੂਮੀ ਮੰਨਦੇ ਹੀ ਨਹੀਂ ਸਗੋਂ ਇਸ ਉੱਤੇ ਗੌਰਵ ਕਰਦੇ ਹਨ। ਅਜ਼ਾਦੀ ਤੋਂ ਪਿੱਛੋਂ ਵਿਦੇਸ਼ੀਆਂ ਨਾਲ ਹੋਈਆਂ ਲੜਾਈਆਂ ਵਿਚ ਉਨ੍ਹਾਂ ਨੇ ਇਹ ਸਾਰਾ ਕੁਝ ਫਿਰ ਸਿੱਧ ਕਰਕੇ ਵਿਖਾ ਦਿੱਤਾ ਹਾਲਾਂਕਿ ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਉਨ੍ਹਾਂ ਨੂੰ ਵੱਖਰੇ ਸਬੂਤ ਦੇਣ ਦੀ ਲੋੜ ਨਹੀਂ। ਹਿੰਦੂਆਂ ਵਾਂਗ ਹੀ ਸਿੱਖ ਆਪਣੇ ਦੇਸ ਭਾਰਤ ਦੀ ਅਖੰਡਤਾ ਤੇ ਅਜ਼ਾਦੀ ਦੀ ਰਾਖੀ ਵਿਚ ਅਤੇ ਇਸ ਦੀ ਵਫਾਦਾਰੀ ਵਿਚ ਬਰਾਬਰ ਦੇ ਹੀ ਨਹੀਂ ਸਗੋਂ ਮੋਹਰੀ ਭਾਈਵਾਲ ਹਨ।

ਬਰਤਾਨਵੀ ਰਾਜ ਵੇਲੇ ਭਾਰਤ ਵਿਚ ਇਕ ਤਰ੍ਹਾਂ ਦਾ ਜੋ ਕੇਂਦਰੀਕਰਨ, ਇਕਮੁੱਠਤਾ ਅਤੇ ਇਕਸਾਰਤਾ ਪੈਦਾ ਹੋਈ ਸੀ, ਉਹ ਵਧੇਰੇ ਕਰਕੇ ਰਾਜਸੀ ਅਤੇ ਪ੍ਰਸ਼ਾਸਨੀ ਭਾਂਤ ਦੀ ਸੀ। ਅੰਗਰੇਜ਼ ਸਾਮਰਾਜ ਵਿਰੁਧ ਅਤੇ ਦੇਸ਼ ਦੀ ਅਜ਼ਾਦੀ ਲਈ ਹੋਏ ਸੰਗਰਾਮ ਵਿਚ ਜੋ ਰਾਸ਼ਟਰਵਾਦ (Nationalism) ਦੀ ਭਾਵਨਾ ਪੈਦਾ ਹੋਈ ਸੀ ਉਹ ਵੱਧ ਜਾਂ ਘੱਟ ਰਾਜਸੀ ਭਾਂਤ ਦੀ ਹੀ ਰਹੀ ਅਤੇ ਭਾਸ਼ਾਈ ਵਫਾਦਾਰੀਆਂ ਨਾਲ ਬੱਝੀਆਂ ਪਰਾਦੇਸ਼ਕ ਸੰਸਕ੍ਰਿਤੀਆਂ ਦੀ ਰੂਪ ਰੇਖਾ ਲੱਗਭਗ ਵਖਰੀ ਵਖਰੀ ਜਾਂ ਪਹਿਲਾਂ ਵਾਲੀ ਹੀ ਰਹੀ। ਇਸ ਸਬੰਧ ਵਿਚ ਰਾਜ ਪੁਨਰਗਠਨ ਆਯੋਗ (State Reorganisatiou Commisson) ਦੀ ਰਿਪੋਰਟ ਦੇ ਇਹ ਸ਼ਬਦ ਧਿਆਨ ਯੋਗ ਹਨ : "ਪਿਛਲੇ ਸੌ ਸਾਲਾਂ ਵਿਚ ਭਾਰਤ ਦੇ ਰਾਜਸੀ ਵਿਕਾਸ ਦਾ ਇਕ ਪ੍ਰਮੁੱਖ ਤਥ ਪਰਾਦੇਸ਼ਕ ਭਾਸ਼ਾਵਾਂ ਦਾ ਉਥਾਨ ਰਿਹਾ ਹੈ : ਪ੍ਰਾਦੇਸ਼ਕ ਭਾਸ਼ਾਵਾਂ ਇਸ ਸਮੇਂ ਵਿਚ ਪ੍ਰਗਟਾ ਦਾ ਅਮੀਰ ਅਤੇ ਸ਼ਕਤੀਸ਼ਾਲੀ ਮਾਧਿਅਮ ਬਣ ਗਈਆਂ ਹਨ, ਜਿਸਦੇ ਫਲਸਰੂਪ ਇਨ੍ਹਾਂ ਭਾਸ਼ਾਵਾਂ ਦੇ ਬੋਲਣ ਵਾਲਿਆਂ ਵਿਚ ਵੱਖਰੇ ਵੱਖਰੇ ਭਾਂਤ ਦੀ ਏਕਤਾ ਦੀ ਭਾਵਨਾ ਪੈਦਾ ਹੋ ਗਈ ਹੈ।"



ਅਸੀਂ ਵੇਖਦੇ ਹਾਂ ਕਿ ਪਿਛਲੇ ਸੌ ਕੁ ਸਾਲਾਂ ਤੋਂ ਦੋ ਪਰਵਿਰਤੀਆਂ ਨਾਲੋ ਨਾਲ ਚਲਦੀਆਂ ਆ ਰਹੀਆਂ ਹਨ। ਇਕ ਵਿਦੇਸ਼ੀ ਰਾਜ ਦੇ ਵਿਰੁੱਧ ਰਾਸ਼ਟਰਵਾਦ ਦਾ ਉਥਾਨ, ਜਿਹੜਾ ਰਾਸ਼ਟਰੀ ਏਕਤਾ ਦੀਆਂ ਭਾਵਨਾਵਾਂ ਨੂੰ ਉਭਾਰਦਾ ਸੀ ਅਤੇ ਦੂਜੀ ਪਰਾਦੇਸ਼ਕ ਭਾਸ਼ਾਵਾਂ ਅਤੇ ਸਾਹਿਤਾਂ ਦਾ ਵਿਕਾਸ ਅਤੇ ਇਨ੍ਹਾਂ ਦੇ ਦੁਆਲੇ ਉਣਿਆ ਪਰਾਦੇਸ਼ਕ ਸੰਸਕ੍ਰਿਤੀਆਂ ਦਾ ਤਾਣਾ ਬਾਣਾ ਜੋ ਭਾਸ਼ਾਈ ਅਤੇ ਖੇਤਰੀ ਅਡਰਤਾ ਅਤੇ ਵਖਰਤਾ ਪੈਦਾ ਕਰਦੀ ਸੀ। ਕੀ ਇਹ ਪਰਵਿਰਤੀ ਭਾਰਤ ਦੇ ਲੋਕਾਂ ਵਿਚੋਂ ਮੂਲੋਂ ਹੀ ਖਤਮ ਹੋ ਗਈ ਹੈ ?

ਇਸ ਦੇ ਨਾਲ ਨਾਲ ਛੂਤ ਛਾਤ ਅਤੇ ਜਨਮ ਜ਼ਾਤ ਦੇ ਵਿਤਕਰੇ ਵੀ ਭਾਰਤ ਨੂੰ ਸਮਾਜਕ, ਸੰਸਕ੍ਰਿਤਕ ਅਤੇ ਭਾਈਚਾਰਕ ਤੌਰ ਤੇ ਇਕ ਸੰਯੁਕਤ ਕੌਮ ਬਣਨ ਦੇ ਰਾਹ ਵਿਚ ਰੋਕ ਰਹੇ ਹਨ ਅਤੇ ਹਾਲੀ ਤਕ ਰੋਕ ਬਣੇ ਹੋਏ ਹਨ। ਸੰਵਿਧਾਨ ਵਿਚ ਭਾਵੇਂ ਛੂਤਛਾਤ ਖਤਮ ਕਰ ਦਿੱਤੀ ਗਈ ਹੈ, ਪਰ ਜਨਮ ਜਾਤ ਤੇ ਅਧਾਰਤ ਅਣ-ਸੂਚਿਤ ਜ਼ਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਲਈ ਰੱਖੀਆਂ ਵਿਸ਼ੇਸ਼ ਸੁਵਿਧਾਵਾਂ ਅਤੇ ਵਿਧਾਨ ਮੰਡਲਾਂ ਵਿਚ ਨਿਸਚਿਤ ਰਾਖਵੀਆਂ ਥਾਵਾਂ ਭਾਰਤੀ ਰਾਸ਼ਟਰ ਦੇ ਬਿੰਬ ਨੂੰ ਖੰਡਿਤ ਕਰ ਦੇਂਦੀਆਂ ਹਨ। ਫਿਰ ਇਨ੍ਹਾਂ ਜ਼ਾਤੀਆਂ ਨਾਲ ਹੋ ਰਿਹਾ ਸਮਾਜਕ ਅਤੇ ਧਾਰਮਿਕ ਵਿਹਾਰ ਹਾਲੀ ਵੀ ਇਨ੍ਹਾਂ ਵਿਚ ਵਿਸਵੇ ਪੈਦਾ ਕਰ ਰਿਹਾ ਹੈ ਅਤੇ ਇਹ ਰਾਜਸੀ ਏਕਤਾ ਦੀਆਂ ਦਾਅਵੇਦਾਰ ਹੋ ਕੇ ਵੀ ਸਮਾਜਿਕ ਤੌਰ ਤੇ ਆਪਣੇ ਆਪ ਨੂੰ ਵਿਤਕਰੇ ਦਾ ਸ਼ਿਕਾਰ ਹੋ ਰਹੀਆਂ ਮਹਿਸੂਸ ਕਰ ਰਹੀਆਂ ਹਨ।

ਭਾਸ਼ਾਈ ਆਧਾਰ ਉਤੇ ਰਾਜਾਂ ਦਾ ਪੁਨਰਗਠਨ ਹੋ ਚੁੱਕਿਆ ਹੈ, ਪਰ ਜਿਸ ਝਿਜਕ ਅਤੇ ਗੈਰ ਖੁਸ਼ਗਵਾਰ ਢੰਗ ਨਾਲ ਇਹ ਕੀਤਾ ਗਿਆ ਹੈ, ਉਹ ਅਨੇਕਾਂ ਕੌੜੀਆਂ ਯਾਦਾਂ ਪਿੱਛੇ ਛੱਡ ਗਿਆ ਹੈ। ਭਾਸ਼ਾਈ ਰਾਜ ਪੁਨਰਗਠਨ ਵੇਲੇ ਬੰਬਈ, ਮਹਾਰਾਸ਼ਟਰ, ਗੁਜਰਾਤ ਅਤੇ ਕਈ ਹੋਰ ਥਾਵਾਂ ਉਤੇ ਸਾੜਫੂਕ ਅਤੇ ਸੰਪਰਦਾਇਕ ਫਸਾਦ ਹੋਏ। ਹਾਲੀ ਤਕ ਹਿੰਦੀ ਦੇ ਸੁਆਲ ਉਤੇ ਪੂਰਬ ਅਤੇ ਦੱਖਣ ਇਕ ਨਹੀਂ ਹੋਏ। ਕੇਂਦਰ ਨਾਲ ਰਾਜਾਂ ਦੇ ਮਤਭੇਦ ਵਧ ਰਹੇ ਹਨ ਅਤੇ ਰਾਜਾਂ ਨੂੰ ਸੰਵਿਧਾਨ ਦੀ ਸੱਚੀ ਭਾਵਨਾ ਅਨੁਸਾਰ ਵਧ ਰਾਜਸਿਕ, ਆਰਥਿਕ ਅਤੇ ਸਥਾਨਿਕ ਸਰਕਾਰ ਦੇ ਅਧਿਕਾਰ ਦਿੱਤੇ ਜਾਣ ਦੀ ਮੰਗ ਏਨੀ ਜ਼ੋਰ ਫੜ ਗਈ ਹੈ ਕਿ ਮਜ਼ਬੂਤ ਕੇਂਦਰ ਦੀ ਸਮਰਥਕ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ 'ਸਰਕਾਰੀਆ ਕਮਿਸ਼ਨ' ਸਥਾਪਨ ਕਰਨਾ ਪਿਆ ਹੈ।

ਜਿਸ ਸੰਵਿਧਾਨ ਦੀ ਪਵਿੱਤਰਤਾ ਅਤੇ ਪਾਲਣਾ ਨੂੰ ਰਾਸ਼ਟਰੀਅਤਾ ਦਾ ਮੁੱਖ

ਅਧਾਰ ਮੰਨਿਆ ਜਾ ਰਿਹਾ ਹੈ ਅਤੇ ਮੰਨਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ, ਉਸ ਵਿਚ ਤੇਤੀ ਸਾਲਾਂ ਵਿਚ ਚਾਲੀ ਤੋਂ ਵੱਧ ਵਾਰ ਸ਼ੰਸ਼ੋਧਿਨ ਕੀਤੇ ਜਾ ਚੁੱਕੇ ਹਨ। ਸੰਵਿਧਾਨ ਦੀ ਪਵਿਤਰਤਾ ਤੇ ਪਾਲਣਾ ਭਾਰਤੀ ਕੌਮ ਦੀ ਏਕਤਾ ਅਤੇ ਹਿੱਤਾਂ ਨਾਲੋਂ ਵੱਧ ਪਾਰਟੀ ਏਕਤਾ ਤੇ ਹਿੱਤਾਂ ਨੂੰ ਮੁਖ ਰਖ ਕੇ ਕੀਤੀ ਗਈ ਹੈ ਅਤੇ ਹਾਲੀ ਕੀਤੀ ਜਾ ਰਹੀ ਹੈ। ਇਥੋਂ ਤਕ ਕਿ ਨਿਆਂਪਾਲਿਕਾ ਦਾ ਵੀ ਰਾਜਸੀਕਰਨ ਕੀਤਾ ਜਾ ਰਿਹਾ ਹੈ।

ਅਨੇਕਤਾ ਵਿਚ ਏਕਤਾ ਪੈਦਾ ਕਰਨ ਦੀ ਥਾਂ ਏਕਤਾ ਵਿਚ ਦੱਫਾੜ ਪੈਦਾ ਕਰਨ ਵਾਲੀਆਂ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ। ਪੰਜਾਬੀ ਰਾਜ ਦੀ ਸਥਾਪਨਾ ਇਸ ਦਾ ਇਕ ਉਦਾਹਰਣ ਹੈ ਅਤੇ ਉਰਦੂ ਭਾਸ਼ਾ ਨੂੰ ਵਿਦਿਅਕ ਪ੍ਰਣਾਲੀ ਵਿਚ ਉਚਿਤ ਸਥਾਨ ਨਾ ਦੇਣਾ ਦੂਜਾ। ਇਕ ਸ਼ਬਦ ਮੁਖ ਧਾਰਾ ਵਰਤਿਆ ਜਾ ਰਿਹਾ ਹੈ, ਜਿਸ ਦਾ ਭਾਵ ਹੈ ਕਿ ਦੇਸ਼ ਵਿਚ ਕੁਝ ਲਘੂ ਧਾਰਾਵਾਂ ਵੀ ਮੌਜੂਦ ਹਨ। ਇਹ ਧਾਰਾਵਾਂ ਧਰਮਾਂ, ਭਾਸ਼ਾ, ਸੰਸਕ੍ਰਿਤੀ ਅਤੇ ਰਹਿਣ ਸਹਿਣ ਦੇ ਭਿੰਨ ਭਿੰਨ ਭੇਤਾਂ ਉਤੇ ਅਧਾਰਤ ਹਨ। ਮੁੱਖ ਧਾਰਾ ਦਾ ਭਾਵ "ਹਿੰਦੂ ਧਾਰਾ" ਪ੍ਰਗਟ ਕੀਤਾ ਜਾ ਰਿਹਾ ਹੈ ਤੇ ਬਾਕੀ ਸਭ ਨੂੰ ਲਘੂ ਧਾਰਾਵਾਂ ਕਹਿ ਕੇ ਛੁਟਿਆਇਆ ਜਾ ਰਿਹਾ ਹੈ, ਪਰ ਉਪਦੇਸ਼ ਦਿੱਤਾ ਜਾਂਦਾ ਹੈ ਕਿ ਸਭ ਨੂੰ ਮੁੱਖ ਧਾਰਾ ਨਾਲ ਮਿਲ ਕੇ ਚਲਣਾ ਚਾਹੀਦਾ ਹੈ। ਪੁਛਿਆ ਜਾ ਸਕਦਾ ਹੈ ਕਿ ਕੀ ਮੁੱਖ ਧਾਰਾ ਨੂੰ ਲਘੂ ਧਾਰਾਵਾਂ ਦੇ ਵਿਪਰੀਤ ਚਲਣਾ ਚਾਹੀਦਾ ਹੈ ? ਲੋੜ ਹੈ ਕਿ ਮੁੱਖ ਧਾਰਾ (ਜੇ ਕੋਈ ਹੈ) ਤਾਂ ਉਹ ਲਘੂ ਧਾਰਾਵਾਂ ਨੂੰ ਨਾਲ ਲੈ ਕੇ ਚੱਲੇ। ਉਨ੍ਹਾਂ ਦਾ ਭਰੋਸਾ, ਵਿਸ਼ਵਾਂਸ ਅਤੇ ਪਿਆਰ ਜਿੱਤੇ। ਲਘੂ ਧਾਰਾਵਾਂ ਮੁੱਖ ਧਾਰਾ ਦਾ ਮਾਣ, ਸਤਿਕਾਰ ਅਤੇ ਆਦਰ ਕਰਨ, ਪਰ ਭਾਰਤੀਅਤਾ ਦੀ ਧਾਰਾ ਦੀਆਂ ਬਰਾਬਰ ਦੀਆਂ ਧਾਰਾਵਾਂ ਦੇ ਰੂਪ ਵਿਚ ਨਾ ਕਿ ਅਧੀਨ ਧਾਰਾਵਾਂ ਦੇ ਰੂਪ ਵਿਚ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਬਾਹਰਲੇ ਆਕਰਮਣ ਦਾ ਸਾਹਮਣਾ ਹੋਇਆ, ਅਸੀਂ ਇਕ ਕੌਮ ਵਾਂਗ ਉੱਠੇ, ਖੱੜੇ ਤੇ ਲੜੇ, ਪਰ ਜਦੋਂ ਅਸੀਂ ਆਪਣੇ ਆਪ ਵਿਚ ਆਏ, ਆਪਣੀ ਪ੍ਰਭੂ ਸੱਤਾ ਗ੍ਰਹਿਣ ਕੀਤੀ ਤਾਂ ਅਸੀਂ ਖਿਲਰ ਗਏ। ਭਾਰਤ ਇਸ ਵੇਲੇ ਤਕ ਬਹੁ ਕੌਮੀ ਦੇਸ਼ ਹੈ। ਇਸ ਨੇ ਇਕ ਕੌਮੀ ਦੇਸ਼ ਬਣਨਾ ਹੈ ਕਿ ਨਹੀਂ, ਇਹ ਸਵਾਲ ਵੱਖਰਾ ਹੈ, ਪਰ ਜੋ ਵਿਵਹਾਰ ਮੁੱਖ ਧਾਰਾ ਦਾ ਜਾਂ ਧਰਮ ਅਧਾਰਿਤ ਭਾਰੂ ਬਹੁ ਗਿਣਤੀ ਹਿੰਦੂ ਧਾਰਾ ਦਾ ਸਾਡੇ ਸਾਹਮਣੇ ਹੈ, ਉਸ ਤੋਂ ਡਰ ਹੁੰਦਾ ਹੈ ਕਿ ਇਕ ਕੌਮ ਦਾ ਰੂਪ ਧਾਰਨ ਕਰਨ ਲਈ ਹਾਲੀ ਬਹੁਤ ਲੰਮਾ ਸਫਰ ਕਰਨਾ ਅਤੇ ਈਮਾਨਦਾਰੀ ਨਾਲ ਹੁਣ ਤੋਂ ਵੱਖਰਾ ਰਾਹ ਅਪਨਾਉਣਾ ਪਵੇਗਾ।



ਮੈਂ ਪਹਿਲਾਂ ਕਹਿ ਆਇਆ ਹਾਂ ਕਿ ਕੌਮ ਤੇ ਕੌਮੀਅਤ ਅਤੇ ਨੇਸ਼ਨ ਅਤੇ ਨੈਸ਼ਨੈਲਿਟੀ ਦੀਆਂ ਪਰੀਭਾਸ਼ਾਵਾਂ ਬਦਲਦੀਆਂ ਰਹਿੰਦੀਆਂ ਹਨ। ਯੂਰਪ ਵਿਚ ਅਰਨਿਸਟ ਰੇਨਾਨ ਨੇ 1882 ਵਿਚ ਕਿਹਾ : "ਕੌਮ ਦਾ ਮਤਲਬ ਇਕੋ ਭਾਸ਼ਾ ਬੋਲਣ ਤੇ ਇਕੋ ਧਰਮ ਮੰਨਣ ਵਾਲਾ ਜਨ ਸਮੂਹ ਹੀ ਨਹੀਂ ਹੁੰਦਾ ਸਗੋਂ ਕੌਮ ਉਹ ਜਨ-ਸਮੂਹ ਹੁੰਦੀ ਹੈ ਜਿਸ ਨੇ ਭੂਤ ਕਾਲ ਵਿਚ ਕੋਈ ਵੱਡੇ ਮਾਅਰਕੇ ਮਾਰੇ ਹੋਣ ਤੇ ਅੱਗੋਂ ਮਾਰਨਾ ਚਾਹੁੰਦੀ ਹੋਵੇ।" ਉਸ ਤੋਂ ਪਹਿਲਾਂ 1861 ਵਿਚ ਜਾਹਨ ਸਟੂਅਰਟ ਮਿਲ ਨੇ 'ਨੇਸ਼ਨ' ਦੀ ਥਾਂ 'ਨੈਸ਼ਨੈਲਿਟੀ' ਸ਼ਬਦ ਦੀ ਵਰਤੋਂ ਕੀਤੀ ਸੀ ਅਤੇ ਆਖਿਆ ਸੀ : "ਮਨੁੱਖਤਾ ਦਾ ਉਹ ਖੰਡ (ਹਿੱਸਾ) ਜਿਹੜਾ ਆਪੋ ਵਿਚ ਸਾਂਝੀ ਹਮਦਰਦੀ ਜੋ ਨਾਲ, ਜਿਹੜੀ ਹੋਰ ਕਿਸੇ ਲਈ ਉਸ ਵਿਚ ਮੌਜੂਦ ਨਹੀਂ, ਜੁੜਿਆ ਹੋਇਆ ਹੋਵੇ, ਉਸ ਨੂੰ ਇਕ ਦੂਜੇ ਨਾਲ ਹੋਰਨਾਂ ਨਾਲੋਂ ਵੱਧ ਸਹਿਯੋਗ ਕਰਨ ਲਈ ਪਰੇਰਦੀ ਹੋਵੇ, ਇਹ ਜਨਸਮੂਹ ਇਕੋ ਸਰਕਾਰ ਅਧੀਨ ਰਹਿਣ ਦਾ ਇਛਾਵਾਨ ਹੋਵੇ ਅਤੇ ਜਿਹੜਾ ਚਾਹੁੰਦੇ ਹੋਏ ਕਿ ਉਸ ਉਤੇ ਉਹ ਆਪ ਜਾਂ ਉਸ ਦਾ ਕੁਝ ਹਿੱਸਾ ਰਾਜ ਕਰੇ।"

ਸੰਨ 1913 ਵਿਚ ਸਟਾਲਨ ਨੇ ਕਿਹਾ ਸੀ, "ਕੌਮ, ਭਾਸ਼ਾ, ਭੂਖੰਡ, ਆਰਥਿਕ ਜੀਵਨ ਅਤੇ ਮਾਨਸਿਕ ਬਣਤ ਦਾ ਇਤਿਹਾਸਕ ਤੌਰ ਤੇ ਵਿਕਸਤ ਹੋਇਆ ਇਕ ਸਥਿਰ ਸਮਾਜਕ ਵਰਗ ਹੈ ਅਤੇ ਇਹ ਆਪਣੇ ਸਭਿਆਚਾਰ ਰਾਹੀਂ ਪ੍ਰਤੱਖ ਹੁੰਦਾ ਹੈ।"

ਪਹਿਲੀ ਜਗਤ ਜੰਗ (1914-18) ਦੇ ਪਿੱਛੋਂ 'ਨੇਸ਼ਨ' ਤੇ 'ਨੈਸ਼ਨੈਲਿਟੀ' (ਕੌਮ ਤੇ ਕੌਮੀਅਤ) ਸ਼ਬਦਾਂ ਨੇ ਵੱਖਰੇ ਵੱਖਰੇ ਅਰਥ ਅਤੇ ਵਿਹਾਰ ਗ੍ਰਹਿਣ ਕਰ ਲਏ ਹਨ।

ਕੌਮ ਦਾ ਅਰਥ ਉਹ ਜਨਸਮੂਹ ਹੋ ਗਿਆ, ਜਿਸ ਨੇ ਆਪਣੇ ਆਪ ਨੂੰ ਰਾਜਸੀ ਤੌਰ ਤੇ ਸੰਗਠਿਤ ਕਰ ਲਿਆ ਹੋਵੇ, ਭਾਵੇਂ ਉਹ ਆਜ਼ਾਦ ਹੋਵੇ ਜਾਂ ਆਜ਼ਾਦ ਹੋਣ ਦਾ ਇਛਕ ਹੋਵੇ। ਜਿਸ ਜਨ ਸਮੂਹ ਵਿਚ ਅਜ਼ਾਦ ਹੋਣ ਦੀ ਇੱਛਾ ਨਾ ਹੋਵੇ, ਉਸ ਨੂੰ ਨੈਸ਼ਨੈਲਿਟੀ (ਕੌਮੀਅਤ) ਦਾ ਨਾਂ ਦੇ ਦਿੱਤਾ ਗਿਆ।

ਕਰਨਲ ਜੇ. ਐਚ. ਹੇਜ਼ ਅਨੁਸਾਰ, "ਕੌਮ ਇਕ ਅਜਿਹਾ ਜਨ ਸਮੂਹ ਹੈ, ਜਿਹੜਾ ਇਕੋ ਬੋਲੀ ਬੋਲਦਾ ਹੈ, ਸਾਂਝੀਆਂ ਇਤਿਹਾਸਿਕ ਪ੍ਰੰਪਰਾਵਾਂ ਉਤੇ ਮਾਣ ਕਰਦਾ ਹੈ। ਉਸ ਦਾ ਨਿਵੇਕਲਾ ਸਾਂਸਕ੍ਰਿਤਕ ਵਿਰਸਾ ਹੈ ਜਾਂ ਇਨ੍ਹਾਂ ਅਧਾਰਾਂ ਉਤੇ ਉਹ ਇਕ ਸਮਾਜ ਬਣਨਾ ਲੋਚਦਾ ਹੈ ਅਤੇ ਉਸ ਵਿਚ ਹੋਰਨਾਂ ਗੱਲਾਂ ਦੇ ਨਾਲ ਧਰਮ ਅਤੇ ਸਿਆਸਤ ਨੇ ਮਹੱਤਵਪੂਰਨ ਰੋਲ ਅਦਾ ਕੀਤਾ ਹੋਵੇ, ਭਾਵੇਂ ਕਿ ਉਹ ਨਿਰੰਤਰ ਭਾਂਤ ਦਾ ਨਾ ਹੀ ਹੋਵੇ।"

ਸ੍ਰੀ ਬੀ. ਜੀ. ਗੋਖਲੇ ਕਹਿੰਦੇ ਹਨ ਤੇ ਬਿਲਕੁਲ ਠੀਕ ਕਹਿੰਦੇ ਹਨ : "ਕੌਮ ਲੋਕਾਂ ਦੇ ਉਸ ਸਮੂਹ ਜਾਂ ਗੁਟ ਨੂੰ ਕਿਹਾ ਜਾਂਦਾ ਹੈ, ਜਿਹੜਾ ਸਾਂਝੀ ਨਸਲ, ਸਾਂਝੀ ਭਾਸ਼ਾ ਤੇ ਸਾਹਿਤ, ਸਾਂਝੀ ਭੋਂ, ਸਾਂਝ ਇਤਿਹਾਸ, ਸਾਂਝੇ ਧਰਮ, ਸਾਂਝੀਆਂ ਖੁਸ਼ੀਆਂ, ਸਾਂਝੀਆਂ ਗਮੀਆਂ ਅਤੇ ਸਾਂਝੇ ਰਾਜਸੀ ਉੱਦੇਸ਼ਾਂ ਅਤੇ ਉਮੰਗਾਂ ਦਵਾਰਾ ਇਕ ਦੂਜੇ ਨਾਲ ਜੁੜਿਆ ਹੋਵੇ ।"

ਕੌਮੀਅਤ ਨੂੰ ਹੁਣ ਇਕ ਮਾਨਸਿਕ ਅਵਸਥਾ (Mental atitude) ਸਮਝਿਆ ਜਾਂਦਾ ਹੈ । ਇਹ ਇਕ ਨਿਸਚਿਤ ਜਨਸਮੂਹ ਵਿਚ ਸਾਂਝ ਦੀ, ਅਪਨਾਉਣ ਦੀ, ਮਲਕੀਅਤ ਦੀ ਅਤੇ ਇਕ ਕੌਮ ਹੋਣ ਦੀ ਭਾਵਨਾ ਪੈਦਾ ਕਰਦੀ ਹੈ । ਇਨ੍ਹਾਂ ਗੱਲਾਂ ਨਾਲ ਜਦ ਅਤੇ ਜਦੋਂ ਵੀ ਰਾਜਸੀ ਉਮੰਗਾਂ ਜੁੜ ਜਾਂਦੀਆਂ ਹਨ ਤਾਂ ਕੌਮੀਅਤ ਕੌਮ ਵਿਚ ਬਦਲ ਜਾਂਦੀ ਹੈ ।


ਉਕਤ ਸਭ ਪਰਿਭਾਸ਼ਾਵਾਂ ਵਿਚ ਇਹ ਗੱਲ ਕਿਤੇ ਵੀ ਜ਼ੋਰ ਜਾਂ ਭਰੋਸੇ ਨਾਲ ਨਹੀਂ ਕਹੀ ਗਈ ਕਿ ਰਾਜਸੀ ਉਮੰਗਾਂ ਦਾ ਅਰਥ ਨਿਸਚੇ ਹੀ ਆਪਣਾ ਕੋਈ ਵੱਖਰਾ ਰਾਜ ਜਾਂ ਮੁਲਕ ਬਨਾਉਣਾ ਹੁੰਦਾ ਹੈ । ਸੋ ਭਾਰਤ ਵਿਚ ਜੇ ਵੱਖ ਵੱਖ ਕੌਮਾਂ ਰਹਿੰਦੀਆਂ ਹਨ ਜਾਂ ਰਹਿੰਦੀਆਂ ਹੋਣ ਤਾਂ ਇਹ ਜ਼ਰੂਰੀ ਨਹੀਂ ਕਿ ਉਹ ਆਪਣਾ ਵੱਖਰਾ ਵੱਖਰਾ ਮੁਲਕ ਬਣਾ ਕੇ ਹੀ ਕੌਮ ਰਹਿ ਸਕਦੀਆਂ ਹਨ । ਕਈ ਕੌਮਾਂ ਭਾਰਤ ਤੇ ਹੋਰ ਦੇਸ਼ਾਂ ਵਿਚ ਰਹਿ ਰਹੀਆਂ ਹਨ ਅਤੇ ਰਹਿਣੀਆਂ ਚਾਹੀਦੀਆਂ ਹਨ । ਇਸ ਅਨੇਕਤਾ ਵਿਚ ਹੀ ਸਹੀ ਰੂਪ ਦੀ ਏਕਤਾ ਪੈਦਾ ਹੋ ਸਕਦੀ ਹੈ ਅਤੇ ਜੇ ਹਰ ਕਿਸਮ ਦੀ ਅਨੇਕਤਾ ਖਤਮ ਕਰਕੇ ਇਕਰੂਪਤਾ ਜਾਂ 'ਏਕਤਾ' ਪੈਦਾ ਕਰਨ ਦੇ ਜਤਨ ਕੀਤੇ ਗਏ । ਜਿਵੇਂ ਕਿ ਹੁਣ ਲੁਕਵੇਂ ਰੂਪ ਵਿਚ ਹੋ ਰਹੇ ਹਨ) ਤਾਂ ਭਾਰਤ ਦੀ ਸੱਚੀ ਏਕਤਾ ਇਸ ਤਰ੍ਹਾਂ ਦੀ 'ਇਕਰੂਪਤਾ' ਲਿਆਉਣ ਵਾਲਿਆਂ ਦੇ ਹੱਥੋਂ ਹੀ ਖਤਰੇ ਵਿਚ ਹੈ, ਨਾ ਕਿ ਉਨ੍ਹਾਂ ਦੇ ਹੱਥੋਂ ਜਿਹੜੇ ਅਨੇਕ ਰਹਿੰਦੇ ਹੋਏ ਏਕਤਾ ਕਾਇਮ ਹੀ ਨਹੀਂ, ਮਜ਼ਬੂਤ ਕਰਨਾ ਚਾਹੁੰਦੇ ਹਨ । ਸਿੱਖ ਨਿਰਸੰਦੇਹ ਅਨੇਕਤਾ ਕਾਇਮ ਰਖ ਕੇ ਰਾਸ਼ਟਰੀ ਏਕਤਾ ਦੇ ਚਾਹਵਾਨ ਹਨ । ਉਹ ਵਖਵਾਦੀ ਨਹੀਂ ।

---

# ਸਿੱਖ ਇਕ ਵੱਖਰੀ ਕੌਮ ਕਿਉਂ ?

## □ਗੁਰ ਵਰਿਆਮ ਸਿੰਘ ਪਹੂ ਵਿੰਡੀਆ

ਹਾਂ, ਇਹ ਸੋਲਾਂ ਆਨੇ ਸਚਾਈ ਹੈ ਕਿ ਸਿਖ ਇਕ ਬਿਲਕੁਲ ਵੱਖਰੀ ਕੌਮ ਹਨ ਜਿਸ ਦੀ ਬੁਨਿਆਦ ਗੁਰੂ ਨਾਨਕ ਦੇਵ ਜੀ ਨੇ ਰਖੀ, ਇਸ ਦਾ ਸਬੂਤ ਉਹਨਾਂ ਦੀ ਬਾਣੀ ਵਿਚ ਮੌਜੂਦ ਹੈ ਕਿ "ਨਾ ਹਮ ਹਿੰਦੂ, ਨਾ ਮੁਸਲਮਾਨ" । ਇਸ ਤੋਂ ਬਾਅਦ ਗੁਰੂ ਸਾਹਿਬਾਨ ਨੇ ਆਪਣੇ ਸਿਖਾਂ ਵਿਚ ਨੇਕ ਚਲਣੀ ਤੇ ਮੁਕੰਮਲ ਇਨਸਾਨੀਅਤ ਦੇ ਵਸਫ ਪੈਦਾ ਕਰਨ ਦੀ ਤਾਮੀਲ ਜਾਰੀ ਰਖੀ । ਕੁਰਾਨ ਤੇ ਵੇਦਾਂ ਤੋਂ ਵੱਖਰਾ ਗੁਰੂ ਗਰੰਥ ਸਾਹਿਬ ਤਿਆਰ ਕੀਤਾ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਨਿਰਭਓ ਹੋਣਾ ਸਿਖਾਇਆ ਅਤੇ ਨਾਲ ਇਹ ਵੀ ਦਸਿਆ ਕਿ ਕਿਸੇ ਨੂੰ ਭੈਅ ਦੇਣਾ ਵੀ ਨਹੀਂ, ਨਾ ਸਿਰਫ ਇਹ ਸਿਖਿਆ ਹੀ ਦਿਤੀ ਸਗੋਂ ਇਹਨਾਂ ਦੀ ਖਾਤਰ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਤੇ ਚਾਰੇ ਸਾਹਿਬਜ਼ਾਦਿਆਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ । ਉਹ ਨੀਚ ਤੇ ਭੇਦਭਾਵ ਸਭ ਦੂਰ ਕਰਕੇ ਤੇ ਇਹਨਾਂ ਸਾਰੀਆਂ ਸਿਫਤਾਂ ਨੂੰ ਇਨਸਾਨੀ ਜਾਮੇ ਵਿਚ ਇਕਠਿਆਂ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਬਤ ਸੂਰਤ ਬਖਸ਼ਕੇ ਤੇ ਖੰਡੇ ਦੀ ਧਾਰ ਦਾ ਅੰਮ੍ਰਿਤ ਛਕਾ ਕੇ "ਖਾਲਸਾ" ਸਾਜਿਆ, ਇਕ ਮੁਕੰਮਲ ਇਨਸਾਨ ਸੰਤ ਸਿਪਾਹੀ । ਸੋ ਇਸ ਨੂੰ ਵੱਖਰਾ ਪੰਥ ਵੀ ਸਮਝੋ ਤਾਂ ਇਸ ਦਾ ਮਤਲਬ ਹੋਇਆ ਕਿ ਵਖਰਾ ਰਸਤਾ । ਹਿੰਦੂਆਂ ਤੇ ਮੁਸਲਮਾਨਾਂ ਤੋਂ ਵਖਰਾ ਰਸਤਾ । ਸੋ ਸਿਖਾਂ ਦੇ ਖਾਲਸੇ ਦਾ ਪੰਥ ਵਖਰਾ । ਸਿਖਾਂ ਦੀ ਸ਼ਕਲ ਸੂਰਤ ਵਖਰੀ ਸਿਖਾਂ ਦੇ ਰਸਮ, ਰਿਵਾਜ ਤੇ ਆਨੰਦ ਕਾਰਜ ਤੇ ਰਹਿਣ ਬਹਿਣ ਤੇ ਤਰੀਕੇ ਵਖਰੇ । ਆਪਣੀ ਤਾਰੀਖ ਵੱਖਰੀ । ਹਤਾ ਕਿ ਕੁਰਾਨ ਤੇ ਵੇਦਾਂ ਤੋਂ ਵੱਖਰਾ ਗੁਰੂ ਗਰੰਥ ਸਾਹਿਬ । ਕੋਈ ਨਾਸਮਝ ਹੀ ਕਹਿ ਸਕਦਾ ਹੈ ਕਿ ਸਿਖ ਹਿੰਦੂਆਂ ਦਾ ਅੰਗ ਹਨ ਜਾਂ ਹੁੰਦੇ ਸਨ । ਕੀ ਹਿੰਦੂਆਂ ਦੇ ਵਿਚ ਇਤਨੀ ਜੁਰਤ ਹੈ ਕਿ ਉਹ ਮੁਸਲਮਾਨਾਂ ਨੂੰ ਕਹਿਣ ਕੀ ਉਹ ਹਿੰਦੂ ਹਨ ਜਾਂ ਉਹਨਾਂ ਦਾ ਅੰਗ ਹਨ, ਕਿਉਂਕਿ ਕਦੀ ਉਹਨਾਂ ਮੁਸਲਮਾਨਾਂ ਦੇ ਵੱਡ-ਵਡੇਰੇ ਹਿੰਦੂ ਸਨ । ਇਸ ਤਰ੍ਹਾਂ ਹੀ ਸਿਖ ਗੁਰ ਸਾਹਿਬਾਨ ਨੂੰ ਹਿੰਦੂ ਕਹਿਣਾ ਵੀ ਗਲਤ ਹੈ ।



ਸੰਤ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲੇ, ਸੰਤ ਭਿੰਡਰਾਂ ਵਾਲਿਆਂ ਨਾਲ ਪੰਥ ਦੀ ਚੜ੍ਹਦੀ ਕਲਾ ਲਈ ਵਿਚਾਰ ਸਾਂਝੇ ਕਰਦੇ ਹੋਏ। ਚਿੱਤ੍ਰ ਵਿਚ ਪੰਥ ਦੀਆਂ ਦੋ ਜੁਝਾਰੂ ਹਸਤੀਆਂ ਉਤੇ 'ਬਾਬਾ ਟੱਲ ਸਾਹਿਬ' ਦੀ ਅਸ਼ੀਰਵਾਦ ਵੀ ਨਜ਼ਰ ਆ ਰਹੀ ਹੈ।

(ਫੋਟੋ— ਸਤਪਾਲ ਦਾਨਿਸ਼)





ਜੇ ਉਹ ਹਿੰਦੂ ਸਨ ਤਾਂ ਉਹਨਾਂ ਨੇ ਵੱਖਰੀ ਕੌਮ 'ਸਿਖ' ਦੀ ਬੁਨਿਆਦ ਕਿਉਂ ਰਖੀ। ਮੂਰਤੀ ਪੂਜਾ ਬੰਦ ਕਰਕੇ ਵੱਖਰਾ ਰਸਤਾ ਕਿਉਂ ਅਖਤਿਆਰ ਕੀਤਾ। ਕੀ ਕੋਈ ਇਸ ਸਵਾਲ ਦਾ ਜਵਾਬ ਦੇ ਸਕਦਾ ਹੈ ਕਿ ਇਕ ਵੱਡਾ ਸਾਰਾ ਇਕੱਠ ਜਮਾਂ ਹੈ, ਜਿਸ ਵਿਚ ਹਿੰਦੂ, ਮੁਸਲਮਾਨ ਅਤੇ ਸਿਖ ਸਾਰੀਆਂ ਕੌਮਾਂ ਸ਼ਾਮਲ ਹਨ, ਕਿਸੇ ਸਧਾਰਨ ਆਦਮੀ ਨੂੰ ਆਖਿਆ ਜਾਂਦਾ ਹੈ ਕਿ ਉਹ ਪਹਿਚਾਨ ਕਰੇ ਕਿ ਇਸ ਇਕੱਠ ਵਿਚ ਸਿਖ ਕਿਹੜੇ ਹਨ ਤਾਂ ਉਹ ਬੜੀ ਆਸਾਨੀ ਨਾਲ ਸਿੱਖਾਂ ਦੀ ਪਹਿਚਾਨ ਕਰ ਲਵੇਗਾ, ਹਾਲਾਂ ਕਿ ਹਿੰਦੂਆਂ ਤੇ ਮੁਸਲਮਾਨਾਂ ਨੂੰ ਪਹਿਚਾਨਣ ਵਿਚ ਉਸ ਨੂੰ ਕਾਫੀ ਮੁਸ਼ਕਲ ਪੇਸ਼ ਆਵੇਗੀ ਕੀ ਇਸ ਤੋਂ ਸਾਬਤ ਨਹੀਂ ਹੁੰਦਾ ਕਿ ਸਿਖ ਅਲਗ ਕੌਮ ਹੈ? ਪਾਕਿਸਤਾਨ ਬਨਣ ਤੋਂ ਪਹਿਲਾਂ ਮਜ਼ਹਬ ਦੀ ਬਿਨਾਅ ਤੇ ਚੋਣ ਹੁੰਦੀ ਸੀ, ਹਿੰਦੂ ਆਪਣਾ ਨੁਮਾਇੰਦਾ, ਮੁਸਲਮਾਨ ਆਪਣਾ ਨੁਮਾਇੰਦਾ ਅਤੇ ਸਿਖ ਆਪਣਾ ਨੁਮਾਇੰਦਾ ਸਿਖ ਹੀ ਚੁਣਿਆ ਕਰਦੇ ਸਨ। ਉਸ ਵੇਲੇ ਹਿੰਦੂਆਂ ਨੇ ਇਹ ਦਾਅਵਾ ਕਦੀ ਵੀ ਨਹੀਂ ਸੀ ਕੀਤਾ ਕਿ ਸਿੱਖ ਹਿੰਦੂ ਹਨ ਤੇ ਇਹਨਾਂ ਦੀ ਨੁਮਾਇੰਦਗੀ ਵਖਰੀ ਨਹੀਂ ਹੋਣੀ ਚਾਹੀਦੀ। ਇਸ ਤੋਂ ਸਾਫ ਜ਼ਾਹਰ ਹੈ ਕਿ ਹਿੰਦੂ ਸਿਖਾਂ ਨੂੰ ਵਖਰਿਆਂ ਸਮਝਦੇ ਸਨ। ਸੋ ਜਿਹੜੀ ਉਸ ਵੇਲੇ ਸਚਾਈ ਸੀ, ਉਹ ਹੁਣ ਵੀ ਸੱਚ ਹੈ। ਜੇ ਗਿਆਨੀ ਜ਼ੈਲ ਸਿੰਘ ਤੇ ਸ: ਦਰਬਾਰਾ ਸਿੰਘ ਨੂੰ ਪੁਛਿਆ ਜਾਵੇ ਕਿ ਤੁਸੀਂ ਹਿੰਦੂ ਹੋ, ਮੁਸਲਮਾਨ ਹੋ ਜਾਂ ਸਿਖ ਤਾਂ ਉਹ ਅਵਸ਼ ਜਵਾਬ ਦੇਣਗੇ ਕਿ ਉਹ ਸਿਖ ਹਨ। ਅਤੇ ਇਸ ਵਿਚ ਕੀ ਝੂਠ ਹੈ ਵਾਕਈ ਉਹ ਨਾ ਹਿੰਦੂ ਹਨ ਨਾ ਮੁਸਲਮਾਨ, ਬਲਕਿ ਕਈ ਅਕਾਲੀਆਂ ਨਾਲੋਂ ਬੇਹਤਰ ਸਿਖ ਹਨ। ਬਾਦਲ ਸਾਹਿਬ ਨੂੰ ਸਵਾਲ ਕੀਤਾ ਜਾ ਰਿਹਾ ਹੈ ਕਿ ਉਹ ਦਸਣ ਕਿ ਸਿਖ ਇਕ ਵੱਖਰੀ ਕੌਮ ਹਨ ਜਾਂ ਨਹੀਂ। ਪਰ ਬਾਦਲ ਸਾਹਿਬ ਤਾਂ ਰੋਜ਼ ਕਹਿੰਦੇ ਹਨ ਕਿ ਅਸੀਂ ਹਿੰਦੂ ਸਿਖ ਏਕਤਾ ਦੇ ਹਾਮੀ ਹਾਂ; ਇਕ ਵਾਹਿਦ ਚੀਜ਼ ਤਾਂ ਇਕ ਹੀ ਹੁੰਦੀ ਹੈ, ਏਕਤਾ ਹਮੇਸ਼ਾ ਦੋ ਜਾਂ ਜ਼ਿਆਦਾ ਵਰਗਾਂ ਦੀ ਕੀਤੀ ਜਾਂਦੀ ਹੈ, ਸਿਖ ਤੇ ਹਿੰਦੂ ਦੋ ਵੱਖਰੀਆਂ-ਵੱਖਰੀਆਂ ਕੌਮਾਂ ਹਨ ਤਦ ਹੀ ਸ੍ਰ: ਬਾਦਲ ਇਹਨਾਂ ਦੀ ਏਕਤਾ ਦੇ ਹਾਮੀ ਹਨ। ਜੇ ਇਹ ਦੋ ਦੀ ਬਜਾਏ ਇਕ ਹੀ ਕੌਮ ਹੁੰਦੀ ਤ੍ਹਾਂ ਏਕਤਾ ਕਿਸ ਦੀ ਕਰਾਉਣੀ ਸੀ? ਸੋ ਇਸ ਦਾ ਸਾਫ ਉਤਰ ਹੈ ਕਿ ਸਿਖ ਇਕ ਵਖਰੀ ਕੌਮ ਹਨ। ਗੁਰੂ ਗੋਬਿੰਦ ਸਿੰਘ ਨੇ ਜ਼ਫਰਨਾਮੇ ਵਿਚ ਫੁਰਮਾਇਆ ਹੈ 'ਮਨਸ ਕੁਸ਼ਤਨਮ, ਕੋਹੀਆ ਪੁਤਪਰਸਤ ਕਿ ਆਂ ਬੁਤਪਰਸਤਾਂ ਮਨ ਬੁਤ ਸ਼ਿਕਮ, ਯੈਨੀ ਮੈਂ ਮੂਰਤੀ ਪੂਜਕ ਪਹਾੜੀਆ ਦੇ ਮਾਰਨ ਵਾਲਾ ਹਾਂ, ਕਿਉਂਕਿ ਉਹ ਮੂਰਤੀਆਂ ਦੇ ਪੂਜਣ ਵਾਲੇ ਹਨ ਤੇ ਮੈਂ ਮੂਰਤੀਆਂ ਦੇ ਤੋੜਨ ਵਾਲਾ ਹਾਂ। ਸੋ ਇਹ ਹਿੰਦੂ ਮੂਰਤੀ ਪੂਜ ਹਨ ਤੇ ਸਿੱਖ ਮੂਰਤੀ ਤੋੜ ਹਨ ਤਾਂ

ਇਹ ਦੋਵੇਂ ਇਕ ਕਿਸ ਤਰ੍ਹਾਂ ਹੋਏ । ਸਿਖ ਇਕ ਵਖਰੀ ਕੌਮ ਹਨ । ਸਿਖ ਸਰਬਤ ਦਾ ਭਲਾ ਚਾਹੁੰਦੇ ਹਨ । ਇਕ ਨੂਰ ਤੇ ਸਭ ਜਗ ਉਪਜਿਆ 'ਤੇ ਯਕੀਨ ਰਖਦੇ ਹਨ । ਹਰ ਇਨਸਾਨ ਚਾਹੇ ਉਸ ਦਾ ਤੁਅਲਕ ਕਿਸੇ ਕੌਮ, ਪੰਥ ਨਾਲ ਹੈ, ਉਹ ਸਿਖ ਦਾ ਭਾਈ ਹੈ । ਇਸ ਦੇ ਵਿਚ ਰਤੀ ਭਰ ਸ਼ੱਕ ਨਹੀਂ ਕਿ ਅਸੀਂ ਸਾਰੇ ਭਾਰਤੀ ਹਾਂ ਅਤੇ ਇਸ ਭਾਰਤ ਦੇਸ਼ ਵਿਚ ਵੱਖਰੀਆਂ ਵੱਖਰੀਆਂ ਕਈ ਕੌਮਾਂ ਹਿੰਦੂ, ਮੁਸਲਮਾਨ, ਪਾਰਸੀ, ਇਸਾਈ ਅਤੇ ਸਿਖ ਆਦਿ ਵਸਦੇ ਹਨ । ਸੋ ਇਹ ਸੌ ਫੀਸਦੀ ਸਚਾਈ ਹੈ ਕਿ ਸਿਖ ਇਕ ਵਖਰੀ ਕੌਮ ਹਨ । ਜੇ ਕੋਈ ਆਪਣੇ ਨਿਜੀ ਸੁਆਰਥਾਂ ਦੀ ਖਾਤਰ ਜਾਂ ਫਿਰਕੂ ਨਜ਼ਰੀਏ ਕਰ ਕੇ ਝੂਠ ਬੋਲ ਰਿਹਾ ਹੈ ਕਿ ਦੋ ਤੇ ਦੋ ਚਾਰ ਨਹੀਂ ਹੁੰਦੇ, ਤਾਂ ਉਹ ਖੁਦ ਗਲਤ ਹੈ । ਇਹੋ ਜਿਹੀ ਲੋਕਾਂ ਨੂੰ ਭਾਰਤ ਦੀ ਯਕਜਿਹਤੀ ਖਾਤਰ 'ਬੀ ਜਮਾਲੋ ਅੱਗ ਲਾ ਕੇ ਦੂਰ ਖੜੀ' ਦਾ ਪਾਰਟ ਅਦਾ ਕਰਨ ਤੋਂ ਬੰਦ ਕਰਨਾ ਚਾਹੀਦਾ ਹੈ ਅਤੇ ਖਾਸ ਕਰਕੇ ਸਿਖ ਕੌਮ ਦੇ ਖਿਲਾਫ ਭੜਕਾਊ ਬਿਆਨ ਦੇਣੇ ਬੰਦ ਕਰਨੇ ਚਾਹੀਦੇ ਹਨ । ਇਹ ਸਭ ਭਾਰਤ ਦੇ ਨਾਦਾਨ ਦੋਸਤ ਹਨ । ਸਿਖ ਕੌਮ ਦੇ ਮਸਲੇ ਨੂੰ ਹੱਲ ਕਰਨ ਵਲ ਛੇਤੀ ਧਿਆਨ ਦੇਣਾ ਚਾਹੀਦਾ ਹੈ ਅਤੇ ਇਹਨਾਂ ਸਾਰੀਆਂ ਨਰਾਜ਼ਗੀਆਂ ਦੇ ਕੀ ਕਾਰਨ ਹਨ ਅਤੇ ਉਹਨਾਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ ? ਪਿਆਰ ਨਾਲ ਪਿਆਰ ਵਧਦਾ ਹੈ । ਪੰਜਾਬ ਅਤੇ ਸਿਖ ਲਾਜ਼ਮ ਤੇ ਮਲਜ਼ੂਮ ਹਨ । ਪਜਾਬ ਨਾਲ ਵਿਤਕਰਾ, ਸਿਖਾਂ ਨਾਲ ਵਿਤਕਰਾ ਸਮਝਿਆ ਜਾਂਦਾ ਹੈ । ਮੈਂ ਕੋਈ ਲੀਡਰ ਨਹੀਂ, ਪਰ ਕੁਝ ਮਸਲੇ ਜੋ ਕਿ ਵਿਸਥਾਰ ਨਾਲ ਲਿਖਿਆ ਤਾਂ ਬਹੁਤ ਲੰਮੇ ਹੋ ਜਾਣਗੇ ਥੋੜੇ ਸ਼ਬਦਾਂ ਵਿਚ ਹੇਠਾਂ ਲਿਖ ਰਿਹਾ ਹਾਂ—

(1) ਹਿੰਦ ਦੀ ਜੰਗੇਆਜ਼ਾਦੀ ਵੇਲੇ ਸਿਖਾਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਤ ਹੋ ਕੇ ਸਾਰੇ ਲੀਡਰਾਂ ਨੇ ਯਕੀਨ ਦਿਹਾਨੀ ਕਰਾਈ ਸੀ ਕਿ ਸਿਖਾਂ ਦੀ ਮਨਜ਼ੂਰੀ ਤੋਂ ਬਗੈਰ ਵਿਧਾਨ ਨਹੀਂ ਬਣਾਇਆ ਜਾਵੇਗਾ ਹਿੰਦ ਆਜ਼ਾਦ ਹੁੰਦੇ ਹੀ ਵਾਇਦਿਆਂ ਨੂੰ ਭੁਲਾ ਦਿਤਾ ਗਿਆ ।

(2) ਪਾਕਿਸਤਾਨ ਤੋਂ ਜਦ ਸਿਖ ਸਭ ਕੁਝ ਲੁਟਾ ਕੇ-ਖੁਹਾ ਕਿ ਆਪਣੇ ਪਿਆਰੇ ਗੁਰਦੁਆਰੇ ਛਡ ਕੇ ਸ਼ਰਨਾਰਥੀ ਬਣਕੇ ਪੰਜਾਬ ਪੁਜੇ ਤਾਂ ਇਨਾਂ ਨੂੰ ਦਿਲੀ ਜਾਣ ਤੋਂ ਅਗੇ ਰੋਕ ਦਿਤਾ ਗਿਆ ਤੇ ਜਰਾਇਮ ਪੇਸ਼ਾ ਕਰਾਰ ਦਿੱਤਾ ਗਿਆ । ਇਸ ਦੇ ਉਲਟ ਹਿੰਦੂ ਸ਼ਰਨਾਰਥੀ ਜਦ ਪੱਛਮੀ ਬੰਗਾਲ ਪੁਜੇ ਤਾਂ ਉਹਨਾਂ ਦੀ ਪੂਰੀ ਪੂਰੀ ਮਦਦ ਕੀਤੀ ਗਈ ਅਤੇ ਰਫਊਜੀ ਟੈਕਸ ਵੀ ਨਾ ਲਗਾਇਆ ਗਿਆ ।

(3) ਬੋਲੀ ਦੇ ਆਧਾਰ ਤੇ ਸਾਰੇ ਸੂਬੇ ਬਣਾ ਦਿਤੇ ਗਏ ਪਰ ਪੰਜਾਬੀ ਸੂਬੇ ਦਾ ਮਸਲਾ ਕਿੰਨੇ ਹੀ ਸਾਲ ਤਕ ਲਟਕਾ ਕੇ ਐਜੀਟੇਸ਼ਨ ਕੁਰਬਾਨੀਆਂ ਤੇ ਸ਼ਹੀਦੀਆਂ ਤੋਂ ਬਾਅਦ ਪ੍ਰਵਾਨ ਕੀਤਾ ਗਿਆ ਤੇ ਗੁਲਜ਼ਾਰੀ ਲਾਲ ਨੰਦਾ ਜਿਹੇ ਫਿਰਕੂ ਕਾਂਗਰਸੀ ਦੇ ਹਥੋਂ ਛੁਰੀ ਚਲਵਾਕੇ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਤੇ ਹਿਮਾਚਲ ਦੇ ਹਵਾਲੇ ਕਰ ਦਿਤੇ ਗਏ ।



(4) ਚੰਡੀਗੜ ਇਲਾਕੇ ਵਿਚੋਂ ਪੰਜਾਬੀ ਬੋਲਣ ਵਾਲਿਆਂ ਨੂੰ ਉਠਾਇਆ ਗਿਆ । ਜਦ ਇਸ ਨੂੰ ਪੰਜਾਬ ਵਿਚ ਸ਼ਾਮਲ ਕਰਨ ਦਾ ਸਵਾਲ ਉਠਿਆ ਤਦ ਨੰਦਾ ਵਾਲੀ ਜ਼ੈਨੀਅਤ ਵਾਲਿਆਂ ਨੇ ਇਸ ਮਸਲੇ ਨੂੰ ਹਲ ਕਰਨ ਦੀ ਥਾਂ ਫਾਜ਼ਲਕਾ ਦਾ ਮਸਲਾ ਖੜਾ ਕਰਕੇ ਇਸ ਨੂੰ ਹੋਰ ਉਲਝਾ ਦਿੱਤਾ । ਪੰਜਾਬੀ ਬੋਲਣ ਵਾਲੇ ਇਲਾਕੇ ਅਜ ਤਕ ਪੰਜਾਬ ਵਿਚ ਸ਼ਾਮਲ ਨਹੀਂ ਕੀਤੇ ਗਏ ।


(5) ਪੰਜਾਬ ਵਿਚ ਵਗਦੇ ਦਰਿਆਵਾਂ ਤੇ ਬੰਨ, ਡੈਮਾਂ ਤੇ ਹੈੱਡ ਵਰਕਸਾਂ ਦਾ ਕੰਟਰੋਲ ਵੀ ਪੰਜਾਬ ਨੂੰ ਨਹੀਂ ਦਿੱਤਾ ਗਿਆ । ਥੀਨ ਡੈਮ ਦੀ ਪ੍ਰਵਾਨਗੀ ਨੂੰ ਖਾਮ ਖਾਹ ਲੰਮਾ ਕੀਤਾ ਜਾ ਰਿਹਾ ਹੈ । ਜਦ ਤਕ ਪੰਜਾਬ ਦੀ ਚਪਾ ਚਪਾ ਜ਼ਮੀਨ ਨੂੰ ਇਸ ਵਿਚ ਵਗਦੇ ਦਰਿਆਵਾਂ ਸਤਲੁਜ, ਬਿਆਸ ਰਾਵੀ ਦੇ ਪਾਣੀ ਨਾਲ ਸਹਿਰਾਬ ਨਹੀਂ ਕੀਤਾ ਜਾਂਦਾ ਇਸ ਦੀ ਆਪਣੀ ਘਰ ਦੀ ਜ਼ਰੂਰਤ ਪੂਰੀ ਨਹੀਂ ਕੀਤੀ ਜਾਂਦੀ ਤਦ ਤਕ ਦੂਸਰਿਆਂ ਨੂੰ ਪਾਣੀ ਕਿਉਂ ਦਿੱਤਾ ਜਾਵੇ । ਪੰਜਾਬ ਦੀ ਕੀਮਤ ਉਤੇ ਦੂਸਰਿਆਂ ਨੂੰ ਪਾਣੀ ਦੇਣ ਦਾ ਮਤਲਬ ਇਹ ਹੋਵੇਗਾ ਕਿ ਕਿਸੇ ਸਾਜ਼ਸ ਦੇ ਹੇਠ ਪੰਜਾਬ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ।

(6) ਸਾਰੀ ਸਿਖ ਕੌਮ ਨੇ ਭਾਰਤ ਨਾਲ ਜੰਗ ਕਰਨ ਵਾਲਿਆਂ ਦੇ ਖਿਲਾਫ ਡਟ ਕੇ ਬਹਾਦਰੀ ਦੇ ਜੌਹਰ ਦਿਖਾਏ । ਜਨਰਲ ਬਿਕਰਮਜੀਤ ਸਿੰਘ, ਜਨਰਲ ਹਰਬਖਸ਼ ਸਿੰਘ, ਜਨਰਲ ਸਪੈਰੋ, ਏਅਰ ਕਮਾਂਡਰ ਸ: ਮੇਹਰ ਸਿੰਘ ਤੇ ਆਖਰ ਤੇ ਜਨਰਲ ਅਰੋੜਾ ਹੀ ਸੀ, ਜਿਸਦੇ ਸਾਹਮਣੇ ਪਾਕਿਸਤਾਨੀ ਜਨਰਲਾਂ ਨੇ ਹਥਿਆਰ ਸੁਟੇ । ਮੈਂ ਕੋਈ ਤਨਜ਼ ਨਹੀਂ ਕਰ ਰਿਹਾ, ਬਲਕਿ ਸਚ ਇਹ ਹੈ ਕਿ ਸਤਿ ਸ੍ਰੀ ਅਕਾਲ ਦਾ ਨਾਅਰਾ ਹੀ ਫਤਹਿ ਦੀ ਬੁਨਿਆਦ ਸਾਬਤ ਹੁੰਦਾ ਹੈ । ਪਰ ਅਫਸੋਸ ਹੈ ਕਿ ਇਸ ਨਾਅਰੇ ਦੇ ਮਾਲਕਾਂ ਦਾ ਤਨਸਾਬ ਫੌਜ ਵਿਚ ਘਟਾ ਦਿੱਤਾ ਗਿਆ ਹੈ ।

(7) ਬਾਹਰ ਦੇ ਦੇਸ਼ਾਂ ਵਿਚ ਸਿਖਾਂ ਤੇ ਕਿਰਪਾਨ ਪਹਿਨਣ ਤੇ ਕੋਈ ਪਾਬੰਦੀ ਨਹੀਂ ਹੈ, ਪਰ ਏਅਰ ਇੰਡੀਆ ਦੀ ਪਾਲਸੀ ਕਿਉਂ ਉਲਟ ਹੈ, ਤੇ ਇਹ ਸਿਖਾਂ ਦੇ ਧਾਰਮਿਕ ਜਜ਼ਬੇ ਤੇ ਸਟ ਨਹੀਂ ?

(8) ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਸ਼ਬਦ ਕੀਰਤਨ ਨਸ਼ਰ ਕਰਨ ਲਈ ਕਿ ਭਾਰਤ ਦੇ ਸਿਖ ਅਤੇ ਪ੍ਰਦੇਸ਼ਾਂ ਵਿਚ ਰਹਿਣ ਵਾਲੇ ਸਿਖ ਗੁਰਬਾਣੀ ਸੁਣ ਸਕਣ । ਟਰਾਂਸਮਿਟਰ ਦਾ ਮੁਤਾਲਬਾ ਨਾ ਮਨਜ਼ੂਰ ਕਰਨਾ ਵੀ ਸਿਖ ਆਪਣੇ ਨਾਲ ਜ਼ਿਆਦਤੀ ਸਮਝਦੇ ਹਨ । ਹਾਲਾਂ ਕਿ ਇੰਤਜ਼ਾਮ ਤਾਂ ਮਰਕਜ਼ ਦੇ ਮਹਿਤੈਤ ਹੀ ਰਹਿਣਾ ਸੀ ।

(9) ਸਭ ਨਾਲੋਂ ਵੱਡਾ ਸ਼ੱਕ ਇਹਨਾਂ ਲੋਕਾਂ ਨੇ ਪੈਦਾ ਕੀਤਾ ਹੈ ਜਿਹੜਾ ਪੰਜਾਬੀ ਹੁੰਦਿਆਂ ਹੋਇਆਂ ਅਤੇ ਘਰ ਵਿਚ ਪੰਜਾਬੀ - ਬੋਲਦਿਆਂ ਵੀ ਆਪਣੀ ਮਾਤ ਬੋਲੀ ਹਿੰਦੀ ਲਿਖਾਉਂਦੇ ਹਨ ।





# ਅਕਾਲੀ ਸੰਘਰਸ਼ ਅਤੇ ਪੰਜਾਬ ਦੀ ਸਥਿਤੀ

## ਸਾਡੇ ਜੱਜ ਤੇ ਜਰਨੈਲ ਕੀ ਸੋਚਦੇ ਹਨ ?

(ਸ: ਰਣਜੀਤ ਸਿੰਘ ਨਰੂਲਾ, ਰੀਟਾਇਰਡ ਚੀਫ ਜਸਟਿਸ ਪੰਜਾਬ ਅਤੇ ਰੀਟਾਇਰਡ ਮੇਜਰ ਜਨਰਲ ਅਜੀਤ ਸਿੰਘ ਗੁਰਾਇਆ, ਲੈਫਟੀਨੈਂਟ ਜਨਰਲ ਜਸਬੀਰ ਸਿੰਘ, ਆਈ. ਐਫ. ਐਸ., ਗੁਰਬਚਨ ਸਿੰਘ, ਲੈਫਟੀਨੈਂਟ ਜਨਰਲ ਅਜੀਤ ਸਿੰਘ, ਲੈਫਟੀਨੈਂਟ ਜਨਰਲ ਜੋਗਿੰਦਰ ਸਿੰਘ ਢਿਲੋਂ, ਬਰੀਗੇਡੀਅਰ ਆਨੰਦ ਸਿੰਘ, ਕੰਪਨੀ ਡਾਇਰੈਕਟਰ ਭਜਨ ਪ੍ਰਤਾਪ ਸਿੰਘ, ਕੰਪਨੀ ਐਗਜ਼ੈਕਟਿਵ ਇੰਦਰਜੀਤ ਸਿੰਘ, ਜਤਿੰਦਰ ਸਿੰਘ ਅਤੇ ਮਨਜੀਤ ਸਿੰਘ ਧੂਪੀਆ ਅਤੇ ਪ੍ਰਸਿਧ ਲੇਖਕ ਧਨਵੰਤ ਸਿੰਘ ਨੇ ਪੰਜਾਬ ਦੀ ਵਰਤਮਾਨ ਸਥਿਤੀ ਬਾਰੇ ਜੋ ਸਾਂਝਾ ਬਿਆਨ ਦਿੱਤਾ ਹੈ, ਉਹ ਅਸੀਂ ਹੇਠਾਂ ਦੇਣ ਦੀ ਖੁਸ਼ੀ ਲੈ ਰਹੇ ਹਾਂ। ਯਾਦ ਰਹੇ ਇਹ ਸਭ ਫੌਜੀ ਅਧਿਕਾਰੀ ਹੁਣ ਰੀਟਾਇਰ ਹੋ ਚੁਕੇ ਹਨ। —ਸੰਪਾਦਕ)

ਕੋਈ ਵੀ ਸਮਝਦਾਰ ਅਤੇ ਦੇਸ਼ ਨੂੰ ਪਿਆਰ ਕਰਨ ਵਾਲਾ ਭਾਰਤੀ, ਪੰਜਾਬ ਵਿਚ ਵਾਪਰੀਆਂ ਘਟਨਾਵਾਂ ਨੂੰ ਗੰਭੀਰ ਅਫਸੋਸ ਤੋਂ ਬਿਨਾ ਨਹੀਂ ਵੇਖ ਸਕਦਾ। ਮਨੁਖੀ ਦੁਖਾਂਤ ਤੋਂ ਪਰੇ ਇਕ ਹੋਰ ਹੋਣੀ ਇਸ ਸਰਹਦੀ ਸੂਬੇ ਵਿਚ ਸਿਰ ਚੁਕ ਰਹੀ ਹੈ। ਇਹ ਸਹੁਤ ਸਾਰੇ ਭਾਰਤੀਆਂ ਦੀ ਕਿਸਮਤ ਨੂੰ ਪ੍ਰਭਾਵਤ ਕਰ ਸਕਦੀ ਹੈ। ਇਹ ਸੋਚਣਾ ਬੜਾ ਗਲਤ ਹੋਵੇਗਾ ਕਿ ਉੱਤਰ ਵਿਚ ਹੋਈ ਉੱਥਲ ਪੁਥਲ ਬਾਕੀ ਭਾਰਤੀਆਂ ਨੂੰ ਪ੍ਰਭਾਵਤ ਨਹੀਂ ਕਰੇਗੀ। ਇਸ ਤਰ੍ਹਾਂ ਦੀ ਖਤਰਨਾਕ ਤੇ ਗਲਤ ਸੋਚ ਦੇਰ ਨਾਲ ਜਾਂ ਛੇਤੀ ਹੀ ਅਜਿਹੀ ਤਬਾਹੀ ਮਚਾ ਸਕਦੀ ਹੈ ਜਿਸ ਨੂੰ ਦੂਰ ਦਰਸ਼ਤਾ ਅਤੇ ਚੰਗੀ ਸਿਆਸੀ ਸੂਝ ਬੂਝ ਨਾਲ ਰੋਕਿਆ ਜਾ ਸਕਦਾ ਹੈ।

ਪੰਜਾਬ ਦੀ ਜੇ ਭੂਗੋਲਿਕ ਸਥਿਤੀ ਨੂੰ ਵੇਖਿਆ ਜਾਵੇ ਜਿਹੜੀ ਜੰਮੂ-ਕਸ਼ਮੀਰ-ਲਦਾਖ ਦੀਆਂ ਸਰਹੱਦਾਂ ਨਾਲ ਜਾ ਲਗਦੀ ਹੈ ਤਾਂ ਭਾਰਤ ਦੀ ਫੌਜੀ ਰਖਿਆ ਦੀ ਦ੍ਰਿਸ਼ਟੀ ਤੋਂ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਪੰਜਾਬ ਵਿਚ ਜੇ ਕੋਈ ਵੱਡੀ ਗੜਬੜ ਹੁੰਦੀ ਹੈ ਤਾਂ ਉਸ ਨਾਲ ਭਾਰਤ ਦੀ ਉੱਤਰੀ ਸਰਹੱਦ ਦੀ ਰਖਿਆ ਨੂੰ

ਖਤਰਾ ਪੈਦਾ ਹੋ ਸਕਦਾ ਹੈ । ਇਸ ਤਰ੍ਹਾਂ ਉੱਤਰ ਵਿਚ ਗੜਬੜ ਨੂੰ ਵਧਣ ਦੇਣ ਦਾ ਭਾਵ ਸਾਰੇ ਭਾਰਤ ਨੂੰ ਤਬਾਹੀ ਦੇ ਕੰਢੇ ਉੱਤੇ ਲਿਆ ਖੜ੍ਹਾ ਕਰਨਾ ਹੈ ।

ਕੀ ਇਸ ਤੋਂ ਵਧ ਗੜਬੜ ਹੋ ਸਕਦੀ ਹੈ ? ਅਸੀਂ ਸਮਝਦੇ ਹਾਂ ਕਿ ਹੋ ਸਕਦੀ ਹੈ । ਤਸ਼ੱਦਦ ਆਪਣੇ ਤੌਰ ਤੇ ਇਕ ਜੋਸ਼ ਪੈਦਾ ਕਰਦਾ ਹੈ ਅਤੇ ਜਿਹੜੇ ਲੋਕ ਇਸ ਤਸ਼ੱਦਦ ਨੂੰ ਉਤੇਜਤ ਕਰਦੇ ਹਨ ਉਹ ਇਸ ਨੂੰ ਵਧਣ ਤੋਂ ਕਦੇ ਵੀ ਕਾਬੂ ਪਾ ਸਕਦੇ ਹਨ । ਪੰਜਾਬ ਵਿਚ ਹੋ ਰਹੇ ਤਸ਼ੱਦਦ ਦਾ ਪ੍ਰਤੀਕਰਮ ਭਾਰਤ ਦੇ ਦੂਜੇ ਭਾਗਾਂ ਵਿਚ ਵੀ ਹੋ ਸਕਦਾ ਹੈ ਅਤੇ ਇਸ ਨਾਲ ਵਧੇਰੇ ਤਸ਼ੱਦਦ ਪੈਦਾ ਹੋ ਸਕਦਾ ਹੈ । ਕੀ ਇਸ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ? ਕੀ ਦੇਸ਼ ਦੀ ਵੰਡ ਦੇ ਜ਼ਖਮ ਏਨੀ ਸੌਖੀ ਤਰ੍ਹਾਂ ਭੁਲਾ ਦਿੱਤੇ ਗਏ ਹਨ । ਕੀ ਇਸ ਜਨਰਾਜ ਦੇ ਹਿੰਦੂਆਂ ਤੇ ਸਿੱਖਾਂ ਨੂੰ ਇਕ ਅਜਿਹੇ ਕੜਾਹੇ ਵਿਚ ਸੁਟ ਦਿੱਤਾ ਜਾਣਾ ਚਾਹੀਦਾ ਹੈ ਜਿਸ ਦੇ ਹੇਠਾਂ ਹਰ ਤਰ੍ਹਾਂ ਦੇ ਸੁਆਰਥੀ ਭਾਂਬੜ ਬਾਲ ਰਹੇ ਹਨ ।

ਇਸ ਵੇਲੇ ਜਦੋਂ ਕਿ ਹਾਲਾਤ ਖਤਰਨਾਕ ਰਫਤਾਰ ਨਾਲ ਵਿਗੜ ਰਹੇ ਹਨ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਪੰਜਾਬ ਦੀ ਵਿਸਫੋਟਕ ਸਥਿਤੀ ਨੂੰ ਪ੍ਰਵਾਨ ਕਰੀਏ ਕਿਉਂਕਿ ਇਹ ਸਥਿਤੀ ਕੇਵਲ ਪੰਜਾਬ ਅਤੇ ਉਸ ਦੇ ਨਾਲ ਲਗਦੇ ਰਾਜਾਂ ਤਕ ਹੀ ਸੀਮਤ ਨਹੀਂ ਸਗੋਂ ਸਾਰੇ ਰਾਜਾਂ ਨਾਲ ਸਬੰਧ ਰਖਦੀ ਹੈ । ਇਹ ਉਹਨਾਂ ਸਾਰੇ ਠੀਕ ਸੋਚਣ ਵਾਲੇ ਭਾਰਤੀਆਂ ਨਾਲ ਵੀ ਸਬੰਧ ਰਖਦੀ ਹੈ ਜਿਨ੍ਹਾਂ ਦੀ ਭਾਰਤ ਦੀ ਭਲਾਈ ਦੀ ਚਿੰਤਾ ਉਹਨਾਂ ਦੇ ਰਾਜਨੀਤਕ ਨਿਸ਼ਾਨਿਆਂ ਤੋਂ ਅੱਗੇ ਨਿਕਲ ਜਾਂਦੀ ਹੈ ।

ਤਸ਼ੱਦਦ ਨੂੰ ਬੰਦ ਕਰਨਾ, ਗੱਲਬਾਤ ਦੇ ਸਭਿਆ ਢੰਗਾਂ ਵਲ ਆਉਣਾ ਅਤੇ ਇਕ ਉਚਿਤ ਸਮਝੌਤਾ ਇਹ ਸਾਰਾ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਸਦਭਾਵਨਾ ਵਾਲੇ ਇਸਤਰੀ ਤੇ ਪੁਰਸ਼ ਇਸ ਸੰਕਟ ਦੀ ਘੜੀ ਵੇਲੇ ਦ੍ਰਿੜਤਾ ਅਤੇ ਮਨੋਰਥ ਨਾਲ ਇਕ ਦੂਜੇ ਦੇ ਨੇੜੇ ਆਉਣ । ਇਨ੍ਹਾਂ ਲੋਕਾਂ ਨੂੰ ਪੰਜਾਬ ਦੀ ਹਾਲਤ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਅਸੀਂ ਹੇਠ ਲਿਖੇ ਵਿਚਾਰ ਉਹਨਾਂ ਦੇ ਸਾਹਮਣੇ ਰਖਦੇ ਹਾਂ ।

ਪੰਜਾਬ ਨੂੰ ਦੇਸ਼ ਦੀ ਵੰਡ ਦੀ ਭਾਰੀ ਕੀਮਤ ਦੇਣੀ ਪਈ ਸੀ । ਅੱਧਾ ਪੰਜਾਬ ਅਤੇ ਅਣਗਿਣਤ ਜਾਨਾਂ ਗੁਆਉਣ ਦੇ ਨਾਲ ਨਾਲ ਉਸ ਸਮੇਂ ਪੰਜਾਬੀਆਂ ਨੂੰ ਆਪਣੀ ਰਾਜਧਾਨੀ ਲਾਹੌਰ ਤੋਂ ਵੀ ਹੱਥ ਧੋਣੇ ਪਏ ।

ਪੰਜਾਬ ਦਾ ਬਹੁਤ ਸਾਰਾ ਨੁਕਸਾਨ ਪੂਰਾ ਕਰਨ ਲਈ ਚੰਡੀਗੜ੍ਹ ਉਸਾਰਿਆ ਗਿਆ । ਇਸ ਲਈ ਪੰਜਾਬੀਆਂ ਦੀ ਇਕ ਮੰਗ ਇਹ ਹੈ ਕਿ ਚੰਡੀਗੜ੍ਹ, ਜਿਹੜਾ



ਪੰਜਾਬ ਨੂੰ ਨਵੀਂ ਰਾਜਧਾਨੀ ਦੇਣ ਦੇ ਤੌਰ ਤੇ ਬਣਾਇਆ ਗਿਆ ਸੀ, ਪਜਾਬ ਨੂੰ ਮੋੜ ਦਿੱਤਾ ਜਾਵੇ । ਸੁਆਲ ਇਹ ਹੈ ਕਿ ਪੰਜਾਬ ਦੀ ਕਿਸਮਤ ਅੱਗੇ ਇਸ ਲਈ ਡੱਕਾ ਲਾ ਦਿੱਤਾ ਜਾਵੇ ਕਿ ਹਰਿਆਣੇ ਦੀ ਨਵੀਂ ਰਾਜਧਾਨੀ ਲਈ ਇਕ ਸੌ ਕਰੋੜ ਰੁਪੈ ਕੱਢੇ ਨਹੀਂ ਜਾ ਸਕਦੇ ?

## ਬਾਕੀ ਮੰਗਾਂ ਹਨ :

ਪੰਜਾਬ ਦੀਆਂ ਨਵੀਆਂ ਹੱਦਾਂ ਭਾਸ਼ਾਈ ਪੱਧਰ ਉੱਤੇ ਉਵੇਂ ਉਲੀਕੀਆਂ ਜਾਣ ਜਿਵੇਂ ਹੋਰਨਾਂ ਰਾਜਾਂ ਦੀਆਂ, ਪਾਣੀ ਦੀ ਯੋਗ ਵੰਡ ਕੀਤੀ ਜਾਵੇ ਅਤੇ ਕੇਂਦਰ ਤੇ ਰਾਜ ਦੇ ਸਬੰਧਾਂ ਨੂੰ ਮੁੜ ਵਿਚਾਰਿਆ ਜਾਵੇ (ਕਿਉਂਕਿ ਇਹ ਮੰਗ ਕੁਝ ਹੋਰ ਰਾਜਾਂ ਵਲੋਂ ਵੀ ਹੋ ਰਹੀ ਹੈ, ਇਸ ਲਈ ਪੰਜਾਬ ਦੇ ਵਿਚਾਰ ਦੂਜੇ ਰਾਜਾਂ ਦੇ ਵਿਚਾਰਾਂ ਦੇ ਨਾਲ ਹੀ ਸੁਣੇ ਜਾਣ) ਅਤੇ ਕੇਂਦਰ ਦੇ ਮਾਲੀ ਸਾਧਨਾਂ ਵਿਚੋਂ ਪੰਜਾਬ ਦੇ ਸਨਅਤੀ ਤੇ ਬਿਜਲੀ ਦੇ ਵਿਕਾਸ ਲਈ ਉਚਿਤ ਹਿੱਸਾ ਦਿੱਤਾ ਜਾਵੇ ।

**ਇਹ ਗੱਲ ਧਿਆਨ ਵਿਚ ਰਖਣੀ ਪਵੇਗੀ ਕਿ ਪੰਜਾਬ ਦੀਆਂ ਮੰਗਾਂ ਭਾਵੇਂ ਅਕਾਲੀ ਦਲ ਵਲੋਂ ਪੇਸ਼ ਕੀਤੀ ਜਾ ਰਹੀਆਂ ਹਨ ਪਰ ਇਹ ਮੂਲ ਰੂਪ ਵਿਚ ਸਾਰੇ ਪੰਜਾਬੀਆਂ ਦੀਆਂ ਮੰਗਾਂ ਹਨ ।**

ਇਹਨਾਂ ਮੰਗਾਂ ਬਾਰੇ ਫੈਸਲਾ ਕਰਨ ਵਿਚ ਜੋ ਢਿਲ ਹੋ ਰਹੀ ਹੈ ਉਹ ਪੰਜਾਬ 'ਚ ਜ਼ਿਆਦਾ ਬੇ ਉਮੀਦੀ ਤੇ ਬੇਦਿਲੀ ਪੈਦਾ ਕਰ ਰਹੀ ਹੈ ।

ਪੰਜਾਬ ਵਿਚ ਬਦਅਮਨੀ ਜਾਰੀ ਰਹਿਣ ਕਰਕੇ ਇਥੇ ਸਰਮਾਇਆ ਲਾਉਣ ਤੋਂ ਸੰਕੋਚ ਅਤੇ ਸਰਮਾਇਆ ਪੰਜਾਬ ਤੋਂ ਬਾਹਰ ਲਜਾਣ ਦੀ ਰੁਚੀ ਨਾਲ ਪੰਜਾਬ ਦੀ ਆਰਥਿਕਤਾ ਉਤੇ ਜੋ ਮਾੜਾ ਅਸਰ ਪੈਂਦਾ ਹੈ ਉਸ ਨਾਲ ਰਾਜਸੀ ਬੇਉਮੀਦੀ ਕੁਝ ਪਿਛੇ ਰਹਿ ਜਾਂਦੀ ਹੈ ।

ਵਰਤਮਾਨ ਸਥਿਤੀ ਦਾ ਦੁਖਦਾਈਆ ਇਹ ਹੈ ਕਿ ਪੰਜਾਬ ਰਾਜ ਦੀਆਂ ਮੰਗਾਂ ਨੂੰ ਸਿੱਖ ਫਿਰਕੇ ਦੀਆਂ ਮੰਗਾਂ ਸਮਝਿਆ ਜਾ ਰਿਹਾ ਹੈ । ਇਹ ਇਸ ਤਰ੍ਹਾਂ ਨਹੀਂ । ਰਾਜ ਦੀਆਂ ਮੰਗਾਂ ਨੂੰ ਕਿਸੇ ਫਿਰਕੇ ਦੀਆਂ ਮੰਗਾਂ ਨਾਲ ਗਲਤ ਤੌਰ ਤੇ ਮੇਲਣਾ ਕੋਈ ਸਿਆਣੀ ਗੱਲ ਨਹੀਂ । ਚੰਡੀਗੜ੍ਹ, ਦਰਿਆਈ ਪਾਣੀ, ਵਿਕਾਸ ਲਈ ਲੋੜੀਂਦੇ ਹੋਰ ਸਾਧਨ ਅਤੇ ਹੱਦਾਂ ਦੀ ਨਵੀਂ ਨਿਸ਼ਾਨਦਹੀ ਨਾਲ ਸਬੰਧਿਤ ਮੰਗਾਂ ਸਾਰੇ ਪੰਜਾਬੀਆਂ ਦੀ ਆਰਥਕ ਅਤੇ ਸੋਮਾਜਕ ਭਲਾਈ ਨਾਲ ਸਬੰਧ ਰੱਖਦੀਆਂ ਹਨ ਨਾ ਕਿ ਕੇਵਲ ਸਿੱਖਾਂ ਦੀ ਭਲਾਈ ਨਾਲ ।

ਹਿੰਦੂ ਤੇ ਸਿੱਖ ਸਦੀਆਂ ਤੋਂ ਇਕੋ ਬੋਲੀ ਬੋਲਦੇ ਆ ਰਹੇ ਹਨ, ਇਕ ਦੂਜੇ

ਦੇ ਵਿਸ਼ਵਾਸਾਂ ਅਤੇ ਧਰਮ ਸਥਾਨਾਂ ਦਾ ਸਤਿਕਾਰ ਕਰਦੇ ਆ ਰਹੇ ਹਨ, ਅੰਤਰਜਾਤੀ ਵਿਆਹ ਹੁੰਦੇ ਰਹੇ ਹਨ ਅਤੇ ਇਨ੍ਹਾਂ ਨੇ ਰਲ ਕੇ ਦੁੱਖ ਝੱਲੇ, ਲੜਾਈਆਂ ਲੜੀਆਂ ਅਤੇ ਖ਼ੁਸ਼ਹਾਲੀ ਵਲ ਵਧੇ ਹਨ। ਉਨ੍ਹਾਂ ਨੂੰ ਹੁਣ ਸਾਂਝੇ ਤੌਰ 'ਤੇ ਇਹ ਗੱਲ ਯਕੀਨੀ ਬਨਾਉਣੀ ਚਾਹੀਦੀ ਹੈ ਕਿ ਪੰਜਾਬ ਦੀਆਂ ਹੱਕੀ ਮੰਗਾਂ ਉਸੇ ਤਰ੍ਹਾਂ ਮੰਨੀਆਂ ਜਾਣ ਜਿਵੇਂ ਦੂਜੇ ਰਾਜਾਂ ਦੀਆਂ ਮੰਨੀਆਂ ਜਾਂਦੀਆਂ ਹਨ। ਫਿਰਕੂ ਘਿਰਨਾ ਦੀ ਬੁਨਿਆਦ ਜਿਹੜੀ ਦੋਹਾਂ ਫਿਰਕਿਆਂ ਵਿਚ ਪੈਦਾ ਹੋਣੀ ਸ਼ੁਰੂ ਹੋ ਗਈ ਹੈ, ਫੌਲਾਦੀ ਇਰਾਦੇ ਨਾਲ ਖਤਮ ਕਰ ਦੇਣੀ ਚਾਹੀਦੀ ਹੈ।

ਅਸੀਂ ਤਾਂ ਇਹ ਕਤਲ, ਬਲਵੇ ਅਤੇ ਜੁਰਮ ਨੂੰ, ਜਿਸ ਨੂੰ ਕਿ 'ਅਤਿਵਾਦੀਆਂ' ਦੇ ਨਾਂ ਨਾਲ ਸਹਿਆ ਜਾ ਰਿਹਾ ਹੈ, ਬੜੇ ਅਫਸੋਸ ਨਾਲ ਵੇਖ ਰਹੇ ਹਾਂ। 'ਅਤਿ-ਵਾਦੀ' ਸ਼ਬਦ ਦੀ ਗੈਰ-ਜ਼ਿਮੇਂਦਾਰੀ ਨਾਲ ਵਰਤੋਂ ਵਿਚ, ਭਾਵੇਂ ਇਸ ਦੇ ਪਿਛੇ ਕੋਈ ਮੰਦਭਾਵਨਾ ਲੁਕੀ ਹੋਵੇ। ਜਜ਼ਬਾਤ ਨੂੰ ਭੜਕਾਉਣ ਅਤੇ ਅਣਗਿਣਤ ਮਾਸੂਮ ਜ਼ਿੰਦ-ਗੀਆਂ ਨੂੰ ਬਰਬਾਦ ਕਰਨ ਦੀ ਸੰਭਾਵਨਾ ਜ਼ਰੂਰ ਲੁਕੀ ਹੋਈ ਹੈ। ਨਿਰਾਰਥਕ ਤਸ਼ੱਦਦ ਦੀ ਨਿਖੇਧੀ ਹੋਣੀ ਜ਼ਰੂਰੀ ਹੈ। ਇਹ ਤਸ਼ੱਦਦ ਮਾਨਵਤਾ ਅਤੇ ਜ਼ਿੰਦਗੀ ਲਈ ਆਦਰ ਦੇ ਸਾਡੇ ਨਿਯਮਾਂ ਦੇ ਉਲਟ ਹੈ। ਉਹ ਭਾਰਤ ਦੇ ਰਿਸ਼ੀਆਂ. ਮੁਨੀਆਂ, ਸੰਤਾਂ, ਗੁਰੂਆਂ ਕਵੀਆਂ ਅਤੇ ਚਿੰਤਕਾਂ ਦੇ ਉਪਦੇਸ਼ਾਂ ਤੋਂ ਵੀ ਉਲਟ ਹੈ। ਪਰ ਇਸ ਪ੍ਰਤੀ ਵਿਤਕਰੇ ਭਰੀ ਟਿਪਣੀ ਵੀ, ਭਾਵੇਂ ਉਹ ਜਾਣ ਬੁਝ ਕੇ ਕੀਤੀ ਜਾਵੇ ਜਾਂ ਹੋਰ ਤਰ੍ਹਾਂ, ਉਨਾ ਹੀ ਨੁਕਸਾਨ ਪਹੁੰਚਾ ਸਕਦੀ ਹੈ ਜਿੰਨਾਂ ਤਸ਼ੱਦਦ ਦੀ ਘਟਨਾ ਖੁਦ।

## ਅਤਿਵਾਦ ਹੈ ਕੀ ?

ਪੰਜਾਬ ਦੀਆਂ ਘਟਨਾਵਾਂ ਦੇ ਸਬੰਧ ਵਿਚ ਇਹ ਗੱਲ ਕੁਝ ਲੋਕਾਂ ਦਾ ਵਧੇਰੇ ਕਰਕੇ ਸੁਭਾਅ ਬਣ ਗਈ ਹੈ ਕਿ ਉਹ ਪੰਜਾਬ ਵਿਚ ਹੋਣ ਵਾਲੇ ਤਸ਼ੱਦਦ ਦੀ ਹਰ ਘਟਨਾ ਨੂੰ 'ਅਤਿਵਾਦੀਆਂ' ਦੇ ਨਾਂ ਮੜ੍ਹ ਦੇਂਦੇ ਹਨ। ਇਹ ਰੁੱਚੀ ਬੜੀ ਖਤਰਨਾਕ ਹੈ। ਇਸ ਤੋਂ ਪਹਿਲਾਂ ਕਿ ਇਹ ਰੁਚੀ ਵਰਤਮਾਨ ਕੁੜਤਨ ਨੂੰ ਹੋਰ ਵਧਾ ਸਕੇ, ਦਬਾਅ ਦੇਣੀ ਚਾਹੀਦੀ ਹੈ। ਜਿਹੜੇ ਲੋਕ ਸੱਤਾ ਵਿਚ ਹਨ ਜਾਂ ਪ੍ਰੈਸ ਵਿਚ ਉਨ੍ਹਾਂ ਨੂੰ ਇਹੋ ਜਿਹੇ ਸ਼ਬਦਾਂ ਦੀ ਲੋੜ ਤੋਂ ਵੱਧ ਵਰਤੋਂ ਨਹੀਂ ਕਰਨੀ ਚਾਹੀਦੀ। ਵਰਤਮਾਨ ਭੜਕਾਊ ਹਾਲਾਤ ਵਿਚ ਅਤੇ ਕੌਮੀ ਸੁਰਖਿਅਤਾ ਦੇ ਵਧੇਰੇ ਹਿੱਤਾਂ ਵਿਚ ਅਨਿਸਚਿਤ ਅਤੇ ਭੜਕਾਊ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਅਧਿਕਾਰੀਆਂ ਦੀ ਜ਼ਿੰਮੇਂਵਾਰੀ ਮੁਜਰਮਾਂ ਨੂੰ ਫੜਨ ਦੀ ਹੋਣੀ ਚਾਹੀਦੀ ਹੈ ਅਤੇ ਅਜਿਹੀਆਂ ਹਾਲਤਾਂ ਪੈਦਾ ਨਹੀਂ ਕਰਨੀਆਂ ਚਾਹੀਦੀਆਂ ਜਿਸ ਨਾਲ 'ਸੰਕਟ-ਕਾਲੀਨ' ਸਥਿਤੀ ਵਿਚ ਹੋਣ ਵਾਲਾ ਹੋਵੇ।



ਪੰਜਾਬ ਦੀ ਸਮੱਸਿਆ ਸਿਆਸੀ ਹਲ ਲੋੜਦੀ ਹੈ ਨਾ ਕਿ ਪੁਲੀਸ ਅਤੇ ਪੁਲੀਸ ਵਰਗੇ ਹੋਰ ਦਲਾਂ ਦੀ ਤਾਕਤ। ਇਸ ਖਿਤੇ ਵਿਚ ਜੇ ਇਕ ਵਾਰ ਬੇਉਮੀਦੀ ਅਤੇ ਬੇਦਿਲੀ ਆਮ ਲੋਕਾਂ ਵਿਚ ਫੈਲ ਜਾਏ ਤਾਂ ਉਸ ਨੂੰ ਪੁਲੀਸ ਦੀ ਤਾਕਤ ਨਾਲ ਹਲ ਕਰਨਾ ਸੰਭਵ ਨਹੀਂ ਰਹਿੰਦਾ। ਅੱਜ ਅਸੀਂ ਜਿਸ ਪਾਸੇ ਵੀ ਵੇਖੀਏ ਆਮ ਲੋਕਾਂ ਦੀ ਬੇਚੈਨੀ ਦਾ ਮੁਕਾਬਲਾ ਤਾਕਤ ਨਾਲ ਨਹੀਂ ਕੀਤਾ ਜਾ ਸਕਦਾ ਭਾਵੇਂ ਕਿ ਤਾਕਤ ਦੇ ਇਹ ਦਲ ਕਿੰਨੇ ਵੀ ਹਥਿਆਰਬੰਦ ਕਿਉਂ ਨਾ ਹੋਣ। ਅਤਿਵਾਦੀ ਵਿਰੋਧੀ ਦਸਤੇ ਬਨਾਉਣੇ, ਕਾਨੂੰਨ ਲਾਗੂ ਕਰਨ ਵਾਲੇ ਦਲਾਂ ਦੇ ਬੱਜਟ ਵਧਾਉਣੇ, ਪੁਲਿਸ ਦੀ ਹੋਰ ਵਧੇਰੇ ਭਰਤੀ ਕਰਨੀ ਅਤੇ ਪੁਲਿਸ ਨੂੰ ਅਧੁਨਿਕ ਹਥਿਆਰਾਂ ਨਾਲ ਲੈਸ ਕਰਨਾ ਸਰਕਾਰੀ ਖਜ਼ਾਨੇ ਉਤੇ ਅਨਉਚਿਤ ਬੋਝ ਪਾਉਣਾ ਹੀ ਹੈ।

ਪੰਜਾਬ ਦੇ ਲੋਕ ਕਿਸੇ ਸਿਸਟਮ (ਰਾਜ ਬਦਲੀ) ਨੂੰ ਉਲਟਾਉਣਾ ਨਹੀਂ ਚਾਹੁੰਦੇ ਅਤੇ ਨਾ ਹੀ ਕਮਿਊਨਿਸਟਾਂ ਜਾਂ ਪੂੰਜੀਪਤੀਆਂ ਨਾਲ ਲੜਨਾ ਚਾਹੁੰਦੇ ਹਨ ਭਾਵੇਂ ਕਿ ਇਨ੍ਹਾਂ ਆਪਾ ਵਿਰੋਧੀ ਦਲਾਂ ਦੇ ਏਜੰਟ ਇਸ ਲਹਿਰ ਵਿਚ **ਘੁਸਪੈਂਠ ਕਰ ਸਕਦੇ ਹਨ, ਜੇਕਰ ਪਹਿਲਾਂ ਉਨ੍ਹਾਂ ਨੇ ਨਹੀਂ ਕੀਤੀ।**

ਪੰਜਾਬੀ ਆਪਣੀਆਂ ਮੰਗਾਂ ਦਾ ਉਚਿਤ ਹੱਲ ਅਤੇ ਤਤਕਾਲੀ ਹਲ ਚਾਹੁੰਦੇ ਹਨ ਤਾਂ ਜੋ ਉਹ ਆਪਣੇ ਕੰਮਾਂ ਕਾਰਾਂ ਲਈ ਘਰੋ ਘਰੀ ਜਾ ਸਕਣ ਅਤੇ ਆਪਣੇ ਜੀਵਨ ਨੂੰ ਸੁਖਾਵਾਂ ਬਨਾਉਣ ਦੇ ਜਤਨਾਂ ਵਿਚ ਲਗ ਸਕਣ। ਉਹ ਅਨਿਸਚਤਤਾ, ਤਸ਼ੱਦਦ ਅਤੇ ਖ਼ੂਨ ਖਰਾਬਾ ਜਾਰੀ ਰਹਿਣ ਦੇ ਚਾਹਵਾਨ ਨਹੀਂ।

ਉਹ ਪੁਲੀਸ ਦਾ ਹਰ ਸਮੇਂ ਵਧ ਰਿਹਾ ਬਜਟ ਨਹੀਂ ਜਿਹੜਾ ਪੰਜਾਬੀਆਂ ਨੂੰ ਸਾਧਾਰਨ ਜੀਵਨ ਜੀਉਣ ਲਈ ਲੋੜੀਂਦਾ ਹੋ ਸਕੇ, ਇਸ ਲਈ ਪੰਜਾਬੀਆਂ ਨੂੰ ਠੀਕ ਸਮੇਂ 'ਤੇ ਕੀਤੇ ਰਾਜਸੀ ਫੈਸਲੇ ਚਾਹੀਦੇ ਹਨ।

## ਮੰਗ ਖਾਲਸਤਾਨ ਦੀ

ਪੰਜਾਬ 'ਚ ਖਾਲਿਸਤਾਨ ਦੀ ਕੋਈ ਮੰਗ ਨਹੀਂ। ਕਿਸੇ ਜ਼ਿਮੇਂਵਾਰ ਸਿੱਖ ਨੇਤਾ ਨੇ ਇਸ ਦੀ ਮੰਗ ਨਹੀਂ ਕੀਤੀ। ਸਿਖਾਂ ਦੀ ਵਫਾਦਾਰੀ ਆਪਣੇ ਦੇਸ਼ ਭਾਰਤ ਨਾਲ ਹੈ। ਉਹ ਜਾਣਦੇ ਹਨ ਕਿ ਉਨ੍ਹਾਂ ਦੇ ਉੱਦਮ, ਦ੍ਰਿੜ੍ਹਤਾ ਅਤੇ ਅੱਗੇ ਵਧਣ ਦੇ ਗੁਣਾਂ ਨੇ ਉਨ੍ਹਾਂ ਨੂੰ ਸਾਰੇ ਦੇਸ਼ ਵਿਚ ਇਕ ਆਦਰ ਯੋਗ ਸਥਾਨ ਖਟ ਕੇ ਦਿੱਤਾ ਹੈ। ਜੇ ਵਿਦੇਸ਼ਾਂ ਵਿਚ ਰਹਿਣ ਵਾਲੇ ਗੁੰਮਰਾਹ ਕੀਤੇ ਤੱਤਾਂ ਨੇ 'ਖਾਲਿਸਤਾਨ' ਦੀ ਗੱਲ ਕੀਤੀ

ਹੈ ਤਾਂ ਉਸ ਦਾ ਕੋਈ ਅਸਰ ਨਹੀਂ। ਇਹ ਤੱਤ ਸਿੱਖਾਂ ਦੀ ਜਾਂ ਉਨ੍ਹਾਂ ਦੀਆਂ ਆਸ਼ਾਵਾਂ ਅਤੇ ਸਭਾਵਾਂ ਦੀ ਪ੍ਰਤੀਨਿਧਤਾ ਨਹੀਂ ਕਰਦੇ।

ਅਸੀਂ ਚਾਹਵਾਂਗੇ ਕਿ ਸਾਡੇ ਮੁਖੀ ਭਾਰਤੀ ਨੇਤਾ ਇਸ ਸੰਭਾਵਨਾ ਬਾਰੇ ਸੋਚਣ ਕਿ ਉਨ੍ਹਾਂ ਤੱਤਾਂ ਦੇ ਏਜੰਟ ਜਿਹੜੇ ਭਾਰਤ ਵਲ ਕੈਰੀ ਅੱਖ ਨਾਲ ਝਾਕਦੇ ਹਨ ਪੰਜਾਬ ਵਿਚ ਆ ਘੁਸੇ ਹੋਣ ਅਣੇ ਉਨ੍ਹਾਂ ਸਿੱਖਾਂ ਦੇ ਭੇਸ ਵਿਚ ਜੁਰਮਾਂ ਵਿਚ ਵਾਧਾ ਕੀਤਾ ਹੋਵੇ, ਸਾਜ਼ਸ਼ਾਂ, ਬੇਦੋਸ਼ ਕਤਲ ਭੜਕਾਹਟ ਅਤੇ ਤੋੜ ਫੋੜ ਦੀਆਂ ਵਾਰਦਾਤਾਂ ਅਜ ਦੀ ਦੁਨੀਆਂ ਵਿਚ ਮਿਆਰੀ ਹਥਕੰਡੇ ਬਣੇ ਹੋਏ ਹਨ।

ਭਾਰਤ ਦੀ ਅੰਦਰੂਨੀ ਤਾਕਤ ਕਮਜ਼ੋਰ ਹੋਣ ਨਾਲ ਕਈ ਦੇਸ਼ਾਂ ਦੇ ਮੰਦ ਮਨੋਰਥਾਂ ਦੀ ਪੂਰਤੀ ਹੁੰਦੀ ਹੈ। ਇਹ ਸਮਝਣ ਵਿਚ ਕੋਈ ਕਾਰਨ ਨਹੀਂ ਰਹਿੰਦਾ ਕਿ ਸਾਡੇ ਦੇਸ਼ ਨੂੰ ਅਜਿਹੀਆਂ ਸਾਜ਼ਸ਼ਾਂ ਦਾ ਅੱਡਾ ਨਹੀਂ ਬਣਾਉਣਾ ਚਾਹੀਦਾ। ਇਕ ਮਿਸਾਲ ਦੇ ਤੌਰ ਤੇ ਫਿਲਵਾਂ ਨੇੜੇ ਬੱਸ ਹਾਦਸੇ ਵਿਚ ਕੀਤੇ ਗਏ ਬੇਰਹਿਮ ਕਤਲ ਵਿਦੇਸ਼ੀ ਏਜੰਟਾਂ ਦਾ ਹੀ ਕਾਰਾ ਹੋ ਸਕਦਾ ਹੈ।

ਬਿਨਾਂ ਕਿਸੇ ਸਬੂਤ ਤੋਂ ਇਹ ਜੁਰਮ ਸਿੱਖਾਂ ਜਾਂ ਸੰਤ ਭਿੰਡਰਾਂ ਦੇ ਨਾਂ ਮੜ੍ਹਨੇ, ਕੋਈ ਸਿਆਣਪ ਨਹੀਂ। ਜੇ ਏਡੀ ਵਿਦਵਤਾ ਅਤੇ ਰਵਾਇਤੀ ਸੂਝਬੂਝ ਵਾਲਾ ਦੇਸ਼ ਵੀ ਜੇ ਅੰਦਰੂਨੀ ਫੁਟ ਦੇ ਕਾਰਨ ਆਪਣੇ ਆਪ ਨੂੰ ਸਵਾਰਥੀ ਕਰਨ ਵਿਚ ਲੱਗ ਜਾਵੇ ਤਾਂ ਇਹ ਇਕ ਦੁਖਾਂਤ ਨੂੰ ਤਾਜ ਪਹਿਨਾਣ ਦੇ ਬਰਾਬਰ ਹੋਵੇਗਾ।

ਦੇਸ਼ ਦੇ ਰਾਸ਼ਟਰੀ ਹਿਤ ਸਾਹਮਣੇ ਰੱਖ ਕੇ ਹਰ ਥਾਂ ਦਾ ਹਰ ਸੋਚਵਾਨ ਭਾਰਤੀ ਉਤਰੀ ਭਾਰਤ ਵਿਚ ਪੈਦਾ ਹੋ ਚੁਕੇ ਖਤਰਨਾਕ ਹਾਲਾਤ ਬਾਰੇ ਆਪਣੀ ਚਿੰਤਾ ਪ੍ਰਗਟਾਏ। ਲੋੜ ਹੈ ਕਿ ਇਸ ਗੱਲ ਉਤੇ ਜ਼ੋਰ ਦਿੱਤਾ ਜਾਵੇ ਕਿ ਇਹ ਵਧ ਰਹੀ ਗੜਬੜ ਨੂੰ ਖਤਮ ਕਰਨ ਲਈ ਛੇਤੀ ਕਦਮ ਚੁਕੇ ਜਾਣ। ਇਕ ਜਮਹੂਰੀ ਲੋਕਾਂ ਦੇ ਰੂਪ ਵਿਚ ਸਾਡਾ ਇਹ ਹੱਕ ਤੇ ਜ਼ਿੰਮੇਵਾਰੀ ਹੈ ਕਿ ਅਸੀਂ ਰਾਸ਼ਟਰੀ ਨੀਤੀਆਂ ਨੂੰ ਪ੍ਰਭਾਵਿਤ ਕਰੀਏ।

ਪ੍ਰੈਸ ਅਤੇ ਰੇਡੀਓ, ਟੀ. ਵੀ. ਆਦਿ ਨੂੰ ਤਸ਼ੱਦਦ ਦੀਆਂ ਘਟਨਾਵਾਂ ਬਾਰੇ ਗੱਲ ਕਰਦਿਆਂ ਪਹਿਲਾਂ ਨਾਲੋਂ ਵੱਧ ਸੰਕੋਚ ਤੋਂ ਕੰਮ ਲੈਣਾ ਚਾਹੀਦਾ ਹੈ। ਉਸ ਵੇਲੇ ਦੀ ਗੰਭੀਰ ਸਥਿਤੀ ਪ੍ਰਚਾਰ ਤੇ ਪਰਸਾਰ ਦੇ ਸਾਧਨਾਂ ਉਤੇ ਇਹ ਹੋਰ ਵੀ ਵਧ ਜ਼ਿੰਮੇਂਵਾਰੀ ਆਉਂਦੀ ਹੈ ਕਿ ਜਿਹੜੇ ਕਾਨੂੰਨ ਤੋੜਦੇ ਹਨ ਉਨ੍ਹਾਂ ਦੀ ਪਛਾਣ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਬਾਰੇ ਆਪਣੇ ਨਿਰਣੇ ਦੇ ਦੇਣ। ਇਹ ਗੱਲ ਬੜੀ ਅਣਉਚਿਤ ਹੈ ਕਿ ਜਦੋਂ ਵੀ ਕੋਈ ਤਸ਼ੱਦਦ ਦੀ ਘਟਨਾ ਹੁੰਦੀ ਹੈ ਤਾਂ ਉਂਗਲੀ ਸਿੱਖਾਂ ਵਲ ਕਰ ਦਿੱਤੀ




ਜਾਵੇ। ਅਖਬਾਰਾਂ ਵਿਚ ਪੰਜਾਬ ਦੀ ਸਮਸਿਆ ਬਾਰੇ ਜਿਹੜੇ ਕੁਝ ਕੁ ਲੇਖ ਛਪੇ ਹਨ ਅਸੀਂ ਉਨ੍ਹਾਂ ਤੋਂ ਪ੍ਰਭਾਵਿਤ ਹੋਏ ਹਾਂ ਪਰ ਕੁਝ ਇਕ ਖਬਰਾਂ ਅਤੇ ਟਿਪਣੀਆਂ ਤੋਂ ਨਹੀਂ।

ਨੀਤੀਵਾਨਾਂ ਵਲੋਂ ਅਤੀ ਖਤਰਨਾਕ ਹਦ ਤਕ ਖਰਾਬ ਸਥਿਤੀ ਨੂੰ ਹੋਰ ਵੀ ਖਰਾਬ ਕੀਤਾ ਜਾ ਰਿਹਾ ਹੈ, ਇਹ ਅੱਗ ਉਤੇ ਹੋਰ ਤੇਲ ਪਾਉਣ ਦਾ ਕਾਰਨ ਬਣੇਗੀ। ਰਾਸ਼ਟਰੀ **ਸੰਕਟ ਵੇਲੇ ਲੋਕਾਂ ਲਈ ਮਾਰੂ ਹੋਣ** ਵਾਲੀ ਰਾਜਨੀਤੀ ਛੱਡਣੀ ਚਾਹੀਦੀ ਹੈ ਅਤੇ ਅੱਜ ਇਹ ਖਤਰਾ ਦੇਸ਼ ਦੇ ਸਾਹਮਣੇ ਹੈ। ਜਿਹੜੇ ਲੋਕ ਹੁਣ ਹਕੂਮਤ ਵਿਚ ਹਨ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸੰਕਟ ਵੇਲੇ ਜਾਤੀ ਹਿਤਾਂ ਤੋਂ ਵਧੇਰੇ ਰਾਸ਼ਟਰੀ ਹਿਤਾਂ ਲਈ ਰਾਹ ਦੇਣਾ ਚਾਹੀਦਾ ਹੈ।

ਭਾਰਤ ਕਿਉਂਕਿ ਦੁਨੀਆਂ ਵਿਚ ਇਕ ਸਿਆਣਪ ਭਰੀ ਅਤੇ ਉਚਿਤ ਪ੍ਰਣਾਲੀ ਦਾ ਠੀਕ ਸਮਰਥਨ ਕਰਦਾ ਹੈ ਉਹ ਉਸ ਦੇਸ਼ ਦੀਆਂ ਉਨ੍ਹਾਂ ਅੰਦਰੂਨੀ ਤਾਕਤਾਂ ਦੇ ਵਿਦੇਸ਼ਾਂ ਵਿਚ ਹੋਣ ਵਾਲੇ ਪ੍ਰਤੀਕ੍ਰਿਆ ਨੂੰ ਅੱਖੋਂ ਉਹਲੇ ਨਹੀਂ ਕਰ ਸਕਦਾ ਜਿਹੜੀਆਂ ਉਸ ਦੇ ਸਮਾਜਕ ਤਾਣੇ ਬਾਣੇ ਨੂੰ ਖੇਰੂੰ ਖੇਰੂੰ ਕਰ ਰਹੀਆਂ ਹਨ। ਮੁਕਦੀ ਗੱਲ ਇਕ ਦੇਸ਼ ਦਾ ਸਤਿਕਾਰ ਤਾਂ ਹੀ ਹੁੰਦਾ ਹੈ ਜੇ ਉਸ ਦੇ ਆਪਣੇ ਅਤੇ ਸਮਾਜਕ, ਆਰਥਕ ਅਤੇ ਰਾਜਸੀ ਸੰਸਥਾਵਾਂ ਵਿਚ ਸਥਿਰਤਾ ਹੋਵੇ ਅਤੇ ਨਾਲ ਹੀ ਸਿਹਤਮੰਦ ਮਾਹੌਲ ਹੋਵੇ।

ਅਸੀਂ ਭਾਰਤ ਦੇ ਸਭ ਚੰਗੀ ਭਾਵਨਾ ਵਾਲੇ ਲੋਕਾਂ—ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਈਸਾਈਆਂ, ਬੋਧੀਆਂ ਅਤੇ ਹੋਰਨਾਂ—ਨੂੰ ਅਪੀਲ ਕਰਦੇ ਹਾਂ ਕਿ ਉਹ ਸਾਰੇ ਮਿਲ ਕੇ ਆਪਣੇ ਵਿਤ ਮੁਜਬ ਉਹ ਸਾਰਾ ਕੁਝ ਕਰਨ ਜਿਸ ਨਾਲ ਅਜਿਹੀ ਲੋਕ ਰਾਇ ਪੈਦਾ ਹੋਵੇ ਜਿਸ ਨਾਲ ਉੱਤਰੀ ਭਾਰਤ ਵਿਚ ਅਤੇ ਸਾਡੇ ਮਹਾਨ ਜਨਰਾਜ ਵਿਚ ਸ਼ਾਂਤੀ ਤੇ ਸਥਿਰਤਾ ਬਹਾਲ ਹੋ ਸਕੇ।



ਦਹੇੜੂ ਕਤਲ ਕਾਂਡ ਨਾਲ ਸਬੰਧਤ ਠਹਿਰਾਈ ਗਈ ਬੀਬੀ ਨਛੱਤਰ ਕੌਰ (ਸੁਪਤਨੀ ਸ: ਤਰਸੇਮ ਸਿੰਘ) ਇਸ ਅੰਮ੍ਰਿਤਧਾਰੀ ਬੀਬੀ 'ਤੇ ਦੋਸ਼ ਹੈ ਕਿ ਇਸ ਨੇ ਭਾਈ ਤਰਵਿੰਦਰ ਸਿੰਘ ਨੂੰ ਕਤਲ ਵਾਰਦਾਤ ਕਰਨ ਤੋਂ ਬਾਦ ਫਰਾਰ ਹੋਣ 'ਚ ਸਹਾਇਤਾ ਕੀਤੀ। ਪੁਲਿਸ ਹਿਰਾਸਤ 'ਚ। (ਫੋਟੋ - ਵੀ. ਪੀ. ਕਪੂਰ)



# ਸਿੱਖ ਪੰਥ 'ਚ ਅਸੰਤੁਸ਼ਟਤਾ ਕਿਉਂ ?

## □ ਸੰਤ ਸਿੰਘ ਸੇਖੋਂ

ਪਿਛਲੇ ਕੁਝ ਚਿਰ ਤੋਂ ਉਠੀ ਖਾਲਿਸਤਾਨ ਦੀ ਮੰਗ ਨੇ ਭਾਰਤੀ ਲੋਕਾਂ ਤੇ ਸਿੱਖ ਪੰਥ ਦੇ ਸ਼ੁਭਚਿੰਤਕਾਂ ਲਈ ਇਕ ਸਮੱਸਿਆ ਉਤਪੰਨ ਕਰ ਦਿੱਤੀ ਹੈ। ਇਸ ਵਿਰੁੱਧ ਕਈਆਂ ਨੇ ਕਰੋਧ ਵਿਚ ਆ ਕੇ ਸਰਕਾਰ ਨੂੰ ਇਸ ਲਹਿਰ ਨੂੰ ਸਖ਼ਤੀ ਨਾਲ ਦਬਾ ਦੇਣ ਲਈ ਜ਼ੋਰ ਪਾਇਆ ਹੈ। ਪਰ ਜਿਵੇਂ ਸਖ਼ਤ ਕਦਮ ਚੁੱਕਣ ਦੀ ਪ੍ਰੇਰਨਾ ਕਰਨ ਵਾਲੇ ਆਪ ਆਖਦੇ ਹਨ, ਇਹ ਮੰਗ ਕੋਈ ਮੂਲੋਂ ਨਵੀਂ ਗੱਲ ਨਹੀਂ। ਸਾਡੇ ਇਸ ਪਿਛਲੇ ਸਮੇਂ ਦੇ ਇਤਿਹਾਸ ਵਿਚ ਜਦੋਂ ਵੀ ਕੋਈ ਮੋੜ ਕੱਟਿਆ ਗਿਆ ਹੈ ਤਾਂ ਇਹ ਮੰਗ ਇਕ ਜਾਂ ਦੂਜੇ ਰੂਪ ਵਿਚ ਉਠਾਈ ਜਾਂਦੀ ਰਹੀ, ਤੇ ਇਸ ਨੂੰ ਸਿੱਖ ਲੋਕਾਂ ਦੇ ਸੁਭਾਉ ਦੀ ਕੋਈ ਵਿਸ਼ੇਸ਼ ਅੜਵਾਈ ਆਖਿਆ ਗਿਆ ਹੈ ਪਰ ਇਸ ਰੋਗ ਨੂੰ ਸਮਝਣ ਦਾ ਯਤਨ ਬਹੁਤ ਘੱਟ ਕੀਤਾ ਗਿਆ ਹੈ। ਇਹ ਰੋਗ ਹੀ ਤਾਂ ਹੈ—ਇਕ ਪ੍ਰਕਾਰ ਦਾ ਜਿੰਨ ਜਿਹੜਾ ਸਿੱਖ ਪੰਥ ਦੇ ਇਕ ਵੱਡੇ ਭਾਗ ਨੂੰ ਤਦੋਂ ਤੋਂ ਚਿੰਬੜਿਆ ਹੋਇਆ ਹੈ ਜਦੋਂ ਅੰਗਰੇਜ਼ਾਂ ਨੇ ਰਣਜੀਤ ਸਿੰਘ ਦੇ ਰਾਜ ਨੂੰ ਪਰਾਜਿੱਤ ਕਰਕੇ ਸਿੱਖ ਲੋਕਾਂ ਦੇ ਆਪਣੇ ਮਹਾਨ ਭਵਿੱਖ ਤੋਂ ਵਾਂਝੇ ਕਰ ਦਿੱਤਾ ਹੈ।

ਸਿੱਖਾਂ ਦੇ ਇਸ ਭਾਗ ਨੂੰ ਆਪਣੀ ਹੋਣੀ ਵਿਰੁੱਧ ਸਦਾ ਇਹ ਗਿਲਾ ਰਿਹਾ ਹੈ ਕਿ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਪਿਛੋਂ ਉਸ ਦੇ ਰਾਜ ਨਾਲ ਆਗੂਆਂ, ਜਰਨੈਲਾਂ ਤੇ ਵਜ਼ੀਰਾਂ ਨੇ ਵੱਡਾ ਧ੍ਰੋਹ ਕਮਾਇਆ। ਇਹਨਾਂ ਨੂੰ ਸਦਾ ਵਿਸ਼ਵਾਸ ਰਿਹਾ ਹੈ ਕਿ ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੇ ਸੈਨਿਕ ਬਲ ਨਾਲ ਨਹੀਂ, ਸਗੋਂ ਰਾਜ ਦੇ ਵਜ਼ੀਰਾਂ ਤੇ ਜਰਨੈਲਾਂ ਤੇ ਰਣਜੀਤ ਸਿੰਘ ਦੀ ਮਹਾਰਾਣੀ ਜਿੰਦਾਂ ਤਕ ਨੂੰ ਵੱਢੀਆਂ ਦੇ ਕੇ ਹਰਾਇਆ ਸੀ। ਇਸ ਪ੍ਰਕਾਰ ਅੰਗਰੇਜ਼ਾਂ ਨੇ ਆਪ ਸਿੰਘਾਂ ਦੇ ਇਸ ਵਿਸ਼ਵਾਸ ਨੂੰ ਖ਼ਾਲਸਾ ਫੌਜ ਦੀ ਯੁੱਧ ਸ਼ਕਤੀ ਦੀ ਪ੍ਰਸ਼ੰਸਾ ਕਰਕੇ ਤਕੜਾ ਕੀਤਾ ਸੀ।

ਜਿਵੇਂ ਅੰਗਰੇਜ਼ ਹਾਕਮਾਂ ਨੂੰ ਆਪ ਇਸ ਗੱਲ ਬਾਰੇ ਪਾਪ ਕਮਾਉਣ ਦੀ ਭਾਵਨਾ ਹੋਵੇ, ਉਹਨਾਂ ਨੇ ਪੰਜਾਬ ਨੂੰ ਜਿੱਤਣ ਤੋਂ ਪਿਛੋਂ ਸਿੱਖ ਕਿਰਸਾਨੀ ਤੇ ਸਰਦਾਰੀ

ਨਾਲ ਇਕ ਤਰ੍ਹਾਂ ਮਾਪਿਆਂ ਵਰਗਾ ਸਲੂਕ ਕੀਤਾ, ਜਿਸ ਕਾਰਣ ਅੰਗਰੇਜ਼ਾਂ ਦੀ ਥਾਪਨਾ ਨਾਲ ਸਿੱਖ ਵੀਹਵੀਂ ਸਦੀ ਦੇ ਮੁੱਢ ਤੱਕ ਪੰਜਾਬ ਦੀ ਸਰਦਾਰੀ ਮਾਣਦੇ ਰਹੇ ਪਰ ਭਾਵੇਂ 19ਵੀਂ ਸਦੀ ਦੇ ਦੂਜੇ ਅੱਧ ਦੇ ਵਰ੍ਹਿਆਂ ਵਿਚ ਸਿੱਖ ਇਕ ਤਰ੍ਹਾਂ ਦਾ ਗੌਰਵ ਪ੍ਰਤੀਤ ਕਰਦੇ ਰਹੇ, ਰਾਜ ਭਾਗ ਖੁਸ ਜਾਣ ਦਾ ਖੇਦ ਮੁੜ ਮੁੜ ਫੁਟ ਕੇ ਉਹਨਾਂ ਪਾਸੋਂ ਇਸ ਖੁਸੇ ਰਾਜ ਭਾਗ ਦੀ ਪੁਨਰ ਸਥਾਪਨਾ ਲਈ ਜੀ ਭਿਆਣੇ ਯਤਨ ਕਰਵਾਉਂਦਾ ਰਿਹਾ। ਪਹਿਲਾਂ ਪਿਛਲੀ ਸਦੀ ਦੇ ਸਤਰਵਿਆਂ ਵਿਚ ਨਾਮਧਾਰੀ ਵਿਦਰੋਹ ਦੇ ਰੂਪ ਵਿਚ, ਫਿਰ ਅਭਾਗੇ ਦਲੀਪ ਸਿੰਘ ਉਤੇ ਕੇਂਦਰਤ ਨਿਰਾਰਥਕ ਗੋਂਦਾਂ ਤੇ ਸਾਜ਼ਿਸ਼ਾਂ ਦੇ ਰੂਪ ਵਿਚ, ਤੇ ਹੋਰ ਪਿਛੋਂ ਕੈਨੇਡਾ ਤੇ ਅਮਰੀਕਾ ਵਿਚ ਪੰਜਾਬੀ ਆਵਾਸੀਆਂ ਦੀ ਗ਼ਦਰ ਲਹਿਰ ਦੇ ਉਡਨੇ ਜੀ ਭਿਆਣੇ ਸਾਹਸ ਤੇ ਪਰਿਆਸ ਦੇ ਰੂਪ ਵਿਚ ਤੇ ਫਿਰ ਜਦੋਂ **ਪਹਿਲੇ ਵਿਸ਼ਵ ਯੁੱਧ ਤੋਂ ਪਿਛੋਂ ਅੰਗਰੇਜਾਂ ਨੇ ਭਾਰਤੀ ਲੋਕਾਂ ਦੀਆਂ ਸਵਰਾਜ ਪ੍ਰਾਪਤੀ ਦੀਆਂ ਆਸਾਂ ਉਤੇ ਪਾਣੀ ਫੇਰ ਦਿੱਤਾ ਪੰਜਾਬ ਦੇ ਸਿੱਖਾਂ ਨੇ ਹੀ ਅੰਗਰੇਜ਼ ਹਾਕਮਾਂ ਲਈ ਆਪਣੇ ਆਪ ਲਈ ਇਥੇ ਅਧਿਕਤਮ ਕਲੇਸ਼ ਉਤਪੰਨ ਕੀਤੇ।**

ਇਸ ਯੁੱਧ ਤੋਂ ਪਿਛੋਂ ਸੁਤੰਤਰਤਾ ਸੰਘਰਸ਼ ਵਿਚ ਸਿੱਖਾਂ ਦੀ ਮਹਾਨ ਭੂਮਿਕਾ ਦੇ ਕਾਰਣ ਉਹਨਾਂ ਨੂੰ ਸਰਵ ਭਾਰਤੀ ਕਾਂਗਰਸ ਦੇ ਉਚਤਮ ਆਗੂਆਂ ਨੇ ਰੱਜ ਕੇ ਸਰਾਹਿਆ ਤੇ **ਸੱਚ ਪੁੱਛੋ ਤਾਂ ਇਕ ਸਿਆਣਪ ਤੋਂ ਸਖਣਾ ਬਚਨ ਦਿੱਤਾ ਕਿ ਸੁਤੰਤਰ ਭਾਰਤ ਵਿਚ ਸਿੱਖਾਂ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਵੇਗੀ।** ਇਹਨਾਂ ਆਗੂਆਂ ਨੂੰ ਉਸ ਵੇਲੇ ਇਹ ਨਹੀਂ ਸੀ ਸੁਝਿਆ ਜਾਪਦਾ ਕਿ ਲੋਕਾਂ ਦੇ ਇਕ ਭਾਗ ਨੂੰ ਵਿਸ਼ੇਸ਼ ਮਹੱਤਤਾ ਕਿਸੇ ਦੂਜੇ ਭਾਗ ਤੋਂ ਕੁਝ ਖੋਹ ਕੇ ਹੀ ਦਿੱਤੀ ਜਾ ਸਕਦੀ ਹੈ।

ਪੰਡਤ ਜਵਾਹਰ ਲਾਲ ਵਰਗੇ ਮਹਾਨ ਕਾਂਗਰਸੀ ਨੇਤਾਵਾਂ ਦਾ ਉਸ ਵੇਲੇ ਵਿਚਾਰ ਸੀ ਕਿ ਜਿਸ ਪੰਜਾਬ ਵਿਚ ਦੇਸ਼ ਦੀ ਵੰਡ ਤੋਂ ਪਹਿਲਾਂ ਸਿੱਖਾਂ ਦੀ ਵਸੋਂ 16 ਫ਼ੀਸਦੀ ਸੀ ਤੇ ਬਟਵਾਰੇ ਤੋਂ ਪਿਛੋਂ ਕੇਵਲ ਤੀਹ ਫ਼ੀਸਦੀ ਹੋਵੇਗੀ ਤੇ ਇਸ ਸਥਿਤੀ ਵਿਚ ਸਿੱਖਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣੀਆਂ ਕਿਸੇ ਨੂੰ ਚੁਭਣਗੀਆਂ ਨਹੀਂ। ਨਿਰਸੰਦੇਹ ਉਹਨਾਂ ਨੂੰ ਖ਼ਿਆਲ ਨਹੀਂ ਸੀ ਕਿ ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਦੋਹਾਂ ਪੰਜਾਬਾਂ ਵਿਚ ਅਜਿਹੇ ਹਿੰਸਕ ਕਾਰੇ ਵਰਤਣਗੇ, ਜਿਨ੍ਹਾਂ ਨਾਲ ਵਸੋਂ ਦਾ ਤਬਾਦਲਾ ਹੋ ਕੇ ਸ਼ੁਧ ਪੰਜਾਬ ਪ੍ਰਦੇਸ਼ ਵਿਚ ਸਿੱਖ ਇਕ ਬਹੁ ਗਿਣਤੀ ਬਣ ਜਾਣਗੇ, ਜਿਸ ਦੇ ਬਲ ਉਤੇ ਉਹ ਉਸ ਨਿਯਮ ਅਨੁਸਾਰ ਜਿਹੜਾ ਕਾਂਗਰਸ ਨੇ ਆਪਣੀ ਨੀਤੀ ਦਾ ਇਕ ਅੰਗ ਮੰਨਿਆ ਸੀ, ਇਕ ਪੰਜਾਬੀ ਭਾਸ਼ੀ ਰਾਜ ਦੀ ਸਥਾਪਨਾ ਦੀ ਮੰਗ ਕਰਨਗੇ।



**ਜਦੋਂ ਇਸ ਪ੍ਰਕਾਰ ਸਿੱਖਾਂ ਨੂੰ ਸ਼ੁਧ ਪੰਜਾਬ ਵਿਚ ਬਹੁ ਗਿਣਤੀ ਪ੍ਰਾਪਤ ਹੋ ਗਈ ਤਾਂ ਕਾਂਗਰਸ ਦੇ ਨੇਤਾ ਵਧੇਰੇ ਕਰਕੇ ਇਸ ਦੀ ਹਿੰਦੂ ਵਸੋਂ ਦੇ ਦਬਾਓ ਅਧੀਨ ਇਕ ਪੰਜਾਬੀ ਭਾਸ਼ੀ ਰਾਜ ਬਣਾਉਣ ਤੋਂ ਝਿਜਕਣ ਲਗ ਪਏ ਤੇ ਕਈ ਹੀਲੇ ਬਹਾਨੇ ਬਣਾਕੇ ਇਸ ਭਾਵੀ ਨੂੰ ਟਾਲਦੇ ਰਹੇ।** ਕਿਸੇ ਕੁਟਿਲ ਨੀਤੀ ਦੇ ਅਧੀਨ ਨਹੀਂ, ਇਕ ਸੁਭਾਵਿਕ ਸੰਸਕ੍ਰਿਤਕ ਪ੍ਰਤੀਕ੍ਰਿਆ ਦੇ ਰੂਪ ਵਿਚ ਰਾਜ ਵਿਚ ਹਿੰਦੂਆਂ ਦੀ ਬਹੁ ਗਿਣਤੀ ਪੰਜਾਬੀ ਦੀ ਥਾਂ ਹਿੰਦੀ ਨੂੰ ਆਪਣੀ ਮਾਤ ਭਾਸ਼ਾ ਦਸਣ ਲਗ ਪਈ। **ਇਸ ਨਾਲ ਸਿੱਖਾਂ ਦੇ ਵਿਸ਼ਵਾਸ ਨੂੰ ਏਨਾ ਧੱਕਾ ਲੱਗਾ ਕਿ ਉਹਨਾਂ ਨੂੰ ਇਸ ਨਵੇਂ ਪੰਜਾਬ ਵਿਚ ਹਿੰਦੂ ਉਸੇ ਤਰ੍ਹਾਂ ਦੇ ਰਾਜ ਧਰੋਹੀ ਜਪਾਣ ਲਗ ਪਏ ਜਿਸ ਤਰ੍ਹਾਂ ਦੇ ਅੰਗਰੇਜ਼ਾਂ ਦੇ ਵਿਰੁੱਧ ਲੜਾਈਆਂ ਦੇ ਸਮੇਂ ਲਾਲ ਸਿੰਘ, ਤੇਜਾ ਸਿੰਘ ਤੇ ਗੁਲਾਬ ਸਿੰਘ ਜਾਪਦੇ ਸਨ। ਸੱਚ ਹੀ ਉਹਨਾਂ ਨੂੰ ਸਾਰੀ ਹਿੰਦੂ ਵਸੋਂ ਆਪਣੇ ਵਿਰੁੱਧ ਤੇ ਨਵੇਂ ਪੰਜਾਬ ਦੇ ਵਿਰੁੱਧ ਇਕ ਧਰੋਹ ਕਮਾਉਂਦੀ ਦਿਸਣ ਲਗ ਪਈ।**

ਦੇਸ਼ ਦੇ ਮੰਦੇ ਭਾਗਾਂ ਨੂੰ 1966-67 ਵਿਚ ਪੰਜਾਬ ਤੇ ਹਰਿਆਣੇ ਦੀ ਨਿਸ਼ਾਨਦੇਹੀ ਕਰਨ ਵਾਲਾ **ਆਯੋਗ** ਦੇਸ਼ ਦੇ **ਉਸ ਕੰਮ ਟਪਾਊ ਪ੍ਰਧਾਨ ਮੰਤਰੀ ਨੇ ਨਿਯੁਕਤ ਕੀਤਾ**, ਜਿਹੜਾ ਪੰਜਾਬੀ ਹਿੰਦੂ ਮੂਲ ਦਾ ਗੁਜਰਾਤੀ ਸੀ ਤੇ ਸਿਖਾਂ ਦੀਆਂ ਨਜ਼ਰਾਂ ਵਿਚ ਹਿੰਦੀ ਪੱਖੀ ਹੋਣ ਕਰਕੇ ਮਸ਼ਕੂਕ ਸੀ ਤੇ ਆਯੋਗ ਨੂੰ ਇਹ ਨਿਰਦੇਸ਼ਨ ਸੀ ਕਿ 1951 ਦੀ ਜਨਗਣਨਾ ਨੂੰ ਨਿਸ਼ਾਨਦੇਹੀ ਦਾ ਮੁੱਖ ਆਧਾਰ ਬਣਾਇਆ ਜਾਵੇ, ਸਿਖਾਂ ਲਈ ਹੋਰ ਵੀ ਸੰਦੇਹ ਜਨਕ ਸੀ ਕਿਉਂਕਿ 1951 ਦੀ ਜਨਗਣਨਾ ਉਤੇ ਪੰਜਾਬੀ ਹਿੰਦੂਆਂ ਦੀ ਬਹੁ ਸੰਖਿਆ ਦੀ **ਸਿੱਖ ਵਿਰੋਧੀ ਭਾਵਨਾ ਦਾ ਪਰਛਾਵਾਂ ਸੀ।** ਅਸਚਰਜ ਨਹੀਂ ਕਿ ਜਦੋਂ ਇਸ ਆਯੋਗ ਨੇ ਆਪਣਾ ਨਿਰਣਾ ਦਿੱਤਾ ਤਾਂ ਖਰੜ ਦੀ ਤਹਿਸੀਲ ਨੂੰ ਜਿਸ ਵਿਚ ਚੰਡੀਗੜ੍ਹ ਸਥਿਤ ਸੀ, ਹਰਿਆਣੇ ਵਿਚ ਪਾ ਦੇਣ ਦੀ ਸਿਫਾਰਸ਼ ਕੀਤੀ। ਇਹ ਨਿਰਣਾ ਏਨਾ ਸਪੱਸ਼ਟ ਅਨਿਆਏ ਸੀ ਕਿ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੇ ਇਸ ਨੂੰ ਬਦਲ ਕੇ ਚੰਡੀਗੜ੍ਹ ਇਕ ਵੱਖਰਾ ਪ੍ਰਦੇਸ਼ ਬਣਾ ਦੇਣਾ ਤੇ ਬਾਕੀ ਦੀ ਖਰੜ ਤਹਿਸੀਲ ਨੂੰ ਪੰਜਾਬ ਵਿਚ ਪਾ ਦੇਣਾ ਯੋਗ ਸਮਝਿਆ।

ਨਵੇਂ ਪੰਜਾਬ ਵਿਚ ਜਿਹੜੀ ਸਰਦਾਰੀ ਸਿੱਖ ਆਪਣੇ ਬਟਵਾਰੇ ਸਮੇਂ ਦੇ ਨਿਰਦਈ ਤੇ ਹਿੰਸਕ ਵਰਤਾਰੇ ਤੋਂ ਪਿਛਲੇ ਵਰ੍ਹਿਆਂ ਦੇ ਸੰਘਰਸ਼ ਪਿਛੋਂ ਸਥਾਪਤ ਕਰ ਸਕੇ ਸਨ, ਉਸ ਨੂੰ ਦੋ ਗੱਲਾਂ ਨੇ ਨਿਰਾਰਥਕ ਕਰ ਦਿੱਤਾ। (1) **ਇਕ ਪੰਜਾਬੀ ਹਿੰਦੂਆਂ ਦੇ ਵੱਡੇ ਭਾਗ ਦਾ ਇਹ ਹਠ ਕਰਨਾ ਕਿ ਉਹਨਾਂ ਦੀ ਮਾਤ ਭਾਸ਼ਾ ਪੰਜਾਬੀ**

**ਨਹੀਂ ਹਿੰਦੀ ਹੈ ਤੇ ਪੰਜਾਬ ਦੇ ਸਰਕਾਰੀ** ਦਫ਼ਤਰਾਂ ਤੇ ਵਿਦਿਆਲਿਆਂ ਵਿਚ ਇਕ ਜਾਂ ਦੂਜੇ ਬਹਾਨੇ ਪੰਜਾਬੀ ਦੀ ਵਰਤੋਂ ਦੀ ਰਾਹ ਵਿਚ ਰੋਕ ਪਾਉਣਾ ਤੇ ਦੂਜਾ (2) ਨਵੇਂ ਪੰਜਾਬ ਵਿਚੋਂ ਕੁਝ ਪੰਜਾਬੀ ਭਾਸ਼ੀ ਮੰਡਲਾਂ ਨੂੰ ਬਾਹਰ ਰਖੇ ਜਾਣਾ, ਇਸ ਬਹਾਨੇ ਨਾਲ ਕਿ ਉਹ ਪੂਰੀਆਂ ਤਹਿਸੀਲਾਂ ਨਹੀਂ ਸਨ ਜਿਵੇਂ ਕੁੱਦਰਤ ਵਲੋਂ ਜਾਂ ਸੰਵਿਧਾਨ ਦੇ ਅਧੀਨ ਤਹਿਸੀਲ ਦੀ ਹਦਬੰਦੀ ਇਕ ਅਟਲ ਸਚਾਈ ਹੋਵੇ। ਹਦਬੰਦੀ ਆਯੋਗ ਤੇ ਹਿੰਦੀ ਪੱਖੀ ਪੰਜਾਬੀ ਹਿੰਦੂ ਇਹ ਨਾ ਦੇਖ ਸਕੇ ਕਿ ਇਸ ਸਥਿਤੀ ਵਿਚ ਹਰਿਆਣੇ ਨੂੰ ਸ਼ੁਧ ਅਰਥਾਂ ਵਿਚ ਦੁਭਾਸ਼ੀ ਰਾਜ ਮੰਨ ਲੈਣ ਦੀ ਮੰਗ ਕਿਸੇ ਸਮੇਂ ਉਠ ਖੜੀ ਹੋਵੇਗੀ।

ਨਵੇਂ ਪੰਜਾਬ ਵਿਚ, ਹਿੰਦੀ ਦੇ ਖੁਲ੍ਹੇ ਜਾਂ ਗੁਝੇ ਪੱਖੀਆਂ ਦੇ ਦਬਾਓ ਅਧੀਨ ਕਾਂਗਰਸ ਤੇ ਅਕਾਲੀ ਦੋਹਾਂ ਪਾਰਟੀਆਂ ਦੀਆਂ ਸਰਕਾਰਾਂ ਨੇ ਪੰਜਾਬੀ ਨੂੰ ਪੂਰੀ ਤਰ੍ਹਾਂ ਰਾਜ ਕਾਜ ਤੇ ਉੱਚੀ ਵਿਦਿਆ ਦਾ ਮਾਧਿਅਮ ਨਾ ਬਣਾ ਸਕਣ ਤੇ ਸਿੱਖਾਂ ਦੇ ਗਿਲੇ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਉਹ ਮਹਿਸੂਸ ਕਰਦੇ ਹਨ ਕਿ ਜਿਹੜੀ ਸਰਦਾਰੀ ਨਵੇਂ ਪੰਜਾਬ ਵਿਚ ਆਪਣੀ ਬਹੁ-ਸੰਖਿਆ ਦੇ ਕਾਰਣ ਭਾਵੇਂ ਇਹ ਬਹੁ-ਸੰਖਿਆਂ ਵੱਡੀ ਭਾਰੀ ਨਹੀਂ, ਉਹਨਾਂ ਨੂੰ ਪ੍ਰਾਪਤ ਹੋਣੀ ਚਾਹੀਦੀ ਹੈ, ਹਿੰਦੂ ਪੱਖੀ ਤੱਤਾਂ ਦੇ ਜ਼ੋਰ ਕਾਰਣ ਉਹ ਚਲਣ ਨਹੀਂ ਦਿੱਤੀ ਜਾ ਰਹੀ। ਇਸ ਗਿਲੇ ਨੇ ਸਿੱਖਾਂ ਦੇ ਮਨਾਂ ਵਿਚ ਹਿੰਦੀ ਦੇ ਵਿਰੁੱਧ ਇਤਨਾ ਵੈਰ ਭਾਵ ਪੈਦਾ ਕਰ ਦਿੱਤਾ ਹੈ ਕਿ ਉਹ ਸੈਨਾ ਤੇ ਉਚੇਰੀਆਂ ਸਰਕਾਰੀ ਪਦਵੀਆਂ ਉਤੇ ਸਥਾਪਿਤ ਸਿੱਖ ਅਫ਼ਸਰਾਂ ਸਮਾਜਿਕ ਤੇ ਸੰਸਕ੍ਰਿਤਕ ਵਿਵਹਾਰ ਵਿਚ ਹਿੰਦੀ ਦੀ ਵਰਤੋਂ ਉਹਨਾਂ ਨੂੰ ਚੰਗੀ ਨਹੀਂ ਲਗਦੀ। ਪੰਜਾਬੀ ਸਾਹਿਤ ਦੇ ਖੇਤਰ ਵਿਚ ਵੀ ਵਿਦਵਾਨ ਸਿੱਖ ਲੇਖਕਾਂ ਵਿਚ ਸੰਸਕ੍ਰਿਤ ਅਧਾਰਤ ਸ਼ਬਦਾਂ ਤੇ ਪੰਕਤੀਆਂ ਵਰਤਣ ਦੀ ਰੁਚੀ ਵੀ ਹਿੰਦੀ ਦੀ ਮਾਨਸਿਕ ਗੁਲਾਮੀ ਕਹਿ ਕੇ ਨਿੰਦੀ ਜਾਂਦੀ ਹੈ, ਇਸ ਮਨੌਤ ਅਧੀਨ ਕਿ ਪੰਜਾਬੀ ਨਾਲੋਂ ਹਿੰਦੀ ਸੰਸਕ੍ਰਿਤ ਦੇ ਵਧੇਰੇ ਨੇੜੇ ਹੈ।

**ਇਹ ਕਹਿਣ ਦਾ ਕੋਈ ਲਾਭ ਨਹੀਂ ਸਿੱਖਾਂ ਦੀ ਇਹ ਅਸੰਤੁਸ਼ਟਤਾ ਉਹਨਾਂ ਦੀ ਪਾਪ ਭਾਵੀ ਹਵਸ ਹੈ।** ਸਾਰਾ ਰਾਜਸੀ ਜੀਵਨ ਮਨੁੱਖ ਦੀ ਹਵਸ ਦਾ ਪਸਾਰ ਹੈ, ਭਾਵੇਂ ਇਸ ਹਵਸ ਨੂੰ ਪਾਪ ਭਾਵੀ ਕਹੋ ਭਾਵੇਂ ਨਾ। ਰਾਜ ਵਿਦਰੋਹੀ, ਕ੍ਰਾਂਤੀਕਾਰੀ ਰਾਜਸੀ ਦਲ ਤੇ ਉਹਨਾਂ ਦੇ ਨੇਤਾ ਕੋਈ ਨਾ ਹੁੰਦੇ **ਜੇ ਮਨੁੱਖੀ ਮਨ ਵਿਚ ਹਵਸ ਨਾ ਹੁੰਦੀ** ਪਰ ਉਸ ਹਵਸ ਦਾ ਸੁਭਾਓ ਤੇ ਮਾਤਰਾ ਕਿਸੇ ਪਰਿਵਾਰ ਗੁਟ ਜਾਂ ਪਰੰਪਰਾ ਦੇ ਇਤਿਹਾਸ ਤੋਂ ਨਿਰਨੀਤ ਹੁੰਦਾ ਹੈ। ਪੁਰਾਣੇ ਸਮੇਂ ਵਿਚ ਰਾਜ



ਵੰਸ਼ਾ ਹੋਰ ਉੱਚ ਕਲੀਨ ਹਵਸ ਦੇ ਸਾਹ ਹੀ ਲੈਂਦੇ ਸਨ, ਤੇ ਉਹ ਰਾਜਵੰਸ਼ ਬਣਦੇ ਹੀ ਇਸ ਹਵਸ ਦੀ ਸਫ਼ਲਤਾ ਨਾਲ ਸਨ। ਇਸੇ ਤਰ੍ਹਾਂ ਕਿਸੇ ਜਨਸਮੂਹ ਕੌਮ ਜਾਂ ਕਬੀਲੇ ਵਿਚ ਹਵਸ ਦਾ ਸਾਹ ਹੁੰਦਾ ਹੈ। ਮੱਧਕਾਲ ਦੇ ਮੁਢ ਵਿਚ ਹਵਸ ਦਾ ਇਹ ਸਾਹ ਬਹੁਤ ਸਮੂਹਾਂ ਵਿਚ ਧਰਮ ਤੋਂ ਉਤਪੰਨ ਹੁੰਦਾ ਸੀ। ਜਿਸ ਕਾਰਣ ਉਹ ਪਹਿਲਾਂ ਸਥਾਪਨਾ ਵਿਰੁੱਧ ਵਿਦਰੋਹ ਕਰਦੇ ਸਨ ਤੇ ਫਿਰ ਆਪ ਸ਼ਾਸਕ ਬਣ ਜਾਂਦੇ ਸਨ। ਸਿੱਖਾਂ ਨਾਲ ਵੀ ਸਤਾਰਵੀਂ ਤੇ ਅਠਾਰਵੀਂ ਸਦੀ ਵਿਚ ਇਹੀ ਕੁਝ ਵਰਤਿਆ।

ਸਿੱਖਾਂ ਦੀ ਸਥਾਪਨਾ ਤੋਂ ਪਹਿਲਾਂ ਪੰਜਾਬ ਵਿਚ ਦੇਸੀ ਹਿੰਦੂ ਵਸੋਂ ਵਿਚੋਂ ਜੱਟ (ਜਾਟ) ਤੇ ਰਾਜਪੂਤ ਅਜਿਹੇ ਸਮੂਹ ਸਨ ਇਹਨਾਂ ਨੂੰ ਤੁਰਕਾਂ, ਅਫ਼ਗਾਨਾਂ ਤੇ ਮੁਗ਼ਲਾਂ ਨੇ ਵਿਸਥਾਪਤ ਕੀਤਾ, ਭਾਵੇਂ ਇਹ ਮੁੜ-ਮੁੜ ਰਾਜਸੀ ਸ਼ਕਤੀ ਜਿੱਤਣ ਲਈ ਤੁਰਕਾਂ ਮੁਗਲਾਂ ਵਿਰੁੱਧ ਲੜਦੇ ਰਹੇ ਤੇ ਇਉਂ ਪ੍ਰਤੀਤ ਹੁੰਦਾ ਹੈ ਕਿ ਜਦੋਂ ਜੱਟ (ਜਾਟ) ਤੇ ਰਾਜਪੂਤ ਤੁਰਕਾਂ, ਅਫ਼ਗਾਨਾਂ ਤੇ ਮੁਗਲਾਂ ਦੀ ਸਰਦਾਰੀ ਮੰਨ ਕੇ ਬੈਠ ਗਏ ਤਾਂ ਸਿੱਖ ਸਮੂਹ ਨੇ ਉਹਨਾਂ ਦੇ ਵਿਰੋਧ ਦਾ ਬੀੜਾ ਚੁਕ ਲਿਆ। ਇਸ ਤੋਂ ਪਹਿਲਾਂ ਇਸ ਨੂੰ ਯਥਾਰਥਕ ਸਿੱਧ ਕਰਨ ਲਈ ਇਹ ਮਿਥਿਆ ਘੜੀ ਗਈ ਕਿ ਬਾਬਰ ਨੂੰ ਸੱਤਾਂ ਪੀੜ੍ਹੀਆਂ ਦਾ ਰਾਜ ਗੁਰੂ ਨਾਨਕ ਦੇ ਵਰ ਤੋਂ ਮਿਲਿਆ ਸੀ ਪਰ ਇਤਿਹਾਸ ਨੇ ਕੁਝ ਅਜਿਹਾ **ਮੋੜ ਕੱਟਿਆ ਕਿ ਗੁਰੂ ਨਾਨਕ ਦੇ ਸਿੱਖਾਂ ਨੂੰ ਹੀ ਮੁਗਲਾਂ ਵਿਰੁੱਧ ਲੜਨਾ ਪਿਆ। ਜਿਸ ਨਾਲ ਆਪਣੇ ਦੇਸ਼ ਵਿਚ ਰਾਜੇ ਬਣ ਗਏ ਤੇ ਫ਼ਿਰ ਰਾਜੇ ਬਣ ਕੇ ਉਹਨਾਂ ਨੇ ਏਨਾ ਵਿਭਾਵ ਪ੍ਰਾਪਤ ਕਰ ਲਿਆ ਕਿ ਉਨ੍ਹਾਂ ਦਾ ਵਿਸ਼ਵਾਸ ਬਣ ਗਿਆ ਕਿ ਸੱਤਾਂ ਸਦੀਆਂ ਦੇ ਤੁਰਕ ਮੁਗ਼ਲ ਰਾਜ ਪਿਛੋਂ ਹੁਣ ਉਹਨਾਂ ਦੀ ਆਪਣੇ ਦੇਸ਼ ਤੇ ਰਾਜ ਕਰਨ ਦੀ ਵਾਰੀ ਆ ਗਈ ਸੀ।**


ਇਸ ਸਮੇਂ ਉਹ ਆਪਣੇ ਆਪ ਨੂੰ ਹਿੰਦੂ ਜਗਤ ਦੇ ਨਵੇਂ ਕਸ਼ਤਰੀ ਆਖਦੇ ਸਨ ਤੇ ਇਸ ਵਿਸ਼ਵਾਸ ਦੇ ਬਲ ਉਤੇ ਉਹ ਆਪਣੀਆਂ ਸੈਨਾਵਾਂ ਨੂੰ ਦਿੱਲੀ ਤੋਂ ਵੀ ਅਗੇ ਅਲੀਗੜ੍ਹ ਤੱਕ ਲੈ ਗਏ। ਇਸ ਪਸਾਰ ਵਿਚ ਉਹਨਾਂ ਦਾ ਸਾਹਮਣਾ ਮਰਾਠਿਆਂ ਨਾਲ ਹੋ ਗਿਆ। ਸੱਚ ਤਾਂ ਇਹ ਹੈ ਕਿ **ਜਦੋਂ ਸਰਦਾਰ ਬਘੇਲ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਕੁਝ ਚਿਰ ਲਈ ਦਿੱਲੀ ਤੇ ਕਬਜ਼ਾ ਕਰ ਲਿਆ ਸੀ** ਉਹ ਮੂਲ ਸ਼ਹਿਨਸ਼ਾਹ ਪਾਸੋਂ ਮਾਮੂਲੀ ਰਿਆਇਤਾਂ ਲੈ ਕੇ ਮੁਗ਼ਲਾਂ ਤੇ ਮਰਾਠਿਆਂ ਦੇ ਇਕੱਠੇ ਬਲ ਤੋਂ ਡਰਦੇ ਦਿੱਲੀ ਛੱਡ ਆਏ ਸਨ।

ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਇਕ ਸ਼ਕਤੀਵਰ ਰਾਜ ਦਾ ਨਿਰਮਾਣ

ਕਰ ਰਿਹਾ ਸੀ ਤਾਂ ਉਸ ਨੂੰ ਹਿੰਦੁਸਤਾਨ ਦੇ ਮੱਧ ਤਕ ਆਪਣੀ ਵਿਜੈ ਨੂੰ ਲੈ ਜਾਣ ਤੋਂ ਅੰਗਰੇਜ਼ ਸ਼ਕਤੀ ਨੇ ਰੋਕ ਦਿੱਤਾ। ਰਣਜੀਤ ਸਿੰਘ ਦਾ ਵਿਸ਼ਵਾਸ ਸੀ ਕਿ ਉਹ ਅੰਗਰੇਜ਼ਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ ਤੇ ਜਦੋਂ ਉਸ ਦੀ ਮ੍ਰਿਤੂ ਤੋਂ ਪਿਛੋਂ ਸਿੱਖਾਂ ਨੂੰ ਅੰਗਰੇਜ਼ਾਂ ਵਿਰੁੱਧ ਲੜਨਾ ਪਿਆ ਤਾਂ ਉਹ ਜਾਣਦੇ ਸਨ ਕਿ ਉਹ ਇਕ ਅਸੰਭਵ ਪ੍ਰਾਪਤੀ ਲਈ ਲੜ ਰਹੇ ਹਨ।

ਪਰ ਸਿੱਖਾਂ ਦੀ ਉਸ ਸਮੇਂ ਦੀ ਅਸੰਭਵ ਪ੍ਰਾਪਤੀ ਦੀ ਆਸ ਮੂਲੋਂ ਮਰੀ ਨਹੀਂ ਸਗੋਂ ਇਹ ਆਸ ਦੇ ਸਹਾਰੇ ਉਸ ਵਰਤਮਾਨ ਪੰਜਾਬ ਵਿਚ ਆਪਣੀ ਸੰਵਿਧਾਨਿਕ ਬਹੁ ਸੰਖਿਆ ਨੂੰ ਸਥਾਈ ਸਰਦਾਰੀ ਬਣਾਉਣਾ ਲੋਚਦੇ ਹਨ। **ਉਹਨਾਂ ਦੀ ਕਿਸੇ ਪ੍ਰਕਾਰ ਦੇ ਖ਼ਾਲਿਸਤਾਨ ਜਾਂ ਸਿੱਖ ਸਰਦਾਰੀ ਵਾਲੇ ਰਾਜ ਦੀ ਸਥਾਪਨਾ ਦੀ ਹਵਸ ਸਮਾਪਤ ਨਹੀਂ ਹੋਈ, ਭਾਵੇਂ ਇਹ ਇਕ ਅਸੰਭਵ ਆਸ ਪ੍ਰਤੀਤ ਹੁੰਦੀ ਹੈ।**

———— —— ————



ਸ਼ਹੀਦ ਭਾਈ ਫ਼ੌਜਾ ਸਿੰਘ ਜੀ

# ਜ਼ੁਲਮ ਦਾ ਬਦਲਾ ਲੈਣਾ ਕੋਈ ਗੁਨਾਹ ਨਹੀਂ

## *ਵਿਸਾਖੀ ਸਾਕੇ ਦੇ ਸ਼ਹੀਦ ਭਾਈ ਫੌਜਾ ਸਿੰਘ ਦੀ ਸ਼ੀਹਣੀ ਸੁਪਤਨੀ ਬੀਬੀ ਅਮਰਜੀਤ ਕੌਰ ਦੇ ਵਿਚਾਰ*


ਆਪਣੇ ਪਤੀ ਦੇ ਧਰਮ ਹੇਤ ਸ਼ਹੀਦ ਹੋਣ ਦੀ ਖਬਰ ਮੈਂ ਪੂਰੀ ਸ਼ਾਂਤੀ ਨਾਲ ਸੁਣੀ ਸੀ ਕਿਉਂਕਿ ਮੇਰੇ ਸਿੰਘ ਸਾਹਿਬ ਨੇ ਇਸ ਖਬਰ ਨੂੰ ਸੁਣਨ ਲਈ ਮੇਰਾ ਮਨ ਮਨ ਪਹਿਲਾਂ ਤੋਂ ਹੀ ਤਿਆਰ ਕੀਤਾ ਹੋਇਆ ਸੀ। ਉਨ੍ਹਾਂ ਦੇ ਮਨ ਦੀ ਖਾਹਿਸ਼ ਸੀ ਕਿ ਉਹ ਬਿਮਾਰ ਹੋ ਕੇ ਮੰਜੇ ਤੇ ਗੋਡੇ ਰਗੜ ਰਗੜ ਕੇ ਨਾ ਚੜ੍ਹਾਈ ਕਰਨ ਸਗੋਂ ਸ਼ਹੀਦੀ ਪਾਉਣ। ਉਨ੍ਹਾਂ ਨੇ ਰੋਜ਼ ਹੀ ਸੌਣ ਤੋਂ ਪਹਿਲਾਂ ਮੈਨੂੰ ਆਖਣਾ ਦੇਖ ਅਮਰ-ਜੀਤ ਤੇਰੇ ਸਾਹਮਣੇ ਇਕ ਮੁਰਦਾ ਸਰੀਰ ਪਿਆ ਹੈ। ਇਸ ਦਾ ਹੁਲੀਆ ਵਿਗੜਿਆ ਹੋਇਆ ਹੈ, ਸ਼ਕਲ ਪਛਾਣੀ ਨਹੀਂ ਜਾਂਦੀ ਪਰ ਲਾਸ਼ ਮੇਰੀ ਹੈ, ਇਸ ਲਾਸ਼ ਨੂੰ ਵੇਖ ਕੇ ਨਾ ਆਪ ਰੋਣਾ ਹੈ ਅਤੇ ਨਾਂਹ ਹੀ ਕਿਸੇ ਨੂੰ ਰੋਣ ਦੇਣਾ ਹੈ। ਵਾਕਿਆ ਹੀ ਜਦੋਂ ਮੈਂ ਸਿੰਘ ਸਾਹਿਬ ਦੀ ਲਾਸ਼ ਵੇਖੀ ਤਾਂ ਜੋ ਕੁਝ ਉਹ ਕਿਹਾ ਕਰਦੇ ਸਨ ਮੈਨੂੰ ਉਹ ਹੀ ਦਿਸਿਆ। ਸ਼ਕਲ ਪਛਾਣੀ ਨਹੀਂ ਜਾਂਦੀ ਸੀ। ਮੈਂ ਫਤਹ ਬੁਲਾ ਕੇ ਕੋਲ ਬਹਿ ਗਈ। ਮੇਰੇ ਰਿਸ਼ਤੇਦਾਰ ਆਏ, ਉਹ ਆ ਕੇ ਰੋਣ ਲਗੇ, ਮੈਂ ਉਨ੍ਹਾਂ ਨੂੰ ਚੁੱਪ ਕਰ-ਵਾਇਆ ਕਿ ਰੋਣ ਦੀ ਲੋੜ ਨਹੀਂ ਕਿਉਂਕਿ ਸਿੰਘ ਸਾਹਿਬ ਦੀ ਦਿਲੀ ਖਾਹਿਸ਼ ਪੂਰੀ ਹੋਈ ਹੈ।

ਨਿਰੰਕਾਰੀ ਸਮਾਗਮ ਅੰਮ੍ਰਿਤਸਰ ਹੋਣ ਬਾਰੇ ਕਈ ਦਿਨ ਪਹਿਲਾਂ ਸਾਰਿਆਂ ਨੂੰ ਪਤਾ ਸੀ। ਸ਼ਹਿਰ ਵਿਚ ਇਸ਼ਤਿਹਾਰ ਲਗੇ ਹੋਏ ਸਨ ਪਰ ਭਾਈ ਫੌਜਾ ਸਿੰਘ ਕਹਿੰਦੇ ਸਨ ਕਿ ਨਕਲੀ-ਡੰਮ ਦਾ ਕੀ ਹੈ ਦੋ ਸਿੰਘਾਂ ਦੀ ਡਿਊਟੀ ਲਾ ਦਿਆਂਗੇ ਇਨ੍ਹਾਂ ਨੂੰ ਆਪੇ ਭਜਾਈ ਫਿਰਨਗੇ। ਸਾਡੀ ਅਸਲ ਦੁਸ਼ਮਣ ਤੇ ਆਰ. ਐਸ. ਐਸ. ਹੈ ਜੋ ਕਿ ਹਿੰਦੂਵਾਦ ਨੂੰ ਸ਼ਹਿਦੇ ਰਿਹੀ ਹੈ ਤੇ ਸਿੱਖਾਂ ਨੂੰ ਹਰ ਥਾਂ ਚੈਲਿੰਜ ਕਰਦੇ ਹਨ। ਸਾਨੂੰ ਇਨ੍ਹਾਂ ਨਾਲ ਮੁਕਾਬਲਾ ਕਰਨ ਦੀ ਤਿਆਰੀ ਕਰਨੀ ਚਾਹੀਦੀ ਹੈ। ਏਸੇ ਲਈ ਤੇ ਅਸੀਂ ਅਜੀਤ ਨਗਰ ਆਪਣੇ ਕੀਰਤਨ ਦੇ ਪ੍ਰੋਗਰਾਮ ਵਿਚ ਲਗੇ ਹੋਏ ਸੀ। ਉਨ੍ਹਾਂ

ਨੂੰ ਉਥੋਂ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਸੁਨੇਹਾ ਭੇਜਿਆ ਸੀ। ਉਹ ਕੁਝ ਸਿੰਘ ਲੈ ਕੇ ਗੁਰੂ ਰਾਮਦਾਸ ਨਿਵਾਸ ਪੁੱਜ ਗਏ। ਉਥੋਂ ਨਿਰੰਕਾਰੀ ਸਮਾਗਮ ਵਾਲੀ ਥਾਂ ਉਤੇ ਪੁੱਜਣ ਦਾ ਪ੍ਰੋਗਰਾਮ ਬਣਿਆ। ਗੁਰੂ ਰਾਮਦਾਸ ਨਿਵਾਸ ਦੇ ਇਕ ਹਾਲ ਕਮਰੇ ਵਿਚ ਅਰਦਾਸ ਹੋਈ ਕਿ ਅਸੀਂ ਸਮਾਗਮ ਵੱਲ ਜਾਣਾ ਹੈ। ਅਰਦਾਸ ਤੋਂ ਬਾਅਦ ਪਤਾ ਲਗਾ ਕਿ ਸੰਤ ਜਰਨੈਲ ਸਿੰਘ ਜੀ ਆਪ ਨਹੀਂ ਜਾ ਰਹੇ। ਸੰਤਾਂ ਨੇ ਕਿਹਾ ਕਿ ਮੈਨੂੰ ਸਿੰਘ ਨਹੀਂ ਜਾਣ ਦਿੰਦੇ। ਸਿੰਘ ਸਾਹਿਬ ਨੇ ਕਿਹਾ ਕਿ ਜੇ ਨਿਰੰਕਾਰੀ ਸਾਡੇ ਘਰ ਆ ਕੇ ਸਮਾਗਮ ਕਰ ਰਹੇ ਹਨ ਤਾਂ ਉਹ ਜ਼ਰੂਰ ਪੂਰੀ ਤਿਆਰੀ ਕਰਕੇ ਆਏ ਹੋਏ ਹਨ, ਜੇ ਉਨ੍ਹਾਂ ਗੋਲੀ ਚਲਾ ਦਿੱਤੀ ਫਿਰ? ਸੰਤਾਂ ਨੇ ਕਿਹਾ ਕਿ ਫਿਰ ਤੁਸੀਂ ਵਾਪਿਸ ਆ ਜਾਣਾ। ਭਾਈ ਫੌਜਾ ਸਿੰਘ ਨੇ ਆਖਿਆ, "ਫਿਰ ਸਾਡੇ ਕੋਲੋਂ ਜੋ ਹੋਵੇਗਾ ਉਹ ਅਸੀਂ ਕਰਾਂਗੇ।" ਕਈ ਸਿੰਘਾਂ ਨੇ ਕਿਹਾ ਕਿ ਭਾ: ਫੌਜਾ ਸਿੰਘ ਜੀ ਸੰਤ ਜੀ ਨਹੀਂ ਜਾ ਰਹੇ ਤੁਸੀਂ ਵੀ ਰਹਿ ਜਾਓ। ਉਨ੍ਹਾਂ ਨੇ ਕਿਹਾ ਇਹ ਨਹੀਂ ਹੋ ਸਕਦਾ ਤੁਹਾਨੂੰ ਮੈਂ ਭੇਜ ਦਿਆਂ ਤੇ ਆਪ ਪਿਛੇ ਰਹਿ ਜਾਂਵਾਂ। ਫਿਰ ਜੋ ਹੋਇਆ ਉਹ ਸਾਰਿਆਂ ਦੇ ਸਾਹਮਣੇ ਹੈ। ਏਥੋਂ ਕੋਈ ਦੋ ਕੁ ਸੋ ਆਦਮੀ ਗਏ ਸਨ। ਜਿਨ੍ਹਾਂ ਵਿਚ ਕਾਫ਼ੀ ਗਿਣਤੀ ਭਿੰਡਰਾਂ ਵਾਲੇ ਜਥੇ ਦੀ ਸੀ, ਪਰ 13 ਸ਼ਹੀਦਾਂ ਵਿਚੋਂ 11 ਅਖੰਡ ਕੀਰਤਨੀ ਜਥੇ ਦੇ ਸਿੰਘ ਸ਼ਹੀਦ ਹੋਏ ਤੇ ਦੋ ਭਿੰਡਰਾਂ ਵਾਲੇ ਜਥੇ ਦੇ। ਇਹ ਯਾਰਾਂ ਦੇ ਯਾਰਾਂ ਸਿੰਘ ਭਾਈ ਫੌਜਾ ਸਿੰਘ ਦੇ ਨਿਕਟਵਰਤੀ ਸਨ।

ਕੋਈ ਦੋ ਕੁ ਘੰਟੇ ਬਾਅਦ ਜ਼ਖਮੀ ਸਿੰਘ ਆਉਣੇ ਸ਼ੁਰੂ ਹੋ ਗਏ। ਅਸੀਂ ਸੰਤਾਂ ਨੂੰ ਕਿਹਾ (ਕੁਝ ਦੇਰ ਚੁੱਪ ਰਹਿ ਕੇ) ਅੱਗੋਂ ਮੈਂ ਕੁਛ ਨਹੀਂ ਕਹਿੰਦੀ ਕਿਉਂਕਿ ਇਸ ਨਾਲ ਪੰਥ ਨੂੰ ਨੁਕਸਾਨ ਹੋ ਸਕਦਾ ਹੈ। ਜੋ ਹੋਣਾ ਸੀ ਸੋ ਹੋ ਗਿਆ।

ਸ਼੍ਰੋਮਣੀ ਅਕਾਲੀ ਦਲ ਨੇ ਇਨ੍ਹਾਂ ਸ਼ਹੀਦੀਆਂ ਨੂੰ ਅਪਣਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁਕੱਦਮਾ ਲੜਿਆ। ਸ਼ਹੀਦਾਂ ਦੇ ਪ੍ਰਵਾਰਾ ਦੀ ਮਦਦ ਕੀਤੀ ਗਈ, ਜ਼ਖਮੀਆਂ ਦਾ ਇਲਾਜ ਕਰਵਾਇਆ ਪਰ ਸ਼ਹੀਦਾਂ ਦੀ ਚਿਤਾ ਨੂੰ ਮਧਮ ਕਰਨ ਦੀ ਕੋਸ਼ਿਸ਼ ਕੀਤੀ, ਕਿਉਂਕਿ ਉਸ ਵਕਤ ਪੰਜਾਬ ਵਿਚ ਅਕਾਲੀ ਦਲ ਦੀ ਵਜ਼ਾਰਤ ਸੀ ਤੇ ਸ਼ਾਇਦ ਉਹ ਵਜ਼ਾਰਤ ਵੇਲੇ ਨਵੀਂ ਸਮੱਸਿਆ ਖੜੀ ਹੋਣ ਤੋਂ ਘਬਰਾਉਂਦੇ ਸਨ। ਮੇਰੀ ਖਾਹਿਸ਼ ਸੀ ਕਿ ਸ਼ਹੀਦਾਂ ਦੀਆਂ ਅਸਥੀਆਂ ਸਾਰੇ ਪੰਜਾਬ ਵਿਚ ਘੁਮਾ ਕੇ ਕੀਰਤਪੁਰ ਸਾਹਿਬ ਪਾਈਆਂ ਜਾਣ ਤਾਂ ਕਿ ਸ਼ਹੀਦਾਂ ਦੀ ਚਿਤਾ ਨੂੰ ਹੋਰ ਸ਼ਕਤੀ ਮਿਲੇ ਤੇ ਉਸ ਦੀ ਬਲਦੀ ਜੋਤ ਕਾਰਨ ਗੁਰੂ-ਡੰਮ ਸਦਾ ਲਈ ਸਮਾਪਤ ਹੋ ਜਾਵੇ। ਸੰਤ ਭਿੰਡਰਾਂ ਵਾਲੇ ਇਸ ਗੱਲ ਵਿਚ ਮੇਰੇ ਨਾਲ ਸਹਿਮਤ ਸਨ। ਸਾਰੇ



ਅਖੰਡ ਕੀਰਤਨੀ ਜਥੇ ਦੀ ਰੂਹੇ ਰਵਾਂ

ਭਾਈ ਸਾਹਿਬ ਰਣਧੀਰ ਸਿੰਘ ਜੀ

ਲੀਡਰ ਬੈਠੇ ਹੋਏ ਸਨ ਤੇ ਫ਼ੈਸਲਾ ਹੋਣਾ ਸੀ ਕਿ ਅਸਥੀਆਂ ਕਿਥੇ ਪਾਈਆਂ ਜਾਣ। ਇਕ ਸਿੰਘ ਕਹਿਣ ਲੱਗਾ ਕਿ ਗੁਰਮਤਿ ਅਨੁਸਾਰ ਕੀ ਅਸਥੀਆਂ ਜ਼ਰੂਰ ਕੀਰਤਪੁਰ ਸਾਹਿਬ ਹੀ ਆਉਣੀਆਂ ਚਾਹੀਦੀਆਂ ਹਨ ? ਮੈਨੂੰ ਵੈਸੇ ਮਾਨਸਿਕ ਤੌਰ ਉਤੇ ਇਹ ਬਿਲਕੁਲ ਕੋਈ ਫ਼ਰਕ ਨਾ ਸੀ ਤੇ ਨਾ ਹੀ ਹੁਣ ਹੈ, ਕਿ ਅਸਥੀਆਂ ਬਿਆਸ ਵਿਚ ਪਾਈਆਂ ਹਨ ਕਿ ਕੀਰਤਪੁਰ ਸਾਹਿਬ ਪੈਣੀਆਂ ਸਨ। ਉਸ ਸਿੰਘ ਨੂੰ ਮੈਂ ਜੁਆਬ ਦਿੱਤਾ ਕਿ ਮੈਨੂੰ ਨਹੀਂ ਪਤਾ ਤੁਹਾਡੀ ਗੁਰਮਤਿ ਦਾ, ਮੈਂ ਤੇ ਏਹੋ ਚਾਹੁੰਦੀ ਹਾਂ ਕਿ ਸ਼ਹੀਦਾਂ ਦੀ ਚਿਤਾ ਬਲਦੀ ਰਹੇ ਤੇ ਕੀਰਤਪੁਰ ਸਾਹਿਬ ਅਸਥੀਆਂ ਪਾਉਣ ਨਾਲ ਚਿਤਾ ਨੂੰ ਸ਼ਕਤੀ ਮਿਲਦੀ ਹੈ।

ਏਨੇ ਨੂੰ ਮੇਰੇ ਪਿਤਾ ਜੀ ਆ ਗਏ ਤੇ ਆਖਣ ਲਗੇ ਕਿ ਮੇਰੇ ਮੁੰਡੇ ਦੀਆਂ ਅਸਥੀਆਂ ਮੈਨੂੰ ਦੇ ਦਿਉ। ਮੈਂ ਮੀਟਿੰਗ ਵਿਚ ਕਿਹਾ ਕਿ ਮੇਰੇ ਪਿਤਾ ਜੀ ਦੀ ਖਾਹਿਸ਼ ਕੀਰਤਪੁਰ ਸਾਹਿਬ ਜਾਣ ਦੀ ਹੈ, ਇਸ ਕਰਕੇ ਸਾਡੇ ਸਿੰਘ ਦੀਆਂ ਅਸਥੀਆਂ ਸਾਨੂੰ ਦੇ ਦਿਉ। ਇਕ ਬੀਬੀ ਜੋ ਉਸ ਮੀਟਿੰਗ ਵਿਚ ਹਾਜ਼ਰ ਸੀ, ਉਹ ਕਹਿਣ ਲੱਗੀ ਕਿ "ਫਿਰ ਤੇਰਾ ਪਿਉ ਨਾਲ ਹੀ ਸ਼ਹੀਦ ਕਿਉਂ ਨਾਂਹ ਹੋਇਆ।" ਸਭ ਕੁਝ ਹੋ ਗਿਆ ਪਰ ਇਹ ਲਫ਼ਜ਼ ਮੈਨੂੰ ਹਾਲੀ ਵੀ ਚੁਭਦੇ ਹਨ।

ਜੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਸਾਹਮਣੇ ਸਿਰਫ਼ ਸਿਧਾਂਤ ਦੀ ਹੀ ਗੱਲ ਸੀ ਤਾਂ ਫਿਰ ਹੁਣ ਬੱਸ ਹਾਦਸੇ ਨਾਲ ਤੇ ਰਸਤਾ ਰੋਕੋ ਵੇਲੇ ਜੋ ਸਿੰਘ ਸ਼ਹੀਦ ਹੋਏ ਹਨ, ਉਨ੍ਹਾਂ ਦੀਆਂ ਅਸਥੀਆਂ ਦਾ ਜਲੂਸ ਕੱਢ ਕੇ ਕਿਉਂ ਕੀਰਤਪੁਰ ਸਾਹਿਬ ਲੈ ਕੇ ਗਏ ਸਨ। ਗੱਲ ਸਿਧੀ ਹੈ ਕਿ ਉਸ ਵਕਤ ਅਕਾਲੀ ਦਲ ਨੂੰ ਰਾਜਸੀ ਤੌਰ ਤੇ ਹੁਣ ਕੁਝ ਹੋਰ ਮਾਫ਼ਿਕ ਬੈਠਦਾ ਸੀ ਤੇ ਹੁਣ ਕੁਝ ਹੋਰ।

ਜੋ ਨਿਰੰਕਾਰੀ ਅੰਮ੍ਰਿਤਸਰ ਗੋਲੀ ਕਾਂਡ ਦੇ ਦੋਸ਼ੀ ਸਨ, ਜੋ ਕਿ ਕਚਹਿਰੀਆਂ ਵਿਚੋਂ ਭਾਵੇਂ ਰਿਹਾ ਹੋ ਗਏ ਪਰ ਸਨ ਤੇ ਕਾਤਲ ਹੀ। ਇਸ ਕਰਕੇ ਉਨ੍ਹਾਂ ਦਾ ਮਾਰੇ ਜਾਣਾ ਤੇ ਮੈਂ ਗਲਤ ਨਹੀਂ ਕਹਿ ਸਕਦੀ ਕਿਉਂਕਿ ਉਹਨਾਂ ਨੇ ਹੱਦ ਦਰਜੇ ਦੀ ਬੇ-ਰਹਿਮੀ ਨਾਲ ਅੰਮ੍ਰਿਤਧਾਰੀ ਸਿੰਘਾਂ ਦਾ ਸ਼ਿਕਾਰ ਖੇਲਿਆ ਸੀ, ਫ਼ਿਰ ਜ਼ੁਲਮ ਦਾ ਬਦਲਾ ਲੈਣਾ ਕੋਈ ਗੁਨਾਹ ਤਾਂ ਨਹੀਂ। ਪਰ ਕਈ ਬੇਗੁਨਾਹ ਮਾੜੇ ਮੋਟੇ ਨਿਰੰ-ਕਾਰੀਆ ਦੇ ਮਾਰੇ ਜਾਣ ਦੀ ਮੈਨੂੰ ਕੋਈ ਖੁਸ਼ੀ ਨਹੀਂ।

---

# ਮੇਰੇ ਪਤੀ ਦੇ ਲਹੂ ਦਾ ਹਰ ਕਤਰਾ ਕੌਮ ਦੀ ਅਮਾਨਤ ਹੈ......।

### ਤਸ਼ੱਦਦ ਨਾਲ ਸਿੰਘਾਂ ਦੇ ਇਰਾਦੇ ਨਹੀਂ ਬਦਲਦੇ।

## □ *ਤਲਵਿੰਦਰ ਸਿੰਘ ਦੀ ਧਰਮ ਪਤਨੀ ਨਾਲ ਇੰਟਰਵਿਉ*

ਇੰਟਰਪੋਲ ਵਲੋਂ ਕਥਿਤ ਹਿੰਸਕ ਵਾਰਦਾਤਾਂ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤੇ ਗਏ ਜਥੇਦਾਰ ਤਲਵਿੰਦਰ ਸਿੰਘ ਬਬਰ ਜੋ ਅਜ ਕਲ ਪੱਛਮੀ ਜਰਮਨੀ ਦੀ ਜੇਹਲ ਵਿਚ ਹਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਜਥੇਦਾਰ ਬਬਰ ਦੀ ਪਤਨੀ ਸਰਦਾਰਨੀ ਸੁਰਿੰਦਰ ਕੌਰ ਨੇ ਪਰੈਸ ਨੂੰ ਦਿਤੀ ਇਕ ਇੰਟਰਵਿਉ ਵਿਚ ਕਿਹਾ ਕਿ "ਉਹ ਚੜ੍ਹਦੀ ਕਲਾ 'ਚ ਹਨ। ਖਾਲਸਾ ਤਾਂ ਸਦਾ ਖੁਸ਼ ਰਹਿੰਦਾ ਹੈ, ਉਹਨਾਂ ਨੇ ਸਾਰੇ ਪੰਥ ਹਮ-ਦਰਦੀਆਂ ਨੂੰ ਇਕ ਹੋਣ ਦੀ ਅਪੀਲ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਨਾਂ ਵਰਤ ਕੇ ਕੋਈ ਸੰਸਥਾ ਸੰਗਤ ਤੋਂ ਪੈਸੇ ਇਕਠੇ ਨਾ ਕਰੇ। ਜਿਸ ਦਿਨ ਪੈਸੇ ਦੀ ਲੋੜ ਹੋਈ ਉਹ ਆਪ ਸੰਗਤ ਅੱਗੇ ਝੋਲੀ ਅੱਡ ਕੇ ਪੈਸੇ ਇਕੱਠੇ ਕਰ ਲੈਣਗੇ। ਉਨ੍ਹਾਂ ਕਿਹਾ ਕਿ ਦਲ ਖਾਲਸਾ ਨਾਂ ਦੀ ਜਥੇਬੰਦੀ ਨਾਲ ਉਹਨਾਂ ਦਾ ਕੋਈ ਸਬੰਧ ਨਹੀਂ। ਉਨ੍ਹਾਂ ਆਖਿਆ ਕਿ ਦਲ ਖਾਲਸਾ ਵਾਲਿਆਂ ਨੂੰ ਮੇਰੇ ਬਚਾਅ ਲਈ ਕੋਈ ਪੈਸਾ ਨਾ ਦਿੱਤਾ ਜਾਵੇ।'

ਇੰਟਰਵਿਉ ਦਾ ਪੂਰਾ ਵੇਰਵਾ ਇਸ ਪ੍ਰਕਾਰ ਹੈ—

ਸਵਾਲ—ਤੁਸੀਂ ਕਨੇਡਾ ਤੇ ਜਰਮਨ ਤਲਵਿੰਦਰ ਸਿੰਘ ਦੀ ਮੁਲਾਕਾਲ ਲਈ ਗਏ ਸੀ।

ਜਵਾਬ—ਹਾਂ ਜੀ,

ਸਵਾਲ—ਮੁਲਾਕਾਤ ਹੋਈ ?

ਜਵਾਬ—ਜੀ।

ਸਵਾਲ—ਕੀ ਕਹਿੰਦੇ ਨੇ ਉਹ ?

ਜਵਾਬ—ਬੱਸ ਜੀ ਖੁਸ਼ ਨੇ, ਖਾਲਸਾ ਤਾਂ ਹਮੇਸ਼ਾ ਖੁਸ਼ ਰਹਿੰਦਾ ਹੈ।

ਸਵਾਲ—ਜਥੇਦਾਰ ਤਲਵਿੰਦਰ ਸਿੰਘ ਬੱਬਰ ਆਮ ਮਜ਼ਦੂਰਾਂ ਵਾਂਗ ਹੀ ਕਨੇਡਾ
ਗਏ ਸੀ ਪੈਸੇ ਕਮਾਉਣ । ਫੇਰ ਉਹਨਾਂ ਨੇ ਇਹ ਰਾਹ ਚੁਣ ਲਿਆ । ਤੁਸੀਂ ਇਤਰਾਜ਼
ਨਹੀਂ ਕੀਤਾ । ਤੁਸੀਂ ਉਹਨਾਂ ਨੂੰ ਇਹ ਨਹੀਂ ਆਖਿਆ ਛੱਡੋ ਪਰੇ ਤੁਸੀਂ ਇਹਨਾਂ
ਗੱਲਾਂ ਚੋਂ ਕੀ ਲੈਣਾ । ਚਾਰ ਪੈਸੇ ਕਮਾਓ ਚੁਪ ਕਰਕੇ ?

ਜਵਾਬ—ਨਹੀਂ, ਮੈਂ ਨਹੀਂ ਆਖਿਆ ।

ਸਵਾਲ—ਕਿਉਂ ?

ਜਵਾਬ—ਕਿਉਂਕਿ ਉਹ ਮੇਰੇ ਪਤੀ ਹਨ । ਪੰਜਾਬਣਾਂ ਸਦਾ ਹੀ ਇਹ ਸਮਝ-
ਦੀਆਂ ਹਨ ਕਿ ਉਹਨਾਂ ਦਾ ਪਤੀ ਜੋ ਕਰਦਾ ਹੈ, ਠੀਕ ਹੀ ਕਰਦਾ ਹੈ । ਸਾਰੀਆਂ
ਤਾਂ ਭਾਵੇਂ ਨਹੀਂ ਸਮਝਦੀਆਂ ਪਰ ਮੈਂ ਜ਼ਰੂਰ ਸਮਝਦੀ ਸੀ ਕਿ ਉਹ ਜੋ ਕਰ ਰਹੇ
ਹਨ, ਠੀਕ ਹੀ ਕਰ ਰਹੇ ਹਨ । ਇਹ ਮੇਰਾ ਵਿਸ਼ਵਾਸ ਸੀ ਕਿ ਉਹ ਕੋਈ ਮਾੜਾ ਕੰਮ
ਨਹੀਂ ਕਰ ਸਕਦੇ ।

ਸਵਾਲ—ਤੁਹਾਨੂੰ ਪਤਾ, ਉਹਨਾਂ ਨੇ ਜਿਹੜਾ ਰਾਹ ਚੁਣਿਆ ਹੈ, ਉਹ ਬੜਾ
ਖਤਰਨਾਕ ਰਾਹ ਹੈ ।

ਉਤਰ—ਜਿਹੜਾ ਗੁਰੂ ਕਾ ਸਿਖ ਹੈ, ਉਹ ਕਦੇ ਖਤਰਿਆਂ ਤੋਂ ਨਹੀਂ ਡਰਦਾ ।
ਸਵਾਲ—ਤੁਸੀਂ ਆਪਣੇ ਆਪ ਨੂੰ ਹਰ ਗੱਲ ਲਈ ਤਿਆਰ ਕੀਤਾ
ਹੋਇਆ ਹੈ ।

ਜਵਾਬ—ਹਾਂ, ਮੈਂ ਹਰ ਖਤਰੇ ਲਈ ਤਿਆਰ ਹਾਂ ।


ਸਵਾਲ—ਮੰਨ ਲਓ ਜੇ ਭਾਰਤ ਸਰਕਾਰ ਉਹਨਾਂ ਨੂੰ ਭਾਰਤ ਲੈ ਜਾਕੇ ਜੇਲ
ਵਿਚ ਪਾ ਦਿੰਦੀ ਹੈ, ਲੰਮੇ ਸਮੇਂ ਲਈ ਨਜ਼ਰਬੰਦ ਕਰ ਦਿੰਦੀ ਹੈ, ਤਸੀਹੇ ਦਿੰਦੀ ਹੈ
ਫੇਰ ਤੁਹਾਡੇ ਅਤੇ ਤੁਹਾਡੇ ਬਚਿਆਂ ਤੇ ਕੀ ਅਸਰ ਪਵੇਗਾ ।

ਉਤਰ—ਉਹਨਾਂ ਨੇ ਜਿਹੜਾ ਰਾਹ ਅਖਤਿਆਰ ਕੀਤਾ ਹੈ, ਉਹ ਪੰਥ ਦੀ
ਸੇਵਾ ਦਾ ਰਾਹ ਹੈ । ਉਹ ਲੋਕਾਂ ਨੂੰ ਅੰਮ੍ਰਿਤ ਛਕਾ ਰਹੇ ਹਨ । ਨਾ ਉਹਨਾਂ ਨੇ ਕਦੇ
ਕਲਪਨਾ ਕੀਤੀ ਸੀ ਕਿ ਇਸ ਵਿਚ ਕੋਈ ਖਤਰਾ ਹੋਵੇਗਾ ਅਤੇ ਨਾ ਹੀ ਪੰਥ ਦੀ ਸੇਵਾ
ਦੇ ਇਸ ਰਾਹ ਵਿਚ ਕੋਈ ਖਤਰਾ ਹੋ ਸਕਦਾ ਹੈ ।

ਸਵਾਲ—ਕੀ ਕਨੇਡਾ, ਜਰਮਨੀ ਜਾਂ ਵਲੈਤ ਵਿਚ ਲੋਕ ਜਥੇਦਾਰ ਤਲਵਿੰਦਰ
ਸਿੰਘ ਦੇ ਪਿਛੇ ਹਨ ?

ਜਵਾਬ—ਉਹਨਾਂ ਦੇ ਪਿਛੇ ਹਨ ਤੇ ਉਹਨਾਂ ਨੂੰ ਬਹੁਤ ਚਾਹੁੰਦੇ ਹਨ ।

ਸਵਾਲ—ਕਿਸੇ ਹਾਈ ਕਮਿਸ਼ਨ ਦੇ ਸਾਹਮਣੇ ਕੋਈ ਮੁਜ਼ਾਹਰਾ ਹੋਇਆ ਹੋਵੇ,
ਲੋਕਾਂ ਨੇ ਵੱਡਾ ਜਲੂਸ ਕਢਿਆ ਹੋਵੇ ਜਾਂ ਲੋਕਾਂ ਦੇ ਖਤ ਆਏ ਹੋਣ ।



ਦਹੇੜੂ 'ਚ ਥਾਣੇਦਾਰ ਕਤਲ ਕਾਂਡ ਦੇ ਅਖੌਤੀ ਕਾਤਲ ਭਾਈ ਤਲਵਿੰਦਰ ਸਿੰਘ ਜੀ, ਜਿਹਨਾਂ ਦੇ ਸਿਰ ਦਾ ਮੁੱਲ ਸਰਕਾਰ ਨੇ ੨0 ਹਜ਼ਾਰ ਰੁਪਏ ਰੱਖਿਆ, ਇਹਨੀ ਦਿਨੀਂ ਆਪ ਪੱਛਮੀ ਜਰਮਨੀ ਦੀ ਇੰਟਰਪੋਲ ਜੇਲ੍ਹ 'ਚ ਵਾਹਿਗੁਰੂ ਦਾ ਸਿਮਰਨ ਕਰਦੇ ਹਨ ।
(ਫੋਟੋ—ਸਤਪਾਲ ਦਾਨਿਸ਼)

ਜਵਾਬ—ਕਨੇਡਾ ਤੋਂ ਚਾਂਸਲਰ ਔਫ ਵੈਸਟ ਜਰਮਨੀ ਨੂੰ ਬਹੁਤ ਸਾਰੇ ਪਰੋ-ਟੈਸਟ ਲੈਟਰ ਭੇਜੇ ਗਏ ਹਨ। ਤਾਰਾਂ ਬਹੁਤ ਦਿਤੀਆਂ ਗਈਆਂ ਹਨ।

ਸਵਾਲ—ਜਰਮਨੀ ਵਿਚ ਜੇਲ ਦੇ ਅਫਸਰਾਂ ਨੇ ਕੋਈ ਰੁਕਾਵਟ ਪਾਈ ?

ਜਵਾਬ—ਨਹੀਂ।

ਸਵਾਲ—ਹਵਾਈ ਅੱਡੇ ਤੇ ਤੁਹਾਨੂੰ ਕਿੰਨੇ ਕੁ ਬੰਦੇ ਲੈਣ ਆਏ ਸੀ ?

ਜਵਾਬ—ਬਹੁਤ।

ਸਵਾਲ—ਜੇਲ 'ਚ ਕੀ ਗਲਾਂ ਹੋਈਆਂ ? ਕਈ ਵਾਰੀ ਬੰਦਾ ਸੋਚਦਾ ਬਈ ਔਰਤ ਘਬਰਾ ਨਾ ਜਾਵੇ, ਥਿੜਕ ਨਾ ਜਾਵੇ, ਤੁਹਾਨੂੰ ਹੌਂਸਲਾ ਦੇਣ ਲਈ ਉਹਨਾਂ ਨੇ ਕੀ ਆਖਿਆ ?

ਜਵਾਬ—ਉਹਨਾਂ ਨੇ ਆਖਿਆ ਸੀ ਕਿ ਸਿੱਖ ਪੰਥ ਅਗੇ ਬੇਨਤੀ ਹੈ ਕਿ ਸੰਤਾਂ ਦੇ ਲਾਏ ਮੋਰਚੇ ਵਿਚ ਵੱਧ ਚੜ ਕੇ ਹਿੱਸਾ ਪਾਉਣਾ। ਬਾਕੀ ਉਹਨਾਂ ਨੇ ਆਖਿਆ ਕਿ ਮੇਰੀ ਗ੍ਰਿਫਤਾਰੀ ਕੋਈ ਨਵੀਂ ਗੱਲ ਨਹੀਂ। ਸਿੰਘਾਂ ਨਾਲ ਤਾਂ ਸ਼ੁਰੂ ਤੋਂ ਹੀ ਹੁੰਦੀਆਂ ਆ ਰਹੀਆਂ ਹਨ। ਪੰਜਾਬ ਵਿਚ ਅਨੇਕਾਂ ਸਿੰਘਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਤਸੀਹੇ ਦਿੱਤੇ ਜਾ ਰਹੇ ਹਨ, ਸ਼ਹੀਦ ਕੀਤਾ ਜਾ ਰਿਹਾ ਹੈ। ਮੈਨੂੰ ਤਾਂ ਕੇਵਲ ਗ੍ਰਿਫਤਾਰ ਹੀ ਕੀਤਾ ਗਿਆ ਹੈ। ਮੈਨੂੰ ਕੋਈ ਫਿਕਰ ਨਹੀਂ ਕਿ ਮੈਂ ਜੇਲ ਵਿਚ ਹਾਂ।

ਸਵਾਲ—ਤੁਸੀਂ ਉਹਨਾਂ ਨੂੰ ਯੂਰਪੀ ਲੋਕਾਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ।

ਜਵਾਬ—ਹਾਂ ਜੀ, ਮੈਂ ਉਹਨਾਂ ਨੂੰ ਦਸਿਆ ਸੀ ਕਿ ਲੋਕ ਉਹਨਾਂ ਦੇ ਪਿਛੇ ਹਨ। ਸਭ ਸੰਗਤਾਂ ਨਾਲ ਨੇ।

ਸਵਾਲ—ਕੀ ਆਖਿਆ ਉਹਨਾਂ ਨੇ ?

ਜਵਾਬ—ਉਹਨਾਂ ਆਖਿਆ ਮੈਨੂੰ ਆਪਣੇ ਵੀਰਾਂ ਤੋਂ ਇਹੋ ਉਮੀਦ ਹੈ।

ਸਵਾਲ—ਤੁਸੀਂ ਕਨੇਡਾ, ਜਰਮਨੀ ਤੇ ਵਲੈਤ ਫੇਰੀ ਤੋਂ ਬਾਦ ਕੀ ਮਹਿਸੂਸ ਕਰਦੇ ਹੋ ? ਕੀ ਉਹਨਾਂ ਨੂੰ ਭਾਰਤ ਵਾਲੇ ਵਾਪਸ ਲੈ ਜਾਣਗੇ।

ਜਵਾਬ—ਜਰਮਨੀ ਅਤੇ ਕਨੇਡਾ ਵਾਲਿਆਂ ਨੇ ਸਾਨੂੰ ਭਰੋਸਾ ਦੁਆਇਆ ਹੈ ਕਿ ਉਹਨਾਂ ਨੂੰ ਭਾਰਤ ਵਾਲੇ ਨਹੀਂ ਲੈ ਜਾ ਸਕਣਗੇ। ਸੰਤ ਭਿੰਡਰਾਂ ਵਾਲੇ ਤੇ ਵੀ ਝੂਠੇ ਕੇਸ ਪਾਏ ਗਏ ਸਨ। ਉਸੇ ਤਰ੍ਹਾਂ ਮੇਰੇ ਪਤੀ ਉਪਰ ਵੀ ਝੂਠੇ ਕੇਸ ਪਾਏ ਗਏ ਹਨ।

ਸਵਾਲ—ਕਈ ਵਿਅਕਤੀ ਪੈਸੇ ਇਕੱਠੇ ਕਰ ਰਹੇ ਹਨ। ਤਲਵਿੰਦਰ ਸਿੰਘ ਬਬਰ ਦੀ ਰਿਹਾਈ ਲਈ। ਤੁਹਾਡਾ ਕੀ ਖਿਆਲ ਹੈ।



ਜਵਾਬ—ਹਾਲੇ ਤਕ ਅਸੀਂ ਲੋਕਾਂ ਤੋਂ ਕੋਈ ਪੈਸਾ ਨਹੀਂ ਮੰਗਿਆ। ਸਾਡਾ ਨਾਂ ਲੈ ਕੇ ਕੋਈ ਨਾ ਪੈਸੇ ਉਗਰਾਹਵੇ। ਜਦ ਸਾਨੂੰ ਲੋੜ ਪਈ ਅਸੀਂ ਸਿੱਖ ਸੰਗਤਾਂ ਤੋਂ ਆਪ ਪੈਸੇ ਮੰਗ ਲਵਾਂਗੇ। ਅਸੀਂ ਸਿੱਖ ਸੰਗਤਾਂ ਦੇ ਅੱਗੇ ਅਪੀਲ ਕਰ ਸਕਦੇ ਹਾਂ ਕਿ ਨਾ ਕੋਈ ਪੈਸੇ ਦੇਵੇ, ਨਾ ਕੋਈ ਪੈਸੇ ਇਕੱਠੇ ਕਰੇ ਅਤੇ ਨਾ ਹੀ ਇਕੱਠੇ ਕਰਨ ਦੀ ਕੋਸ਼ਿਸ਼ ਕਰੇ।

ਸਵਾਲ—ਦਲ ਖਾਲਸਾ ਵਾਲੇ ਵੀ ਨਹੀਂ ?

ਜਵਾਬ—ਨਹੀਂ, ਕਿਉਂਕਿ ਮੇਰੇ ਪਤੀ ਦਾ ਦਲ ਖਾਲਸਾ ਨਾਲ ਕਿਸੇ ਤਰ੍ਹਾਂ ਦਾ ਕੋਈ ਸਬੰਧ ਨਹੀਂ।

ਸਵਾਲ—ਗੁਰਦਵਾਰੇ ਵੀ ਤੁਹਾਡੀ ਮਦਦ ਕਰ ਰਹੇ ਹਨ।

ਜਵਾਬ—ਹਾਂ, ਸਾਰੇ ਗੁਰਦਵਾਰੇ ਸਾਡੀ ਮਦਦ ਕਰ ਰਹੇ ਹਨ। ਜੋ-ਜੋ ਵੀ ਸਿੱਖ ਪੰਥ 'ਚ ਹੈ, ਉਹਨਾਂ ਦਾ ਸਾਰਿਆਂ ਦਾ ਫਰਜ ਬਣਦਾ ਹੈ। ਦਲ ਖਾਲਸਾ ਜਾਂ ਕੋਈ ਕਮੇਟੀ ਉਠ ਕੇ ਪੈਸੇ ਇਕੱਠੇ ਨਾ ਕਰੇ। ਸੁਰਜਨ ਸਿੰਘ ਹੁਰਾਂ ਤੋਂ ਬਿਨਾਂ ਕੋਈ ਪੈਸੇ ਇਕੱਠੇ ਨਹੀਂ ਕਰ ਸਕਦਾ।

ਸਵਾਲ—ਇਸ ਦਾ ਮਤਲਬ ਹੈ ਕਿ ਤੁਸੀਂ ਜਾਂ ਸੁਰਜਨ ਸਿੰਘ ਹੋਰੀਂ ਹੀ ਪੈਸੇ ਇਕੱਠੇ ਕਰਨ ਦੇ ਕਾਰ ਮੁਖਤਿਆਰ ਹੋ ?

ਜਵਾਬ—ਹਾਂ ਜੀ।

ਸਵਾਲ—ਸਾਨੂੰ ਇਹ ਤਾਂ ਪਤਾ ਨਹੀਂ ਕਿ ਉਹਨਾਂ ਨੇ ਪੈਸੇ ਇਕੱਠੇ ਕੀਤੇ ਹਨ ਜਾਂ ਨਹੀਂ, ਪਰ ਕੀ ਉਹਨਾਂ ਨੇ ਤੁਹਾਡੇ ਨਾਲ ਕੋਈ ਸੰਪਰਕ ਪੈਦਾ ਕੀਤਾ ਹੈ ਜਾਂ ਤੁਹਾਡੀ ਮਾਇਕ ਸਹਾਇਤਾ ਕੀਤੀ ਹੈ ?

ਜਵਾਬ—ਸਾਨੂੰ ਕੋਈ ਮਦਦ ਨਹੀਂ ਮਿਲੀ। ਪਰ ਲੋਕਾਂ ਤੋਂ ਸੁਣਿਆ ਹੈ ਕਿ ਉਹਨਾਂ ਨੇ ਬਹੁਤ ਪੈਸਾ ਇਕੱਠਾ ਕੀਤਾ ਜੋ ਉਹਨਾਂ ਨੂੰ ਨਹੀਂ ਕਰਨਾ ਚਾਹੀਦਾ।

ਪਿਛਲੇ ਸ਼ਨਿਚਰਵਾਰ ਉਹਨਾਂ ਨੂੰ ਵਾਰਨਿੰਗ ਦਿਤੀ ਗਈ ਸੀ ਕਿ ਇਹ ਬੰਦ ਕਰੋ। ਤਲਵਿੰਦਰ ਸਿੰਘ ਇਸ ਨੂੰ ਬਹੁਤ ਮਹਿਸੂਸ ਕਰਦੇ ਹਨ। ਅਸੀਂ ਉਹਨਾਂ ਦਾ ਸਤਿਕਾਰ ਜ਼ਰੂਰ ਕਰਦੇ ਹਾਂ ਪਰ ਦਲ ਖਾਲਸਾ ਨਾਲ ਉਹਨਾਂ ਦਾ ਕੋਈ ਸਬੰਧ ਨਹੀਂ ਹੈ। ਦਲ ਖਾਲਸਾ ਵਾਲੇ ਮਲੋ ਮਲੀ ਇਹ ਕੰਮ ਕਰਦੇ ਹਨ। ਉਹਨਾਂ ਨੇ ਅਖਬਾਰਾਂ ਵਿਚ ਛਪੇ ਇਸ਼ਤਿਹਾਰ ਦਾ ਵੀ ਬੜਾ ਬੁਰਾ ਮਨਾਇਆ ਜਿਸ ਵਿਚ ਦਲ ਖਾਲਸਾ ਵਾਲਿਆਂ ਨੇ ਉਹਨਾਂ ਨੂੰ ਸੀਖਾਂ ਦੇ ਪਿਛੇ ਬੰਦ ਵਿਖਾ ਕੇ ਉਹਨਾਂ ਦਾ ਕਾਰਟੂਨ ਛਾਪਿਆ ਹੈ।

ਸਵਾਲ—ਪਰ ਉਹ ਕਾਰਟੂਨ ਤਾਂ ਨਹੀਂ ਸੀ ਉਹ ਤਾਂ ਲੋਕਾ ਨੂੰ ਦੱਸਣ ਵਾਲੀ ਗੱਲ ਸੀ ਕਿ ਤਲਵਿੰਦਰ ਸਿੰਘ ਬੱਬਰ ਜੇਲ ਵਿਚ ਹੈ !

ਜਵਾਬ—ਲੋਕਾਂ ਨੂੰ ਪਤਾ ਸੀ ਕਿ ਉਹ ਜੇਲ੍ਹ ਵਿਚ ਹਨ । ਉਂਜ ਲੋਕ ਸਾਡੇ ਨਾਲ ਹਨ । ਹਿਚਨ੍ ਵਿਚ ਲੋਕਾਂ ਨੇ ਸਾਨੂੰ ਸਿਰੋਪਾ ਦਿਤਾ । ਮਾਇਕ ਸਹਾਇਤਾ ਵੀ ਕੀਤੀ । 8 ਸੌ ਤੋਂ ਵੱਧ ਪੌਂਡ ਵੀ ਦਿਤੇ, ਪਰ ਹਮਦਰਦੀ ਵਜੋਂ ! ਅਸੀਂ ਉਹਨਾਂ ਤੋਂ ਮੰਗੇ ਵੀ ਨਹੀਂ ਸਨ ।

ਅਸੀਂ ਦਲ ਖਾਲਸਾ ਵਾਲਿਆਂ ਦਾ ਸਤਿਕਾਰ ਕਰਦੇ ਹਾਂ । ਅਸੀਂ ਇਹ ਨਹੀਂ ਕਹਿੰਦੇ ਕਿ ਉਹ ਗਲਤ ਬੰਦੇ ਹਨ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਪੈਸਾ ਗਲਤ ਪਾਸੇ ਲੱਗੇ । ਉਹਨਾਂ ਵਲੋਂ ਇਕੱਠੇ ਕੀਤੇ ਗਏ ਪੈਸਿਆਂ ਦੀ ਸਾਡੇ ਤੇ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ਤੇ ਸਾਡਾ ਕਿਸੇ ਜਥੇਬੰਦੀ ਨਾਲ ਕੋਈ ਸਬੰਧ ਨਹੀਂ ਕੇਵਲ ਅਕਾਲ ਤਖਤ ਨਾਲ ਹੈ । ਅਸੀਂ ਗੁਰੂ ਦੇ ਸਿਖ ਹਾਂ, ਏਸ ਲਈ ਸਭ ਸਿੱਖਾਂ ਦਾ ਸਤਿਕਾਰ ਕਰਦੇ ਹਾਂ ।

ਸਵਾਲ—ਕੀ ਅਕਾਲੀ ਦਲ ਦੇ ਲੀਡਰਾਂ, ਲੌਂਗੋਵਾਲ, ਭਿੰਡਰਾਂਵਾਲੇ ਟੋਹੜਾ ਦੇ ਵੀ ਤੁਹਾਨੂੰ ਸੁਨੇਹੇ ਆਏ ਹਨ ?

ਜਵਾਬ—ਜੀ ਆਏ ਹਨ । ਉਹ ਕਹਿੰਦੇ ਹਨ ਕਿ ਘਬਰਾਓ ਨਾਂ, ਅਸੀਂ ਤੁਹਾਡੇ ਨਾਲ ਹਾਂ ।

ਸਵਾਲ—ਅੱਛਾ ਜੇਲ੍ਹ 'ਚ ਉਹਨਾਂ ਦਾ ਪ੍ਰੋਗਰਾਮ ਦਸੋ ।

ਜਵਾਬ—ਉਹਨਾਂ ਦਾ ਨਾਮ ਜਪਣ ਦਾ ਸਮਾਂ ਵੱਧ ਗਿਆ ਹੈ । ਉਹ ਸਵੇਰੇ ਦੋ ਵਜੇ ਉਠਦੇ ਹਨ । ਅਸ਼ਨਾਨ ਦੀ ਪਾਬੰਦੀ ਸੀ ਪਰ ਪ੍ਰਬੰਧ ਕਰਵਾ ਦਿਤੇ ਗਏ ਹਨ । ਵਿਹਲੇ ਸਮੇਂ ਵਿਚ ਭਾਈ ਵੀਰ ਸਿੰਘ ਦੀਆਂ ਅਤੇ ਸਿੱਖ ਇਤਿਹਾਸ ਦੀਆਂ ਪੁਸਤਕਾਂ ਪੜ੍ਹਦੇ ਹਨ । ਜੇਲ੍ਹ ਵਿਚ ਵੀ ਅੰਮ੍ਰਿਤ ਪ੍ਰਚਾਰ ਕਰਦੇ ਹਨ । ਜੇਲ੍ਹ ਵਿਚ ਦੋ ਹੋਰ ਇੰਡੀਅਨ ਹਨ, ਜਿਹਨਾਂ ਆਖਿਆ ਹੈ ਕਿ ਬਾਹਰ ਆ ਕੇ ਅੰਮ੍ਰਿਤ ਜ਼ਰੂਰ ਛਕਣਗੇ । ਪੂਰੀਆਂ ਸਹੂਲਤਾਂ ਮੌਜੂਦ ਹਨ ।

---

## ਕੌਮਾਂ ਸਦਾ ਤੋਂ ਇਵੇਂ ਹੀ ਬਣਦੀਆਂ ਨੇ

[ਡਾਕਟਰ ਜਸਵੰਤ ਸਿੰਘ ਜੀ ਨੇਕੀ, ਚੰਡੀਗੜ੍ਹ].

ਟਹਿਕਣ ਇਨ੍ਹਾਂ ਸ਼ਹੀਦਾਂ ਦੀ ਆਤਮਾਵਾਂ,
ਜਦੋਂ ਮੰਤ੍ਰ ਸ਼ਹੀਦੀ ਦਾ ਪੜ੍ਹੇ ਕੋਈ ।
ਟੁਲਸੇ ਸੂਲਾਂ ਦੀ ਸੇਜ ਤੇ ਸੌਣ ਵਾਲਾ,
ਸੂਰਬੀਰ ਜਦ ਸੂਲੀ ਤੇ ਚੜ੍ਹੇ ਕੋਈ ।
ਚਮਕ ਉਠਣ ਚਮਕੌਰ ਦੇ ਚੰਨ ਦੋਵੇਂ,
ਜ਼ੁਲਮ ਨਾਲ ਸਿਰ-ਲੱਥ ਜਦ ਲੜੇ ਕੋਈ ।
ਮਹਿਕ ਉਠਣ ਸਿਰਹੰਦ ਦੇ ਫੁਲ ਜੇਕਰ,
ਬੱਚੇ ਕੌਮ ਦੀਆਂ ਨੀਹਾਂ ਵਿਚ ਜੜੇ ਕੋਈ ।
ਜਦੋਂ ਜਦੋਂ ਵੀ ਹੁੰਦੈ ਸ਼ਹੀਦ ਕੋਈ,
ਤਾਰਾਂ ਕੌਮ ਦੇ ਸਾਜ਼ ਦੀਆਂ ਤਣਦੀਆਂ ਨੇ ।
ਪੌੜੀ ਚੜ੍ਹਦਿਆਂ ਚੜ੍ਹਦਿਆਂ ਚੜ੍ਹੀਦਾ ਏ,
ਕੌਮਾਂ ਬਣਦੀਆਂ ਬਣਦੀਆਂ ਬਣਦੀਆਂ ਨੇ ।

## ਸ਼ਹੀਦਾਂ ਦੀ ਲਲਕਾਰ

[ਸ: ਬੰਤਾ ਸਿੰਘ ਜੀ ਸਭਰਵਾਲ, ਸਰੀ, ਬੀ. ਸੀ. ਕੈਨੇਡਾ]

ਸੁਣੋ ਸਮੇਂ ਦੇ ਖਾਲਸਾ ਹੁਣ ਨਾ ਰਹਿਓ ਸੁੱਤੇ,
ਚੱਕੀ ਪੀਸਣ ਪੀਸਿਆ, ਖਾ ਜਾਣ ਨਾ ਕੁੱਤੇ ।
ਸ਼ਹੀਦਾਂ ਦੀ ਲਲਕਾਰ ਸੀ, ਆਉ ਫ਼ਰਜ਼ ਨਿਭਾਈਏ,
ਦੁਕਾਨ ਜੋ ਖੁਲ੍ਹੀ ਕੁਫ਼ਰ ਦੀ, ਆਉ ਬੰਦ ਕਰਾਈਏ ।
ਬੇਅਣਖੇ ਹੋ ਕੇ ਜੀਣ ਤੋਂ, ਚੰਗਾ ਮਰ ਜਾਈਏ,
ਸ਼ਹੀਦਾਂ ਦੀ ਲਲਕਾਰ ਸੀ, ਆਉ ਫ਼ਰਜ਼ ਨਿਭਾਈਏ ।
ਉਨ੍ਹਾਂ ਦੇ ਸੁਪਨੇ ਖਾਲਸਾ ਜੀ, ਨਾ ਰਹਿਣ ਅਧੂਰੇ,
ਆਉ ਨਿਤਰੋ ਵਿਚ ਮੈਦਾਨ ਦੇ, ਕਰ ਜਾਈਏ ਪੂਰੇ ।
'ਸਭਰਵਾਲ' ਮਿਲ ਅਰਦਾਸ ਕਰੋ ਤੇ ਸੀਸ ਝੁਕਾਈਏ ।
ਸ਼ਰਧਾ ਦੇ ਫੁੱਲ ਸ਼ਹੀਦਾਂ ਨੂੰ ਆਉ ਭੇਟ ਚੜ੍ਹਾਈਏ ।

## ਕਥਿਤ ਪੁਲਿਸ ਮੁਕਾਬਲਿਆਂ ਵਿਚ ਸ਼ਹੀਦ ਹੋਏ ਸਿੰਘ

1. ਸ: ਕੁਲਵੰਤ ਸਿੰਘ, ਨਾਗੋਕੇ
   ਜ਼ਿਲ੍ਹਾ ਅੰਮ੍ਰਿਤਸਰ।
2. ਸ: ਅਮਰਜੀਤ ਸਿੰਘ
   ਦਹੇੜੂ, ਜ਼ਿਲ੍ਹਾ ਲੁਧਿਆਣਾ।
3. ਸ: ਬਲਜੀਤ ਸਿੰਘ
4. ਸ: ਗੁਰਮੀਤ ਸਿੰਘ
   ਧੂਲਕੋਟ, ਜ਼ਿਲ੍ਹਾ ਲੁਧਿਆਣਾ।
5. ਸ: ਜਸਦੇਵ ਸਿੰਘ,
   ਕੋਟ ਈਸੇ ਖਾਂ, ਜ਼ਿਲ੍ਹਾ ਫਿਰੋਜ਼ਪੁਰ।
6. ਸ: ਸੁਖਦੇਵ ਸਿੰਘ
   ਕੋਟ ਈਸੇ ਖਾਂ, ਜ਼ਿਲ੍ਹਾ ਫਿਰੋਜ਼ਪੁਰ।
7. ਸ: ਮੁਸੀਬਤ ਸਿੰਘ
   ਅੰਮ੍ਰਿਤਸਰ।
8. ਸ: ਭੋਲਾ ਸਿੰਘ
   ਰੋਡੇ, ਜ਼ਿਲ੍ਹਾ ਫਰੀਦਕੋਟ।
9. ਸ: ਕਸ਼ਮੀਰ ਸਿੰਘ
   ਲਧੂਵਾਲਾ ਅਵਤਾੜ, ਜ਼ਿਲ੍ਹਾ ਫਿਰੋਜ਼ਪੁਰ।





### ਸ: ਰਣਜੀਤ ਸਿੰਘ ਦੀ ਹਰ ਤਰ੍ਹਾਂ ਮਦਦ ਕੀਤੀ ਜਾਏ
### ਸੰਤਾਂ ਦੀ ਅਪੀਲ—ਚੜ੍ਹਦੀ ਕਲਾ ਲਈ ਅਰਦਾਸ ਕਰੋ

ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਨੇ ਇਕ ਬਿਆਨ ਵਿਚ ਸ: ਰਣਜੀਤ ਸਿੰਘ ਦੀ ਗ੍ਰਿਫਤਾਰੀ ਤੇ ਟਿਪਣੀ ਕਰਦਿਆਂ ਕਿਹਾ ਕਿ ਰਣਜੀਤ ਸਿੰਘ ਉਤੇ ਕਿਸੇ ਤਰ੍ਹਾਂ ਦਾ ਜਬਰ ਜਾਂ ਤਸ਼ਦਦ ਕੀਤਾ ਗਿਆ ਤਾਂ ਅਕਾਲੀਦਲ ਸਹਿਣ ਨਹੀਂ ਕਰੇਗਾ। ਸੰਤ ਜੀ ਨੇ ਕਿਹਾ ਕਿ ਪੁਲਸ ਨੂੰ ਬੇਦੋਸ਼ੇ ਲੋਕਾਂ ਤੇ ਤਸ਼ਦਦ ਕਰਨ ਦੀ ਆਦਤ ਹੈ ਅਤੇ ਉਸ ਦੇ ਮੂੰਹ ਨੂੰ ਕਈ ਨਿਰਦੋਸ਼ਾਂ ਦਾ ਲਹੂ ਲਗ ਚੁਕਾ ਹੈ। ਸੰਤ ਜੀ ਨੇ ਸਮੁਚੀ ਸਿਖ ਸੰਗਤ ਵਿਸ਼ੇਸ਼ ਕਰ ਦਿੱਲੀ ਦੇ ਸਿੰਘਾਂ ਨੂੰ ਕਿਹਾ ਕਿ ਉਹ ਰਣਜੀਤ ਸਿੰਘ ਦੇ ਕੇਸ ਦੀ ਪੈਰਵੀ ਕਰਨ ਲਈ ਤਿਆਰੀਆਂ ਕਰਨ ਅਤੇ ਉਹਨਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕਰਨ। ਸੰਤ ਜੀ ਨੇ ਸਮੁਚੇ ਸਿਖ ਜਗਤ ਨੂੰ ਅਪੀਲ ਕੀਤੀ ਕਿ ਹਰ ਸਿਖ ਰੋਜ਼ਾਨਾ ਨਿਤ ਨੇਮ ਕਰਨ ਉਪਰੰਤ ਚੌਪਈ ਸਾਹਿਬ ਦਾ ਪਾਠ ਕਰਕੇ ਸ: ਰਣਜੀਤ ਸਿੰਘ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੇ। ਸਮੂੰਹ ਗੁਰਦਵਾਰਿਆਂ ਵਿਚ ਵੀ ਰਣਜੀਤ ਸਿੰਘ ਦੀ ਚੜ੍ਹਦੀ-ਕਲਾ ਲਈ ਅਰਦਾਸ ਕੀਤੀ ਜਾਏ।





ਸ: ਰਣਜੀਤ ਸਿੰਘ ਜਿਸ ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ

# ਰਾਜ ਕਰੇਗਾ ਖਾਲਸਾ

□ਮੇਹਰ ਸਿੰਘ ਚੱਢਾ, ਸ਼ੈਸ਼ਨ ਜੱਜ (ਰੀਟਾਇਰਡ)

ਹਰ ਗੁਰਦੁਆਰੇ ਵਿਚ ਅਰਦਾਸ ਤੋਂ ਪਿਛੋਂ ਹੇਠ ਲਿਖਿਆ ਦੋਹਿਰਾ ਪੜ੍ਹਿਆ ਜਾਂਦਾ ਹੈ :—

ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ ।
ਖੁਆਰ ਹੋਇ ਸੋ ਮਿਲੇਂਗੇ ਬਚੇ ਸ਼ਰਨ ਜੋ ਹੋਇ ।
ਖੰਡਾ ਜਾ ਕੇ ਹਾਥ ਮੇਂ, ਕਲਗੀ ਸੋਹਿ ਸੀਸ ।
ਸੋ ਹਮਰੀ ਰਛਿਆ ਕਰੇ, ਕਲਗੀ ਧਰ ਜਗਦੀਸ ।

ਇਸ ਦੋਹਿਰੇ ਦੀ ਰਚਨਾ ਬਾਰੇ ਅਤੇ ਸ਼ਬਦਾਂ ਬਾਰੇ ਵੱਖ ਵੱਖ ਰਾਵਾਂ ਹਨ । ਕੁਝ ਸਿਖਾਂ ਦਾ ਵਿਸ਼ਵਾਸ ਹੈ ਕਿ ਪਹਿਲੀਆਂ ਦੋ ਤੁਕਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚੀਆਂ ਹੋਈਆਂ ਹਨ ਪਰ ਕੁਝ ਅਜਿਹੇ ਸਿਖ ਵੀ ਹਨ ਜਿਹੜੇ ਸਮਝਦੇ ਹਨ ਕਿ ਇਹ ਸਾਰੀਆਂ ਸਤਰਾਂ ਹੀ ਕਿਸੇ ਹੋਰ ਦੀਆਂ ਉਚਾਰੀਆਂ ਹੋਈਆਂ ਹਨ ।

ਭਾਈ ਨੰਦ ਲਾਲ ਗੋਯਾ ਨੇ ਜੋ ਸਿਖਾਂ ਦਾ ਰਹਿਤਨਾਮਾ ਲਿਖਿਆ ਹੈ ਉਸ ਵਿਚ ਪਹਿਲੀਆਂ ਦੋ ਸਤਰਾਂ ਦਾ ਜ਼ਿਕਰ ਹੈ । ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ 52 ਕਵੀਆਂ ਵਿਚੋਂ ਹੋਏ ਹਨ । ਇਹ ਰਹਿਤ ਨਾਮਾ ਸੁਆਲਾਂ ਜੁਵਾਬਾਂ ਵਿਚ ਹੈ ਸੁਆਲ ਭਾਈ ਨੰਦ ਲਾਲ ਦੇ ਹਨ ਤੇ ਜ਼ਵਾਬ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤੇ ਗਏ ਹਨ ।

ਪ੍ਰਿੰਸੀਪਲ ਗੰਗਾ ਸਿੰਘ ਫਿਲਾਸਫਰ ਆਪਣੀ ਪੁਸਤਕ "ਸਿਖ ਧਰਮ ਫਿਲਾਸਫਰੀ" ਵਿਚ ਲਿਖਦੇ ਹਨ ਕਿ ਉਕਿਤ ਦੋਹਰਾ 1699 ਵਿਚ ਖਾਲਸਾ ਪੰਥ ਦੀ ਸਾਜਨਾ ਪਿਛੋਂ ਸਿਖਾਂ ਦਾ ਮਨੋਬਲ ਵਧਾਉਣ ਲਈ ਪ੍ਰਚਲਤ ਹੋਇਆ ਤਾਂ ਜੋ ਉਹ ਆਪਣਾ ਰਾਜ ਸਥਾਪਨ ਕਰ ਸਕਣ । ਉਹ ਰਾਜ ਕਿਹੋ ਜਿਹਾ ਹੋਵੇਗਾ । ਉਸ ਬਾਰੇ ਉਹ ਰਵਿਦਾਸ ਜੀ ਦਾ ਉਚਾਰਿਆ ਗਉੜੀ ਗੁਆਰੇਰੀ ਦੇ ਸ਼ਬਦ ਬੇਗਮ ਪੁਰਾ ਸ਼ਹਿਰ ਕੋ ਨਾਉ ਦਾ ਹਵਾਲਾ ਦੇਂਦੇ ਹਨ ।





ਪ੍ਰਿੰਸੀਪਲ ਆਪਣੇ ਵਿਚਾਰ ਇਹ ਆਖ ਕੇ ਖਤਮ ਕਰਦੇ ਹਨ ਕਿ ਦੁਨੀਆਂ ਵਿਚ ਉਨਾ ਚਿਰ ਸ਼ਾਂਤੀ ਨਹੀਂ ਹੋਵੇਗੀ ਜਿੰਨਾ ਚਿਰ ਖਾਲਸਾ ਦੇ ਵਿਚਾਰਾਂ ਵਾਲਾ ਰਾਜ ਸਥਾਪਨ ਨਹੀਂ ਹੁੰਦਾ । ਅਤੇ ਜਿੰਨਾ ਚਿਰ ਇਹ ਰਾਜ ਸਥਾਪਨ ਨਹੀਂ ਹੁੰਦਾ ਇਹ ਦੋਹਿਰਾ ਹਰ ਅਰਦਾਸ ਦੇ ਅੰਤ ਵਿਚ ਪੜ੍ਹਿਆ ਜਾਂਦਾ ਰਹੇਗਾ ।

ਡਾ: ਗੰਡਾ ਸਿੰਘ ਨੇ ਇਸ ਦੋਹਿਰੇ ਦੀ ਰਚਨਾ ਬਾਰੇ ਪਹਿਲਾਂ 1959 ਵਿਚ ਅਤੇ ਫਿਰ 1981 ਵਿਚ ਹੇਠ ਲਿਖੇ ਅਨੁਸਾਰ ਜਿਕਰ ਕੀਤਾ ਹੈ :—

ਡਾਕਟਰ ਗੰਡਾ ਸਿੰਘ ਜੀ ਦੀ ਰਾਇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਦੋਹਿਰਾ ਖਾਲਸਾ ਦੀ ਸਾਜਨਾ ਪਿਛੋਂ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਪੜ੍ਹਿਆ ਜਾਂਦਾ ਸੀ, ਕਿਉਂਕਿ ਉਹ ਹਮੇਸ਼ਾਂ ਹੀ ਮੁਗਲਾ ਦੇ ਡਰ ਵਿਚ ਰਹਿੰਦੇ ਸਨ ਜਿਹੜੇ ਕਿ ਉਹਨਾਂ ਦਾ ਨਾਂ ਨਿਸ਼ਾਨ ਹੀ ਧਰਤੀ ਤੋਂ ਮਿਟਾ ਦੇਣਾ ਚਾਹੁੰਦੇ ਸਨ । ਜਾਪਦਾ ਹੈ ਕਿ ਉਦੋਂ ਉਹਨਾਂ ਨੇ "ਕੁਲਧਾਤ ਭਾਈ ਨੰਦ ਲਾਲ ਗੋਯਾ" ਉਹ ਸੰਪਾਦਨ ਨਹੀਂ ਸੀ ਕੀਤਾ । ਕਿਉਂਕਿ ਇਹ ਪਕੀ ਰਾਇ ਨਹੀਂ ਦਿੰਦੇ ਕਿ ਇਸ ਦੋਹਿਰੇ ਦਾ ਰਚੈਤਾ ਕੌਣ ਹੈ ।

ਆਪਣੇ ਲੇਖ ਦੇ ਅੰਤ ਵਿਚ ਪ੍ਰੋ: ਗੰਡਾ ਸਿੰਘ ਲਿਖਦੇ ਹਨ ਕਿ, "ਰਾਜ ਕਰੇਗਾ ਖਾਲਸਾ ਦਾ ਦੋਹਿਰਾ ਸਿਖ ਅਰਦਾਸ ਦਾ ਪੱਕਾ ਅਤੇ ਅਨਿਖੜ ਅੰਗ ਹੈ ਤੇ ਇਸ ਨੂੰ ਹਰ ਸਮੇਂ ਹਰ ਗੁਰਦੁਆਰੇ ਵਿਚ ਭਾਵੇਂ ਉਹ ਇਤਿਹਾਸਕ ਹੈ ਜਾਂ ਕੋਈ ਹੋਰ ਹਰ ਅਰਦਾਸ ਪਿਛੋਂ ਪੜ੍ਹਿਆ ਜਾਣਾ ਚਾਹੀਦਾ ਹੈ ।"

ਜਿਸ ਰੂਪ ਵਿਚ ਇਹ ਦੋਹਿਰਾ ਲਿਖਿਆ ਗਿਆ ਹੈ, ਉਹ ਵਕਤ ਅਤੇ ਢੰਗ ਜਿਸ ਵਿਚ ਇਹ ਰਖਿਆ ਗਿਆ ਹੈ ਅਤੇ ਗਾਇਆ ਜਾਂਦਾ ਹੈ ਉਸ ਤੋਂ ਇਹੋ ਸਿਟਾ ਨਿਕਲਦਾ ਹੈ ਕਿ ਪੰਥ ਖਾਲਸਾ ਸਾਜਨ ਤੋਂ ਪਿਛੋਂ ਇਹੋ ਜਿਹਾ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਉਚਾਰਿਆ ਹੋਵੇਗਾ ।

ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ ਕਿ,

"ਪੰਜਾਬ ਵਿਚ ਸਿਖ ਰਾਜ 1756 ਵਿਚ ਕਾਇਮ ਹੋਇਆ, ਅਤੇ ਇੰਜ ਉਹ ਭਵਿਖ ਬਾਣੀ ਕਿ ਖਾਲਸਾ ਰਾਜ ਕਰੇਗਾ ਸਚੀ ਹੋ ਗਈ ਪ੍ਰਿੰਸੀਪਲ ਜੀ ਦੀ ਰਾਇ ਭੁਲੇਖਾ ਪਾਉਣ ਵਾਲੀ ਹੈ । ਪਹਿਲੀ ਗਲ ਤਾਂ ਇਹ ਸਿਖੀ ਸਿਧਾਂਤਾ ਦੇ ਉਲਟ ਜਾਂਦੀ ਹੈ ਜਿਨ੍ਹਾਂ ਅਨੁਸਾਰ ਸਿਖੀ ਵਿਚ ਭਵਿਖ ਬਾਣੀ ਲਈ ਕੋਈ ਥਾਂ ਨਹੀਂ । ਦੂਜੀ ਗਲ ਇਹ ਕਿ ਇਹ ਭਵਿਖ ਬਾਣੀ ਖਾਲਸੇ ਦੀ ਸਾਜਨਾਂ ਤੋਂ ਪਿਛੋਂ ਕੀਤੀ ਗਈ ।

ਇਹ ਵੀ ਸਪਸ਼ਟ ਨਹੀਂ ਕਿ ਭਵਿਖ ਬਾਣੀ ਕਿਸ ਨੇ ਕੀਤੀ ਤੇ ਇਸ ਦੇ ਠੀਕ ਠੀਕ ਸ਼ਬਦ ਕੀ ਸਨ। ਜਾਪਦਾ ਏ ਕਿ ਉਹਨਾਂ ਨੂੰ ਭਾਈ ਨੰਦ ਲਾਲ ਜੀ ਦੀਆਂ ਲਿਖਤਾਂ ਦਾ ਪਤਾ ਨਹੀਂ ਸੀ ਕਿਉਂਕਿ ਉਹ ਉਹਨਾਂ ਦੀ ਮ੍ਰਿਤੂ ਤੋਂ, ਕਾਫੀ ਚਿਰ ਬਾਅਦ ਪ੍ਰਕਾਸ਼ਤ ਹੋਈਆਂ ਸਨ।

ਪ੍ਰਿੰਸੀਪਲ ਗੰਗਾ ਸਿੰਘ ਅਨੁਸਾਰ ਇਹ ਦੋਹਿਰਾ ਖਾਲਸਾ ਪੰਥ ਦੀ ਸਾਜਨਾ (1699) ਤੋਂ ਪਿਛੋਂ ਸਿਖਾਂ ਦੀ ਚੜ੍ਹਦੀ ਕਲਾ ਲਈ ਪ੍ਰਚਲਤ ਹੋਇਆ ਤਾਂ ਜੋ ਉਹ ਆਪਣੀ ਵਿਉਂਤ ਅਨੁਸਾਰ ਆਪਣਾ ਰਾਜ ਕਾਇਮ ਕਰ ਸਕਣ।

ਪ੍ਰਿੰਸੀਪਲ ਸਾਹਿਬ ਆਪਣੇ ਲੇਖ ਦੇ ਅਖੀਰ ਵਿਚ ਲਿਖਦੇ ਹਨ ਕਿ ਜਿੰਨਾ ਚਿਰ ਖਾਲਸਾ ਰਾਜ ਦੇ ਸੰਕਲਪ ਵਾਲਾ ਰਾਜ ਸੰਸਾਰ ਵਿਚ ਸਥਾਪਨ ਨਹੀਂ ਹੁੰਦਾ, ਦੁਨੀਆਂ ਵਿਚ ਸ਼ਾਂਤੀ ਨਹੀਂ ਹੋ ਸਕਦੀ। ਉਨ੍ਹਾ ਚਿਰ ਇਹ ਦੋਹਿਰਾ ਹਰ ਅਰਦਾਸ ਵੇਲੇ ਪੜਿਆ ਜਾਂਦਾ ਰਹੇਗਾ।

ਡਾ: ਗੰਡਾ ਸਿੰਘ ਜੀ ਦਾ ਕਥਨ ਹੈ ਕਿ, "ਅਰਦਾਸ ਵਿਚ ਸਾਰੇ ਹੋਰ ਇਤਿਹਾਸਕ ਹਵਾਲੇ ਜਿਵੇਂ ਬੀਤੇ ਇਤਿਹਾਸ ਨਾਲ ਸਬੰਧ ਰਖਦੇ ਹਨ, ਤਿਵੇਂ ਇਹ, ਦੋਹਿਰਾ ਵੀ ਅਖੀਰਲੇ ਮੁਗਲ ਬਾਦਸ਼ਾਹਾਂ ਬਹਾਦਰ ਸ਼ਾਹ ਅਤੇ ਸ਼ਾਹ ਆਲਮ ਦੂਜੇ ਦੇ ਦਿਨਾਂ ਦਾ ਜ਼ਿਕਰ ਕਰਦਾ ਹੈ। ਇਹ ਦੋਹਿਰਾ ਬਾਬਾ ਬੰਦਾ ਸਿੰਘ ਬਹਾਦਰ (1710 ਤੋਂ 1716) ਦੇ ਦਿਨਾਂ ਵਿਚ ਰਚਿਆ ਗਿਆ ਅਤੇ ਉਹਨਾਂ ਦਿਨਾਂ ਵਿਚ ਖਾਲਸਾ ਜੀ ਵਲੋਂ ਇਸਨੂੰ ਪੜਿਆ ਜਾਂਦਾ ਸੀ। ਬਾਬਾ ਬੰਦਾ ਬਹਾਦਰ ਪਹਿਲਾ ਸਿਖ ਰਾਜਸੀ ਆਗੂ ਸੀ ਜਿਸਨੇ ਪੰਜਾਬ ਦੇ ਲੋਕਾਂ ਦੀ ਅਜ਼ਾਦੀ ਦਾ ਐਲਾਨ ਕੀਤਾ।"

ਡਾਕਟਰ ਗੰਡਾ ਸਿੰਘ ਦੀ ਰਾਇ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਦੋਹਿਰਾ ਖਾਲਸਾ ਪੰਥ ਦੀ ਸਿਰਜਨਾ ਤੋਂ ਪਿਛੋਂ ਉਹਨਾਂ ਦੇ ਮਨੋਬਲ ਨੂੰ ਚੜ੍ਹਦੀ ਕਲਾ ਵਿਚ ਰਖਣ ਲਈ ਰਚਿਆ ਗਇਆ ਸੀ। ਸਿਖ ਮੁਗਲਾਂ ਦੇ ਅਤਿਆਚਾਰ ਦਾ ਨਿਰੰਤਰ ਰੂਪ ਵਿਚ ਸ਼ਿਕਾਰ ਹੋ ਰਹੇ ਸਨ ਕਿਉਂਕਿ ਮੁਗਲ ਉਹਨਾਂ ਨੂੰ ਧਰਤੀ ਤੋਂ ਮਿਟਾ ਦੇਣਾ ਚਾਹੁੰਦੇ ਸਨ। ਜਾਪਦਾ ਹੈ ਕਿ ਗੰਡਾ ਸਿੰਘ ਨੇ ਉਦੋਂ ਤਕ ਕੁਲਿਯਾਤ ਭਾਈ ਨੰਦ ਲਾਲ ਗੋਯਾ" ਦਾ ਸੰਪਾਦਨ ਨਹੀਂ ਸੀ ਕੀਤਾ ਕਿਉਂਕਿ ਇਸ ਬਾਰੇ ਉਹ ਨਿਸਚਿਤ ਰਾਏ ਨਹੀਂ ਦਿੰਦੇ ਕਿ ਇਸ ਦੋਹਿਰੇ ਦਾ ਰਚੰਤਾ ਕੌਣ ਹੈ।

ਆਪਣੇ ਲੇਖ ਦੇ ਅੰਤ ਵਿਚ ਡਾ: ਗੰਡਾ ਸਿੰਘ ਕਹਿੰਦੇ ਹਨ :

"ਰਾਜ ਕਰੇਗਾ ਖਾਲਸਾ" ਵਾਲਾ ਦੋਹਿਰਾ ਸਿਖ ਅਰਦਾਸ ਦਾ ਪੱਕਾ ਤੇ



ਅਨਿਖੜ ਅੰਗ ਹੈ ਅਤੇ ਇਹ ਹਰ ਸਿਖ ਨੌਜੁਵਾਨ ਵਿਚ ਤੇ ਹਰ ਗੁਰਦੁਆਰੇ ਵਿਚ ਭਾਵੇਂ ਉਹ ਇਤਿਹਾਸਕ ਹੈ ਜਾਂ ਹੋਰ ਤਰ੍ਹਾਂ ਦਾ ਸਾਰੇ ਸਿਖਾਂ ਵਲੋਂ ਅਰਦਾਸ ਵੇਲੇ ਇਹ ਪੜ੍ਹਿਆ ਜਾਣਾ ਚਾਹੀਦਾ ਹੈ।"

ਡਾਕਟਰ ਤਰਲੋਚਨ ਸਿੰਘ ਲੁਧਿਆਣੇ ਵਾਲੇ ਨੇ ਆਪਣੇ ਇਕ ਲੇਖ ਵਿਚ ਜਿਹੜਾ "ਵਿਸ਼ਵ ਏਕਤਾ" ਦੇ 30 ਜੂਨ 1981 ਅੰਕ ਵਿਚ "ਆਗਿਆ ਭਈ ਅਕਾਲ ਕੀ, ਤਬੀ ਚਲਾਉ ਪੰਥ—ਰਾਜ ਕਰੇਗਾ ਖਾਲਸਾ" ਦੇ ਸਿਰਲੇਖ ਹੇਠ ਛਪਿਆ ਹੈ, ਵਿਚ ਕੁਝ ਇਤਿਹਾਸਕ ਹਵਾਲੇ ਦਿਤੇ ਹਨ ਜਿਹਨਾਂ ਦੇ ਅਧਾਰ ਉਤੇ ਇਸ ਨਤੀਜੇ ਉਤੇ ਪੁਜੇ ਹਨ ਕਿ ਦਸਵੇਂ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਹਿਬ ਨੂੰ ਗੁਰੂ ਮੰਨਣ ਦਾ ਹੁਕਮ ਸਿਖਾਂ ਨੂੰ ਦਿਤਾ ਅਤੇ "ਰਾਜ ਕਰੇਗਾ ਖਾਲਸਾ" ਦੇ ਸ਼ਬਦ ਸਾਜਣ ਤੋਂ ਬਾਅਦ ਇਕ ਅਸ਼ੀਰਵਾਦ ਦੇ ਤੌਰ ਤੇ ਉਚਾਰੇ। ਉਹ ਹੋਰ ਲਿਖਦੇ ਹਨ ਕਿ ਇਸ ਦੋਹਿਰੇ ਦੀ ਰਚਨਾ ਦੇ ਵੇਲੇ ਤੋਂ ਹੀ ਇਹ ਹਰ ਅਰਦਾਸ ਦੇ ਅੰਤ ਵਿਚ ਉਚਾਰਨ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਕੋਈ ਸੰਦੇਹ ਨਹੀਂ ਰਹਿੰਦਾ ਇਹ ਦੋਹਿਰਾ (ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ ਖੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ) ਸਿਖਾਂ ਵਲੋਂ ਪੰਥ ਦੀ ਸਾਜਨਾ 1699 ਤੋਂ ਲਗਾਤਾਰ ਪੜਿਆ ਆ ਰਿਹਾ ਹੈ। ਇਸਦਾ ਦੂਜਾ ਭਾਗ ਪਿਛੋਂ ਇਸ ਵਿਚ ਸ਼ਾਮਲ ਕੀਤਾ ਗਿਆ ਪਰ ਅਜਿਹਾ ਕੋਈ ਇਤਿਹਾਸਕ ਸਬੂਤ ਨਹੀਂ ਕਿ ਇਹ ਕਦੋਂ, ਕਿਉਂ ਅਤੇ ਕਿਹਦੇ ਵਲੋਂ ਸ਼ਾਮਲ ਕੀਤਾ ਗਿਆ।

ਪਹਿਲਾਂ ਗੁਰੂ ਗ੍ਰੰਥ ਸਹਿਬ ਦੀ ਬੀੜ ਹਥ ਨਾਲ ਲਿਖੀ ਜਾਇਆ ਕਰਦੀ ਸੀ। ਇਸ ਲਈ ਬਹੁਤ ਘੱਟ ਬੀੜਾਂ ਹੁੰਦੀਆਂ ਸਨ ਅਤੇ ਉਹ ਵੀ ਗੁਰਦੁਆਰਿਆਂ ਵਿਚ ਪਰ ਹੁਣ ਇਹ ਬੀੜਾਂ ਬਹੁਤ ਸਾਰੀ ਗਿਣਤੀ ਵਿਚ ਛਾਪੀਆਂ ਜਾ ਰਹੀਆਂ ਹਨ। ਗੁਰਦੁਆਰੇ ਕਿਉਂਕਿ ਰਿਹਾਇਸ਼ੀ ਬਸਤੀਆਂ ਤੋਂ ਕੁਝ ਵਿਥ ਤੇ ਹੁੰਦੇ ਹਨ ਇਸ ਲਈ ਜਿਹੜਾ ਵੀ ਸਿਖ ਸਮਰਥਾ ਰਖਦਾ ਹੋਵੇ ਆਪਣੇ ਘਰ ਵਿਚ ਗੁਰੂ ਗ੍ਰੰਥ ਸਹਿਬ ਲਈ ਕਮਰਾ ਨਿਸਚਿਤ ਕਰਦਾ ਹੈ ਅਤੇ ਉਸ ਵਿਚ ਬੀੜ ਦਾ ਪ੍ਰਕਾਸ਼ ਕਰਦਾ ਹੈ। ਸਵੇਰੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੇ ਰਾਤ ਨੂੰ ਸਥਾਪਨ ਵੇਲੇ ਅਰਦਾਸ ਕੀਤੀ ਜਾਂਦੀ ਹੈ ਜਿਸ ਵਿਚ ਇਹ ਦੋਹਿਰਾ ਹਰ ਸਿਖ ਵਲੋਂ ਪੜ੍ਹਿਆ ਜਾਂਦਾ ਹੈ ਭਾਵੇਂ ਕਿ ਉਹ ਕਿਸੇ ਵੀ ਰਾਜਸੀ ਦਲ ਵਿਚ ਸ਼ਾਮਲ ਹੋਵੇ।

ਇਸ ਦੋਹਿਰੇ ਦੀ ਰਚਨਾ ਦੇ ਸਮੇਂ ਬਾਰੇ ਕੋਈ ਵੀ ਵਿਚਾਰ ਹੋਵੇ ਪਰ ਇਹ

ਗਲ ਕਿ ਸੁਚਿਤ ਹੈ ਕਿ ਇਸ ਨੂੰ 1699 ਵਿਚ ਖਾਲਸਾ ਪੰਥ ਸਾਜਨ ਦੇ ਵੇਲੇ ਤੋਂ ਹੀ ਬਿਨਾਂ ਕਿਸੇ ਰੋਕ ਤੋਂ ਪੜ੍ਹਿਆ ਜਾਇਆ ਰਿਹਾ ਹੈ ਅਤੇ ਇਹ ਸਿਖ ਅਰਦਾਸ ਦਾ ਇਕ ਹਿਸਾ ਹੀ ਬਣ ਚੁਕਾ ਹੈ। ਸਿਖਾਂ ਦੇ ਦੀਵਾਨਾਂ ਵਿਚ ਸਾਰੀ ਦੁਨੀਆਂ ਵਿਚ ਹੀ ਰੋਜ਼ਾਨਾ ਇਹ ਦੋਹਿਰਾ ਸਦੀਆਂ ਤੋਂ ਪੜ੍ਹਿਆ ਜਾਂਦਾ ਹੈ। ਇਸਦੀ ਭਾਸ਼ਾ ਇਸ ਦੇ ਸ਼ਬਦ ਅਤੇ ਇਸ ਦੇ ਅਰਥ ਇਨੇ ਸਾਦੇ ਅਤੇ ਸਪਸ਼ਟ ਹਨ ਕਿ ਇਹਨਾਂ ਦੇ ਅਰਥਾਂ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਇਹਨਾਂ ਵਿਚ ਸਿਖਾਂ ਦੀ ਖਾਲਸਾ ਰਾਜ ਸਥਾਪਨਾ ਕਰਨ ਦੇ ਉਹਨਾਂ ਦੇ ਉਦੇਸ਼ ਦੀ ਲਗਾਤਾਰ ਇਛਾ, ਲੋਚ ਅਤੇ ਉਮੰਗ ਪ੍ਰਗਟ ਹੋ ਰਹੀ ਹੈ।

---





**ਫਤਿਹਜੀਤ ਪ੍ਰਕਾਸ਼ਨ**

ਸ਼ੁਦਾਮਾ ਬਿਲਡਿੰਗ, ਕੁਨਾਟ ਸਰਕਸ, ਜਲੰਧਰ